Tiruvalluvar also abhors hoarding and miserliness in spending, as these are profitless riches. Excessive saving and under-investment in the modern theories of Malthus, J.A. Rahimson and John

Maynand Keynes, the well-known economic experts, have a close resemblance to Tiruvalluvar's views regarding profitless riches. But the modern under-investment and over-saving theories are the outcome of peculiar economic situation and specific period. There is nothing of the moral flavour about these theories when they are offered as solutions to the unclogging of the economic mechanism. But Valluvar had moral values in the background. Hoarding is condemnable because it hampers the springs of charity. Most probably, modern economists and Tiruvalluvar point out to achieve the same goal through better consumption and better production. Although their standpoints and thinking process are different – as also their tools – the goal is the same.

It does not mean Tiruvalluvar was against frugality or sang the songs of extravagance. In *Kuṟaḷ* No. 477 and 479, he says:-

> *Give; always give; but let your giving be governed by your resources.*
> *Be thrifty, but not to the verge of miserliness. Let your charity be*
> *proportionate to your wealth. That is the way to preserve it.* (477)
>
> *Behind the man who lavishes his wealth beyond his resources;*
> *He appears to be prosperous, but he only treads the downward path to destruction.* (479)

In the light of modern economics, we can say that Tiruvalluvar was in favour of neither too much saving, nor overspending. Rather he pleaded keeping a balance between these two. He believed in a stable economic principle.

Tiruvalluvar is not in favour of exploiting mineral wealth that lies buried in the land. In his views, this is only a secondary source of wealth. He rather lays more emphasis on the raising of food from the land and projects water to be the greatest natural resource. Its sources are the rain, the rivers and brooks and the subsoil water that can be tapped through wells. According to him, the ultimate base of an economic society is the raising of food from the land in the production of which the competence and labour of human beings play a major part.

So far as the treasury of a State is concerned, the ruler has to

promote the capacity of his citizens to pay him the taxes. By collecting wealth through taxes, he has to spend the money for the welfare of his people.

*A great king will be able to acquire wealth, develop and guard it;*
*For equitable distribution on State expenditure and Public good.* (385)

According to Tiruvalluvar, there are three sources of income of a King – wealth of heirless estates (Shamlat land), taxes from the subjects and tributes paid by the vanquished enemies. Out of three sources, the land revenue – the traditional one-sixth of the produce has always been the major source of income for the States in India and the people have been paying it willingly, regarding it to be their normal duty.

According to Manakkudavar, as the land revenue was taken by the State for the security of the people, it was paid ungrudgingly and voluntarily. This is why it has been called *Kaṭamai* or duty. Tiruvalluvar was not in favour of any undue compulsion in taxation.

*The king who extorts money at the point of bayonet is like a Highwayman relieving wayfarers of their belongings.* (552)

Although the farmer was to pay one-sixth of his produce as land revenue, Tiruvalluvar never referred to the proposition in his *Tirukkuṟaḷ* because, due to some reasons, sometimes the harvest did not enable the farmers to pay one-sixth of their output. At such times, people used to pay only a part of the land revenue of their own and regarded it as their *Kaṭamai* – duty.

Duties levied on commerce both by water and road – import and export duties:-

During the time of Valluvar, as the trade and commerce were important activities, a considerable revenue was earned by way of customs. The name used in Tamil for custom is *Ulaku*. To make sure that the goods do not escape duty, Chola Kings used to stamp the merchandise with their tiger insignia at the Port of *Kaveripattinam.*

The third source of income was the tribute and reparation received from the conquered enemy.

According to Tiruvalluvar, the ruler of an ideal society should

possess a sizeable reserve fund with him. If such a surplus fund is not possible, his income and expenditure should at least match each other. In other words, an ideal ruler should keep his budget balanced and it should never be in deficit. Tiruvalluvar says:-

> *An efficient King promotes all the resources of income of his State and*
> *Safeguards them properly. Then he spends that income judiciously for the welfare of his people.* (385)

Modern economists do not believe in keeping the budget balanced as a must. They feel that in modern society, sometimes it becomes necessary to keep the budget in deficit, although the deficit is recovered later by cutting short the expenditures. So far as the public expenditures are concerned, Tiruvalluvar again does not present us with any special theory except that public funds should be used in the best interests of the public. According to Parimelazhagar's commentary on *Kuṟaḷ* No. 385, it should be spent on defence, public works and social services. So, in short, it can be said that from the economic point of view, Tiruvalluvar's concept is that of a welfare state and not that of an autocratic regime.

Tiruvalluvar looks upon education also as basic for a progressive economy:

> *Learning is an imperishable and flawless wealth;*
> *The rest is mere dross.* (400)

Next to education, Valluvar gives importance to the system of public health as a part of his socio-economic policy. According to him, out of basic freedoms of a man, the freedom from disease is next to freedom from hunger. He cannot see the spreading of diseases in his ideal society. He says:-

> *Foods excessive or deficient*
> *Bring about disease.*

Valluvar condemns poverty as a great evil of the society. He does not extol the virtues of poverty as many schools of asceticism have done in their attempt to vindicate a life of negation. Rather, he has depicted the horrors of poverty in such a manner that no doubt remains in the minds of the readers about his faith in his philosophy of life–affirmation. In one of his Kurals he says:-

> *Nothing is more dreadfully painful than poverty* (1041)

Again he says:

> *But it is impossible to get even a wink of sleep in minds of poverty.* (1049)

Tiruvalluvar lauds the accumulation of wealth in a positive manner. Like all economists, he believes that wealth is only a means and not an end in itself. According to him, the means of acquiring wealth should not only be legally justified but also morally proper.

> *Out of a fortune built up by fair means, flow the joys of earthly facilities*
> *and the fulfillment of virtuous code of conduct.* (754)

For a developed society Valluvar emphasizes the importance of industry because in his opinion industry is a crux of a society's wealth.

> *Industry is the mother of prosperity; but indolence only*
> *Bringeth forth misery.* (616)

Tiruvalluvar also mentions some factors that ruin the economic position of the society. These evils are drinking, gambling and prostitution.

According to Dr. B. Natarajan, if we are to find any man whose economic ideas are nearest to Tiruvalluvar he is Adam Smith, in fundamentals, though not in details. Like Tiruvalluvar, Adam Smith also believes all human beings to be alike from their very birth. Differences discernable in the human beings are only due to differences in their training and in environment. Francis Hutcheson, the teacher of Adam Smith, was Professor of Moral Philosophy at the University of Glasgow and so was Adam Smith. Before writing the book "The Wealth of Nations" he wrote the book " Theory of Moral Sentiments". But his book "Wealth of Nations" is regarded as a classic on economics. In this book Adam Smith expressed his views that State should raise its economic superstructure founded on ethical basis. Tiruvalluvar also expressed his views about economics after pronouncing his views about ethics – based ideal society. According to Dr. B. Natarajan, although there is a gap of fifteen to twenty centuries between Tiruvalluvar and Adam Smith, the ideas of dignity of man, economic freedom of the individual, the concept of a dynamic society and the essential qualities needed by individuals constituting such a society were all ideas that were hotly canvassed by both. The greatness of Valluvar is that he did them twenty centuries earlier.

# III. KĀMATTUPPĀL

Tiruvalluvar, in the first part of *Tirukkuṟaḷ*, Dharma – *Aṟattu-p-pāl*, has emphasized universal love as the bliss of human life. He believes that this love should be pure. He starts his views with the love between husband and wife. He regards physical aspect of love as mean. But, if physical love is devoid of spiritual love, it is nothing but an embracing of corpses, as he says in his Chapter on public women. The physical embrace becomes human and divine if it is between two loving souls. Tamilians visualize it in terms of a fabulous bird with two heads but one body.

Tiruvalluvar also says that such a love grows through at least seven previous births. So, if such a man and woman meet all of a sudden, they are attracted to each other by nature, per God's will, and thus develop love prior to their marriage. In Tamil, such a pre-marital love is called *kaḷavu*. In this love, the heart of a lover is drawn by the beloved just like magnet attracting iron.

Sometimes, the lovers are attracted towards each other at the first sight only. On seeing each other the love hidden in their hearts bursts out like a fountain. They feel as if some providence were empowering their hearts. The lover is bewildered on seeing his beloved. Her looks and smile are full of intoxication. Her embrace is a feast to all the senses, sweeter than all the pleasures of the world. It is not merely physical pleasure but a spiritual bliss too, as the soul is rejuvenated.

*Even the hero of many wars, seeing the loving beauty*
*Of his beloved, feels totally defeated.*

Tiruvalluvar has depicted the tender love feelings of lovers in such a psychological manner that it has become an example in itself in the whole world of literature. About love, he writes:

*More delicate than the softest of flowers is genuine love, only a few*
*approach it with deserved gentleness to enjoy its blissful promise.* (1289)

Again –

*Wine giveth joy, but only to him that tasteth it;*
*It can never delight at the mere seeing as doth love.* ( 1090)

The first stage of the start of love has been depicted in a psychologically subtle way:

*She looked and then bowed; that was the watering of*
*The young plant of love that was springing between us.*
(1093)

Similarly Tiruvalluvar says:

*When I look she looks down; but looks as*
*It were with a half closed eye and smiles.* (1094)

The state of union in love has been depicted in such a way that the reader feels as if he himself is passing through it.

*All the five senses delight of sight, sound, taste, smell and touch are experienced together, only in the embrace of this resplendent damsel.* (1101)

In this union, there is no distinction between the enjoyer, the enjoyed and the enjoyment. Naturally, the lover, who has passed through sex into super consciousness asks:

*Is the world of the lotus eyed God so sweet*
*As sleep in lover's arms so soft.* (1103)

A lover who has sunk his soul in the love of his beloved reflects his memorable experience as:

*The more you know, the more you know that you don't, likewise,*
*the more you enjoy this loss, the more you know you haven't.*
(1110)

In homeopathy, a medicine that produces a disease is itself given to cure that disease, but in allopathy the principle applied is the opposite. Tiruvalluvar is aware of both of these principles. That is why his lover says:

*The medicine that cures a disease is its opposite;*
*But for the malady this girl induces, she alone is the cure.*
(1102)

Tiruvalluvar has not only depicted the feelings of the union between the lover and the beloved but has illustrated the feelings of separation also very beautifully. A beloved separated from her lover asks him:

*Fire burns you if you touch it; can it, like love sickness, burn you*
*when you keep yourself away from it?.* (1159)

Social duties, family duties, educational requirements, religious customs, etc., are some of the factors to disunite lovers. In Tamil language, this separation is called *Pālai.* In this separation, both lovers, thinking it to be the duty, were playing their role in the development of the society. For such a love-husband who has gone to a far off land, his beloved-wife complains:

*While I am asleep, he lies on my shoulder,*
*But the moment I awake he rushes into my heart.* (1218)

As has already been said, Tiruvalluvar regards the love of a husband and wife to be the most ideal; so he has tried to depict it thoroughly.

A beloved (wife) wants to be in the clutches of his lover (husband) for the maximum period and if it is loosened a bit, she feels that her blissfulness is curtailed.

*When I loosened the arms that were in embrace,*
*The forehead of the beloved with the gold bracelet curved pale.* (1238)

Similarly,

*As a cool breeze sole into our tight embrace, unable to*
*Bear it, pallor covered her eyes in a flood of tears.* (1239)

Teasing each other, passing satirical remarks, annoyance and consolation in the love-life of a husband and wife are some of the factors which refresh and rejuvenate their love-feelings towards each other.

*I said to her, I love thee above all; and behold,*
*She frowned at once asking, above whom? And above whom?* (1314)

Again:

> *I repressed my sneeze; and then also she wept saying, though wantest to conceal from me that some of thy friends are thinking of thee.* (1318)

The beloved regards her lover to be entirely her own, but when she notices that others are also enjoying the youthfulness and glory of her lover through their glimpses, out of envy she decides to avoid his embrace.

> *The eyes of many other women have feasted on your broad chest,*
> *And therefore, I shall have none of thy embrace.* (1311)

The beloved makes a number of plans to show her annoyance to her lover for coming after such a long period so that when he comes she will show him her displeasure and will not speak with him; when he consoles her, she will not come to terms. But, then, when he came and she saw him, her impatient heart forgot all the grievances and she clung to him.

> *I wanted to go away in a huff; but I went and embraced him,*
> *For I saw that my heart had already joined him.* (1259)

On the other hand, the lover also did not feel any lesser pain of separation and so he says:

> *I knew not before that thing called death; now I know it:*
> *It has the form of a woman with large battling eyes.* (1083)

In daily life, difference of opinion and hence annoyance is a natural thing to occur but it should not be allowed to go too long. A short annoyance actually wins the laurels of love. After this, the lovers enjoy the charm of sweet embraces.

> *In lover's quarrels the one, who lovingly gives in first, is the real winner;*
> *To be truly proved, on reconciliation and embrace.* (1327)

So, in the end, Tiruvalluvar tells us, it will be in the interest of the perfect husband that his beloved wife with charming beautiful

eyes is annoyed with him sometimes. Because, it is also blissful to console an annoyed beloved and thus enhance the feelings of love.

> *Oh, let me enjoy her frowning and her pouting a little more*
> *Only let night prolong her reign at my prayer.* (1329)

Indeed, Tiruvalluvar in his *Kāmattuppāl*, has depicted the feelings of lovers in such a beautiful and psychological way that it is very difficult to find a parallel in the whole of the world.

So, in the age of Tiruvalluvar, *Kāmam* was idealized as it was equated with love – more than physical pleasure or lust. Manakkudavar was the first to interpret *Kāmam* as *Aṉpu*, he added that it may also mean physical union. Tiruvalluvar also believes that, in physical pleasure, love should be there. Love is not merely physical but it too is experienced through five senses. So there is no need of feeling ashamed of the Tiruvalluvar's *Kāmam* theory which has its roots in physical pleasures. Dr. Graul and Dr. Pope, who at first were misled by the word *Kāmattuppāl* used by Tiruvalluvar, realized the uniqueness of Tiruvalluvar's theory of love when they read the Chapter of *Kāmattuppāl* carefully. Schweitzer also recognizes the uniqueness of the philosophy of *Tirukkuṟaḷ*.

Vatsayana regards love as a pleasure of physical union and does not see any divinity necessarily to be present in it. A woman embraced may be a virgin, a prostitute or the wife of some other man. For Vatsayana, in this love-making there is no question of bringing values. But, Tiruvalluvar gives priority to ideals and moral values. He condemns the hankering after another's wife as it is against Dharma. One may get pleasure from it, but Tiruvalluvar never calls it *Kāmam*. In his theory of State and society also, he has condemned the institution of prostitution. According to him, the embrace of a prostitute is the embrace of a corpse because of the absence of love in it. So, Tiruvalluvar's love philosophy is a practical philosophy and it contributes to the welfare of the society.

# TIRUKKURAL - STYLE

In *Tirukkuṟaḷ*, Tiruvalluvar has presented excellent ideas; what is more, his style of expression is exquisite and full of dramatic impulses. Thus, reading his creation, a reader is not only impressed by the views but also feels as if he were seeing, listening and enjoying it personally. To make his work interesting and dramatic sometimes he uses the addressing style, at places question-answer style, occasionally negative style and at times exclamatory style.

For example in addressing style, he says:

*May you flourish, O Anicham ! you have a delicate nature.*
*But my beloved is more delicate than you.* (1111)

*If you can indeed shine like the face of a woman, Flourish,*
*O moon, for then would you be worth loving.* (1118)

Sometimes he uses the question answer style:

*What honours shall I do to the dream which*
*Hath brought me message from the beloved.* (1211)

*To win once, the gambler loses hundred to foes.*
*What good can gamblers gain in life? Nothing but loss.*
(932)

*Is the heaven of Lotus-eyed God so sweet as*
*Sleeping in love's soothing arms?* (1103)

Similarly, sometimes he uses the exclamatory style:

*A long life to you, O dark evening! You are sightless*
*Is your help-mate (also) as hard hearted as mine?* (1222)

Now and then he lends a dramatic touch to his writing by using the negative style:

*Unlike liquor which yields delight only when it is drunk,*
*Love gives pleasure even when looked at.* (1090)

In some places he uses the soliloquy style:

*O my mind! Could you not invent some rare medicine*
*That can cure this chronic malady of passion.* (1241)

*How do you compare her eyes with flowers, O deluded mind?*
*Many see flowers. Her eyes see me alone.* (1112)

*Your anger is false, O heart; for when you meet*
*Your lover face to face, you rush to his embrace.* (1246)

In some places, he uses the soliloquy style in such a way that the reader feels himself sitting in some theatre and listening to all these things in person:

*Embrace him not, my dear, but feign to be angry:*
*Let us just see a fun how he is nettled over it.* (1301)

To express his ideas more clearly and exquisitely he sometime uses a number of similes, metaphors, illustrations and analogies. For example:

*Within the frame of my body as if suspended on both sides of a pole, held across the shoulder, my passionate love as well as my delicacy are balanced.* (1163)

*The endless nights passing slowly are more cruel to me*
*Than the soul-less torturing me in separation.* (1169)

*If my eyes can run, even as my heart runneth, to*
*Where he is; they need not know the swimming in a sea of tears.* (1171)

*The door that I bolted with the bolt of modesty*
*Will yet yield to the axe of an overpowering love.* (1251)

Similes

*The vestment that covereth the beauteous breasts of this fair one are even*
*as the eye cover on the eyes of the Infuriate elephant.* (108)

*His arm is as the bamboo; her body is as tender leaf, her smile is a very pearl;*
*the sweetest of odours if her breath; and her eye is piercing as the lance.* (1113)

Illustrative Metaphor

*The "Kavarima" giveth up its life when it loseth its wool:*
*There are men*
*who are equally sensitive and they put an end to their lives*
*when they*
*cannot save their honour.* (969)

*Poverty is a plague, a painful disease, it brings*
*With it plenty of untold sufferings.* (1145)

Hyperbolic Metaphor

*Sweet like milk and honey is the dew*
*From the white teeth of the lady of gentle words.* (1121)

Tiruvalluvar's selection of words to depict his ideas is so appropriate and subtle that it seems impossible to change them with other words. He believes that while writing anything the writer should act like a gifted and wise goldsmith so that the words could convey the intended idea to the reader in the best possible way, in its full form. He writes in one of his *Kuṟaḷs*:

*Weigh your words carefully so that the words of none*
*Can win or refute your statement.*

Tiruvalluvar was fully conscious of the relations of ideas with vocabulary and he knew how ideas influence the vocabulary, and vocabulary impacts ideas. So, he believed that a writer should choose his vocabulary with full concentration and labour.

*Tirukkuṟaḷ* is a most celebrated proverbial literary product of the Tamil language.

James A. Kelson, writing in the *Encyclopaedia of Religion and Ethics*, has said that brevity and populity are the essential characteristics of proverbs. Tiruvalluvar chose the *Kuṟaḷ* metre to express his views and this indicates his keenness for brevity – an aim, in which he has fully succeeded. *Tirukkuṟaḷ*, like Dohas, are compact couplets in which ideas are expressed in the briefest form. It would be helpful to recall that most of the Chinese proverbs are also in couplets and riddles. Bhujharats/Proverbs of Pandit Surta of Punjabi literature are also in couplets/ Dohas. (Collected and edited by S. Ganga Singh Bedi).

Tiruvalluvar's popularity in the modern period is beyond doubt.

According to Aristotle, "Proverbs are the survived wisdom of the ancient generation". In this way, *Kuraḻ* may be said to be a vessel which holds some of the salvaged flotsam of ancient Tamil wisdom.

Tiruvalluvar's *Tirukkuraḻ* has much influenced the Tamil writers also. A number of writers have adopted *Tirukkuraḻ*'s ideas as well as its phraseology in their writings. The noted Tamil writer Kambar can be cited as an example. Similarly, Sivagnana Munivar, the author of "Somesar *Mutumoḻi Veṉpā*, also used *Kuraḻ* as a repository of readymade wise sayings. Munnturai Araiyar in writing *Paḻamoḻi* has used Tiruvalluvar's lines as proverbs because he considered *Kuraḻs* as proverbs. As a matter of fact Munivar had called *Kuraḻ* couplets *Mutumoḻi* which means *Paḻamoḻi* i.e., proverbs.

## CONCLUSION

To conclude, we can say that Tiruvalluvar had a dream of an ideal world, which should have at its base the highest human values – love, friendship, service of humanity, goodwill for all, doing good to others and equality of human beings. And in this social system, there should be no gambling, drinking or any type of undesirable social evils, including prostitution. Tiruvalluvar wanted that the ruler should be good at heart, intelligent and judicious. In that system, money earning should be based upon honesty and it should be spent by sharing it with the needy.

Such an ideal social system is an urgent requirement of our modern age. Because modern human beings have totally adopted the materialistic bent of mind and have got no respect for higher human values of life. Corruption in all spheres of life has come to prevail in our society. Unity, the feelings of brotherhood have vanished. Provincialism, racialism, doctrinism, etc., are the basis upon which people are fighting with one another. Today, the entire world is under the shadow of terrorism. Therefore today, there is a dire need for reviving the teachings of Tiruvalluvar's *Tirukkuraḻ* and bringing them into practice in our day-to-day life.

DR. TARLOCHAN SINGH BEDI, M.A., Ph.D.,

# ਤਿਰੂ ਕੁਰਲ ਬਾਰੇ ਵਿਸਥਾਰਿਕ ਚਰਚਾ

ਤਿਰੂ ਵੱਲੁਵਰ ਦੀ ਤਾਮਿਲ ਵਿਚ ਰਚੀ ਰਚਨਾ ਤਿਰੂ ਕੁਰਲ ਸਮੁੱਚੇ ਸੰਸਾਰ ਵਿਚ ਵੱਖ-2 ਧਰਮਾਂ, ਅਕੀਦਿਆਂ ਤੇ ਦਰਸ਼ਨਾਂ ਵਲੋਂ ਚਿਰਕਾਲ ਤੋਂ ਸਨਮਾਨਿਤ ਰਚਨਾ ਮੰਨੀ ਜਾਂਦੀ ਹੈ। ਇਸ ਨੂੰ ਤਾਮਿਲ ਦੀ ਬਾਈਬਲ ਵੀ ਕਿਹਾ ਜਾਂਦਾ ਹੈ।

**ਲੇਖਕ ਸੰਬੰਧੀ:-** ਇਕ ਰਵਾਇਤ ਅਨੁਸਾਰ ਤਿਰੂ ਵੱਲੁਵਰ ਇਕ ਹਰੀਜਨ ਇਸਤ੍ਰੀ ਤੋਂ ਪੈਦਾ ਹੋਇਆ ਇਕ ਬ੍ਰਾਹਮਣ ਦਾ ਲੜਕਾ ਸੀ। ਇਕ ਹੋਰ ਬਾਰ੍ਹਵੀਂ-ਤੇਰ੍ਹਵੀਂ ਸਦੀ ਦੀ ਰਵਾਇਤ ਅਨੁਸਾਰ ਇਹ ਤਾਮਿਲ ਰਚਨਾ ਨਾਣਾਮੀਰਤਮ (*Ñānāmirtam*) ਦੇ ਸਮੇਂ ਦੀ ਹੈ। ਨਾਣਾਮੀਰਤਮ ਅਨੁਸਾਰ ਤਿਰੂ ਵੱਲੁਵਰ ਦੇ ਪਿਤਾ ਦਾ ਨਾਮ ਯਾਲੀਤਾਤਨ (Yalitattan) ਸੀ। ਮਨੀਮੈਕਾਲਾਈ (*Maṇimēkalai*) ਰਚਨਾ ਅਨੁਸਾਰ ਵੱਲੁਵਰ ਸ਼ਬਦ ਉਹਨਾਂ ਸ਼ਾਹੀ ਕਰਮਚਾਰੀਆਂ ਲਈ ਵਰਤਿਆ ਜਾਂਦੀ ਸੀ ਜੋ ਹਾਥੀ ਉੱਤੇ ਸਵਾਰ ਹੋ ਕੇ ਢੋਲ ਵਜਾ ਕੇ ਪਰਜਾ ਨੂੰ ਸ਼ਾਹੀ ਫ਼ੁਰਮਾਨ ਸੁਣਾਇਆ ਕਰਦੇ ਸਨ।

ਫਿਰ ਇਕ ਰਵਾਇਤ ਅਨੁਸਾਰ ਤਿਰੂ ਵੱਲੁਵਰ ਦੀ ਪਤਨੀ ਦਾ ਨਾਮ ਵਾਸੂਕੀ (Vācuki) ਸੀ ਜੋ ਕਿ ਇਕ ਆਦਰਸ਼ ਪਤਨੀ ਸੀ।

ਇਕ ਹੋਰ ਰਵਾਇਤ ਅਨੁਸਾਰ ਤਿਰੁ ਵੱਲੁਵਰ ਦੂਸਰੀ ਸਦੀ ਬੀ. ਸੀ ਵਿਚ ਹੋਏ ਸੀਲੋਨ ਦੇ ਇਕ ਤਾਮਿਲ ਰਾਜੇ ਇਲੇਲਾ ਸਿਮਹਾ ( Elela Simha) ਦੇ ਘਰਾਣੇ ਨਾਲ ਸੰਬੰਧਤ ਸੀ। ਇਲਾਅ ( Ela) ਜੈਨ ਵਿਦਵਾਨ ਸੀ ਤੇ ਸੰਤ ਇਲਾਚਾਰੀਆ (Elacarya) ਦੇ ਨਾਮ ਨਾਲ ਪ੍ਰਸਿੱਧ ਸੀ। ਲੇਟ ਪ੍ਰੋਫੈਸਰ ਚਕ੍ਰਵਰਤੀ ਨੈਣਾਚਾਰੀਆ ਅਨੁਸਾਰ ਤਿਰੂ ਵੱਲੁਵਰ ਕੁੰਡਾ ਕੁੰਡਾਚਾਰੀਆ (*Kunda Kundacharya*) ਦਾ ਚੇਲਾ ਸੀ।

ਤਿਰੂ ਵੱਲੁਵਾ ਮਾਲਾਈ (*Tiruvaḷḷuva Mālai*) ਦੇ ਆਧਾਰ ਤੇ ਕੁਝ ਲੋਕ ਮੰਨਦੇ ਹਨ ਕਿ ਤਿਰੂ ਕੁਰਲ ਨੂੰ ਸੁਣ ਕੇ ਪਾਂਡੇ ਰਾਜਾ ਬਹੁਤ ਖੁਸ਼ ਹੋਇਆ ਸੀ ਅਤੇ ਸੰਗਮ ਕਾਲੀਨ ਸਵੈ-ਗਰਭਿਤ ਕਵੀਆਂ ਦੇ ਗਰਭ ਨੂੰ ਤਿਰੂ ਵਲੁਵਰ ਨੇ ਆਪਣੀ ਰਚਨਾ ਸੁਣਾ ਕੇ ਤੋੜਿਆ ਸੀ। ਇਸ ਵਿਚਾਰ ਦੇ ਆਧਾਰ ਤੇ ਤਿਰੂ ਵੱਲੁਵਰ ਸੰਗਮ ਕਾਲ ਦੇ ਅੰਤਲੇ ਸਾਲਾਂ ਵਿਚ ਹੋਇਆ ਮੰਨਿਆ ਜਾਂਦਾ ਹੈ ਅਤੇ ਵੱਲੁਵਰ ਨੂੰ ਪਾਂਡੇ ਰਾਜਿਆਂ ਦੀ ਰਾਜਧਾਨੀ ਮਧੁਰਾਈ ਦੀ ਇਕ ਸ਼ਾਨ ਮੰਨਿਆ ਜਾਂਦਾ ਸੀ। ਤਿਰੂ ਵੱਲੁਵਰ ਦਾ ਮਧੁਰਾਈ ਨਾਲ ਸੰਬੰਧਤ ਹੋਣਾ ਇਸ ਮਾਣਤਾ ਦਾ ਸਮ੍ਰਥਨ ਵੀ ਕਰਦਾ ਹੈ ਕਿ ਵੱਲੁਵਰ ਮਾਈਲਾਪੋਰ (Mylapore) - ਸਾਨਥੋਮ (Santhome) ਨਾਲ ਨੇੜਿਓਂ ਸੰਬੰਧਤ ਸੀ ਜਿਥੇ ਕਿ ਡਾਕਟਰ ਪੋਪ ਅਨੁਸਾਰ ਵੱਲੁਵਰ ਨੂੰ ਸੰਤ ਥਾਮਸ ਦੇ ਮਾਊਂਟ (Mount) ਬਾਰੇ ਪ੍ਰਗਟਾਏ ਵਿਚਾਰਾਂ ਨੂੰ ਸੁਨਣ ਦਾ ਮੌਕਾ ਮਿਲਿਆ ਹੋਵੇਗਾ।

ਪ੍ਰੰਤੂ ਡਾ: ਐਸ ਪਦਮਾਨਾਭਨ ਨੇ ਕਈ ਪੁਰਾਤਨ ਲਿਖਤਾਂ ਤੇ ਹੋਰ ਠੋਸ ਗਵਾਹੀਆਂ ਦੇ ਆਧਾਰ ਤੇ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਤਿਰੂ ਵੱਲੁਵਰ ਸ਼ਾਇਦ ਹੁਣ ਵਾਲੇ ਜ਼ਿਲਾ ਕੰਨਿਆ ਕੁਮਾਰੀ ਵਿਚ ਪੈਦਾ ਹੋਇਆ ਸੀ ਤੇ ਸ਼ਾਇਦ ਭਗਵਾਨ ਮਹਾਂਵੀਰ ਤੇ ਗੌਤਮ ਬੁੱਧ ਵਾਂਗ ਰਾਜੇ ਤੋਂ ਧਾਰਮਕ ਵਿਚਾਰਵਾਨ ਬਣਿਆ ਸੀ ਤੇ ਉਸ ਦੀ ਰਿਆਸਤ ਦਾ ਨਾਮ ਵੱਲੁਵਾਨਾਡੂ ਸੀ। ਡਾ: ਪਦਮਾਨਾਭਨ ਅਨੁਸਾਰ ਮਾਈਲਾਪੋਰ ਸ਼ਾਇਦ ਉਸ ਦੇ ਜਨਮ ਸਥਾਨ ਦੀ ਬਜਾਏ ਮ੍ਰਿਤਯੂ ਸਥਾਨ ਹੋਵੇਗਾ।

ਕੀ 'ਵੱਲੁਵਰ' ਕਵੀ ਦਾ ਨਾਮ ਸੀ ਜਾਂ ਜਿਸ ਜਾਤੀ ਨਾਲ ਉਹ ਸੰਬੰਧਤ ਸੀ, ਉਸ ਦੇ ਪੇਸ਼ੇ ਦੇ ਪੱਖ ਤੋਂ ਉਸ ਦਾ ਨਾਮ ਸੀ, ਇਸ ਬਾਰੇ ਵੀ ਪੱਕੀ ਤਰ੍ਹਾਂ ਕੁਝ ਨਹੀਂ ਕਿਹਾ ਜਾ ਸਕਦਾ। ਪਰ ਇਹ

ਜ਼ਰੂਰ ਸਪੱਸ਼ਟ ਹੈ ਕਿ ਵੱਲੁਵਰ ਜੁਲਾਹੇ ਦੇ ਪੇਸ਼ੇ ਨਾਲ ਸੰਬੰਧਤ ਇਕ ਸ਼ਬਦ ਹੈ। ਹਾਥੀ ਉੱਤੇ ਚੜ੍ਹ ਕੇ ਜਿਹੜਾ ਬੰਦਾ ਰਾਜੇ ਦਾ ਫ਼ੁਰਮਾਨ ਲੋਕਾਂ ਨੂੰ ਸੁਣਾਇਆ ਕਰਦਾ ਸੀ ਉਸ ਨੂੰ 'ਵੱਲੁਵਨ' ਕਿਹਾ ਜਾਂਦਾ ਸੀ। ਵੱਲੁਵਰ ਸ਼ਬਦ ਵਿਚਲਾ 'ਰ' (R) 'ਵੱਲੁਵਨ' ਦੀ ਥਾਂ ਤੇ ਵਰਤਣਾ ਸ਼ਬਦ ਨੂੰ ਬਹੁਵਚਨ ਬਣਾ ਕੇ ਵਰਤਣਾ ਹੈ ਅਥਵਾ 'ਵੱਲੁਵਰ' ਇਜ਼ਤ ਦਾ ਸੂਚਕ ਸ਼ਬਦ ਹੈ।

**ਤਿਰੂ ਕੁਰਲ ਦਾ ਰਚਨਾ ਕਾਲ** : ਤਿਰੂ ਵੱਲੁਵਰ ਦੀ ਕ੍ਰਿਤ ਤਿਰੂ ਕੁਰਲ ਦਾ ਰਚਨਾਕਾਲ ਨਿਸ਼ਚਿਤ ਕਰਨਾ ਵੀ ਬੜਾ ਕਠਨ ਕਾਰਜ ਹੈ। ਵਿਦਵਾਨ ਇਸ ਦਾ ਸਮਾਂ ਦੂਜੀ ਸਦੀ ਪੂਰਵ ਈਸਵੀਂ ਤੋਂ ਅੱਠਵੀਂ ਸਦੀ ਪੂਰਵ ਈਸਵੀ ਖਿਆਲ ਕਰਦੇ ਹਨ। ਮਧੁਰਈ ਯੂਨੀਵਰਸਿਟੀ ਦੇ ਤਾਮਿਲ ਵਿਭਾਗ ਦੇ ਮੁਖੀ ਵਾਇਆਪੁਰੀ ਪਿਲਾਏ (Vaiyapuri Pillai) ਜਿਸ ਨੇ ਹਿਸਟਰੀ ਆਫ਼ ਤਾਮਿਲ ਲੈਂਗੂਏਜ਼ ਐਂਡ ਲਿਟ੍ਰੇਚਰ (History of Tamil Language and Literature) ਇਕ ਵਿਦਵਤਾ ਪੂਰਨ ਰਚਨਾ ਰਚੀ, ਨੇ ਤਿਰੂ ਵੱਲੁਵਰ ਨੂੰ ਸ਼ੈਵ ਸੰਤ ਕਵੀ ਅੱਪਾਰ (Appar) – 600 ਈਸਵੀ, ਦਾ ਸਮਕਾਲੀ ਦੱਸਿਆ ਹੈ। ਪ੍ਰੰਤੂ ਬਹੁਤੇ ਵਿਦਵਾਨ ਇਸ ਮੱਤ ਨਾਲ ਸਹਿਮਤ ਨਹੀਂ ਹਨ ਕਿਉਂਜੋ ਜਿਨ੍ਹਾਂ ਸੰਗਮ ਕਾਲੀਨ ਸੰਸਕ੍ਰਿਤ ਰਚਨਾਵਾਂ ਦੇ ਆਧਾਰ ਤੇ ਪ੍ਰੋਫ਼ੈਸਰ ਪਿੱਲਾਏ ਨੇ ਆਪਣੇ ਵਿਚਾਰ ਬਣਾਏ ਹਨ ਉਹਨਾਂ ਰਚਨਾਵਾਂ ਦਾ ਸਮਾਂ ਹੀ ਵਿਦਵਾਨਾਂ ਅਨੁਸਾਰ ਵਿਵਾਦ ਗ੍ਰਸਤ ਹੈ। ਫਿਰ ਸੰਗਮ ਕਾਲੀਨ ਕਵੀਆਂ ਦੀ ਭਾਸ਼ਾ ਸ਼ੈਲੀ-ਗਤ ਭਾਸ਼ਾ ਸੀ, ਜੋ ਕਿ ਆਮ ਲੋਕਾਂ ਦੀ ਭਾਸ਼ਾ ਨਹੀਂ ਸੀ, ਪ੍ਰੰਤੂ ਵੱਲੁਵਰ ਦਾ ਵਿਸ਼ਾ ਵਸਤੂ ਕਿਉਂਜੋ ਆਮ ਲੋਕਾਂ ਦੇ ਜੀਵਨ ਨਾਲ ਸੰਬੰਧਤ ਸੀ, ਸੋ ਉਸ ਨੇ ਆਪਣੀ ਰਚਨਾ ਵਿਚ ਉਸ ਵੇਲੇ ਦੀ ਪ੍ਰਚਲਤ ਲੋਕ-ਭਾਸ਼ਾ ਦਾ ਪ੍ਰਯੋਗ ਕੀਤਾ ਹੋਵੇਗਾ।

**ਸਿਲਪਾਦੀਕਰਮ** (*Cilappatikāram*) **ਤੇ ਮਨੀਮੇਕਲਾਈ** (*Maṇimēkalai*) ਸੰਗਮ ਕਾਲ ਦੀਆਂ ਦੋ ਸੁਪ੍ਰਸਿੱਧ ਰਚਨਾਵਾਂ ਹਨ। (Iḷaṅkō Atikaḷ)–ਲੈਂਗੋਅਦੀਗਲ ਸਿਲਪਾਦੀਕਰਮ ਦਾ ਰਚਨਹਾਰਾ ਹੈ ਤੇ ਮਨੀਮੇਕਲਾਈ ਦਾ ਲੇਖਕ ਸਾਥਨਾਰ (Sathanar) ਹੈ ਅਤੇ ਇਹਨਾਂ ਵਿਚਲੀਆਂ ਅੰਦਰਲੀਆਂ ਗਵਾਹੀਆਂ ਅਨੁਸਾਰ ਇਹ ਦੋਨੋਂ ਲੇਖਕ ਸਮਕਾਲੀਨ ਸਨ। ਸਾਥਨਾਰ ਅਨੁਸਾਰ ਚੇਰਾ ਰਾਜਾ ਸੇਨਗੁਟੂਵਨ ਨੇ ਸਿਲਪਾਦੀਕਰਮ ਦੀ ਨਾਇਕਾ ਕੱਨਗੀ (Kaṇṇaki) ਖਾਤਰ ਇਕ ਮੰਦਰ ਬਣਵਾਇਆ। ਸਿਲਪਾਦੀਕਰਮ ਦੇ ਤੀਜੇ ਸਰਗ ਵਿਚ ਦੱਸਿਆ ਗਿਆ ਹੈ ਕਿ ਸ੍ਰੀ ਲੰਕਾ ਦਾ ਰਾਜਾ ਗਜਾ ਬਾਹੂ ਚੇਰਾ ਦੇ ਰਾਜੇ ਸੇਨਗੁਟੂਵਨ ਦੇ ਨਾਲ ਕੱਨਗੀ ਦੀ ਪੂਜਾ ਵਿਚ ਆਪ ਹਾਜ਼ਿਰ ਹੋਇਆ ਸੀ। ਪ੍ਰੰਤੂ ਰਾਜਾ ਬਾਹੂ ਦਾ ਸਮਾਂ ਕਿਹੜਾ ਸੀ, ਇਸ ਬਾਰੇ ਹਿਸਟਰੀ ਆਫ਼ ਸੀਲੋਨ (History of Ceylone, Vol. I, Pages 183–85) ਅਨੁਸਾਰ ਗਜਾ ਬਾਹੂ ਨਾਮ ਦੇ ਦੋ ਰਾਜੇ ਹੋਏ ਹਨ। ਇਹਨਾਂ ਵਿਚੋਂ ਇਕ ਨੇ ਸੀਲੋਨ ਉੱਤੇ 114 ਤੋਂ 136 A.D. ਤਕ ਰਾਜ ਕੀਤਾ ਸੀ ਜਦ ਕਿ ਦੂਜੇ ਰਾਜਾ ਗਜਾ ਬਾਹੂ ਨੇ ਸੀਲੋਨ ਉੱਤੇ ਬਾਰ੍ਹਵੀਂ ਸਦੀ ਈਸਵੀ ਵਿਚ ਰਾਜ ਕੀਤਾ ਸੀ। ਬਹੁਤੇ ਤਾਮਿਲ ਵਿਦਵਾਨ ਮੰਨਦੇ ਹਨ ਕਿ ਮਨੀਮੇਕਲਾਈ ਤੇ ਸਿਲਪਾਦੀਕਰਮ ਦੂਸਰੀ ਸਦੀ ਈਸਵੀ ਵਿਚ ਰਚੀਆਂ ਗਈਆਂ ਰਚਨਾਵਾਂ ਸਨ ਅਤੇ ਜਿਸ ਗਜਾ ਬਾਹੂ ਨੇ ਕੱਨਗੀ ਦੇ ਮੰਦਰ ਵਿਚ ਪੂਜਾ ਕੀਤੀ ਸੀ ਉਹ ਦੂਜੀ ਸਦੀ ਈਸਵੀ ਦਾ ਸੀ। ਮਨੀਮੇਕਲਾਈ ਵਿਚ ਤਿਰੂ ਕੁਰਲ ਵਿਚੋਂ ਉਦਾਹਰਣਾ ਵੀ ਦਿੱਤੀਆਂ ਹੋਈਆਂ ਹਨ ਅਤੇ ਤਿਰੂ ਕੁਰਲ ਦੇ ਰਚਨਹਾਰੇ ਨੂੰ ਪੋਇਲ ਪੁਲੱਾਵਰ (Poyyil Pulavar) ਮਿਥਿਆ ਰਹਿਤ ਕਵੀ ਕਿਹਾ ਗਿਆ ਹੋਇਆ ਹੈ। ਸਿਲਪਾਦੀਕਰਮ ਵਿਚ ਵੀ ਕਈ ਥਾਵਾਂ ਤੇ ਤਿਰੂ ਕੁਰਲ ਵਿਚੋਂ ਬੜੇ ਸਤਿਕਾਰ ਨਾਲ ਉਦਾਹਰਣਾ ਦਿੱਤੀਆਂ ਗਈਆਂ ਮਿਲਦੀਆਂ ਹਨ। ਫਿਰ ਸੰਗਮ ਕਾਲੀਨ ਕਈ ਰਚਨਾਵਾਂ ਜੋ ਕਿ ਦੂਜੀ ਸਦੀ ਈਸਵੀ ਦੀਆਂ ਸਿੱਧ ਹੋ ਚੁੱਕੀਆਂ ਹਨ ਵਿਚ ਵੀ ਤਿਰੂ ਵੱਲੁਵਰ ਨੂੰ ਦੈਵੀ ਕਵੀ (Divine Poet) ਕਿਹਾ ਗਿਆ ਹੋਇਆ ਹੈ। ਇਹਨਾਂ ਸਭ ਗਵਾਹੀਆਂ ਤੋਂ ਇਹ ਸਿੱਧ ਹੁੰਦਾ ਹੈ ਕਿ ਤਿਰੂ ਵੱਲੁਵਰ ਦੂਜੀ ਸਦੀ ਈਸਵੀ ਤੋਂ ਪਹਿਲਾਂ ਹੋ ਚੁੱਕਾ ਸੀ। ਇਸ ਤੱਥ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਕਿ ਉਸ ਸਮੇਂ ਕਿਸੇ ਵੀ ਗਿਆਨ ਦੇ ਪ੍ਰਸਾਰ ਲਈ ਕਿਉਂ ਜੋ ਸੁਵਿਧਾਵਾਂ ਬਹੁਤ ਥੋੜੀਆਂ ਸਨ ਸੋ ਤਿਰੂ ਵੱਲੁਵਰ ਦੀ ਕੀਰਤੀ ਦੇ ਪ੍ਰਸਾਰ ਨੂੰ ਘੱਟੋ ਘੱਟ ਇਕ ਜਾਂ ਦੋ ਸਦੀਆਂ ਦਾ ਸਮਾਂ ਲੱਗਾ ਹੋਵੇਗਾ। ਇਸੇ ਦੇ ਫਲ

ਸਰੂਪ ਦੂਜੀ ਸਦੀ ਈਸਵੀ ਦੇ ਸਾਥਨਾਰ ਨੇ ਤਿਰੂ ਵੱਲੁਵਰ ਨੂੰ ਦੈਵੀ ਕਵੀ (Divine Poet ) ਕਿਹਾ ਹੈ। ਸੋ, ਡਾ: ਐਮ. ਰਾਜਾ ਮਨੀਕਾਰਾਰ (Dr. M. Rajamanikanar) ਦੇ History of Tamil Language and Literature, Page 123 ਅਨੁਸਾਰ ਤਿਰੂ ਵੱਲਵਰ ਦਾ ਸਮਾਂ ਤੀਜੀ ਸਦੀ ਪੂਰਵ ਈਸਵੀ ਤੋਂ ਪਹਿਲੀ ਸਦੀ ਪੂਰਵ ਈਸਵੀ ਨਿਸ਼ਚਿਤ ਕੀਤਾ ਜਾ ਸਕਦਾ ਹੈ।

**ਕਿਸ ਧਰਮ ਜਾਂ ਵਿਚਾਰਧਾਰਾ ਨਾਲ ਸੰਬੰਧਤ** :- ਇਕ ਪਾਸੇ ਜੇ ਡਾ: ਪੋਪ ਤਿਰੂ ਵੱਲੁਵਰ ਦੀ ਰਚਨਾ ਵਿਚ ਈਸਾਈ ਮੱਤ ਦਾ ਪ੍ਰਭਾਵ ਦੇਖਦੇ ਹਨ ਤਾਂ ਦੂਜੇ ਪਾਸੇ ਕੁਝ ਵਿਦਵਾਨ ਤਿਰੂ ਵੱਲਵਰ ਨੂੰ ਜੈਨ ਮੱਤ ਦਾ ਅਨੁਆਈ ਖਿਆਲ ਕਰਦੇ ਹਨ ਕਿਉਂ ਜੋ ਤਿਰੂ ਕੁਰਲ ਵਿਚ ਉਹਨਾਂ ਨੂੰ ਜੈਨ ਵਿਚਾਰਧਾਰਾ ਦਾ ਸਪਸ਼ਟ ਰੂਪ ਵਿਚ ਝਲਕਾਰਾ ਮਿਲਦਾ ਹੈ। ਉਹਨਾਂ ਅਨੁਸਾਰ ਚਕ੍ਰਵਰਤੀ ਨਾਇਨਾਰ ਦੇ ਵਿਚਾਰਾਂ ਦੇ ਸੰਕੇਤ ਤਿਰੂ ਕੁਰਲ ਵਿਚ ਦੇਖੇ ਜਾ ਸਕਦੇ ਹਨ। ਇਵੇਂ ਹੀ ਚੌਧਵੀਂ ਸਦੀ ਦੀ ਰਚਨਾ ਨੀਲਾਕੇਸੀਤ-ਤਿਰੇਤੂ ਦੀ ਜੈਨ ਵਿਆਖਿਆ ਵਿਚ ਤਿਰੂ ਕੁਰਲ ਨੂੰ 'ਸਾਡੀ ਅਧਿਕਾਰਿਤ' ਰਚਨਾ ਕਿਹਾ ਗਿਆ ਹੋਇਆ ਹੈ। ਫਿਰ, ਬੋਧੀਆਂ ਦੇ ਪ੍ਰਸਿੱਧ ਮਹਾਂ ਕਾਵਿ ਮਨੀਮੇਕੇਲਾਈ (*Maṇimēkalai*) ਵਿਚ ਤਿਰੂ ਕੁਰਲ ਵਿਚੋਂ ਕਈ ਉਦਾਹਰਣਾਂ ਦਿਤੀਆਂ ਮਿਲਦੀਆਂ ਹਨ ਅਤੇ ਤਿਰੂ ਵੱਲੁਵਰ ਦੀ ਪ੍ਰਸੰਸਾ ਵੀ ਕੀਤੀ ਹੋਈ ਮਿਲਦੀ ਹੈ ਕਿ ਉਸ ਦੇ ਵਿਚਾਰਾਂ ਵਿਚ ਸ਼ੁੱਧ ਬੋਧੀ ਦ੍ਰਿਸ਼ਟੀਕੋਣ ਮਿਲਦਾ ਹੈ।

ਵੈਸ਼ਨਵ ਲਿਖਾਰੀਆਂ ਆਲਵਾਰਸ ਤੇ ਤਿਵਾਰਮ ਨੇ ਆਪਣੀਆਂ ਰਚਨਾਵਾਂ ਵਿਚ ਤਿਰੂ ਕੁਰਲ ਵਿਚੋਂ ਕਈ ਵਾਕੰਸ਼ ਲਏ ਹੋਏ ਹਨ। ਸ਼ੈਵ ਦਾਰਸ਼ਨਿਕ ਗ੍ਰੰਥ ਤਿਰੂ ਕਾਲ੍ਰਿਰੂ-ਪੀ-ਪਤੀਆਰ (*Tirukkaḷirruppatiyār*) ਵਿਚ ਤਿਰੂ ਕੁਰਲ ਵਿਚੋਂ ਉਦਾਹਰਣਾਂ ਦੇ ਰੂਪ ਵਿਚ ਬੰਦ ਇਉਂ ਦਿਤੇ ਹੋਏ ਹਨ। ਜਿਵੇਂ ਇਹ ਸ਼ੈਵ ਲੋਕਾਂ ਦੀ ਬਾਈਬਲ ਹੋਵੇ।

ਥੋੜੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਤਾਮਿਲ ਨਾਡੂ ਦੇ ਸਾਰੇ ਧਰਮ ਤੇ ਦਰਸ਼ਨ ਤਿਰੂ ਕੁਰਲ ਦੀ ਇਉਂ ਵਿਆਖਿਆ ਕਰਦੇ ਤੇ ਮੰਨਦੇ ਆਏ ਹਨ ਜਿਵੇਂ ਇਹ ਉਹਨਾਂ ਦੀ ਹੀ ਆਪਣੀ ਅਧਿਕਾਰਿਤ ਰਚਨਾ ਹੋਵੇ।

ਤਿਰੂ ਕੁਰਲ ਵਿਚਲੀ ਵਿਚਾਰਧਾਰਾ ਨੂੰ ਸਮਝਣ ਵਿਚ ਵਡੀ ਅੜੌਣੀ ਓਦੋਂ ਆਉਂਦੀ ਹੈ ਜਦੋਂ ਕਿ ਆਪਸ ਵਿਚਲੇ ਵਿਰੋਧ-ਵਿਚਾਰ ਰਖਣ ਵਾਲੇ ਧਰਮ ਵੀ ਇਸ ਨੂੰ ਆਪਣੀ ਅਥਾਰਿਟੀ ਦੇ ਰੂਪ ਵਿਚ ਮੰਨਦੇ ਹਨ। ਤਿਰੂਵੱਲਵਾ ਮਾਲਾਈ (*Tiruvaḷḷuvamālai*) ਸ਼ਾਇਦ ਇਕ ਹਿੰਦੂ ਰਚਨਾ ਹੈ। ਇਸ ਅਨੁਸਾਰ ਤਿਰੂ ਕੁਰਲ ਵੇਦਾਂ ਦਾ ਸੰਖੇਪ ਹੈ। ਤਿਰੂ ਵੱਲੁਵਾ ਮਾਲਾਈ ਰਚਨਾ ਕੇਵਲ ਤਿਰੂ ਕੁਰਲ ਦਾ ਵੇਦਾਂ ਨਾਲ ਮੇਲ ਹੀ ਨਹੀਂ ਦਰਸਾਂਦੀ ਸਗੋਂ ਇਸ ਦੀ ਵਿਸ਼ੇਸ਼ਤਾਂ ਅਥਵਾ ਪ੍ਰਮੁੱਖਤਾ ਵਲ ਵੀ ਇਸ਼ਾਰਾ ਕਰਦੀ ਹੈ ਕਿਉਂ ਜੋ ਇਸ ਵਿਚ ਬਿਨਾ ਭੇਦ ਭਾਵ ਦੇ ਸਭ ਜਾਤੀਆਂ ਨੂੰ ਸੰਬੋਧਿਤ ਕੀਤਾ ਗਿਆ ਹੋਇਆ ਹੈ।

ਪਾਰੀਮੀਲਾਲਹਰ (Parimēlaḻakar) ਵਰਗੇ ਮਧਕਾਲੀਨ ਲੇਖਕ ਜਾਂ ਨਵੀਨ ਕਾਲੀਨ ਵਿਦਵਾਨ ਡਾ: ਐਸ ਕ੍ਰਿਸ਼ਨਾਸਾਮੀ ਆਇਨਗਰ, ਸ੍ਰੀ ਵੀ ਆਰ ਰਾਮ ਚੰਦ੍ਰ ਦੀਖਸ਼ਤਰ ਤੇ ਕੇ.ਵੀ. ਰੰਗਾਸਾਮੀ ਆਇਨਗਰ ਵਰਗਿਆਂ ਨੇ ਤਿਰੂ ਕੁਰਲ ਦਾ ਸੰਸਕ੍ਰਿਤ ਰਚਨਾਵਾਂ ਨਾਲ ਮੇਲਾਨ ਕਰਨ ਉਪ੍ਰੰਤ ਦਰਸਾਣ ਦਾ ਉਪਰਾਲਾ ਕੀਤਾ ਹੈ ਕਿ ਤਿਰੂ ਕੁਰਲ ਵਿਚ ਸੰਸਕ੍ਰਿਤ ਪਦਿਆਂ (versas) ਦੀ ਗੂੰਜ ਸੁਣਾਈ ਦੇਂਦੀ ਹੈ। ਪ੍ਰੰਤੂ ਡਾ: ਟੀ. ਪੀ. ਮੀਨਾਕਸ਼ੀ ਸੁੰਦਰਮ ਅਨੁਸਾਰ ਅਸਲੀਅਤ ਇਹ ਹੈ ਕਿ ਮਹਾਨ ਬੁਧੀਮਾਨ ਇਕ ਸਾਂਝੇ ਕਲਚਰ ਤੇ ਸਾਂਝੀ ਵਿਚਾਰਧਾਰਾ ਨੂੰ ਪ੍ਰਗਟਾਣ ਵੇਲੇ ਆਮ ਕਰਕੇ ਇਕੋ ਜਿਹਾ ਹੀ ਸੋਚਦੇ ਹਨ। ਸ਼ਾਇਦ ਇਸ ਉਤਲੀ ਸਾਂਝ ਦਾ ਮੂਲ ਕਾਰਨ ਇਹੀ ਹੋਵੇਗਾ।

ਇਉਂ ਤਿਰੂ ਕੁਰਲ ਦੇ ਲੇਖਕ ਤਿਰੂ ਵੱਲਵਰ ਨੂੰ ਕਿਸੇ ਇਕ ਵਿਸ਼ੇਸ਼ ਦਾਰਸ਼ਨਿਕ ਵਿਚਾਰਧਾਰਾ ਨਾਲ ਸੰਬੰਧਤ ਕਰਨਾ ਠੀਕ ਨਹੀਂ ਲੱਗਦਾ, ਭਾਵੇਂ ਕਿ ਵੱਖ-ਵੱਖ ਵਿਚਾਰਧਾਰਾਵਾਂ ਦੇ ਵਿਦਵਾਨਾਂ ਨੇ ਉਸ ਦੀ ਲਿਖਤ ਵਿਚਲੇ ਕੁਝ ਬੰਦਾਂ ਦੇ ਆਧਾਰ 'ਤੇ ਉਸ ਨੂੰ ਕਿਸੇ ਇਕ ਵਿਚਾਰਧਾਰਾ ਨਾਲ ਮਿਲਾਨ ਦੇ ਯਤਨ ਵੀ ਕੀਤੇ ਹਨ। ਪ੍ਰੰਤੂ ਅਜਿਹੇ ਸਭ ਯਤਨ ਨਿਸਫਲ ਰਹੇ ਹਨ ਕਿਉਂ ਜੋ ਵਾਸਵਿਕਤਾ ਇਹੀ ਹੈ ਕਿ ਉਹ ਇਕ ਸਰਬ ਸਾਂਝਾ ਲੇਖਕ ਸੀ ਤੇ ਉਸ ਦੀ ਲਿਖਤ ਵਿਚ ਇਕ ਵੀ

ਵਾਕੰਸ਼ ਅਜਿਹਾ ਨਹੀਂ ਜਿਸ ਦੇ ਆਧਾਰ ਤੇ ਉਸ ਨੂੰ ਕਿਸੇ ਇਕ ਵਿਸ਼ੇਸ਼ ਵਿਚਾਰਧਾਰਾ- ਜੈਨ, ਬੋਧੀ, ਵੈਸ਼ਨਵ, ਸ਼ੈਵ ਜਾਂ ਈਸਾਈ ਮਤ ਨਾਲ ਸੰਬੰਧਤ ਮੰਨਿਆ ਜਾ ਸਕੇ। ਸਗੋਂ ਅਸਲੀਅਤ ਇਹ ਹੈ ਕਿ ਉਸ ਦੇ ਵਿਚਾਰ ਸਰਬ ਸਾਂਝੀ ਤੇ ਪੂਰੀ ਮਾਨਵਤਾ ਉਤੇ ਲਾਗੂ ਹੁੰਦੇ ਹਨ ਤੇ ਉਸ ਨੂੰ ਕਿਸੇ ਇਕ ਵਿਸ਼ੇਸ਼ ਵਿਚਾਰਧਾਰਾ ਨਾਲ ਸੰਬੰਧਿਤ ਕਰਨਾ ਇਕ ਵੱਡੀ ਗ਼ਲਤੀ ਕਰਨਾ ਹੈ।

ਤਿਰੂ ਕੁਰਲ ਨੂੰ ਪੜ੍ਹਿਆਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਇਸ ਦੇ ਲੇਖਕ ਤਿਰੂ ਵੱਲਵਰ ਨੇ ਮਨੂੰ ਦੇ ਧਰਮ ਸ਼ਾਸਤਰ, ਕਾਮੰਦਕਾ ਦੇ ਨੀਤੀ ਸ਼ਾਸ਼ਤ੍ਰ, ਕੁਟਲਿਆ ਦੇ ਅਰਥ ਸ਼ਾਸਤ੍ਰ ਤੋਂ ਪ੍ਰਭਾਵ ਕਬੂਲੇ ਹੋਏ ਹਨ। ਇਵੇਂ ਹੀ ਵਾਤਸਾਇਨ ਦੇ ਕਾਮ ਸ਼ਾਸਤ੍ਰ ਤੋਂ ਵੀ ਕੁਝ ਪ੍ਰਭਾਵ ਕਬੂਲੇ ਪ੍ਰਤੀਤ ਹੁੰਦੇ ਹਨ - ਜੇ ਤਿਰੂ ਵੱਲੂਵਰ ਦੇ ਸਮੇਂ ਤਕ ਕਾਮ ਸ਼ਾਸਤ੍ਰ ਹੋਂਦ ਵਿਚ ਆ ਚੁੱਕਾ ਸੀ, ਤਾਂ।

**ਤਿਰੂ ਕੁਰਲ ਦੀ ਸੰਪਾਦਨਾ** :- ਤਿਰੂ ਕੁਰਲ ਨੂੰ ਆਪਣੇ ਮੁਕੰਮਲ ਰੂਪ ਵਿਚ ਸਾਹਮਣੇ ਲਿਆਉਣ ਦਾ ਸ਼੍ਰੇਅ ਪਾਰੀਮੀਲਾ ਲਹਿਰ (Parimēlalakar) ਨੂੰ ਜਾਂਦਾ ਹੈ, ਜਿਸ ਨੇ ਆਪਣੀਆਂ ਟਿੱਪਣੀਆਂ ਸਹਿਤ ਸਭ ਤੋਂ ਪਹਿਲਾਂ 1272 ਈਸਵੀ ਵਿਚ ਇਸ ਨੂੰ ਸੰਗ੍ਰਹਿਤ ਕੀਤਾ। ਇਸ ਤੋਂ ਇਲਾਵਾ ਨੌ ਹੋਰ ਟਿੱਪਣੀਆਂ ਸਹਿਤ ਕੁਰਲ ਸੰਗ੍ਰਹਿਤ ਕੀਤੇ ਗਏ ਸਨ ਜਿਨ੍ਹਾਂ ਵਿਚੋਂ ਮਾਨਕੂਦਾਵਰ (Manakkudavar) ਪਾਰੀਪੇਰੂਮਲ (Parípperumal), ਪਾਰੀਥੀਅਰ (Paritiyar) ਤੇ ਕਾਲਿੰਗਰ (Kalinger) ਦੀਆਂ ਰਚਨਾਵਾਂ ਹੁਣ ਵੀ ਉਪਲਬਧ ਹਨ। ਇਹਨਾਂ ਵਿਚੋਂ ਮਾਨਕੂਦਾਵਰ ਦੀ ਰਚਨਾ ਸ਼ਾਇਦ ਗਿਆਰਵੀਂ ਸਦੀ ਨਾਲ ਸਬੰਧਤ ਟੀਕਾ ਹੈ ਤੇ ਬਾਕੀ ਸਭ ਤੋਂ ਪਹਿਲੀ ਰਚਨਾ ਹੈ। ਇਹਨਾਂ ਪੰਜਾਂ ਟੀਕਿਆਂ ਵਿਚਲੇ ਤਿਰੂ ਕੁਲਰ ਦੇ ਬੰਦਾਂ ਵਿਚ ਹੈਰਾਨ ਕਰਨ ਵਾਲੀ ਸਮਾਨਤਾ ਮਿਲਦੀ ਹੈ। ਗਿਣਤੀ ਤੇ ਵੱਖ-ਵੱਖ ਚੈਪਟਰਾਂ ਵਿਚਲੀ ਤਰਤੀਬ ਵੀ ਇਕੋ ਹੈ ਅਤੇ ਚੈਪਟਰਾਂ ਦੇ ਸਿਰਲੇਖ ਵੀ ਮਿਲਦੇ ਹਨ। ਕੁਲ ਚੈਪਟਰ 133 ਹਨ ਤੇ ਕੁਲ ਬੰਦ 1330 ਹਨ। ਹਰ ਚੈਪਟਰ ਵਿਚ ਦਸ-2 ਬੰਦ ਹਨ।

**ਤਿਰੂ ਕੁਰਲ ਦੇ ਅਨੁਵਾਦ** :- ਈਸਾਈ ਮਿਸ਼ਨਰੀਆਂ ਨੇ ਤਾਮਿਲ ਕਲਾਸੀਕਲ ਰਚਨਾਵਾਂ ਵਿਚੋਂ ਸਭ ਤੋਂ ਪਹਿਲਾਂ ਤਿਰੂ ਕੁਰਲ ਦਾ ਅਨੁਵਾਦ ਕੀਤਾ। ਸੁਸਾਇਟੀ ਆਫ਼ ਜਿਸੂਜ਼ (Society of Jesus- 1700–1742 AD) ਦੇ ਪਾਦਰੀ ਬੇਸਕੀ (Fr. Baschi) ਨੇ 1730 ਈ: ਵਿਚ ਤਿਰੂ ਕੁਰਲ ਦੇ ਪਹਿਲੇ ਦੋ ਭਾਗਾਂ ਦਾ ਲਾਤੀਨੀ ਭਾਸ਼ਾ ਵਿਚ ਅਨੁਵਾਦ ਕੀਤਾ। ਇਹਨਾਂ ਵਿਚੋਂ ਜੀ. ਯੂ. ਪੋਪ (G. U. Pope) 1820-1908 AD. ਅਨੁਸਾਰ ਕੇਵਲ ਇਕ ਭਾਗ ਇੰਡੀਆ ਆਫਿਸ ਲਾਇਬ੍ਰੇਰੀ ਵਿਚ ਸੁਰੱਖਿਅਤ ਹੈ। ਫਰਾਂਸਿਸ ਵਾਈਟ (Francis White) ਈਸਟ ਇੰਡੀਆ ਦੇ ਅਧਿਕਾਰੀ ਨੇ ਤਿਰੂ ਕੁਰਲ ਦੇ 120 ਬੰਦਾਂ ਦਾ ਸੰਪਾਦਨ ਕੀਤਾ ਜਿਸ ਨੂੰ ਮਦਰਾਸ ਯੂਨੀਵਰਸਿਟੀ ਨੇ 390 ਪੰਨਿਆਂ ਦੀ ਪੁਸਤਕ ਵਿਚ ਪ੍ਰਕਾਸ਼ਿਤ ਕੀਤਾ। ਇਵੇਂ ਹੀ ਡਾ: ਗਰਾਲ (Dr. Graul) ਨੇ 1850 ਈ: ਵਿਚ ਇਸਦਾ ਜਰਮਨ ਭਾਸ਼ਾ ਵਿਚ ਅਨੁਵਾਦ ਕੀਤਾ। ਤਾਮਿਲ ਰਚਨਾਵਾਂ ਵਿਚੋਂ ਸਭ ਤੋਂ ਵਧੇਰੇ ਜੇ ਕਿਸੇ ਰਚਨਾ ਦੇ ਅਨੁਵਾਦ ਹੋ ਚੁੱਕੇ ਹਨ ਤਾਂ ਉਹ ਤਿਰੂ ਕੁਰਲ ਹੈ। ਇਸ ਦੇ ਅਨੁਵਾਦ ਲਾਤੀਨੀ, ਜਰਮਨ, ਫ਼ਰਾਂਸੀਸੀ, ਡੱਚ, ਫ਼ਿਨਿਸ, ਪੌਲਿਸ਼, ਰੂਸੀ, ਚੀਨੀ, ਫਿਜ਼ੀ, ਮਾਲਾਏ, ਤੇ ਬ੍ਰਹਮੀ, ਭਾਸ਼ਾਵਾਂ ਵਿਚ ਹੋ ਚੁੱਕੇ ਹਨ।

ਇਸ ਗ੍ਰੰਥ ਦੇ ਭਾਸ਼ ਤਾਮਿਲ ਵਿਚ ਹੀ ਬਾਰਾਂ ਤੋਂ ਵੱਧ ਲਿਖੇ ਜਾ ਚੁੱਕੇ ਹਨ। ਫਿਰ ਦੱਖਣ ਦੀਆਂ ਤਿੰਨ ਭਾਸ਼ਾਵਾਂ ਵਿਚ ਤਿਰੂ ਕੁਰਲ ਦੇ ਅਨੁਵਾਦ ਹੋ ਚੁੱਕੇ ਹਨ। ਤੇਲਗੂ ਵਿਚ ਸ੍ਰੀ ਵੈਂਕਟਰਾਮ ਨੇ ਤ੍ਰੀਵਰਗ ਦੀਪਕਾ (ਕੇਵਲ ਪ੍ਰਥਮ ਭਾਗ ਦਾ ਅਨੁਵਾਦ), ਕੱਨੜ ਭਾਸ਼ਾ ਵਿਚ ਨਰਸਿੰਹਾਚਾਰੀਆ ਨੇ ਨੀਤੀ ਮੰਜਰੀ ਦੇ ਨਾਮ ਹੇਠ ਅਨੁਵਾਦ ਕੀਤਾ ਤੇ ਸ੍ਰੀ ਐਲ ਗੁਣਡਪਾ ਨੇ ਵੀ ਤਿਰੂ ਕੁਰਲ ਦਾ ਅਨੁਵਾਦ ਕੀਤਾ। ਮਲਿਆਲਮ ਵਿਚ ਸ੍ਰੀ ਪਰਮੇਸ਼੍ਰਨ ਪਿੱਲੇ ਨੇ ਤਿਰੂਕੁਰਲ ਦੇ ਪਹਿਲੇ ਦੋ ਖੰਡਾਂ ਦਾ ਭਾਸ਼ਾ ਅਨੁਵਾਦ ਕੀਤਾ। ਬੰਗਾਲੀ ਭਾਸ਼ਾ ਵਿਚ ਡਾ: ਨਲਿਨੀ ਮੋਹਨ ਮਾਨਿਆਲ ਨੇ ਤਿਰੂਕੁਰਲ ਦਾ ਅਨੁਵਾਦ ਪ੍ਰਸਤੁਤ ਕੀਤਾ। ਇਵੇਂ ਹੀ ਉਰਦੂ, ਮਰਾਠੀ ਵਿਚ ਵੀ ਤਿਰੂਕੁਰਲ ਦੇ ਅਨੁਵਾਦ ਕੀਤੇ ਜਾ ਚੁੱਕੇ ਹਨ। ਪੰਜਾਬੀ ਵਿਚ ਹਥੱਲਾ ਅਨੁਵਾਦ ਵੀ ਇਸੇ ਕੜੀ ਵਿਚ ਹੈ।

ਹਿੰਦੀ ਵਿਚ 1926 ਈ : ਵਿਚ ਖੇਮਾਨੰਦ ਰਾਹਤ ਨੇ ਤਿਰੂਕੁਰਲ ਦਾ ਅਨੁਵਾਦ 'ਤਾਮਿਲ ਵੇਦ' ਨਾਉਂ ਹੇਠ ਪ੍ਰਕਾਸ਼ਿਤ ਕੀਤਾ। ਡਾ: ਸ਼ੰਕਰ ਰਾਜੂ ਦਾ ਸੰਪਾਦਿਤ ਤਿਰੂ ਕੁਰਲ 1958 ਈ: ਵਿਚ ਮਦਰਾਸ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤਾ। ਸ੍ਰੀ ਬੀ.ਡੀ. ਜੈਨ ਨੇ 1951 ਈ: ਵਿਚ ਸ੍ਰੀ ਮੁ: ਗੋ: ਵੈਂਕਟ ਕ੍ਰਿਸ਼ਨਨ ਨੇ 1964 ਈ: ਵਿਚ ਤਿਰੂ ਕੁਲਰ ਦੇ ਧਰਮ ਕਾਂਡ ਦਾ ਅਨਵਾਦ ਪ੍ਰਕਾਸ਼ਿਤ ਕੀਤਾ; 1967 ਵਿਚ ਤਿਰੂ ਕੁਰਲ ਦਾ ਅਨੁਵਾਦ 'ਉੱਤਰ ਵੇਦ' ਨਾਉਂ ਹੇਠ ਪ੍ਰਕਾਸ਼ਿਤ ਹੋਇਆ। 1982 ਵਿਚ ਤਿਰੂ ਕੁਰਲ ਦੇ ਸਤ ਸੌ ਪਦਿਆਂ ਦਾ ਅਨੁਵਾਦ 'ਤਿਰੂ ਕੁਰਲ ਸਤਸਈ' ਨਾਮ ਹੇਠ ਪ੍ਰਕਾਸ਼ਿਤ ਹੋਇਆ। ਇਵੇਂ ਹੀ 1987 ਵਿਚ ਮੂਲ ਤਾਮਿਲ, ਦੇਵਨਾਗਰੀ ਲਿਪੀ ਅੰਤਰ ਤੇ ਦੋਹਾ ਛੰਦ ਵਿਚ ਹਿੰਦੀ ਅਨੁਵਾਦ ਪ੍ਰਕਾਸ਼ਿਤ ਹੋਇਆ। ਇਵੇਂ ਹੀ ਹੋਰ ਕਈ ਅਨੁਵਾਦ ਹਿੰਦੀ ਭਾਸ਼ਾ ਵਿਚ ਕੀਤੇ ਗਏ।

ਪੀ.ਐਸ. ਸੁਬ੍ਰਾਮਣੀਅਮ ਸ਼ਾਸਤ੍ਰੀ ਨੇ 'ਸੁਨੀਤੀ ਕੁਮਾਰ ਮਾਲਾ' ਨਾਮ ਹੇਠ ਤਿਰੂ ਕੁਰਲ ਦਾ ਸੰਸਕ੍ਰਿਤ ਅਨੁਵਾਦ 1922 ਈ: ਵਿਚ ਪ੍ਰਕਾਸ਼ਿਤ ਕੀਤਾ, ਸ੍ਰੀ ਰਾਮ ਦੇਸਿਕਨ ਨੇ ਸੰਸਕ੍ਰਿਤ ਅਨੁਵਾਦ 1979 ਵਿਚ ਪ੍ਰਕਾਸ਼ਿਤ ਕੀਤਾ।

## ਤਿਰੂ ਕੁਰਲ ਦਾ ਨਾਮ

ਤਿਰੂ ਕੁਰਲ ਸ਼ਬਦ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਤਿਰੂ ਸ਼ਬਦ ਦਾ ਸੰਸਕ੍ਰਿਤ ਵਿਚ ਸਮਾਂਤਰ ਸ਼ਬਦ ਸ੍ਰੀ ਹੈ ਜਿਸ ਦਾ ਅਰਥ ਹੈ 'ਪਵਿੱਤਰ, ਉੱਤਮ, ਸੁੰਦਰ।' ਦੱਖਨ ਵਿਚ ਤਿਰੂ ਸ਼ਬਦ ਨੂੰ ਅੰਗਰੇਜ਼ੀ ਦੇ ਸ਼ਬਦ 'Hon'ble' ਅਤੇ ਸੰਸਕ੍ਰਿਤ ਸ਼ਬਦ ਸ੍ਰੀ ਦੀ ਥਾਂ ਤੇ ਵਰਤਣ ਨੂੰ ਤਰਜੀਹ ਦਿਤੀ ਜਾਂਦੀ ਹੈ। ਡਾ. ਵਿੰਸਲੋ (Dr. Winslow) ਅਨੁਸਾਰ 'ਕੁਰਲ ਤੋਂ ਭਾਵ ਛੋਟਾ, ਸੰਖਿਪਤ, ਸਾਰ ਹੈ। ਇਸ ਨੂੰ ਸਾਹਿਤਕ ਸ਼ਬਦਾਵਲੀ ਵਜੋਂ ਦੋ ਸਤਰਾਂ ਵਾਲੇ ਛੰਦੋਬਧ ਰੂਪ ਜਾਂ ਦੋਹਰਾ ਜਾਂ ਛੋਟੀਆਂ ਲਾਈਨਾਂ ਵਾਲੇ ਛੰਦ ਨੂੰ ਕੁਰਲ ਕਿਹਾ ਜਾਂਦਾ ਹੈ, ਜਿਸ ਵਿਚ ਪਹਿਲੀ ਲਾਈਨ ਵਿਚ ਚਾਰ ਤੇ ਦੂਜੀ ਵਿਚ ਤਿੰਨ ਚਰਨ ਹੁੰਦੇ ਹਨ।" ਤਿਰੂ ਕੁਰਲ ਭਾਵੇਂ ਇਸ ਵਿਚ ਅਪਣਾਏ ਗਏ ਛੰਦ ਰੂਪ ਕੁਰਲ ਦੇ ਨਾਮ ਤੇ ਆਮ ਕਰਕੇ ਜਾਣੀ ਜਾਂਦੀ ਹੈ ਪ੍ਰੰਤੂ ਇਸ ਨੂੰ ਸਲਾਹੁਣ ਵਾਲੇ ਪਹਿਲੇ ਵਿਦਵਾਨਾ ਨੇ ਤੇ ਇੱਥੋਂ ਤੱਕ ਕਿ ਇਸ ਦੇ ਰਚਣਹਾਰੇ ਨੇ ਖ਼ੁਦ ਵੀ ਇਸ ਨੂੰ ਮੂਮਾਲ (*Muppāl*) -ਤਿੰਨ ਭਾਗਾਂ ਵਾਲੀ ਰਚਨਾ ਕਿਹਾ ਹੈ। ਭਾਵ, ਇਹ ਰਚਨਾ ਮਨੁੱਖੀ ਜੀਵਨ ਨੂੰ ਤਿੰਨ ਪੱਖਾਂ-ਧਰਮ, ਅਰਥ ਤੇ ਕਾਮ ਵਿਚ ਵੰਡ ਕੇ ਲਿਖੀ ਹੋਈ ਹੈ।

## ਜੀਵਨ-ਪੁਰਸ਼ਾਰਥਾਂ ਸਬੰਧੀ ਭਾਰਤੀ ਵਿਚਾਰਧਾਰਾ

ਭਾਰਤੀ ਵਿਚਾਰਧਾਰਾ ਅਨੁਸਾਰ ਮਨੁੱਖਾ ਜੀਵਨ ਦੇ ਚਾਰ ਪੁਰਸ਼ਾਰਥ ਹਨ-ਧਰਮ, ਅਰਥ, ਕਾਮ ਤੇ ਮੋਕਸ਼। ਇਹਨਾਂ ਵਿਚ ਭਾਰਤ ਦੇ ਲਗਭਗ ਸਾਰੇ ਧਰਮ ਤੇ ਦਰਸ਼ਨ ਵਿਸ਼ਵਾਸ਼ ਰੱਖਦੇ ਹਨ। ਸਾਡੇ ਪਾਸ ਧਰਮ ਸੂਤਰ, ਧਰਮ ਸ਼ਾਸ਼ਤਰ ਹਨ, ਜਿਨ੍ਹਾਂ ਵਿਚ ਧਰਮ ਦੇ ਵਿਕਾਸ ਸਬੰਧੀ ਵਿਚਾਰ ਪ੍ਰਗਟਾਏ ਹੋਏ ਹਨ। ਇਵੇਂ ਹੀ ਅਰਥ ਸੂਤ੍ਰ ਤੇ ਅਰਥ ਸ਼ਾਸ਼ਤ੍ਰ ਅਤੇ ਕਾਮ ਸੂਤ੍ਰ ਤੇ ਕਾਮ ਸ਼ਾਸ਼ਤ੍ਰ ਹਨ। ਇਸੇ ਤਰ੍ਹਾਂ ਮੋਕਸ਼ ਸਬੰਧੀ ਵੀ ਵੱਖ ਵੱਖ ਦਰਸ਼ਨਾਂ ਅਨੁਸਾਰ ਵਿਚਾਰ ਪ੍ਰਗਟਾਏ ਹੋਏ ਮਿਲਦੇ ਹਨ। ਇਹਨਾਂ ਰਚਨਾਵਾਂ ਵਿਚ ਲੇਖਕਾਂ ਨੇ ਆਪਣੀ ਆਪਣੀ ਵਿਚਾਰਧਾਰਾ ਅਨੁਸਾਰ ਆਪਣੇ ਆਪਣੇ ਵਿਸ਼ੇਸ਼ ਪੱਖਾਂ ਉਤੇ ਬਲ ਦਿੱਤਾ ਹੋਇਆ ਹੈ। ਇਹਨਾਂ ਵਿਚੋਂ ਕੁਝ ਥੋੜਿਆਂ ਨੇ ਮੋਕਸ਼ ਨੂੰ ਤੇ ਕੁਝ ਇਕ ਵਿਚਾਰ ਧਾਰਾਵਾਂ ਵਾਲਿਆਂ ਨੇ ਬਾਕੀ ਦੇ ਤਿੰਨਾਂ ਪੱਖਾਂ ਨੂੰ ਸਰਵਲੌਕਿਕ ਮਹੱਤਤਾ ਦਿੱਤੀ ਹੈ। ਜੀਵਨ ਨੂੰ ਇਹਨਾਂ ਤਿੰਨਾਂ ਪੱਖਾਂ ਵਿਚ ਵੰਡ ਕੇ ਵੇਖਣਾ ਤ੍ਰੀਵਰਗੀ ਵਿਚਾਰਧਾਰਾ ਕਹਾਂਦੀ ਹੈ ਜਿਸ ਨੂੰ ਤਾਮਿਲ ਵਿਚ ਮੂਪਾਲ (*Muppāl*) ਕਿਹਾ ਜਾਂਦਾ ਹੈ ਜੋ ਕਿ ਤਿਰੂ ਕੁਰਲ ਦਾ ਹੀ ਇਕ ਹੋਰ ਨਾਮ ਹੈ। ਜੈਨੀਆਂ ਵਿਚ ਤ੍ਰੀਵਰਗ ਸਬੰਧੀ ਕਈ ਰਚਨਾਵਾਂ ਰਚੀਆਂ ਗਈਆਂ ਹਨ।

ਟੋਲਕਾਪੀਅਨ (Tolkāppiyaṉ) ਜਿਸ ਨੂੰ ਬਹੁਤੇ ਵਿਦਵਾਨ ਤਾਮਿਲ ਦੀ ਇਕ ਪ੍ਰਾਚੀਨਤਮ ਮਿਲਦੀ ਰਚਨਾ ਮੰਨਦੇ ਹਨ, ਵਿਚ ਕਾਮ (*Iṉpamum*), ਅਰਥ (*Poṛḷum*), ਧਰਮ (*Aṟamum*) ਤੇ ਮੋਕਸ਼ (*Eṉṟāṅku*) ਦਾ ਜ਼ਿਕਰ ਮਿਲਦਾ ਹੈ ਤੇ ਇਉਂ ਇਸ ਵਿਚਾਰਧਾਰਾ ਦੀ ਪ੍ਰਾਚੀਨਤਮ ਰਚਨਾਵਾਂ ਵਿਚ ਮੌਜੂਦਗੀ ਮੰਨੀ ਜਾ ਸਕਦੀ ਹੈ।

ਮਨੁਖਾ ਜੀਵਨ ਅਸਲੀ ਜੀਵਨ ਓਦੋਂ ਹੀ ਹੁੰਦਾ ਹੈ ਜਦੋਂ ਕਿ ਮਨੁਖ ਦੇ ਵਿਅਕਤੀਤਵ ਦੇ ਸਾਰੇ ਪੱਖ ਇਕ ਬਾਕਾਇਦਗੀ ਵਿਚ ਮੁਕੰਮਲ ਰੂਪ ਵਿਚ ਵਿਕਸਤ ਹੋਏ ਹੋਣ। ਜੀਵਨ ਕਿਸੇ ਵੀ ਪੱਖ ਤੋਂ ਨਾ ਵਧੇਰੇ ਉੱਠਿਆ ਹੋਵੇ ਤੇ ਨਾ ਹੀ ਕਿਸੇ ਪਖੋਂ ਦਬੇਲ ਰਿਹਾ ਹੋਵੇ। ਜਿਸ ਮਹਾਂ ਕਾਵਿ ਵਿਚ ਇਹਨਾਂ ਚਹੁੰ ਪੱਖਾਂ ਉਤੇ ਇਕੋ ਜਿਹਾ ਬਲ ਨਾ ਦਿੱਤਾ ਗਿਆ ਹੋਵੇ, ਉਹ ਇਕ ਉੱਤਮ ਮਹਾਂ ਕਾਵਿ ਨਹੀਂ ਕਿਹਾ ਜਾ ਸਕਦਾ। ਇਸੇ ਲਈ ਜਦੋਂ ਇਕ ਜੈਨ ਸਾਧੂ ਤਿਰੁਤੱਕਾ ਤੇਵਰ (Tiruttakka Tever) ਇਕ ਮਹਾਂ ਕਾਵਿ ਦੀ ਰਚਨਾ ਕਰਨ ਲਗਾ ਤਾਂ ਆਪਣੇ ਨਾਇਕ ਦੇ ਵਿਅਕਤੀਤਵ ਦੀ ਸਰਬਪੱਖੀ ਮੁਕੰਮਲਤਾਈ ਉਤੇ ਬਲ ਦੇਣ ਦਾ ਯਤਨ ਕੀਤਾ, ਭਾਵੇਂ ਉਸ ਨੇ ਮਹਾਂਕਾਵਿ ਦੇ ਨਾਇਕ ਨੂੰ ਅੰਤ ਵਿਚ ਤਿਆਗੀ ਬਣਾ ਕੇ ਇਕ ਉੱਚ ਆਤਮਾ ਦੇ ਰੂਪ ਵਿਚ ਪੇਸ਼ ਕੀਤਾ ਹੈ ਪ੍ਰੰਤੂ ਉਸ ਦੇ ਵਿਅਕਤੀਤਵ ਵਿਚ ਇਹ ਇਕ ਕੁਦਰਤੀ ਆਇਆ ਵਿਕਾਸ ਮੰਨਿਆ ਗਿਆ ਹੈ, ਜਿਸ ਨੇ ਸੰਸਾਰ ਨੂੰ ਸਭ ਪੱਖਾਂ ਤੋਂ ਆਪਣੇ ਭਰਪੂਰ ਰੂਪ ਵਿਚ ਭੋਗ ਲਿਆ ਹੈ ਅਤੇ ਉਸ ਨੂੰ ਆਪਣੇ ਆਪ ਉਤੇ ਜ਼ਬਰਦਸਤੀ ਕੁਝ ਵੀ ਠੋਸਣਾ ਨਹੀਂ ਪਿਆ ਤੇ ਨਾ ਹੀ ਉਸ ਨੇ ਨਾਂਹ ਪੱਖੀ ਰਵਈਏ ਨਾਲ ਜੀਵਨ ਦੇ ਕਿਸੇ ਪੱਖ ਨੂੰ ਠੁਕਰਾਇਆ ਹੈ। ਉਸ ਦੇ ਵਿਅਕਤੀਤਵ ਵਿਚ ਵਿਸ਼ਵਵਿਆਪੀ ਭਾਵਨਾਵਾਂ ਸੁਭਾਵਕ ਰੂਪ ਵਿਚ ਵਿਕਸਿਤ ਹੋ ਜਾਂਦੀਆਂ ਹਨ। ਜਿਵੇਂ ਕੋਈ ਵਿਅਕਤੀ ਸੌਂ ਜਾਂਦਾ ਹੈ ਤਾਂ ਉਸ ਦੇ ਹੱਥ ਵਿਚ ਪਕੜੀ ਹੋਈ ਚੀਜ਼ ਸੁਤੇਸਿਧ ਹੇਠਾਂ ਡਿੱਗ ਪੈਂਦੀ ਹੈ, ਇਵੇਂ ਹੀ ਇਸ ਅਵਸਥਾ ਤੇ ਆ ਕੇ ਵੱਖ-ਵੱਖ ਪਦਾਰਥਾਂ ਪਿਛੇ ਭਟਕਣਾਂ ਆਪਣੇ ਆਪ ਖ਼ਤਮ ਹੋ ਜਾਂਦੀ ਹੈ-ਜਦ ਅਸੀਂ ਜੀਵਨ ਦੇ ਸਭ ਪਹਿਲੂਆਂ ਨੂੰ ਆਪਣੇ ਮੁਕੰਮਲ ਰੂਪ ਵਿਚ ਮਾਣ ਲੈਂਦੇ ਹਾਂ। ਇਵੇਂ ਹੀ ਜਦੋਂ ਅਸੀਂ ਮੁਕਤੀ ਦੀ ਅਵਸਥਾ ਤੇ ਪਹੁੰਚ ਜਾਂਦੇ ਹਾਂ ਤਾਂ ਸਾਡੀ ਹੋਰ ਸਭ ਖੁਸ਼ੀਆਂ ਮਾਨਣ ਦੀ ਤਾਂਘ ਦਾ ਸੁਤੇਸਿਧ ਹੀ ਅਭਾਵ ਹੋ ਜਾਂਦਾ ਹੈ। ਤਿਰੂ ਵੱਲੁਵਰ ਨੇ ਆਪਣੀ ਰਚਨਾ ਤਿਰੂਕੁਰਲ ਵਿਚ ਇਸੇ ਵਿਚਾਰਧਾਰਾ ਨੂੰ ਨਿਰੂਪਣ ਕਰਨ ਦਾ ਉਪਰਾਲਾ ਕੀਤਾ ਹੈ।

ਪਾਰੀਮੇਲਾਲਕਰ (Parimēlaḻakar) ਤਿਰੂ ਕੁਰਲ ਵਿਚ ਚੌਥੇ ਪੁਰਸ਼ਾਰਥ ਮੋਕਸ਼ ਦੀ ਅਨਉਪਸਥਿਤੀ ਬਾਰੇ ਦਸਦਾ ਹੈ ਕਿ ਇਹ ਚੌਥਾ ਪੁਰਸ਼ਾਰਥ ਸ਼ਬਦਾਂ ਵਿਚ ਬਿਆਨਣ ਤੋਂ ਬਾਹਰਾ ਹੈ ਅਤੇ ਇਸ ਦੀ ਵਿਆਖਿਆ ਕੇਵਲ ਸਾਧਨ ਦੇ ਰੂਪ ਵਿਚ ਹੀ ਕੀਤੀ ਜਾ ਸਕਦੀ ਹੈ-ਤੁਰਾਵਰਮ (*Tuṟavaṟam*) ਅਥਵਾ ਸਨਿਆਸ ਇਕ ਸਾਧਨ ਹੈ, ਜੋ ਕਿ ਸਾਨੂੰ ਇਸ ਅਖੀਰਲੇ ਪੜਾਅ ਤਕ ਲਿਜਾਂਦਾ ਹੈ। ਥੋੜੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਜੀਵਨ ਦੇ ਇਹਨਾਂ ਚਾਰ ਪੜਾਵਾਂ ਨੂੰ ਤਿੰਨ ਪੜਾਵਾਂ ਦੇ ਰੂਪ ਵਿਚ ਹੀ ਬਿਆਨਿਆ ਜਾ ਸਕਦਾ ਹੈ। ਤਿਰੂਵੱਲੁਵਾ ਮਾਲਾਈ ਵਿਚ ਇਥੋਂ ਤੀਕ ਮੰਨਿਆ ਗਿਆ ਹੈ ਕਿ ਵੇਦਾਂ ਵਿਚ ਵੀ ਇਹਨਾਂ ਤਿੰਨਾਂ ਬਾਰੇ ਹੀ ਜ਼ਿਕਰ ਮਿਲਦਾ ਹੈ।

## ਤਿਰੂ ਵੱਲੁਵਰ ਦੀ ਤ੍ਰੀਵਰਗੀ ਵਿਚਾਰਧਾਰਾ

ਤਿਰੂ ਵੱਲਵਾ ਮਾਲਾਈ ਅਨੁਸਾਰ ਤਿਰੂ ਵੱਲੁਵਰ ਨੇ ਆਪਣੀ ਰਚਨਾ ਤਿਰੂ ਕੁਰਲ ਵਿਚ ਚਾਰ ਮਹਾਨ ਸਚਾਈਆਂ ਨੂੰ ਤਿੰਨ ਪਰਤਾਂ ਅਥਵਾ ਸ੍ਰੇਣੀਆਂ ਵਿਚ ਬਹੁਤ ਖ਼ੂਬਸੂਰਤੀ ਨਾਲ ਬਿਆਨਿਆ ਹੈ ਤੇ ਇਹਨਾਂ ਦਾ ਅੰਤ ਮੋਕਸ਼ ਵਿਚ ਕੀਤਾ ਹੈ।

ਤਿਰੂ ਵੱਲਵਾ ਮਲਾਈ ਅਨੁਸਾਰ, "ਅਸੀਂ ਹਾਲੇ ਤੀਕ ਪਹਿਲੀ ਵਾਰ ਵੱਲੁਵਰ ਦੇ ਮੂੰਹੋਂ ਧਰਮ, ਅਰਥ ਤੇ ਕਾਮ ਦੇ ਸਭ ਪਹਿਲੂਆਂ ਬਾਰੇ ਸੁਣ ਕੇ ਪੂਰੀ ਤਰ੍ਹਾਂ ਸਪਸ਼ਟ ਰੂਪ ਵਿਚ ਮੋਕਸ਼ ਬਾਰੇ ਸਮਝ ਲਿਆ ਹੈ।" ਇਸ ਕਥਨ ਵਿਚ ਕਿੰਨੀ ਕੁ ਸਚਾਈ ਹੈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਪ੍ਰੰਤੂ ਇਤਨਾ ਜ਼ਰੂਰ ਹੈ ਕਿ ਚਾਰ ਵਰਗੀ ਪੁਰਸ਼ਾਰਥ ਦੇ ਸਿਧਾਂਤ ਨੂੰ ਤ੍ਰੀਵਰਗ ਵਿਚ

ਬਿਆਨਣ ਵਿਚ ਤਿਰੂਵੱਲੁਵਰ ਦੀ ਇਕ ਮਹਾਨ ਪ੍ਰਾਪਤੀ ਹੈ। ਇਸ ਵਿਚ ਮੋਕਸ਼ ਨੂੰ ਅਣਗੌਲਿਆ ਨਹੀਂ ਗਿਆ ਹੋਇਆ ਸਗੋਂ ਬਾਕੀ ਦੇ ਤਿੰਨ ਵਰਗਾਂ ਨੂੰ ਇਸ ਦਾ ਸਾਧਨ ਬਣਾਉਣ ਲਈ ਸਾਨੂੰ ਉਤਸ਼ਾਹਿਤ ਕਰਨ ਦਾ ਯਤਨ ਕੀਤਾ ਗਿਆ ਹੈ। ਇਹਨਾਂ ਮਨੋਰਥਾਂ ਤਕ ਪਹੁੰਚਣ ਲਈ ਦੋ ਰਸਤੇ ਜਾਂ ਢੰਗ ਹਨ। ਪਹਿਲਾ ਢੰਗ ਵਿਗਿਆਨਕਾਰਾਂ ਦਾ ਹੈ-ਸ਼ਾਸ਼ਤ੍ਰਕਾਰਾਂ ਵਲੋਂ ਵਰਨਣ ਕੀਤੇ ਨਿਯਮਾਂ ਅਨੁਸਾਰ ਅਮਲ ਕਰਨ ਦਾ ਹੈ ਤੇ ਦੂਜਾ ਢੰਗ ਆਦਰਸ਼ ਪ੍ਰਾਪਤੀ ਲਈ ਵਿਵਹਾਰਕ ਯੁਕਤੀਆਂ ਉਤੇ ਚਲਣ ਦਾ ਹੈ। ਤਿਰੂਵਲੁਵਰ ਇਸ ਪਿਛਲੇ ਢੰਗ ਨਾਲ ਸਬੰਧ ਰੱਖਦਾ ਹੈ। ਉਹ ਨਾ ਤਾਂ ਸੁਸਾਇਟੀ ਦੀ ਇਤਿਹਾਸਕ ਸਥਿਤੀ ਬਾਰੇ ਚਿੰਤਤ ਹੈ, ਨਾ ਹੀ ਇਸ ਵਿਚਲੇ ਨਿਯਮਾਂ ਤੇ ਉਹਨਾਂ ਦੇ ਬਾਹਰਮੁਖੀ ਪ੍ਰਗਟਾਵੇ ਬਾਰੇ, ਤੇ ਨਾ ਹੀ ਤਿਰੂਵੱਲੁਵਰ ਜੀਵਨ ਵਿਚਲੇ ਅਸੰਭਵ ਕਾਰਜਾਂ ਨੂੰ ਬਿਆਨਦਾ ਹੈ।

ਉਹ ਇਕ ਵਿਵਹਾਰਕ ਹੋਣ ਦੇ ਨਾਲ ਨਾਲ ਇਕ ਆਦਰਸ਼ਕ ਲੇਖਕ ਹੈ। ਭਾਵੇਂ ਉਹ ਆਪਣੇ ਦ੍ਰਿਸ਼ਟੀਕੋਣ ਦੇ ਪਖੋਂ ਆਦਰਸ਼ਕ ਹੈ, ਉਹ ਇਕ ਵਿਗਿਆਨਕਾਰ ਵਾਂਗ ਬਾਹਰਮੁਖੀ ਨਹੀਂ ਤੇ ਨਾ ਹੀ ਉਹ ਕੋਈ ਨਿਯਮ ਜਾਂ ਅਸੂਲ ਘੜ੍ਹਦਾ ਹੈ। ਉਸ ਦੀ ਪਹੁੰਚ ਵਿਸ਼ਵਵਿਆਪੀ ਹੈ, ਜਿਸ ਉਤੇ ਕਿਸੇ ਕਾਲ ਜਾਂ ਦੇਸ਼ ਦੇ ਬੰਧਨ ਲਾਗੂ ਨਹੀਂ ਹੁੰਦੇ। ਤਿਰੂਕੁਰਲ ਦੀ ਇਹ ਵਿਸ਼ੇਸ਼ਤਾ ਉਸ ਨੂੰ ਹੋਰ ਧਰਮ ਸਾਸ਼ਤਰਾਂ, ਅਰਥ ਸਾਸ਼ਤਰਾਂ ਤੇ ਕਾਮ ਸਾਸ਼ਤਰਾਂ ਤੋਂ ਵਖਰਿਆਂਦੀ ਹੈ।

## ਤਿਰੂ ਵਲੁੱਵਰ ਇਕ ਆਦਰਸ਼ਕ ਲੇਖਕ

ਤਿਰੂਕੁਰਲ ਸਮੁੱਚੇ ਤੌਰ 'ਤੇ ਇਕ ਆਦਰਸ਼ਵਾਦੀ ਲਿਖਤ ਹੈ, ਇਕ ਇਤਿਹਾਸਕ ਰਚਨਾ ਨਹੀਂ। ਸੋ ਇਸ ਵਿਚੋਂ ਉਸ ਵੇਲੇ ਦੇ ਇਤਿਹਾਸ ਜਾਂ ਉਸ ਵੇਲੇ ਦੇ ਸਮਾਜਕ ਢਾਂਚੇ ਆਦਿਕ ਬਾਰੇ ਕੁਝ ਵੀ ਭਰੋਸੇਯੋਗ ਨਿਸ਼ਕਰਸ਼ ਨਹੀਂ ਕਢੇ ਜਾ ਸਕਦੇ ਸਵਾਏ ਕੁਝ ਅਨੁਮਾਨਾਂ ਦੇ, ਜਿਹੜੇ ਕਿ ਉਸ ਸਮੇਂ ਦੀ ਸੁਸਾਇਟੀ ਬਾਰੇ ਲਾਏ ਜਾ ਸਕਦੇ ਹਨ।

ਤਿਰੂਵੱਲੁਵਰ ਤਿਰੂਕੁਰਲ ਵਿਚ ਆਪਣੇ ਆਰਦਸ਼ਵਾਦ ਨੂੰ ਇਕ ਸਮਾਣਯ ਰੂਪ ਵਿਚ ਹੀ ਬਿਆਨਦਾ ਹੈ ਅਤੇ ਕੋਈ ਨਵੀਂ ਵਿਚਾਰਧਾਰਾ ਜਾਂ ਸੰਸਥਾ ਸਥਾਪਿਤ ਨਹੀਂ ਕਰਦਾ। ਇਵੇਂ ਉਸ ਦੇ ਸਮਾਜ ਬਾਰੇ ਪ੍ਰਗਟਾਏ ਵਿਚਾਰ ਆਦਰਸ਼ਵਾਦੀ ਕਿਸਮ ਦੇ ਹਨ-ਕਾਲਪਨਿਕ ਕਿਸਮ ਦੇ ਨਹੀਂ, ਜਿਵੇਂ ਮਾਰਟਨ ਲੂਥਰ ਨੇ ਈਸਾਈ ਮੱਤ ਬਾਰੇ ਜਾਂ ਮਾਰਕਸ ਨੇ ਸੈਕੂਲੇਰਿਜ਼ਮ ਬਾਰੇ ਵਿਚਾਰ ਸਨ।

ਤਿਰੂਵੱਲੁਵਰ ਦੇ ਸਮੇਂ ਦੇ ਸਮਾਜ ਵਿਚ ਜੋ ਆਧਾਰਸ਼ੀਲ ਖਰਾਬੀਆਂ ਸਨ, ਉਹਨਾਂ ਨੂੰ ਆਪਣੇ ਮੂਲ ਰੂਪ ਵਿਚ ਖ਼ਤਮ ਕਰਨ ਜਾ ਸੁਧਾਰਨ ਬਾਰੇ ਤਿਰੂਵੱਲੁਵਰ ਨੇ ਕੋਈ ਸੁਝਾਅ ਨਹੀਂ ਦਿੱਤੇ।

## ਤਿਰੂਵਲੁੱਵਰ ਦੇ ਹੋਰ ਨਾਮ

ਤਿਰੂਕੁਰਲ ਦੇ ਲੇਖਕ ਤਿਰੂਵੱਲੁਵਰ ਲਈ ਇਹ ਨਾਉਂ ਵੀ ਪ੍ਰਚੱਲਤ ਹਨ : ਦੇਵਰ (ਦੇਵਤਾ), ਨਾਇਨਾਰ (ਆਗੂ), ਮੁਦਲ ਪੁੱਲਵਰ (ਪਹਿਲਾ ਜਾਂ ਮੁਢਲਾ ਕਵੀ), ਦੇਵਾ ਪੁੱਲਵਰ (ਦੈਵੀ ਕਵੀ), ਨਾਨਮੁਗਨਾਰ (ਚਹੁੰਮੁਖਾ ਦੇਵਤਾ-ਬ੍ਰਹਮਾ), ਸੇਨਾ ਪੋਡਾਰ (ਉਹ ਜਿਸ ਦੀ ਸਦਾਚਾਰੀ ਜ਼ੁਬਾਨ ਫੁੱਲ ਦੀ ਡੋਡੀ ਵਾਂਗ ਹੈ), ਪੇਰੂ ਨਾਵਲਰ (ਮਹਾਨ ਕਵੀ), ਮਾਦਾਨੂਬੰਗੀ (ਉਹ ਜੋ ਸਭ ਦੀ ਮਾਂ ਵਾਂਗ ਹੈ), ਪੋਇਲ ਪੁਲੱਵਰ (ਮਿਥਿਆ ਰਹਿਤ ਕਵੀ), ਪੁਲੱਵਰ (ਕਵੀ, ਬੁੱਧੀਮਾਨ)।

## ਤਿਰੂਕੁਰਲ ਦੇ ਹੋਰ ਨਾਮ

ਇਵੇਂ ਹੀ ਤਿਰੂਕੁਰਲ ਲਈ ਇਹ ਨਾਮ ਪ੍ਰਚਲਤ ਹਨ : ਮੂਪਾਲ (ਤਿੰਨ ਭਾਗਾਂ ਵਾਲੀ ਰਚਨਾ), ਪੋਯਾਮੋਲੀ (ਸਤਿਵਾਦੀ ਸ਼ਬਦ), ਵਾਯੂਰਾਈਵਾਲ੍ਹਤੂ (ਸਤਿਵਾਦੀ ਆਸ਼ੀਰਵਾਦ), ਉੱਤਰਾ ਵੇਦਮ

(ਉੱਤਰ ਕਾਲੀਨ ਵੇਦ), ਦੇਵਾਨੂਲ (ਦੈਵੀ ਪੁਸਤਕ), ਤਿਰੂਵੱਲੂਵਰ, ਤਾਮਿਲ ਮਾਰ੍ਹਾਈ (ਤਾਮਿਲ ਵੇਦ), ਪੋਦੂਮਰ੍ਹਾਈ (ਆਮ ਮਨੁੱਖ ਦਾ ਵੇਦ), ਪੋਰੁਲ ਉਰਾਈ (ਸਤਿਵਾਦੀ ਧਾਰਮਕ ਗ੍ਰੰਥ), ਮੁਧੂਮੋਲ੍ਹੀ (ਸਿਆਣਪ ਭਰਪੂਰ ਸ਼ਬਦ)।

## ਤਿਰੂ ਵੱਲੂਵਰ ਦੇ ਵੇਲੇ ਦਾ ਇਤਿਹਾਸਕ ਤੇ ਧਾਰਮਕ ਪਿਛੋਕੜ

ਵਿਦਵਾਨਾਂ ਅਨੁਸਾਰ ਤਿਰੂ ਵੱਲੂਵਰ ਦਾ ਸਮਾਂ ਤੀਜੀ ਤੋਂ ਪਹਿਲੀ ਸਦੀ ਪੂਰਵ ਈਸਾ ਸੀ। ਇਸ ਕਾਲ ਵਿਚ ਚੇਰਾ, ਚੋਲਾ ਤੇ ਪਾਂਡੇ ਰਾਜੇ ਤਾਮਿਲ ਨਾਡੂ ਦੇ ਵੱਖ-ਵੱਖ ਭਾਗਾਂ ਉਤੇ ਰਾਜ ਕਰਦੇ ਸਨ ਅਤੇ ਇਹਨਾਂ ਦੇ ਮਿਸਰ, ਗ੍ਰੀਸ ਤੇ ਰੋਮ ਦੇਸ਼ਾਂ ਨਾਲ, ਬਰਮਾ, ਮਲੇਸ਼ੀਆ ਤੇ ਪੂਰਬੀ ਚੀਨ, ਦੱਖਣੀ ਸੀਲੋਨ ਤੇ ਹਿਮਾਲੀਆ ਵਲ ਦੇ ਉੱਤਰੀ ਰਾਜਾਂ ਨਾਲ ਅੰਤਰ ਰਾਸ਼ਟਰੀ ਸੰਬੰਧ ਸਨ। ਪਾਂਡਿਆਂ ਦੇ ਰਾਜੇ ਦਾ ਇਕ ਪ੍ਰਤੀਨਿਧ, ਰੋਮ ਦੇ ਸ਼ਹਿਨਸ਼ਾਹ ਆਗਸਤਸ ਦੀ ਤਾਜਪੋਸ਼ੀ ਦੀ ਰਸਮ ਵਿਚ ਸ਼ਾਮਲ ਵੀ ਹੋਇਆ ਸੀ ਜਿਵੇਂ ਕਿ ਇਕ ਗ੍ਰੀਕ ਲੇਖਕ ਸਟ੍ਰੈਬੋ ਨੇ ਆਪਣੇ ਪਹਿਲੀ ਸਦੀ ਈਸਵੀ ਵਿਚ ਲਿਖੇ ਭੂਗੋਲ ਵਿਚ ਜ਼ਿਕਰ ਕੀਤਾ ਹੈ। ਆਰ. ਬੀ. ਡਿਕਸਨ ਸੁਪ੍ਰਸਿੱਧ ਪੁਰਾਤਿਤਵ ਵੇਤਾ ਤੇ ਇਤਿਹਾਸਕਾਰ ਅਨੁਸਾਰ ਤਾਮਿਲ ਲੋਕਾਂ ਦੇ ਪਹਿਲੀ ਸਦੀ ਪੂਰਵ ਈਸਾ ਵਿਚ ਮਲਾਇਆ, ਉੱਤਰੀ ਬੋਰਨੀਓ ਤੇ ਉੱਤਰੀ ਫ਼ਿਲਪੀਨ ਨਾਲ ਕਾਫ਼ੀ ਵਪਾਰਕ ਸੰਬੰਧ ਸਨ ਅਤੇ ਇਹਨਾਂ ਵਪਾਰਕ ਸੰਬੰਧਾਂ ਦੇ ਫਲ ਸਰੂਪ ਤਾਮਿਲ ਲੋਕਾਂ ਨੇ ਇਹਨਾਂ ਦੇਸਾਂ ਵਿਚ ਆਪਣੀਆਂ ਬਸਤੀਆਂ ਵੀ ਸਥਾਪਿਤ ਕਰ ਲਈਆਂ ਸਨ। ਪਾਲ ਪੇਲੀਅਟ (Paul pelliot) ਅਨੁਸਾਰ ਚੀਨੀ ਸਾਹਿਤ ਵਿਚ ਸੰਕੇਤ ਮਿਲਦੇ ਹਨ ਕਿ ਦੱਖਣ ਭਾਰਤੀ ਬੰਦਰਗਾਹਾਂ ਤੇ ਚੀਨੀ ਸਾਮਰਾਜ ਦੇ, ਦੂਜੀ ਸਦੀ ਪੂਰਵ ਈਸਵੀ ਵਿਚ ਰਾਜਨੀਤਕ ਸੰਬੰਧ ਸਨ। ਇਕ ਚੀਨੀ ਲਿਖਾਰੀ ਪਾਨ ਕੋਨ (Pan Kon) ਜੋ ਪਹਿਲੀ ਸਦੀ ਪੂਰਵ ਈਸਵੀ ਦੇ ਅਖੀਰ ਤਕ ਜਿਊਂਦਾ ਸੀ, ਲਿਖਦਾ ਹੈ ਕਿ ਹੋਆ (Hua)[1] ਸ਼ਹਿਨਸ਼ਾਹ ਦੇ ਸਮੇਂ ਚੋਲਾ ਰਾਜੇ ਨੇ ਆਪਣਾ ਦੂਤ ਚੀਨ ਭੇਜਿਆ ਸੀ। ਪਾਂਡਿਆਂ ਦੀ ਰਾਜਧਾਨੀ ਮਧੁਰਈ ਵਿਚ ਸ਼ਾਹੀ ਮਹੱਲ ਦੇ ਗਾਰਡ ਗ੍ਰੀਕ ਰਖੇ ਹੋਏ ਸਨ। ਪਾਂਡਿਆ ਰਾਜ ਦੇ ਸਮੁੰਦਰੀ ਤੱਟ ਤੇ ਮਿਲਣ ਵਾਲੇ ਮੋਤੀ ਸੰਸਾਰ ਪ੍ਰਸਿੱਧੀ ਰਖਦੇ ਸਨ ਤੇ ਪੱਛਮੀ ਵਪਾਰੀਆਂ ਨੂੰ ਖਿੱਚਦੇ ਸਨ ਜੋ ਕਿ ਭਾਰਤੀ ਮੋਤੀ, ਚਾਵਲ ਤੇ ਮੋਰਾਂ ਦੇ ਇਵਜ਼ਾਨੇ ਵਿਚ ਪੱਛਮੀ ਸ਼ਰਾਬ ਦਾ ਵਪਾਰ ਕਰਦੇ ਸਨ। ਕਾਰੀਕਲ ਚੋਲਾ (Karikāl Cōḷā) ਇਕ ਚੋਲਾ ਰਾਜੇ ਨੇ ਸ੍ਰੀ ਲੰਕਾ ਉਤੇ ਹਮਲਾ ਕੀਤਾ ਤੇ ਸ੍ਰੀ ਲੰਕਾ ਦੇ ਸ਼ਹਿਜਾਦੇ ਗਜਾਬਾਹੂ (Gajabahu) ਨੂੰ 12000 ਸਿਨਹਾਲੀਆਂ ਸਮੇਤ ਕੈਦੀਆਂ ਵਜੋਂ ਪਕੜ ਕੇ ਲਿਆਂਦਾ ਤੇ ਕਾਵੇਰੀ ਨਦੀ ਤੇ ਡੈਮ ਬਨਾਉਣ ਲਈ ਲਗਾਇਆ।

ਇਸ ਸਮੇਂ ਚੇਰਾ, ਚੋਲਾ ਤੇ ਪਾਂਡਿਆਂ ਦੀਆਂ ਆਪਸ ਵਿਚ ਲੜਾਈਆਂ ਵੀ ਹੁੰਦੀਆਂ ਰਹਿੰਦੀਆਂ ਸਨ।

ਸ਼ੈਵ ਮਤ ਤੇ ਵੈਸ਼ਨਵ ਮੱਤ ਇਥੋਂ ਦੇ ਸਥਾਨਕ ਧਰਮ ਸਨ। ਤੀਜੀ ਸਦੀ ਪੂਰਵ ਈਸਵੀ ਵਿਚ ਤਾਮਿਲ ਨਾਡੂ ਉਤੇ ਤਿੰਨ ਹੋਰ ਮੱਤਾਂ- ਜੈਨ ਮੱਤ, ਬੁੱਧ ਮਤ ਤੇ ਵੈਦਿਕ ਬ੍ਰਾਹਮਣਵਾਦ ਨੇ ਆਕ੍ਰਮਣ ਕੀਤਾ। ਆਪਣੇ ਧਾਰਮਿਕ ਅਕੀਦਿਆਂ ਦੇ ਨਾਲ ਇਹਨਾਂ ਮੱਤਾਂ ਨੇ ਤਾਮਿਲ ਉਤੇ ਨਵੇਂ ਭਾਸ਼ਾਈ ਪ੍ਰਭਾਵ ਵੀ ਪਾਏ। ਪ੍ਰਾਕ੍ਰਿਤ ਪਾਲੀ ਤੇ ਸੰਸਕ੍ਰਿਤ ਭਾਸ਼ਾਵਾਂ ਰਾਹੀਂ ਇਹਨਾਂ ਨਵੇਂ ਮੱਤਾਂ ਨੇ ਤਾਮਿਲ ਨਾਡੂ ਵਿਚ ਆਪਣਾ ਪ੍ਰਚਾਰ ਪ੍ਰਸਾਰ ਕੀਤਾ। ਇਹਨਾਂ ਵੱਖ-ਵੱਖ ਮੱਤਾਂ ਦੇ ਆਪਸ ਵਿਚ ਧਾਰਮਿਕ ਸੰਬਾਦ ਵੀ ਕਾਫ਼ੀ ਹੁੰਦੇ ਰਹਿੰਦੇ। ਫਿਰ ਯੂਨਾਨੀ, ਰੋਮਨ ਤੇ ਮਿਸਰੀ ਵਿਚਾਰਾਂ ਨੇ ਵੀ ਤਾਮਿਲ ਨਾਡੂ ਦੇ ਲੋਕਾਂ ਉਤੇ ਆਪਣਾ ਪ੍ਰਭਾਵ ਪਾਇਆ। ਤਾਮਿਲ ਨਾਡੂ ਰਾਜਿਆਂ ਨੂੰ ਆਪਣੇ ਆਪਣੇ ਵਿਚਾਰਾਂ ਦੁਆਰਾ ਪ੍ਰਭਾਵਿਤ ਕਰਕੇ ਇਹਨਾਂ ਧਰਮਾਂ ਵਲੋਂ ਆਪਣੇ ਵੱਲ ਖਿੱਚਣ ਤੇ ਰਾਜਨੀਤਿਕ ਸਰਪ੍ਰਸਤੀ ਪ੍ਰਾਪਤ ਕਰਨ ਦੇ ਭਰਪੂਰ ਯਤਨ ਵੀ ਚਲ ਰਹੇ ਸਨ। ਇਹਨਾਂ ਬਾਹਰੋਂ

---

1) ਕੇ.ਐਮ ਪਾਣੀਕਰ (K.M. Panikar) – India and China, Page 17 & 19

ਪ੍ਰਭਾਵਿਤ ਕਰਨ ਵਾਲੇ ਧਰਮਾਂ ਵਿਚ ਸਖ਼ਤ ਕਿਸਮ ਦੇ ਆਤਮ ਸੰਜਮ, ਆਤਮ ਦਾਹ ਤੇ ਸੰਸਾਰ ਦੀ ਅਸਲੀਅਤ ਤੋਂ ਇਨਕਾਰੀ ਹੋਣ ਦੀਆਂ ਭਾਵਨਾਵਾਂ ਵਿਸ਼ੇਸ਼ ਰੂਪ ਵਿਚ ਮਿਲਦੀਆਂ ਸਨ। ਵੈਦਿਕ ਬ੍ਰਾਹਮਣਵਾਦ ਨੇ ਜੀਵਨ ਪ੍ਰਤੀ ਨਿਖੇਧਾਤਮਕ ਭਾਵਨਾਵਾਂ ਤੋਂ ਛੁੱਟ ਜਾਤੀਵਾਦ ਨੂੰ ਵੀ ਪ੍ਰਚਾਰਿਆ ਤੇ ਵੱਖ-ਵੱਖ ਜਾਤੀਆਂ ਲਈ ਵੱਖ-ਵੱਖ ਧਰਮਾਂ ਨੂੰ ਪ੍ਰਚਾਰਿਆ। ਇਥੋਂ ਤੀਕ ਕਿ ਅਪਰਾਧਾਂ ਬਦਲੇ ਮਿਲਣ ਵਾਲੀਆਂ ਸਜ਼ਾਵਾਂ ਵਿਚ ਵੀ ਵਡੀ ਪੱਧਰ ਤੇ ਅੰਤਰ ਵਾਲੇ ਵਿਵਹਾਰ ਦਾ ਪ੍ਰਚਾਰ ਕੀਤਾ : ਜਿਵੇਂ ਸ਼ੂਦਰ ਲਈ ਕਤਲ ਦੀ ਸਜ਼ਾ ਮੌਤ ਤੇ ਉੱਚੀ ਜਾਤੀ ਦੇ ਕਾਤਲ ਲਈ ਸਜ਼ਾ ਦੇਸ਼ ਨਿਕਾਲਾ ਦੱਸੀ। ਆਕਰਮਣ ਕਰਨ ਵਾਲੇ ਧਰਮ ਇਸ ਸੰਸਾਰ ਨੂੰ ਮਾਇਆ ਛਾਇਆ ਦਸਦੇ ਸਨ ਤੇ ਇਸ ਸੰਸਾਰਕ ਜੀਵਨ ਨੂੰ ਦੁੱਖਾਂ ਭਰਪੂਰ ਦਸ ਕੇ ਇਸ ਤੋਂ ਸਨਿਆਸ ਗ੍ਰਹਿਣ ਕਰਨਾ ਉੱਤਮ ਦਸਦੇ ਸਨ। ਪ੍ਰੰਤੂ ਤਾਮੀਲੀਅਨ ਲੋਕਾਂ ਨੇ ਜੀਵਨ ਪ੍ਰਤੀ ਇਕ ਸੁਤੰਤਰ ਵਿਚਾਰਧਾਰਾ ਨੂੰ ਤੀਜੀ ਸਦੀ ਪੂਰਵ ਈਸਵੀ ਤੱਕ ਧਾਰਨ ਕਰ ਲਿਆ ਹੋਇਆ ਸੀ। ਇਹ ਵਿਚਾਰਧਾਰਾ ਸਮੁੱਚੀ ਮਾਨਵਤਾ ਨੂੰ ਇਕ ਸਮਾਨ ਸਮਝਣ ਤੇ ਉਚੇਰੇ ਆਚਾਰ ਸੰਬੰਧੀ ਸੀ। Albert Schweitzer ਦੇ ਸ਼ਬਦਾਂ ਅਨੁਸਾਰ "ਇਹ ਵਿਚਾਰਧਾਰਾ ਸੰਸਾਰ ਤੇ ਜੀਵਨ ਪ੍ਰਤੀ ਹਾਂ ਵਾਦੀ ਸੀ" ਜੋ ਕਿ ਮਨੁੱਖ ਨੂੰ ਆਪਣੇ ਸਾਥੀ ਮਨੁੱਖਾਂ ਦੀ ਸੇਵਾ ਲਈ ਪ੍ਰੇਰਦੀ ਸੀ, ਕੇਵਲ ਮਨੁੱਖ ਮਾਤਰ, ਸੁਸਾਇਟੀ ਤੇ ਕੌਮ ਹੀ ਨਹੀਂ ਸਗੋਂ ਸਭ ਜਿਊਂਦੇ ਪ੍ਰਾਣੀਆਂ ਪ੍ਰਤੀ ਸਾਨੂੰ ਸਨੇਹ ਦੀ ਭਾਵਨਾ ਰਖਣ ਲਈ ਪ੍ਰੇਰਦੀ ਸੀ। ਇਸ ਦੇ ਵਿਪਰੀਤ ਸੰਸਾਰ ਤੇ ਜੀਵਨ ਪ੍ਰਤੀ ਨਾਂਹਵਾਦੀ ਵਿਚਾਰਧਾਰਾ ਸੰਸਾਰ ਖਾਤਰ ਕੋਈ ਸਨੇਹ ਦੀ ਭਾਵਨਾ ਨਹੀਂ ਰਖਦੀ ਸੀ ਤੇ ਇਸ ਧਰਤੀ ਉਤਲੇ ਮਨੁੱਖੀ ਜੀਵਨ ਨੂੰ ਕੇਵਲ ਇਕ ਡਰਾਮੇ ਦੇ ਪਾਤਰਾਂ ਵਾਂਗ ਸਮਝਦੀ ਸੀ-ਉਹ ਪਾਤਰ ਜੋ ਇਸ ਧਰਤੀ ਉਤੇ ਕੇਵਲ ਆਪਣਾ ਫਰਜ਼ ਨਿਭਾ ਕੇ ਅਨੰਤ ਕਾਲ ਵਿਚ ਚਲੇ ਜਾਂਦੇ ਹਨ। ਇਉਂ ਤਾਮਿਲ ਨਾਡੂ ਦੀਆਂ ਸੂਦੇਸੀ ਕੀਮਤਾਂ ਉਤੇ ਇਹ ਨਵੀਆਂ ਵਿਚਾਰਧਾਵਾਂ ਇਕ ਵਡਾ ਆਕ੍ਰਮਣ ਸੀ ਤੇ ਇਸ ਦੀਆਂ ਕੀਮਤਾਂ ਦਾ ਮੂੰਹ ਮੁਹਾਂਦਰਾ ਵਿਗਾੜਣ ਜਾਂ ਨਸ਼ਟ ਕਰਨ ਵਿਚ ਇਕ ਉੱਘਾ ਹਿੱਸਾ ਪਾਉਣ ਵਾਲੀਆਂ ਸਨ।

ਅੰਦਰੂਨੀ ਤੇ ਬੈਰੂਨੀ ਪੱਖ ਤੋਂ ਤਾਮਿਲ ਨਾਡੂ ਲਈ ਇਹ ਸਮਾਂ ਇਕ ਵਡੇ ਉਬਾਲ ਦਾ ਸਮਾਂ ਸੀ। ਕਿਉਂ ਜੋ ਇਸ ਸਮੇਂ ਤਾਮਿਲ ਨਾਡੂ ਧਾਰਮਿਕ ਤੇ ਦਾਰਸ਼ਨਿਕ ਪੱਖ ਤੋਂ ਵਿਵਾਦਾਂ ਭਰਪੂਰ ਸੀ। ਵਿਆਖਿਆਕਾਰ ਆਪਣੇ ਵਿਚਾਰਾਂ ਦੀ ਸਫ਼ਲ ਵਿਆਖਿਆ ਲਈ ਹਰ ਤਰ੍ਹਾਂ ਦੀਆਂ ਯੁੱਕਤੀਆਂ ਦਾ ਪ੍ਰਯੋਗ ਕਰਦੇ ਸਨ। ਕਿਸੇ ਇਕ ਵਿਚਾਰ ਨੂੰ ਕੇਵਲ ਇਕ ਪਾਸੜ ਰੂਪ ਵਿਚ ਬੜੇ ਤੀਖਣ ਰੂਪ ਵਿਚ ਪੇਸ਼ ਕਰਦੇ ਤੇ ਸਚਾਈ ਨੂੰ ਛੁਪਾ ਕੇ ਕੇਵਲ ਝੂਠ ਦੀ ਬੜੇ ਜ਼ੋਰਦਾਰ ਸ਼ਬਦਾਂ ਵਿਚ ਵਕਾਲਤ ਕਰਦੇ ਸਨ। ਫਿਰ, ਇਸ ਸਮੇਂ ਪਾਲੀ ਤੇ ਸੰਸਕ੍ਰਿਤ ਦੋਨੋਂ ਭਾਸ਼ਾਵਾਂ ਲੋਕਾਂ ਦੀ ਭਾਸ਼ਾ-ਤਾਮਿਲ ਉਤੇ ਆਪਣੀ ਸ੍ਰੇਸ਼ਟਤਾ ਸਥਾਪਿਤ ਕਰਨ ਲਈ ਜਦੋ-ਜਹਿਦ ਕਰ ਰਹੀਆਂ ਸਨ। ਇਸ ਜਦੋ-ਜਹਿਦ ਵਿਚ ਪਾਲੀ, ਪਾਂਡੇ ਰਾਜਿਆਂ ਦੀ ਸ਼ਾਸ਼ਨਿਕ ਭਾਸ਼ਾ ਬਣਨ ਵਿਚ ਸਫ਼ਲ ਵੀ ਹੋ ਗਈ ਸੀ। ਤਾਮਿਲ ਪੱਖੀ ਪਾਂਡੇ, ਰਾਜਿਆਂ ਦੀ ਸ਼ਾਸ਼ਨਿਕ ਭਾਸ਼ਾ ਤਾਮਿਲ ਨੂੰ ਬਨਾਉਣ ਲਈ ਜਦੋ-ਜਹਿਦ ਵੀ ਕਰ ਰਹੇ ਸਨ। ਇਸ ਸਾਰੇ ਮਾਹੌਲ ਦੇ ਫਲਸਰੂਪ ਅਪਰਾਧ, ਜ਼ੁਲਮ ਤੇ ਅਤਿਆਚਾਰ ਆਮ ਫ਼ੈਲੇ ਹੋਏ ਸਨ। ਦੂਜੇ ਪਾਸੇ ਫਤਿਹ ਕਰਨ ਦੇ ਮਨੋਰਥ ਨਾਲ ਹੋ ਰਹੀਆਂ ਸਮੁੰਦਰੀ ਯਾਤ੍ਰਾਵਾਂ ਤੇ ਨਵੀਆਂ ਕਾਢਾਂ ਤਾਮਿਲ ਮਨ ਨੂੰ ਵਿਸ਼ਾਲ ਕਰ ਰਹੀਆਂ ਸਨ। ਵਧ ਰਹੇ ਧਾਰਮਿਕ ਵਾਦ ਵਿਵਾਦ ਲੋਕਾਂ ਨੂੰ ਮਿਥਿਆ ਵਿਸ਼ਵਾਸ਼ਾਂ ਦੀ ਥਾਂ ਵਿਵੇਕੀ ਬਣਾ ਰਹੇ ਸਨ। ਵੱਖ-ਵੱਖ ਧਰਮਾਂ ਨਾਲ ਅਖੌਤੀ ਤੌਰ 'ਤੇ ਸੰਬੰਧਤ ਹੋਣ ਦੀ ਥਾਂ ਉਹਨਾਂ ਵਿਚਲੇ ਸਾਰ ਅੰਸ਼ਾਂ ਨਾਲ ਲੋਕ ਸੰਬੰਧਤ ਹੋ ਰਹੇ ਸਨ।

## ਸਾਹਿਤਕ ਪਿਛੋਕੜ

ਤੀਜਾ ਤਾਮਿਲ ਸੰਗਮ ਜਿਸ ਦੇ 49 ਮੈਂਬਰ ਸਨ ਅਤੇ ਜਿਸ ਦਾ ਪਾਂਡੇ ਰਾਜਿਆਂ ਦੀ ਰਾਜਧਾਨੀ ਮਧੁਰਈ ਕੇਂਦਰ ਸੀ, ਇਕ ਸਾਹਿਤਿਕ ਅਕੈਡਮੀ ਸੀ, ਜੋ ਤਾਮਿਲ ਭਾਸ਼ਾ ਦੀ ਇਕ ਤਰ੍ਹਾਂ ਨਾਲ ਚੌਕੀਦਾਰ ਸੀ ਅਤੇ ਇਸ ਦੇ ਵਿਕਾਸ ਦੀ ਪੱਥ ਪ੍ਰਦਰਸ਼ਨਾ ਕਰ ਰਹੀ ਸੀ।

ਇਸ ਸਮੇਂ ਤਾਮਿਲ ਵਿਚ ਪੈਦਾ ਹੋ ਰਹੀ ਕੋਈ ਵੀ ਰਚਨਾ ਉਤਨੀ ਦੇਰ ਪ੍ਰਮਾਣੀਕ ਨਹੀਂ

ਮੰਨੀ ਜਾਂਦੀ ਸੀ ਜਦ ਤੀਕ ਕਿ ਉਸ ਨੂੰ ਇਸ ਅਕੈਡਮੀ ਦੀ ਪ੍ਰਵਾਨਗੀ ਪ੍ਰਾਪਤ ਨਹੀਂ ਹੋ ਜਾਂਦੀ ਸੀ।

ਤਿਰੂ ਵੱਲੁਵਰ ਦੀ ਰਚਨਾ ਤਿਰੂ ਕੁਰਲ ਤੋਂ ਪਹਿਲਾਂ ਸੰਗਮ ਕਾਵਿ ਦਾ ਇਕ ਵਡਾ ਜ਼ਖੀਰਾ ਉਪਜ ਚੁੱਕਾ ਸੀ। ਸੁਪ੍ਰਸਿੱਧ ਤਾਮਿਲ ਵਿਆਕਰਣ ਦੂਜੀ ਸਦੀ ਪੂਰਵ ਈਸਵੀ ਵਿਚ ਤੋਲਕਾਪੀਅਮ (*Tolkāppiyam*) ਨੇ ਰਚੀ ਸੀ। ਇਸ ਤੋਂ ਵੀ ਪਹਿਲਾਂ ਅਗਥੀਅਮ (*Akattiyam*) ਨੇ ਤਾਮਿਲ ਦੀ ਇਕ ਵਿਆਕਰਣ ਦੀ ਰਚਨਾ ਕੀਤੀ ਸੀ। ਇਸ ਸਾਰੇ ਪਿਛੋਕੜ ਵਿਚ ਤਿਰੂ ਵੱਲੁਵਰ ਨੇ ਬੋਧੀ, ਜੈਨੀ ਤੇ ਵੈਦਿਕ ਬ੍ਰਾਹਮਣਵਾਦ ਦੇ ਸ੍ਰੇਸ਼ਟ ਵਿਚਾਰਾ ਨੂੰ ਤਾਮਿਲ ਵਿਚਾਰਧਾਰਾ ਵਿਚ ਪਰਿਪਾਕ ਕਰਕੇ, ਸਾਮਿਅਕ ਅਨਅਵੱਸ਼ਕ ਵਿਵਾਦ ਭਰਪੂਰ ਮਾਹੌਲ ਤੋਂ ਉੱਤੇ ਉੱਠ ਕੇ, ਸਭ ਧਰਮਾਂ ਨੂੰ ਸੰਗਠਿਤ ਤੇ ਇਕ-ਮਿਕ ਕਰਨ ਵਾਲੀ ਬੌਧਿਕ ਵਿਚਾਰਧਾਰਾ ਦਾ ਆਪਣੀ ਰਚਨਾ ਤਿਰੂ ਕੁਰਲ ਵਿਚ ਪ੍ਰਗਟਾਵਾ ਕੀਤਾ। ਉਸ ਨੇ ਆਪਣੇ ਸਮੇਂ ਦੇ ਪ੍ਰਚੱਲਤ ਬਲਵਾਨ ਰਸਮਾਂ ਰਿਵਾਜ਼ਾਂ ਉੱਤੇ ਬੜਾ ਤੀਖਣ ਆਕ੍ਰਮਣ ਕੀਤਾ ਤੇ ਕਿਹਾ ਕਿ :-

*"ਜਨਮ ਦੀ ਦ੍ਰਿਸ਼ਟੀ ਤੋਂ ਸਭ ਮਾਨਵ ਸਮਾਨ ਹੁੰਦੇ ਹਨ ਪ੍ਰੰਤੂ ਕਰਮਾਂ ਦੀ*
*ਭਿੰਨਤਾ ਦੇ ਕਾਰਨ ਉਹਨਾਂ ਦੇ ਗੁਣਾਂ ਵਿਚ ਭਿੰਨਤਾ ਆ ਜਾਂਦੀ ਹੈ।"*

*(ਤਿਰੂ ਕੁਰਲ, 972)*

## ਤਿਰੂ ਕੁਰਲ ਦਾ ਪ੍ਰਧਾਨ ਸੁਰ

ਤਿਰੂ ਵੱਲੁਵਰ ਦੀ ਰਚਨਾ ਵਿਚਲਾ ਪ੍ਰਧਾਨ ਸੁਰ ਮਨੁਖੀ ਆਤਮਾ ਦੀ ਇਕ ਦੂਜੇ ਪ੍ਰਤੀ ਤੀਖਣ ਪਿਆਰ ਭਾਵਨਾ ਹੈ ਅਤੇ ਉਸ ਅਨੁਸਾਰ ਮਨੁਖੀ ਜੀਵਨ ਦੀ ਸਭ ਤੋਂ ਵਡੀ ਪ੍ਰਾਪਤੀ ਆਪਸ ਵਿਚਲੀ ਪਿਆਰ ਭਾਵਨਾ ਨੂੰ ਅਪਨਾਉਣਾ ਹੈ। ਉਸ ਅਨੁਸਾਰ :-

*"ਪਿਆਰ ਪੰਧ ਤੇ ਚਲਣ ਵਾਲਾ ਹੀ ਅਸਲੀ ਜਿਊਂਦਾ ਸਰੀਰ ਹੈ*
*ਨਹੀਂ ਤਾਂ ਇਹ ਸਰੀਰ ਹੱਡ ਚੰਮ ਦਾ ਕੇਵਲ ਇਕ ਲੋਥੜਾ ਮਾਤ੍ਰ ਹੀ ਹੈ।"*

*(ਤਿਰੂ ਕੁਰਲ, 80)*

ਇਹ ਪਿਆਰ ਭਾਵਨਾ ਤਿਰੂ ਵੱਲੁਵਰ ਅਨੁਸਾਰ ਸਾਡੇ ਅੰਦਰੋਂ ਸੁਤੇਸਿੱਧ ਫੁੱਟਣੀ ਚਾਹੀਦੀ ਹੈ ਅਤੇ ਸਾਨੂੰ ਇਸ ਖਾਤਰ ਕਿਸੇ ਵੀ ਕਿਸਮ ਦੇ ਇਵਜ਼ਾਨੇ ਦੀ ਖਾਹਿਸ਼ ਨਹੀਂ ਰਖਣੀ ਚਾਹੀਦੀ। ਉਸ ਅਨੁਸਾਰ ਇਸ ਪਿਆਰ ਭਾਵਨਾ ਵਿਚੋਂ ਸਾਨੂੰ ਕੇਵਲ ਵਰਤਮਾਨ ਵਿਚ ਮਿਲਣ ਵਾਲੀ ਖੁਸ਼ੀ ਦੀ ਹੀ ਤਾਂਘ ਰਖਣੀ ਚਾਹੀਦੀ ਹੈ।

*"ਦਾਨ ਲੈਣਾ ਚਾਹੇ ਮੁਕਤੀ ਮਾਰਗ ਲਈ ਸਹਾਇਕ ਹੀ ਹੋਵੇ ਬੁਰਾ ਹੀ ਹੈ*
*ਦਾਨ ਦੇਣ ਨਾਲ ਜੇ ਸਵਰਗ ਪ੍ਰਾਪਤ ਨਹੀਂ ਵੀ ਹੁੰਦਾ ਫਿਰ ਵੀ ਦੇਣਾ ਹੀ ਉੱਤਮ ਹੈ।"*

*(ਤਿਰੂ ਕੁਰਲ- 222)*

ਸੁਤੇ ਸਿੱਧ ਉੱਠਣ ਵਾਲੀ ਪਰਉਪਕਾਰ ਭਰੀ ਪਿਆਰ ਭਾਵਨਾ ਸੰਬੰਧੀ ਤਿਰੂ ਵੱਲੁਵਰ ਕਹਿੰਦਾ ਹੈ :-

*"ਪਰ ਉਪਕਾਰ ਕਰਨ ਉਪ੍ਰੰਤ ਇਵਜ਼ਾਨੇ ਦੀ ਤਾਂਘ ਨਾ ਰਖੋ*
*ਧਰਤੀ ਤੇ ਜੀਵ ਬੱਦਲਾਂ ਨੂੰ ਮੀਂਹ ਦੇ ਬਦਲੇ ਕੀਹ ਦੇਂਦੇ ਹਨ?"*

*(ਤਿਰੂ ਕੁਰਲ 211)*

ਤਿਰੂ ਵੱਲੁਵਰ ਦੀ ਸਾਰੀ ਰਚਨਾ ਤਿਰੂ ਕੁਰਲ ਦੇ ਮੁਕੰਮਲ ਅਧਿਅਨ ਉਪ੍ਰੰਤ ਪਤਾ ਚਲਦਾ ਹੈ ਕਿ ਲੇਖਕ ਨੇ ਸਭ ਧਰਮਾਂ ਦੀਆਂ ਸਰਵ ਸ੍ਰੇਸ਼ਟ ਭਾਵਨਾਵਾਂ ਨੂੰ ਜਿਨ੍ਹਾਂ ਨੂੰ ਉਸ ਨੇ ਤਾਮੀਲੀਅਨ ਵਿਚਾਰਧਾਰਾ ਲਈ ਯੋਗ ਅਥਵਾ ਲਾਭਦਾਇਕ ਸਮਝਿਆ, ਸਾਰ ਰੂਪ ਵਿਚ ਆਪਣੀ ਰਚਨਾ ਵਿਚ

ਬਿਆਨਿਆ ਹੈ। ਫਿਰ ਇਹ ਸੰਕਲਨ ਅਜਿਹੀ ਨਿਪੁੰਨਤਾ ਨਾਲ ਕੀਤਾ ਗਿਆ ਹੈ ਕਿ ਕਿਸੇ ਵੀ ਧਰਮ ਨੂੰ ਇਸ ਵਿਚ ਕੋਈ ਵੀ ਵਿਰੋਧੀ ਗਲ ਦਿਖਾਈ ਨਹੀਂ ਦੇਂਦੀ। ਇਸੇ ਲਈ ਸਭ ਧਰਮਾਂ ਦੇ ਮੰਨਣ ਵਾਲੇ ਤਿਰੂ ਵੱਲਵਰ ਨੂੰ ਆਪਣੇ ਧਰਮ ਨਾਲ ਸੰਬੰਧਤ ਮੰਨਦੇ ਹਨ।

# ਵਿਸ਼ਾ ਵਸਤੂ

## ਅਰਾਤੂਪਾਲ (*A̲ram*/ਧਰਮ)

ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਕਿ ਤਿਰੂ ਵੱਲੁਵਰ ਦੀ ਰਚਨਾ ਤਿਰੂ ਕੁਰਲ ਤਿੰਨ ਭਾਗਾਂ ਵਿਚ ਵੰਡੀ ਹੋਈ ਹੈ। ਪਹਿਲੇ ਭਾਗ ਦਾ ਨਾਮ ਅਰਾਤੂਪਾਲ (*A̲rattuppāl*) ਹੈ ਜਿਸ ਵਿਚ Aram ਜਾਂ ਧਰਮ ਸੰਬੰਧੀ ਵਿਚਾਰ ਪ੍ਰਗਟਾਏ ਹੋਏ ਹਨ। ਤਿਰੂ ਵੱਲੁਵਾ ਮਾਲਾਈ (*Tiruvaḻḻuva Mālai*) ਅਨੁਸਾਰ ਇਸ ਭਾਗ ਦੇ ਅਗੋ ਚਾਰ ਉਪ ਭਾਗ ਹਨ। ਪਹਿਲੇ ਭਾਗ ਵਿਚ ਮੁਢਲੀ ਜਾਣਕਾਰੀ (Introduction) ਹੈ ਜਿਸ ਵਿਚ ਚਾਰ ਚੈਪਟਰ ਹਨ ਤੇ ਆਖਰੀ ਉਪ ਭਾਗ ਵਿਚ ਕੇਵਲ ਇਕੋ ਚੈਪਟਰ ਹੈ ਜੋ ਕਿ ਉੱਲ (*Ūl*) ਸੰਬੰਧੀ ਹੈ ਜਿਸ ਵਿਚ ਕਿ ਕਰਮ ਸਿਧਾਂਤ ਬਾਰੇ ਵਿਚਾਰ ਪ੍ਰਗਟਾਏ ਗਏ ਹਨ। ਇਹਨਾਂ ਦੋਨਾਂ ਉਪਭਾਗਾਂ ਦੇ ਵਿਚ ਇਕ ਉਪਭਾਗ ਘਰੇਲੂ ਜੀਵਨ ਸੰਬੰਧੀ ਹੈ ਤੇ ਦੂਜਾ ਤਿਆਗ (Renunciation) ਸੰਬੰਧੀ ਹੈ। ਇਹਨਾਂ ਵਿਚੋਂ ਪਹਿਲੇ ਉਪਭਾਗ ਵਿਚ ਤੀਹ ਚੈਪਟਰ ਹਨ ਤੇ ਦੂਜੇ ਵਿਚ ਤੇਰਾਂ। ਇਵੇਂ ਅਰਾਤੂਪਾਲ (*A̲rattuppāl*) ਦੇ ਕੁਲ 38 ਚੈਪਟਰ ਹਨ।

ਪਹਿਲੇ ਚੈਪਟਰ ਵਿਚ ਤਿਰੂ ਵੱਲੁਵਰ ਈਸ਼ਵਰ ਬਾਰੇ ਆਪਣੇ ਵਿਚਾਰ ਪ੍ਰਗਟਾਂਦਾ ਹੈ। ਉਹ ਈਸ਼ਵਰ ਸੰਬੰਧੀ ਆਦਿ ਭਗਵਾਨ ਸ਼ਬਦ ਵਰਤਦਾ ਹੈ। ਉਸ ਅਨੁਸਾਰ ਭਗਵਾਨ ਇਸ ਸੰਸਾਰ ਦਾ ਕਰਤਾ ਹੈ ਤੇ ਉਹ ਇਕ ਨਿਰੋਲ ਚੇਤੰਨਤਾ ਹੈ। ਉਸ ਦਾ ਕੋਈ ਮੁਕਾਬਲਾ ਨਹੀਂ। ਉਸ ਦਾ ਕੋਈ ਵੈਰੀ ਜਾਂ ਮਿੱਤਰ ਨਹੀਂ। ਉਹ ਸਭ ਲਈ ਮਿਹਾਰਬਾਨ ਹੈ। ਉਸ ਲਈ ਕੋਈ ਚੰਗਾ ਜਾਂ ਮੰਦਾ ਨਹੀਂ। ਉਹ ਸਰਬ ਵਿਆਪਕ ਹੈ। ਉਹ ਸਭ ਦਾ ਪੱਥ-ਪ੍ਰਦਰਸ਼ਕ ਹੈ, ਮਿੱਤਰ ਤੇ ਫਿਲਾਸਫਰ ਹੈ। ਉਸ ਦਾ ਰਸਤਾ 'ਸੱਚ ਆਚਾਰ' ਦਾ ਹੈ। ਇਸ ਰਸਤੇ ਵਿਚ ਸੁਆਰਥ ਦਾ ਕੋਈ ਥਾਂ ਨਹੀਂ। ਉਸ ਦਾ ਵਸੇਬਾ ਭਗਤਾਂ ਦੇ ਕੰਵਲ ਫੁੱਲ ਵਰਗੇ ਦਿਲਾਂ ਵਿਚ ਹੈ। ਇਵੇਂ ਤਿਰੂ ਵੱਲੁਵਰ ਭਗਵਾਨ ਨੂੰ ਮਾਨਵੀ ਆਦਰਸ਼ਕ ਜੀਵਨ ਦੇ ਪੱਖ ਤੋਂ ਤੇ ਇਸ ਦੇ ਸਰਵ ਸ੍ਰੇਸ਼ਟ ਆਦਰਸ਼ਾਂ ਦੀ ਦ੍ਰਿਸ਼ਟੀ ਤੋਂ ਦੇਖਦਾ ਹੈ। ਉਸ ਅਨੁਸਾਰ ਮਨੁਖੀ ਜੀਵਨ ਦਾ ਸਮੁੱਚਾ ਨਿਸ਼ਾਨਾ ਖੁਸ਼ੀਆਂ ਤੇ ਈਸ਼ਵਰ ਦੀ ਕਿਰਪਾ ਦੀ ਪ੍ਰਾਪਤੀ ਕਰਨਾ ਹੈ- ਸਭ ਤਰ੍ਹਾਂ ਦੀਆਂ ਤਕਲੀਫ਼ਾਂ, ਸੰਕਟਾਂ, ਭੁਲੇਖਿਆਂ ਤੇ ਗ਼ਲਤ ਕਰਮਾਂ ਤੋਂ ਰਹਿਤ ਹੋਣਾ ਹੈ। ਤਿਰੂ ਵੱਲੁਵਰ ਅਨੁਸਾਰ ਈਸ਼ਵਰ ਦਾ ਇਹ ਸਰੂਪ ਤਿਰੂ ਕੁਰਲ ਵਿਚ ਬਿਆਨੇ ਗਏ ਧਰਮ ਦੇ ਸਿਧਾਂਤ ਦੇ ਅਨੁਸਾਰ ਹੈ।

ਤ੍ਰੀਕੁਰਲ ਦਾ ਦੂਜਾ ਚੈਪਟਰ ਮੀਂਹ ਦੀਆਂ ਬਰਕਤਾਂ ਬਾਰੇ ਹੈ। ਅਸਲ ਵਿਚ ਤਿਰੂ ਵੱਲੁਵਰ ਜਿਸ ਸੁਸਾਇਟੀ ਲਈ ਲਿਖ ਰਿਹਾ ਸੀ ਉਸ ਦਾ ਮੁੱਖ ਪੇਸ਼ਾ ਖੇਤੀ ਬਾੜੀ ਸੀ। ਇਥੋਂ ਤੀਕ ਕਿ ਪੋਰੁਤਪਾਲ (*Poruṭpāl*) ਅਰਥ ਸ਼ਾਸਤਰ ਵਿਚ ਉਹ ਉਲਾਵੂ (*U̲lavu*) – Cultivation – ਉਪਜ ਜਾਂ ਖੇਤੀ ਬਾੜੀ ਦਾ ਜ਼ਿਕਰ ਵੀ ਕਰਦਾ ਹੈ। ਇਸ ਖੇਤੀਬਾੜੀ ਉਤੇ ਆਧਾਰਿਤ ਸੁਸਾਇਟੀ ਵਿਚ ਸਭ ਕਾਸੇ ਦਾ ਆਧਾਰ ਮੀਂਹ ਉਤੇ ਹੁੰਦਾ ਹੈ। ਇਵੇਂ ਮੀਂਹ ਕੁਦਰਤ ਦੀ ਪ੍ਰਤੀਨਿਧਤਾ ਕਰਦਾ ਹੈ ਤੇ ਇਸ ਰੂਪ ਵਿਚ ਕੁਦਰਤ ਧਰਮ ਦਾ ਇਕ ਮਜ਼ਬੂਤ ਆਧਾਰ ਬਣ ਜਾਂਦਾ ਹੈ, ਸਾਡੀਆਂ ਅੰਦਰੂਨੀ ਧਾਰਮਕ ਭਾਵਨਾਵਾਂ ਦੇ ਟਾਕਰੇ ਤੇ। ਮੀਂਹ ਸਾਡੇ ਲਈ ਖ਼ੁਰਾਕ, ਹਰਿਆਵਲ, ਕਣਕ/ਚਾਵਲ ਆਦਿਕ ਜੋ ਅਸੀਂ ਖਾਂਦੇ ਹਾਂ ਪੈਦਾ ਕਰਦਾ ਹਾਂ। ਇਸ ਦੀ ਅਣਹੋਂਦ ਵਿਚ ਭੁੱਖ ਦਾ ਦੈਂਤ ਸੰਸਾਰ ਨੂੰ ਨਿਗਲ ਜਾਏਗਾ। ਘਾਅ ਦਾ ਇਕ ਤੀਲਾ ਵੀ ਇਸ ਤੋਂ ਬਿਨਾ ਪੈਦਾ ਨਹੀਂ ਹੋਵੇਗਾ। ਇਥੋਂ ਤੀਕ ਕਿ ਵਿਸ਼ਾਲ ਸਮੁੰਦਰਾਂ ਦੀ ਵਡਿਆਈ ਵੀ ਖ਼ਤਮ ਹੋ ਜਾਏਗੀ। ਤਿਰੂ ਵੱਲੁਵਰ ਅਨੁਸਾਰ ਚੰਗਾ ਸਦਾਚਾਰ ਤੇ ਧਰਮ ਵੀ ਕੁਦਰਤ ਦੀ ਮਿਹਰ ਤੋਂ ਬਿਨਾਂ ਕੋਈ ਅਰਥ ਨਹੀਂ ਰਖਦਾ। ਸੋ, ਇਵੇਂ

ਧਰਮ ਦੀ ਪ੍ਰਫੁੱਲਤਾ ਲਈ ਕੁਦਰਤ ਦਾ ਇਕ ਅਹਿਮ ਹਿੱਸਾ ਹੈ। ਇਹ ਕੁਦਰਤ ਦਾ ਹਿੱਸਾ ਸਭ ਲਈ ਇਕ ਸਾਮਾਨ ਹੈ ਤੇ ਇਹ ਸਾਡਾ ਸਹਾਇਕ ਹੈ ਅਤੇ ਸਾਨੂੰ ਸੰਪੂਰਨਤਾ ਵਲ ਲਿਜਾਣ ਵਿਚ ਸਾਡਾ ਸਹਾਇਕ ਹੁੰਦਾ ਹੈ। ਇਹ ਮਨੁੱਖ ਦਾ ਦੁਸ਼ਮਣ ਨਹੀਂ ਸਗੋਂ ਲੋੜ ਇਸ ਗਲ ਦੀ ਹੈ ਕਿ ਇਸ ਨੂੰ ਠੀਕ ਰੂਪ ਵਿਚ ਸਮਝਿਆ ਜਾਵੇ ਤੇ ਇਸ ਦੀਆਂ ਮਾਰੂ ਸ਼ਕਤੀਆਂ ਉਤੇ ਕਾਬੂ ਪਾ ਕੇ ਇਸ ਨੂੰ ਲਾਭਕਾਰੀ ਰੂਪ ਵਿਚ ਪ੍ਰਯੋਗ ਵਿਚ ਲੈ ਆਂਦਾ ਜਾਏ।

ਤੀਜਾ ਚੈਪਟਰ ਤਿਆਗੀ/ਸੰਨਿਆਸੀ ਲੋਕਾਂ ਦੀ ਵਡਿੱਤਣ ਬਾਰੇ ਹੈ। ਉਹਨਾਂ ਲੋਕਾਂ ਬਾਰੇ ਜੋ ਆਪਣੇ ਆਪ ਵਿਚ ਮੁਕੰਮਲ (Perfect) ਹਨ। ਤਿਆਗ ਜਾਂ ਸੰਨਿਆਸ ਸੰਬੰਧੀ ਤਿਰੂ ਕੁਰਲ ਵਿਚ ਸ਼ਬਦ ਓਲੁਕਾਤੂ ਨਿਤਾਰ (*olukkattu nīttār* (*olukkam* =conduct, *nīttār* =Those who have renounced) ਵਰਤਿਆ ਹੋਇਆ ਹੈ। ਇਸ ਬਾਰੇ ਵਿਦਵਾਨਾਂ ਨੇ ਵੱਖ -ਵੱਖ ਵਿਚਾਰ ਪ੍ਰਗਟਾਏ ਹਨ। ਮਣ ਕੁਤਾਵਰ (Manakkutavar) ਅਨੁਸਾਰ ਇਹ ਉਹ ਵੱਡੇ ਲੋਕ ਹਨ ਜਿਨ੍ਹਾਂ ਨੇ ਚੰਗੇ ਆਚਾਰ ਜਾਂ ਧਰਮ ਖਾਤਰ ਸਭ ਕਾਸੇ ਦਾ ਤਿਆਰ ਕੀਤਾ ਹੁੰਦਾ ਹੈ। ਭਾਵ ਇਹ ਲੋਕ ਸੰਪੂਰਨਤਾ ਦੇ ਧਾਰਨੀ ਹੁੰਦੇ ਹਨ ਅਤੇ ਚੰਗੇ ਆਚਾਰ ਜਾਂ ਧਰਮ ਖਾਤਰ ਇਹਨਾਂ ਨੇ ਸਭ ਗ਼ਲਤ ਕੰਮਾਂ ਦਾ ਤਿਆਗ ਕੀਤਾ ਹੁੰਦਾ ਹੈ। ਇਕ ਹੋਰ ਵਿਦਵਾਨ ਪਰੀਤੀ (Pariti) ਅਨੁਸਾਰ ਇਹ ਉਹ ਲੋਕ ਹਨ ਜਿਨ੍ਹਾਂ ਨੇ ਆਪਣੀਆਂ ਇੰਦ੍ਰੀਆਂ ਨੂੰ ਕਾਬੂ ਵਿਚ ਕਰਕੇ ਉਹਨਾਂ ਪਿਛੇ ਭਟਕਣਾ ਤਿਆਗ ਦਿਤਾ ਹੋਇਆ ਹੈ। ਇਹਨਾਂ ਦੀ ਵਡਿੱਤਣ ਪੰਜ ਇੰਦਰੀਆਂ ਨੂੰ ਖ਼ਤਮ ਕਰਨ ਵਿਚ ਨਹੀਂ ਸਗੋਂ ਉਹਨਾਂ ਨੂੰ ਵਸੀਕਾਰ ਕਰਨ ਵਿਚ ਹੈ, ਦੂਜਿਆਂ ਵਿਚ ਲੋਕਾਈ-ਪਿਆਰ ਭਰਨ ਵਿਚ ਸਹਾਇਕ ਹੋਣਾ ਹੈ।

ਤਿਰੂ ਕੁਰਲ ਦੇ ਚੌਥੇ ਚੈਪਟਰ ਵਿਚ ਧਰਮ ਉਤੇ ਬਲ ਦਿਤਾ ਹੋਇਆ ਹੈ। ਭਾਵੇਂ ਤਿਰੂ ਕੁਰਲ ਵਿਚ ਧਰਮ ਅਰਥ ਤੇ ਕਾਮ ਬਾਰੇ ਵਿਚਾਰ ਪ੍ਰਗਟਾਏ ਹੋਏ ਹਨ ਪ੍ਰੰਤੂ ਵਾਸਤਵ ਵਿਚ ਇਹ ਤਿੰਨੋ ਪੱਖ ਵਿਸ਼ਵ ਧਰਮ ਦੇ ਵੱਖ-ਵੱਖ ਪਹਿਲੂ ਹੀ ਹਨ। ਤਿਰੂ ਵੱਲੁਵਰ ਅਨੁਸਾਰ ਸਭ ਪ੍ਰਕਾਰ ਦੀਆਂ ਖੁਸ਼ੀਆਂ ਧਰਮ ਰਾਹੀਂ ਹੀ ਪ੍ਰਾਪਤ ਹੁੰਦੀਆਂ ਹਨ। ਇਸ ਤੋਂ ਉਤੇ ਹੋਰ ਕੋਈ ਚੀਜ਼ ਨਹੀਂ। ਤਿਰੂ ਵੱਲੁਵਰ ਦਾ ਮੌਤ ਪਿਛੋਂ ਜੀਵਨ ਵਿਚ ਵੀ ਵਿਸ਼ਵਾਸ ਹੈ ਤੇ ਉਸ ਅਨੁਸਾਰ ਸਾਨੂੰ ਜਨਮ ਮਰਨ ਦੇ ਚੱਕਰਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਤੇ ਧਰਮ ਇਸ ਵਿਚ ਸਾਡੀ ਸਹਾਇਤਾ ਕਰਦਾ ਹੈ। ਤਿਰੂ ਵੱਲੁਵਰ ਅਨੁਸਾਰ ਧਰਮ ਸਰਬ ਵਿਆਪਕ ਹੈ। ਸੰਪੂਰਣ ਮਾਨਵਤਾ- ਪਦਾਰਥਕ, ਬੌਧਿਕ, ਘਰੇਲੂ, ਅਧਿਆਤਮਕ ਤੇ ਸਦਾਚਾਰਕ ਪੱਖਾਂ ਤੋਂ ਸੰਪੂਰਨਤਾ ਦਾ ਨਾਮ ਹੈ ਤੇ ਇਹ ਸੰਪੂਰਨਤਾ ਧਰਮ ਰਾਹੀਂ ਪ੍ਰਾਪਤ ਹੁੰਦੀ ਹੈ। ਸੰਪੂਰਨ ਮਨੁੱਖ ਮਾਨਵਤਾ ਲਈ ਆਦਰਸ਼ ਮਨੁੱਖ ਹੁੰਦਾ ਹੈ। ਉਸ ਅਨੁਸਾਰ ਸਰਬ ਵਿਆਪੀ ਧਰਮ ਲਈ ਅੰਦਰੂਨੀ ਉਤਸ਼ਾਹ ਸਰਬ ਸ਼ਕਤੀਮਾਨ ਈਸ਼ਵਰ ਤੋਂ ਪ੍ਰਾਪਤ ਹੁੰਦਾ ਹੈ। ਭਾਵ, ਤਿਰੂ ਵੱਲੁਵਰ ਰਬ ਉਤੇ ਵੀ ਵਿਸ਼ਵਾਸ ਰਖਦਾ ਹੈ। ਪ੍ਰੰਤੂ ਉਹ ਜੀਵਨ ਦੇ ਇਹਨਾਂ ਤਿੰਨ ਨਿਸ਼ਾਨਿਆਂ ਨੂੰ ਇਕ ਦੂਜੇ ਨਾਲ ਜੋੜ ਕੇ, ਧਰਮ ਦੀ ਪ੍ਰਾਪਤੀ ਕਰਨ ਉਤੇ ਬਲ ਨਹੀਂ ਦੇਂਦਾ ਅਤੇ ਉਹ ਤਿਰੂ ਕੁਰਲ ਵਿਚ ਇਸ ਤਿੰਨ ਪੱਖੀ ਜੀਵਨ ਸੰਬੰਧੀ, ਰਬ ਜਾਂ ਕੁਦਰਤ ਬਾਰੇ ਸੰਕੇਤ ਕਰਨ ਤੋਂ ਬਿਨਾ ਜ਼ਿਕਰ ਕਰਦਾ ਹੈ।

ਫਿਰ, ਤਿਰੂ ਵੱਲੁਵਾ ਮਾਲਾਈ ਅਨੁਸਾਰ ਤਿਰੂ ਵੱਲੁਵਰ ਘਰੇਲੂ ਜ਼ਿੰਦਗੀ ਨੂੰ 20 ਚੈਪਟਰਾਂ ਵਿਚ ਸੰਨਿਆਸੀ ਜੀਵਨ ਨੂੰ ਤੇਰਾਂ ਚੈਪਟਰਾਂ ਵਿਚ ਬਿਆਨਦਾ ਹੈ। ਇਹਨਾਂ ਦੋਨਾਂ ਜ਼ਿੰਦਗੀਆਂ ਨੂੰ ਰਲਾ ਕੇ ਧਰਮੀ ਜੀਵਨ ਕਿਹਾ ਜਾ ਸਕਦਾ ਹੈ। ਇਹਨਾਂ ਦੋਨਾਂ ਜੀਵਨ-ਢੰਗਾਂ ਵਿਚ ਆਪੋ ਵਿਚ ਕੋਈ ਸਾਂਝ ਨਹੀਂ ਹੈ। ਬਰਗਸਨ (Bergson) ਅਨੁਸਾਰ ਇਹ ਦੋਨੋਂ ਜੀਵਨ ਯੁਕਤੀਆਂ ਵੱਖੋ ਵੱਖ ਆਚਾਰਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਇਹਨਾਂ ਵਿਚੋਂ ਇਕ ਸਾਧਾਰਣ ਮਨੁਖ ਦੇ ਪਿਆਰ ਤੇ ਵਿਵਹਾਰ ਸੰਬੰਧੀ ਹੈ ਤੇ ਦੂਸਰੀ ਉਹਨਾਂ ਵਿਅਕਤੀਆਂ ਦੇ ਆਚਾਰ ਸੰਬੰਧੀ ਹੈ ਜੋ ਕਿ ਜੀਵਨ ਦੇ ਆਰੰਭ ਤੋਂ ਅੰਤ ਤੱਕ ਸਮੁੱਚੇ ਸੰਸਾਰ ਦੇ ਭਲੇ ਲਈ ਸਮ੍ਰਪਤ ਹੁੰਦੇ ਹਨ ਜਿਵੇਂ ਈਸਾ ਮਸੀਹ, ਰਾਮਾਕ੍ਰਿਸ਼ਨਾ, ਗੁਰੂ ਨਾਨਕ, ਰਾਮਾ ਲਿੰਗਾ, ਬੁੱਧ ਤੇ ਸ਼ੰਕਰ। ਤਿਆਗਵਾਦ (ਤੁਰਾ ਵਰਮ *Turavaram*) ਵੀ ਨਿਖੇਧਾਤਮਕ (Negative) ਜੀਵਨ ਯੁਕਤੀ ਨਹੀਂ। ਇਹ ਜੀਵਨ ਤੋਂ ਭਾਂਜ

ਨਹੀਂ। ਸਗੋਂ ਇਕ ਉਚੇਰੀ ਸੰਪੂਰਨਤਾਈ ਹੈ ਤੇ ਇਸ ਵਿਚਲਾ ਪਿਆਰ ਵਧੇਰੇ ਸਰਬਪੱਖੀ ਹੁੰਦਾ ਹੈ। ਜਰਮਨ ਫ਼ਿਲਾਸਫ਼ਰ ਸਕਵਿਟਜ਼ਰ (Schweitzer) ਅਨੁਸਾਰ ਤਿਰੂ ਵੱਲੁਵਰ ਦੇ ਵਿਚਾਰਾਂ ਵਿਚ ਕੋਈ ਨਿਖੇਧਾਤਮਿਕਤਾ ਜਾਂ ਸੰਸਾਰ ਸੰਬੰਧੀ ਅਭਾਵਾਤਮਿਕਤਾ (World-negation) ਨਹੀਂ ਮਿਲਦੀ। ਤਿਰੂ ਵੱਲੁਵਰ ਦੇ ਵਿਚਾਰਾਂ ਅਨੁਸਾਰ ਤੁਰਾਵਰਮ (*Turavaram*) ਮਨੁਖੀ ਜੀਵਨ ਦੇ ਇਕ ਸਾਧਾਰਣ ਵਿਕਾਸ ਦਾ ਨਾਮ ਹੈ- ਸਮੁੱਚੇ ਸੰਸਾਰ ਦੀ ਭਲਾਈ ਤੇ ਸਮੁੱਚੀ ਮਾਨਵਤਾ ਦੇ ਪਿਆਰ ਦੀ ਭਾਵਨਾ ਦਾ ਪ੍ਰਤੀਕ। ਇਸ ਤਰ੍ਹਾਂ ਦੀ ਮੁਕੰਮਲ ਜੀਵਨ ਜਾਚ ਕੇਵਲ ਸੰਤਾਂ, ਸਾਧਾਂ ਲਈ ਹੀ ਸੁਰੱਖਿਅਤ ਨਹੀਂ ਸਗੋਂ ਹਰ ਕੋਈ ਜੇ ਉੱਦਮ ਕਰੇ ਤਾਂ ਇਸ ਅਵਸਥਾ ਦੀ ਪ੍ਰਾਪਤੀ ਕਰ ਸਕਦਾ ਹੈ। ਇਵੇਂ ਜੀਵਨ ਦੇ ਇਹ ਦੋਨੋਂ ਪਹਿਲੂ ਇਕ ਬਣ ਜਾਂਦੇ ਹਨ-ਮਨੁੱਖੀ ਸੰਪੂਰਨਤਾਈ ਲਈ ਵਿਕਾਸ ਦੀਆਂ ਦੋ ਮੰਜ਼ਲਾਂ। ਭਾਵੇਂਕਿ ਕੁਝ ਇਕ ਮਹਾਨ ਵਿਅਕਤੀ ਜੰਮਦੇ ਹੀ ਸੰਪੂਰਨ ਹੁੰਦੇ ਹਨ।

ਭਾਰਤੀ ਵਿਚਾਰਧਾਰਾ ਜੀਵਨ ਨੂੰ ਚਾਰ ਆਸ਼੍ਰਮਾਂ ਵਿਚ ਵੰਡ ਕੇ ਵੇਖਣਾ ਅਸਲ ਵਿਚ ਜੀਵਨ ਨੂੰ ਸੰਪੂਰਣ ਤੇ ਸੰਸਾਰਵਿਆਪੀ (Universalism) ਬਣਾਉਣਾ ਹੀ ਹੈ। ਪਹਿਲਾਂ ਬ੍ਰਹਮਚਾਰੀ ਜੀਵਨ ਵਿਚ ਮਨੁਖ ਅਨਵਿਆਹਿਆ ਤੇ ਵਿਦਿਆਰਥੀ ਜੀਵਨ ਬਿਤਾਂਦਾ ਹੈ। ਫਿਰ ਉਸ ਦਾ ਦੂਜਾ ਪੜਾਅ ਵਿਆਹੁਤਾ ਜੀਵਨ ਦੀਆਂ ਜ਼ਿਮੇਵਾਰੀਆਂ ਦਾ ਹੁੰਦਾ ਹੈ। ਫਿਰ ਤੀਜੀ ਅਵਸਥਾ ਵਿਚ ਉਹ ਵਾਣਪ੍ਰਸਤ ਹੋ ਜਾਂਦਾ ਹੈ ਤੇ ਇਸ ਤੋਂ ਅਗਲੀ ਅਵਸਥਾ ਵਿਚ ਉਹ ਸੰਨਿਆਸ ਧਾਰਨ ਕਰਦਾ ਹੈ-ਵਿਸ਼ਵ ਦਾ ਸਾਂਝਾ ਮਨੁੱਖ। ਕਾਲੀਦਾਸ ਨੇ ਸੰਪੂਰਨਤਾ ਦੇ ਪ੍ਰਤੀਕ ਰਾਜਿਆਂ ਦੇ ਜੀਵਨ ਨੂੰ ਹੀ ਰਘੂਵੰਸ਼ ਮਹਾਂ ਕਾਵਿ ਵਿਚ ਚਿਤ੍ਰਿਆ ਹੈ। ਕੰਪਨ ਨੇ ਇਸੇ ਵਿਚਾਰਧਾਰਾ ਨੂੰ ਦਸਰਥ ਰਾਹੀਂ ਪ੍ਰਗਟਾਇਆ ਹੈ ਜਦੋਂ ਕਿ ਦਸਰਥ ਰਾਮ ਜੀ ਨੂੰ ਤਾਜਪੋਸ਼ੀ ਉਪ੍ਰੰਤ ਜੰਗਲਾਂ ਵਿਚ ਚਲੇ ਜਾਣ ਦੀ ਇੱਛਾ ਪ੍ਰਗਟਾਂਦਾ ਹੈ। ਪ੍ਰੰਤੂ ਤਾਮਿਲ ਨਾਡੂ ਵਿਚ ਇਸ ਚਾਰ ਪੱਖੀ ਜੀਵਨ ਨੂੰ ਹੀ ਦੋ ਪੱਖਾਂ ਵਿੱਚ ਦੇਖਣ ਦਾ ਯਤਨ ਕੀਤਾ ਜਾਂਦਾ ਰਿਹਾ ਹੈ। ਗ੍ਰਹਿਸਥ ਜੀਵਨ ਤੇ ਸੰਨਿਆਸ ਨੂੰ ਜੋੜ ਦਿਤਾ ਜਾਂਦਾ ਹੈ- ਇਲਾਰਮ (*Illaram*) ਤੇ ਤੁਰਾਵਰਮ (*Turavaram*) ਨੂੰ। ਗ੍ਰਹਿਸਥੀ ਜੀਵਨ ਨੂੰ, ਵਾਣਪ੍ਰਸਤ ਤੇ ਸੰਨਿਆਸ ਨੂੰ ਇਥੇ ਤੁਰਾਵਰਮ (*Turavaram*) ਵਜੋਂ ਇਕ ਕਰ ਦਿੱਤਾ ਜਾਂਦਾ ਹੈ। ਫਿਰ, ਇਥੇ ਤੁਰਾਵਰਮ - ਤਿਆਗਵਾਦ ਵਿਚ ਬਲ ਪਤਨੀ ਤੋਂ ਦੂਰ ਰਹਿਣ ਉਤੇ ਨਹੀਂ ਦਿਤਾ ਜਾਂਦਾ ਸਗੋਂ ਪਤੀ ਤੇ ਪਤਨੀ ਦੋਨਾਂ ਨੇ ਰਲ ਕੇ ਕੇਵਲ ਆਪਣੇ ਨਿਜੀ ਘਰਾਣੇ ਦੀ ਬਿਹਤਰੀ ਬਾਰੇ ਹੀ ਕਰਮਸ਼ੀਲ ਨਹੀਂ ਹੋਣਾ ਹੁੰਦਾ ਸਗੋਂ ਹੁਣ ਉਹਨਾਂ ਦਾ ਪਿਆਰ ਘੇਰਾ ਸਮੁੱਚੀ ਮਾਨਵਤਾ- ਸਮੁੱਚੇ ਸੰਸਾਰ ਤੱਕ ਵਿਕਸਤ ਹੋ ਜਾਂਦਾ ਹੈ। 'ਸਰਬੱਤ ਦਾ ਭਲਾ' ਉਹਨਾਂ ਦਾ ਆਦਰਸ਼ ਬਣ ਜਾਂਦਾ ਹੈ। ਸੋ ਤੁਰਾਵਰਮ/ਤੁਰਾਵੂ (*Turavaram / Turavu*) ਸੰਸਾਰ ਦਾ ਤਿਆਗ ਨਹੀਂ ਸਗੋਂ ਜੀਵਨ ਸੰਬੰਧੀ ਨਜ਼ਰੀਏ ਨੂੰ ਵਿਸ਼ਾਲ ਬਣਾਉਣਾ ਹੈ ਤੇ ਸਮੁੱਚੀ ਕਾਇਨਾਤ ਦੇ ਭਲੇ ਲਈ ਕਰਮਸ਼ੀਲ ਹੋਣਾ ਹੈ। ਇਸ ਦ੍ਰਿਸ਼ਟੀਕੋਣ ਨੂੰ ਤਿਰੂ ਵੱਲੁਵਰ ਨੇ ਆਪਣੇ ਚੈਪਟਰ ਤੁਰਾਵੂ (*Turavu*) ਵਿਚ ਵਿਆਖਿਆਉਣ ਦਾ ਉਪਰਾਲਾ ਕੀਤਾ ਹੈ। ਇਸ ਸਮੂਹਕ ਪਿਆਰ ਦੀ-ਮੁਕੰਮਲਤਾਈ ਦੀ ਅਵਸਥਾ ਦੀ ਵਿਆਖਿਆ ਜੀਵਨ ਵਿਚਲੇ ਕ੍ਰਿਆਸ਼ੀਲ ਦ੍ਰਿਸ਼ਟਕੋਣ (Practical point of view) ਤੋਂ ਕੀਤੀ ਗਈ ਹੋਈ ਹੈ- ਇਸ ਵਿਚਲੇ ਲਗਾਓ, ਭਟਕਣਾਵਾਂ ਤੋਂ ਮੁਕਤ ਹੋਣ ਦੀ ਦ੍ਰਿਸ਼ਟੀ ਤੋਂ। ਜੀਵਨ ਵਿਚਲੀਆਂ ਖੁਸ਼ੀਆਂ ਪਿਛੇ ਭਟਕਣਾ ਤੇ ਇਹਨਾਂ ਨਾਲ ਲਗਾਓ ਵਾਲੀਆਂ ਭਾਵਨਾਵਾਂ ਨੂੰ ਸੰਸਾਰ ਪਿਆਰ ਵਿਚ ਢਾਲਣਾ ਹੈ। ਤੁਰਾਵਰਵੀਆਲ (*Turavaraviyal*) - ਤਿਆਗਵਾਦ ਵਿਚ ਕਿਤੇ ਵੀ ਪਤਨੀ ਦੇ ਤਿਆਗ ਦੀ ਮੰਗ ਕੀਤੀ ਹੋਈ ਨਹੀਂ ਮਿਲਦੀ। ਸਿੱਖ ਵਿਚਾਰਧਾਰਾ ਵਿਚ ਵੀ ਇਕ ਬ੍ਰਹਮ ਗਿਆਨੀ ਨੇ ਗ੍ਰਹਿਸਥ ਜੀਵਨ ਵਿਚ ਵਿਚਰਦਿਆਂ ਹੋਇਆ "ਹਸੰਦਿਆ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚ ਹੋਵੈ ਮੁਕਤਿ", "ਵਿਚੇ ਗ੍ਰਹਿਸਥ ਰਹੇ ਉਦਾਸੀ" ਅਤੇ ਉਸ ਦਾ ਆਦਰਸ਼ "ਆਪ ਤਰੈ ਅਵਰੈ ਨਿਸਤਾਰੈ" ਦੇ ਨਾਲ ਨਾਲ ਉਸ ਨੇ 'ਸਰਬੱਤ ਦਾ ਭਲਾ' ਦੀ ਚਾਹਨਾ ਕਰਨੀ ਹੁੰਦੀ ਹੈ।

ਤਿਰੂ ਵੱਲੁਵਰ ਅਨੁਸਾਰ ਵਿਸ਼ਵ ਪਿਆਰ ਦੀ ਸੰਪੂਰਣਤਾ ਲਈ ਇਲਾਰਾਵੀਅਲ

(*Illaraviyal*) ਧਰਮ ਇਸ ਦੀ ਪਹਿਲੀ ਸਟੇਜ ਹੈ। ਇਸ ਬਾਰੇ ਵਿਚਾਰ ਪ੍ਰਗਟਾਉਣ ਸਮੇਂ ਸਭ ਤੋਂ ਪਹਿਲਾਂ ਲੇਖਕ ਨੇ ਘਰੇਲੂ ਜੀਵਨ ਬਾਰੇ ਵਿਚਾਰ ਪ੍ਰਗਟਾਏ ਹਨ ਤੇ ਸੁਸਾਇਟੀ ਵਿਚ ਜੀਵਨ ਦੀ ਮਹੱਤਤਾ ਨੂੰ ਦਰਸਾਇਆ ਹੈ। ਲੇਖਕ ਨੇ ਦਸਿਆ ਹੈ ਕਿ ਜੇ ਆਪਣੀ ਰੋਟੀ ਦੂਜਿਆਂ ਨਾਲ ਸਾਂਝੀ ਕਰਕੇ ਧਰਮ ਅਨੁਸਾਰ ਘਰੇਲੂ ਜੀਵਨ ਬਿਤਾਇਆ ਜਾ ਸਕੇ ਤਾਂ ਦੂਜੇ ਜੀਵਨ ਢੰਗਾਂ ਤੋਂ ਮਨੁੱਖ ਨੇ ਕੀ ਖੱਟਣਾ ਹੈ। ਗੁਰਬਾਣੀ ਵਿਚ ਵੀ ਦਸਿਆ ਗਿਆ ਹੈ :– "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥"

**ਲੇਖਕ ਅਨੁਸਾਰ ਵਿਆਹੁਤਾ ਜੀਵਨ**–ਅਸਲੀ ਪਿਆਰ ਦੀ ਪਹਿਲੀ ਅਵਸਥਾ ਵਿਚ ਮਨੁਖ ਦੂਜੇ ਲਈ ਸਭ ਕੁਛ ਨਿਛਾਵਰ ਕਰਨ ਨੂੰ ਤਿਆਰ ਰਹਿੰਦਾ ਹੈ। ਇਥੋਂ ਤੀਕ ਕਿ ਆਪਣੇ ਜਿਸਮ ਦੀਆਂ ਹੱਡੀਆਂ ਵੀ। ਪ੍ਰੰਤੂ ਇਸ ਪਿਆਰ ਦੀ ਅਣਹੋਂਦ ਵਿਚ ਪ੍ਰੇਮੀ ਨਹੀਂ ਸਗੋਂ ਲੋਥਾਂ ਇਕ ਦੂਜੇ ਨਾਲ ਜੁੜਦੀਆਂ ਹਨ। ਪ੍ਰੰਤੂ ਮੁਢ ਵਿਚ ਹਾਲੇ ਇਹ ਪਿਆਰ ਵਿਸ਼ਵ ਪਿਆਰ ਦੇ ਰੂਪ ਵਿਚ ਢਲਿਆ ਨਹੀਂ ਹੁੰਦਾ। ਇਸ ਦਾ ਨਿਕਾਸ ਵਿਕਾਸ ਘਰੇਲੂ ਜੀਵਨ ਦੇ ਸੁੰਦਰ ਬਗ਼ੀਚੇ ਵਿਚ ਹੁੰਦਾ ਹੈ। ਹੌਲੀ-ਹੌਲੀ ਜਦੋਂ ਨਵਾਂ ਵਿਆਹੁਤਾ ਜੋੜਾ ਆਪਣੇ ਪਿਆਰ ਦੁਆਰਾ 'ਏਕ ਜੋਤ ਦੁਇ ਮੂਰਤੀ' ਬਣ ਜਾਂਦੇ ਹਨ ਤਾਂ ਪਤਨੀ ਲਈ ਉਸ ਦਾ ਪਤੀ ਹੀ ਈਸ਼ਵਰ ਦਾ ਰੂਪ ਧਾਰਨ ਕਰ ਜਾਂਦਾ ਹੈ। ਅਜਿਹੀ ਅਵਸਥਾ ਵਿਚ ਤਿਰੂ ਕੁਰਲ ਅਨੁਸਾਰ 'ਪਤਨੀ ਕਿਸੇ ਦੇਵੀ ਦੇਵਤਾ ਦੀ ਪੂਜਾ/ ਅਰਾਧਨਾ ਨਹੀਂ ਕਰਦੀ ਸਗੋਂ ਆਪਣੇ ਪ੍ਰੇਮੀ ਪਤੀ ਦੀ ਹੀ ਪੂਜਾ ਕਰਦੀ ਹੈ'। ਜੇ "ਅਜਿਹੀ ਪਤਨੀ ਬੱਦਲਾਂ ਨੂੰ ਵੀ ਹੁਕਮ ਦੇਂਦੀ ਹੈ, "ਵਰ੍ਹੋ" ਤਾਂ ਉਹ ਵਰ੍ਹਣ ਲੱਗ ਪੈਂਦੇ ਹਨ।" ਇਵੇਂ ਪ੍ਰੇਮੀ ਰੱਬ ਦਾ ਰੂਪ ਧਾਰਨ ਕਰ ਜਾਂਦਾ ਹੈ ਭਾਵੇਂਕਿ ਇਹ ਪਿਆਰ ਆਪਣੇ ਆਰੰਭ ਵਿਚ ਇਕ ਸਰੀਰਕ ਲਾਲਸਾ ਦੇ ਰੂਪ ਵਿਚ ਹੀ ਹੁੰਦਾ ਹੈ। ਪ੍ਰੰਤੂ ਜਲਦੀ ਹੀ ਇਹ ਸਰੀਰਕ ਲਾਲਸਾ ਦੀ ਥਾਂ ਆਤਮਾਵਾਂ ਦੀ ਪਿਆਰ ਭਰੀ ਸਾਂਝ ਵਿਚ ਬਦਲ ਜਾਂਦਾ ਹੈ। ਇਸ ਪਿਆਰ ਦੀ ਔਰਤ ਪ੍ਰਦਰਸ਼ਨਾਂ ਨਹੀਂ ਕਰਦੀ ਸਗੋਂ ਇਸ ਨੂੰ ਇਕ ਦੈਵੀ ਦਾਤ ਸਮਝਦੀ ਹੈ। ਉਹ ਆਪਣੇ ਪਤੀ ਲਈ ਹਰ ਸੰਭਵ ਯਤਨ ਕਰਨ ਨੂੰ ਤਿਆਰ ਹੁੰਦੀ ਹੈ, ਹਰ ਕੁਰਬਾਨੀ ਲਈ ਤਤਪਰ ਹੁੰਦੀ ਹੈ। ਫਿਰ ਜਦੋਂ ਇਹ ਪਿਆਰ ਬੱਚਿਆਂ ਦੇ ਰੂਪ ਵਿਚ ਵਿਕਸਤ ਹੋ ਜਾਂਦਾ ਹੈ ਤਾਂ ਮਾਂ ਦੀ ਸਰੀਰਕ ਛੁਹ ਬੱਚਿਆਂ ਲਈ ਜੀਵਨ ਦਾਨ ਦੇਣ ਵਾਲਾ ਅੰਮ੍ਰਿਤ ਹੁੰਦਾ ਹੈ। ਮਾਪਿਆਂ ਲਈ ਵੀ ਬੱਚਿਆਂ ਦੀ ਸਰੀਰਕ ਛੁਹ-ਗਲਵਕੜੀ ਸੰਸਾਰ ਦੀ ਸਭ ਤੋਂ ਵਡੀ ਖੁਸ਼ੀ ਦੇਣ ਵਾਲੀ ਹੁੰਦੀ ਹੈ। ਬੱਚਿਆਂ ਦੀ ਮਿੱਠੀ ਮੁਸਕਾਣ ਤੇ ਤੋਤਲੇ ਬੋਲਾਂ ਵਿਚ ਕੋਈ ਅਕਹਿ ਸੁਆਦ ਤੇ ਅਨੰਦ ਭਰਿਆ ਅਨੁਭਵ ਹੁੰਦਾ ਹੈ। ਇਹ ਸਾਰਾ ਪਿਆਰ, ਖੇੜਾ ਤੇ ਹੁਲਾਸ ਹੌਲੀ-ਹੌਲੀ ਸਾਨੂੰ ਵਿਸ਼ਵ-ਪਿਆਰ ਦੇ ਰਾਹ ਤੇ ਲੈ ਜਾਂਦਾ ਹੈ ਕਿਉਂ ਜੋ ਬੱਚਿਆਂ ਦੇ ਪਿਆਰ ਵਿਚ ਵੀ ਕੋਈ ਨਿਜੀ ਲਾਭ (selfish interest) ਦੀ ਭਾਵਨਾ ਨਹੀਂ ਹੁੰਦੀ। ਮਾਪੇ ਇਸੇ ਗਲ ਵਿਚ ਪ੍ਰਸੰਨ ਹੁੰਦੇ ਹਨ ਕਿ ਉਹਨਾਂ ਦੇ ਬੱਚੇ ਉਹਨਾਂ ਤੋਂ ਵੱਡੇ ਬਣ ਰਹੇ ਹਨ ਤੇ ਸੰਸਾਰ ਵਿਚ ਉਹਨਾਂ ਦਾ ਮਾਨ ਤੇ ਸਤਿਕਾਰ ਵਧ ਰਿਹਾ ਹੈ। ਇਸ ਤਰ੍ਹਾਂ ਦੇ ਘਰੇਲੂ ਜੀਵਨ ਨੂੰ ਬਿਆਨਣ ਤੋਂ ਪਿਛੋਂ ਤਿਰੂ ਵੱਲੁਵਰ ਇਸ ਪਿਆਰ ਭਾਵਨਾ ਦੇ ਵਿਸ਼ਵ ਪਿਆਰ ਦੇ ਰੂਪ ਵਿਚ ਹੋ ਰਹੇ ਵਿਕਾਸ ਨੂੰ ਘਰ ਵਿਚ ਆਉਂਦੇ ਪ੍ਰਾਹੁਣਿਆਂ ਸਬੰਧੀ ਤੇ ਉਹਨਾਂ ਨਾਲ –ਅਚਾਨਕ ਆਏ ਪ੍ਰਾਹੁਣਿਆਂ ਨਾਲ ਆਪਣੀ ਪੱਕੀ ਰੋਟੀ ਦੀ ਸਾਂਝ ਕਰਨ ਦੀ ਵਡਿਤੱਣ ਨੂੰ ਪ੍ਰਗਟਾਉਂਦਾ ਹੈ। ਇਸ ਪੱਕੀ ਰੋਟੀ ਦੀ ਅਚਾਨਕ ਆਏ ਪ੍ਰਾਹੁਣਿਆਂ ਨਾਲ ਸਾਂਝ ਨੂੰ ਤਿਰੂ ਵੱਲੁਵਰ "ਵੈਲਵੀ" Velvi–ਇਕ ਵੱਡੀ ਕੁਰਬਾਨੀ ਦੇ ਵਾਕੰਸ਼ ਨਾਲ ਸਲਾਹੁੰਦਾ ਹੈ। ਤਿਰੂ ਵੱਲੁਵਰ ਅਨੁਸਾਰ ਪ੍ਰਾਹੁਣਿਆਂ ਨੂੰ ਧੁਰ ਅੰਦਰੋਂ ਜੀ ਆਇਆਂ ਕਹਿਣਾ ਚਾਹੀਦਾ ਹੈ। ਪ੍ਰਾਹੁਣੇ ਨੂੰ ਇਸ ਗਲ ਬਾਰੇ ਰੱਤੀ ਭਰ ਵੀ ਮਹਿਸੂਸ ਨਹੀਂ ਹੋਣਾ ਚਾਹੀਦਾ ਕਿ ਘਰ ਵਾਲਿਆਂ ਨੇ ਥੋੜਾ ਜਿਹਾ ਵੀ ਮੱਥੇ ਤੇ ਵੱਟ ਪਾਇਆ ਹੈ। ਪੱਛਮੀ ਪੰਜਾਬ ਵਿਚਲੀ ਪੁਰਾਤਨ ਸਮੇਂ ਪ੍ਰਚੱਲਤ ਵਿਚਾਰਧਾਰਾ–"ਵੱਖਤਾਂ ਬਾਝੋਂ ਲਹਾਂ ਨਾ ਨਾਠੀ ਥੀਆ ਕਰਮ ਅਸਾਹੀਂ" ਘਰ ਦੇ ਮਾਲਕਾਂ ਦੀ ਭਾਵਨਾ ਹੋਣੀ ਚਾਹੀਦੀ ਹੈ।

ਵਿਸ਼ਵ-ਪਿਆਰ ਦੇ ਬਿਖੜੇ ਪੰਧ ਲਈ ਤਿਰੂ ਵੱਲੁਵਰ ਅਨੁਸਾਰ ਸਭ ਲੋਕਾਂ ਲਈ ਸਾਡੇ ਧੁਰ ਅੰਦਰੋਂ ਪਿਆਰ ਦੀ ਭਾਵਨਾ ਦਾ ਉਮਡਣਾ ਜ਼ਰੂਰੀ ਹੈ। ਸੰਸਾਰ ਵਿਚ ਕੋਈ ਵੀ ਵਿਅਕਤੀ ਨਿਰਾ ਮਾੜਾ ਜਾਂ ਨਿਰਾ ਚੰਗਾ ਨਹੀਂ ਹੁੰਦਾ। ਚਾਹੀਦਾ ਇਹ ਹੀ ਹੈ ਕਿ ਅਸੀਂ ਇਸ ਸੰਸਾਰ ਵਿਚ ਵਿਚਰਦੇ

ਹੋਏ ਦੂਜੇ ਲੋਕਾਂ ਦੇ ਚੰਗੇ ਪੱਖਾਂ ਨੂੰ ਹਮੇਸ਼ਾ ਯਾਦ ਰੱਖੀਏ ਤੇ ਦੂਜਿਆਂ ਵਲੋਂ ਕੀਤੇ ਚੰਗੇ ਕੰਮਾਂ ਦੀ ਅਸੀਂ ਹਮੇਸ਼ਾ ਸਲਾਹੁਣਾ ਕਰੀਏ, ਠੀਕ ਸਮੇਂ ਤੇ ਠੀਕ ਥਾਂ ਤੇ, ਅਤੇ ਇਸ ਸਲਾਹੁਣਾ ਖਾਤਰ ਇਵਜ਼ਾਨਾ ਲੈਣ ਦੀ ਕੋਈ ਤਾਂਘ ਨਾ ਰਖੀਏ।

ਨਿਮ੍ਰਤਾ ਇਕ ਹੋਰ ਪਹਿਲੂ ਹੈ, ਜਿਸ ਬਾਰੇ ਤਿਰੂ ਵੱਲੁਵਰ ਬਹੁਤ ਜ਼ੋਰ ਦੇਂਦਾ ਹੈ। ਪ੍ਰੰਤੂ ਤਿਰੂ ਵੱਲੁਵਰ ਅਨੁਸਾਰ ਇਹ ਨਿਮ੍ਰਤਾ ਪਿਆਰ ਆਧਾਰਿਤ ਹੋਣੀ ਚਾਹੀਦੀ ਹੈ। ਇਹ ਪਿਆਰ ਆਧਾਰਿਤ ਨਿਮ੍ਰਤਾ ਤਿਰੂ ਵੱਲੁਵਰ ਅਨੁਸਾਰ ਇਕ ਪ੍ਰਭਾਵਸ਼ਾਲੀ ਸ਼ਕਤੀ ਤੇ ਹੋਰ ਸਭ ਸ਼ਕਤੀਆਂ ਤੋਂ ਤਕੜੀ ਸ਼ਕਤੀ ਹੁੰਦੀ ਹੈ। ਤਿਰੂ ਵੱਲੁਵਰ ਅਨੁਸਾਰ ਸਾਡਾ ਆਪਣੀ ਜ਼ੁਬਾਨ ਉਤੇ ਵੀ ਪੂਰਨ ਕਾਬੂ ਹੋਣਾ ਚਾਹੀਦਾ ਹੈ। ਸਾਡੇ ਮੂੰਹ ਤੋਂ ਨਿਕਲਿਆ ਇਕ ਵੀ ਸ਼ਬਦ ਜਿਸ ਨਾਲ ਕਿਸੇ ਦਾ ਦਿਲ ਦੁਖੇ ਸਾਡੀਆਂ ਸਭ ਚੰਗਿਆਈਆਂ ਨੂੰ ਮਾਤ ਪਾ ਜਾਂਦਾ ਹੈ। ਕਿਉਂਜੋ ਅੱਗ ਨਾਲ ਪਏ ਅੰਦਰੂਨੀ ਛਾਲੇ ਤਾਂ ਠੀਕ ਹੋ ਜਾਂਦੇ ਹਨ ਪਰ ਕੌੜੀ ਜ਼ੁਬਾਨ ਨਾਲ ਲਗਾਏ ਗਏ ਜ਼ਖਮ ਕਦੇ ਠੀਕ ਨਹੀਂ ਹੁੰਦੇ।

ਤਿਰੂ ਵੱਲੁਵਰ ਅਨੁਸਾਰ ਪਿਆਰ ਤੇ ਕਾਮਕਤਾ ਦੋ ਵੱਖਰੀਆਂ -2 ਚੀਜ਼ਾਂ ਹਨ। ਕਾਮਕਤਾ ਵਹਿਸ਼ੀਪੁਣਾ ਤੇ ਨੀਚਤਾ ਹੁੰਦੀ ਹੈ ਜਦਕਿ ਪਿਆਰ ਵਿਚ ਪ੍ਰੇਮਕਾ ਨਾਲ ਦੈਵੀ ਵਿਵਹਾਰ ਕੀਤਾ ਜਾਂਦਾ ਹੈ। ਫਿਰ, ਕਾਮਕਤਾ ਨਰੋਲ ਜਿਸਮਾਨੀ ਵਿਵਹਾਰ ਹੁੰਦਾ ਹੈ ਪ੍ਰੰਤੂ ਪਿਆਰ ਆਤਮਕ ਵਿਵਹਾਰ ਹੁੰਦਾ ਹੈ। ਤਿਰੂ ਵੱਲੁਵਰ ਅਨੁਸਾਰ ਜੇ ਪਿਆਰ ਵਿਚ ਅਸੀਂ ਆਪਣੀ ਪ੍ਰੇਮਕਾ ਵਿਚ ਦੈਵੀ ਅੰਸ਼ ਦੇਖਦੇ ਹਾਂ ਤਾਂ ਦੂਜਿਆਂ ਦੀਆਂ ਪਤਨੀਆਂ ਵਲ ਅਸੀਂ ਕਾਮਕ ਭਾਵਨਾਵਾਂ ਨਾਲ ਤੱਕ ਹੀ ਨਹੀਂ ਸਕਦੇ। ਅਜਿਹੀਆਂ ਕਾਮੁਕ ਭਾਵਨਾਵਾਂ ਸਾਡੇ ਆਦਰਸ਼, ਸਾਡੀ ਪਤਨੀ ਤੇ ਸੁਸਾਇਟੀ ਪ੍ਰਤੀ ਇਕ ਲਾਹਨਤ ਹੁੰਦੀਆਂ ਹਨ। ਤਿਰੂ ਵੱਲੁਵਰ ਅਨੁਸਾਰ ਜੋ ਦੂਜਿਆਂ ਦੀਆਂ ਪਤਨੀਆਂ ਵੱਲ ਕਾਮਕ ਭਾਵਨਾਵਾਂ ਰਖਦੇ ਹਨ, ਉਹ ਧਰਮ ਦੀਆਂ ਭਾਵਨਾਵਾਂ ਤੋਂ ਸੱਖਣੇ ਹੁੰਦੇ ਹਨ। ਸੰਸਾਰ ਵਿਚ ਉਹਨਾਂ ਤੋਂ ਵਡਾ ਬੇਵਕੂਫ ਹੋਰ ਕੋਈ ਨਹੀਂ ਹੁੰਦਾ। ਗੁਰਬਾਣੀ ਵਿਚ ਵੀ ਆਉਂਦਾ ਹੈ-'ਦੇਖ ਪ੍ਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੇ।'

ਤਿਰੂ ਵੱਲੁਵਰ ਖਿਮਾ ਭਾਵਨਾ ਤੇ ਸਹਿਣਸ਼ੀਲਤਾ ਨੂੰ ਵੀ ਵਡੇ ਗੁਣਾਂ ਵਿਚ ਗਿਣਦਾ ਹੈ। ਉਸ ਅਨੁਸਾਰ ਇਸ ਦੀ ਸਭ ਤੋਂ ਵੱਡੀ ਮਿਸਾਲ ਧਰਤੀ ਮਾਤਾ ਦੀ ਹੈ, ਜੋ ਕਿ ਉਸ ਵਿਚ ਟੋਆ ਪੁਟੱਣ ਵਾਲਿਆਂ ਨੂੰ ਵੀ ਝੱਲਦੀ ਹੈ। ਤਿਰੂ ਵੱਲੁਵਰ ਅਨੁਸਾਰ ਧਰਤੀ ਮਾਤਾ ਆਪਣੀ ਚੁੱਪ ਦੁਆਰਾ ਸਾਨੂੰ ਸਿਖਾਂਦੀ ਹੈ ਕਿ ਅਸੀਂ ਸਾਰੇ ਉਸ ਦੇ ਪੁੱਤਰ ਹਾਂ। ਯਹੂਦੀ ਮੱਤ ਬਦਲੇ ਦੀ ਭਾਵਨਾ ਤੇ ਕਿਸੇ ਪ੍ਰਤੀ ਗਿਲਾਨੀ ਦੀ ਭਾਵਨਾ ਦੇ ਵਿਰੁਧ ਸਾਨੂੰ ਸਿਖਾਂਦਾ ਹੈ। ਕੁਰਾਨ ਸ਼ਰੀਫ, ਜਿਹੜੇ ਲੋਕ ਦੂਜਿਆਂ ਨੂੰ ਮੁਆਫ਼ ਕਰ ਦੇਂਦੇ ਹਨ, ਉਹਨਾਂ ਨੂੰ ਜੰਨਤ ਦੇਣ ਦਾ ਇਕਰਾਰ ਕਰਦੀ ਹੈ। ਈਸਾ ਮਸੀਹ ਵੀ ਦੂਜਿਆਂ ਨੂੰ ਮੁਆਫ ਕਰਨਾ ਸ੍ਰੇਸ਼ਟ ਚੀਜ਼ ਦਸਦੇ ਹਨ। ਇਵੇਂ ਹੀ ਤਿਰੂ ਵੱਲੁਵਰ ਵੀ ਖਿਮਾ ਭਾਵਨਾ (*Poruttal*) ਨੂੰ ਇਕ ਬਹੁਤ ਉੱਤਮ ਚੀਜ਼ ਮੰਨਦਾ ਹੈ। ਉਸ ਅਨੁਸਾਰ ਜਿਸ ਨੇ ਆਪਣੇ ਆਕੜਪੁਣੇ ਵਿਚ ਤੁਹਾਨੂੰ ਨੁਕਸਾਨ ਵੀ ਪਹੁੰਚਾਇਆ ਹੈ ਉਸ ਨੂੰ ਵੀ ਆਪਣੀ ਖਿਮਾ ਭਾਵਨਾ ਨਾਲ ਜਿੱਤ ਲਵੋ। ਨੁਕਸਾਨ ਪਹੁੰਚਾਣ ਵਾਲੇ ਨੂੰ ਸਜ਼ਾ ਦੇਣ ਦਾ ਇਕ ਵਡਾ ਢੰਗ ਇਹ ਹੈ ਕਿ ਤੁਸੀਂ ਉਸ ਪ੍ਰਤੀ ਅਜਿਹਾ ਵਿਵਹਾਰ ਕਰੋ ਕਿ ਉਹ ਵਿੱਚੇ ਵਿਚ ਆਪਣੇ ਆਪ ਵਿਚ ਸ਼ਰਮਿੰਦਾ ਮਹਿਸੂਸ ਕਰੇ। ਤਿਰੂ ਵੱਲੁਵਰ ਖਿਮਾ ਭਾਵਨਾ ਰਖਣ ਵਾਲੇ ਮਹਾਨ ਵਿਅਕਤੀਆਂ ਨੂੰ ਸੰਸਾਰ ਤਿਆਗ ਕੇ ਸਨਿਆਸੀ ਬਣੇ ਵਿਅਕਤੀ ਨਾਲੋਂ ਕਿਤੇ ਮਹਾਨ ਸਮਝਦਾ ਹੈ। ਉਸ ਅਨੁਸਾਰ ਖਿਮਾ ਭਾਵਨਾ ਸੰਪੂਰਣਤਾ ਦੀ ਨਿਸ਼ਾਨੀ ਹੁੰਦੀ ਹੈ। ਇਵੇਂ ਤਿਰੂ ਵੱਲੁਵਰ ਮਾਨਵਤਾ ਨੂੰ ਇਕ ਬੜੀ ਲਾਭਕਾਰੀ ਤੇ ਮਨੋਵਿਗਿਆਨਕ ਸਿੱਖਿਆ ਦੇਂਦਾ ਹੈ। ਇਸੇ ਵਿਚਾਰਧਾਰਾ ਅਧੀਨ ਹੀ ਕੰਪਨ ਨੇ ਆਪਣੀ ਰਚਨਾ ਵਿਚ ਸ੍ਰੀ ਰਾਮ ਚੰਦਰ ਦੀ ਵਡਿੱਤਣ ਨੂੰ ਦਰਸਾਣ ਦਾ ਯਤਨ ਕੀਤਾ ਹੈ ਕਿ ਉਹ ਰਾਵਨ ਨੂੰ ਰਣ ਭੂਮੀ ਵਿਚ ਵੀ ਖਿਮਾ ਕਰਨ ਨੂੰ ਤਿਆਰ ਸਨ ਜੇ ਉਹ ਕੇਵਲ ਸੀਤਾ ਨੂੰ ਵਾਪਸ ਦੇਣਾ ਮੰਨ ਜਾਂਦਾ।

ਲੇਖਕ ਅਨੁਸਾਰ ਚੁਗ਼ਲਖੋਰ ਸਮਾਜ ਲਈ ਖਤਰਨਾਕ ਹੁੰਦਾ ਹੈ। ਉਹ ਘ੍ਰਿਣਾ ਦੇ ਬੀਜ ਬੀਜ ਕੇ, ਸੁਸਾਇਟੀ ਵਿਚ ਮਿੱਤ੍ਰਤਾ ਦੀਆਂ ਭਾਵਨਾਵਾਂ ਜੋ ਕਿ ਉਸ ਨੂੰ ਬੰਨ੍ਹ ਕੇ ਰਖਦੀਆਂ ਹਨ, ਦੀਆਂ ਜੜ੍ਹਾਂ ਕੱਟਦਾ ਹੈ। ਤਿਰੂ ਵੱਲੁਵਰ ਤਾਂ ਇਥੋਂ ਤੀਕ ਕਹਿ ਜਾਂਦਾ ਹੈ ਕਿ ਚੁਗਲ ਖੋਰ ਲਈ ਧਰਤੀ ਹੀ

ਫੱਟ ਜਾਣੀ ਚਾਹੀਦੀ ਹੈ ਤਾਂ ਜੋ ਅਜਿਹਾ ਗੰਦਾ ਵਿਅਕਤੀ ਵਿਚੇ ਹੀ ਗ਼ਰਕ ਹੋ ਜਾਵੇ। ਧਰਤੀ ਅਜਿਹੇ ਪਾਪੀਆਂ ਦਾ ਬੋਝ ਕਿਉਂ ਚੁੱਕੇ ? ਤਿਰੂ ਵੱਲੁਵਰ ਅਨੁਸਾਰ ਚੁਗ਼ਲਖੋਰ ਨੂੰ ਦੂਜਿਆਂ ਪ੍ਰਤੀ ਬੋਲਣ ਤੋਂ ਪਹਿਲਾਂ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ।

ਤਿਰੂ ਵੱਲੁਵਰ ਸਾਨੂੰ ਐਵੇਂ ਵਿਹਲੀਆਂ ਫਜ਼ੂਲ ਗਲਾਂ ਮਾਰਨ ਤੋਂ ਵੀ ਰੋਕਦਾ ਹੈ ਕਿਉਂ ਜੋ ਜੀਵਨ ਆਪਣੇ ਆਪ ਵਿਚ ਇਕ ਅਸਲੀਅਤ ਹੈ। ਫਜ਼ੂਲ ਤੇ ਵਿਹਲੀਆਂ ਗਲਾਂ ਨਾ ਕੇਵਲ ਸਾਡਾ ਆਪਣਾ ਸਮਾਂ ਤੇ ਸ਼ਕਤੀ ਹੀ ਗਵਾਂਦੀਆਂ ਹਨ ਸਗੋਂ ਦੂਜਿਆਂ ਦਾ ਕੀਮਤੀ ਸਮਾਂ ਤੇ ਆਤਮਕ ਸ਼ਕਤੀ ਦਾ ਵੀ ਨੁਕਸਾਨ ਕਰਦੀਆਂ ਹਨ। ਤਿਰੂ ਵੱਲੁਵਰ ਅਨੁਸਾਰ ਤਾਂ ਅਜਿਹੀਆਂ ਫਜ਼ੂਲ ਤੇ ਵਿਹਲੀਆਂ ਗਲਾਂ ਮਾਰਨ ਵਾਲਿਆਂ ਨੂੰ ਮਨੁੱਖ ਕਹਿਣਾ ਵੀ ਚੰਗਾ ਨਹੀਂ ਸਗੋਂ ਉਸ ਅਨੁਸਾਰ ਤਾਂ ਅਜਿਹੇ ਲੋਕ ਫ਼ੋਕ ਤੇ ਘੱਟੇ ਬਰਾਬਰ ਹੁੰਦੇ ਹਨ।

ਸੰਸਾਰ ਦੇ ਵਿਕਾਸ ਬਾਰੇ ਅਜੋਕਾ ਵਿਗਿਆਨ ਇਹ ਸਪਸ਼ਟ ਕਰ ਚੁੱਕਾ ਹੈ ਕਿ ਸੰਸਾਰ ਵਿਚ ਸਭ ਜੀਵ ਜੰਤੂਆਂ ਵਿਚ ਖ਼ੂਨ ਤੇ ਬੀਜ ਦੀ ਸਾਂਝ ਹੈ। ਸਦੀਵੀ ਜੀਵਨ ਸੈਲ ਲਗਾਤਾਰ ਵੰਡਿਆ ਜਾ ਰਿਹਾ ਹੈ, ਉਤਪਤੀ ਦੇ ਆਰੰਭ ਤੋਂ, ਨਿਰੰਤਰ ਰੂਪ ਵਿਚ, ਤੇ ਇਉਂ ਸਭ ਜੀਵ ਖ਼ੂਨ ਦੀ ਸਾਂਝ ਰੱਖਣ ਵਾਲੇ ਭਰਾ ਭਰਾ ਹਨ। ਉਪਨਿਸ਼ਦਾਂ ਅਨੁਸਾਰ ਇਹ ਸਾਰਾ ਸੰਸਾਰ ਇਕ ਪਰਮ-ਆਤਮਾ ਦਾ ਹੀ ਵਿਕਸਿਤ ਰੂਪ ਹੈ। ਗੁਰਬਾਣੀ ਅਨੁਸਾਰ "ਏਕਹਿ ਤੇ ਸਗਲਾ ਬਿਸਥਾਰਾ" ਅਤੇ "ਏਕ ਨੂਰ ਤੇ ਸਭੁ ਜਗੁ ਉਪਜਿਆ"। ਇਥੋਂ ਤੱਕ ਕਿ ਬੁੱਧ ਮੱਤ ਜੋ ਕਿ ਆਤਮਾ ਦੇ ਸਿਧਾਂਤ ਵਿਚ ਵਿਸ਼ਵਾਸ ਤੋਂ ਇਨਕਾਰੀ ਹੈ, ਉਹ ਵੀ ਇਸ ਸੰਸਾਰ ਵਿਚਲੇ ਜੀਵਨ ਵਿਚਲੀ ਇਕਾਈ ਉਤੇ ਬੱਲ ਦਿੰਦਾ ਹੈ।

ਅਸੀਂ ਆਪਣੇ ਹੱਥਾਂ, ਪੈਰਾਂ, ਮੂੰਹ, ਸਿਰ, ਅੱਖਾਂ ਨੂੰ ਪਿਆਰ ਕਰਦੇ ਹਾਂ ਕਿਉਂ ਜੋ ਇਹ ਸਾਡੇ ਸਰੀਰ ਦੇ ਅੰਗ ਹਨ। ਫਿਰ ਵਿਸ਼ਵ ਦੇ ਦੂਜੇ ਜੀਵਾਂ ਨੂੰ ਅਸੀਂ ਆਪਣੇ ਅੰਗ ਸਮਝ ਕੇ ਪਿਆਰ ਕਿਉਂ ਨਹੀਂ ਕਰਦੇ। ਜਿਵੇਂ ਆਪਣੇ ਜਿਸਮ ਦੇ ਅੰਗਾਂ ਦੀ ਅਸੀਂ ਪਾਲਣਾ ਪੋਸਣਾ ਕਰਦੇ ਹੋਏ ਕਿਸੇ ਸਿਰ ਅਹਿਸਾਨ ਨਹੀਂ ਚਾੜ੍ਹ ਰਹੇ ਹੁੰਦੇ, ਉਵੇਂ ਹੀ ਤਿਰੂ ਵੱਲੁਵਰ ਅਨੁਸਾਰ ਅਸੀਂ ਸੰਸਾਰ ਵਿਚਲੇ ਜੀਵਾਂ ਪ੍ਰਤੀ ਕਿਉਂ ਨਹੀਂ ਕਰਦੇ-ਇਹ ਵੀ ਤਾਂ ਸਾਡੇ ਅੰਗ ਹੀ ਹਨ-ਸਾਡਾ ਆਪਣਾ ਰੂਪ।

ਸੰਸਾਰ ਦੇ ਕਈ ਧਰਮਾਂ ਜਿਵੇਂ ਯਹੂਦੀਆਂ, ਈਸਾਈਆਂ, ਮੁਸਲਮਾਨਾਂ ਤੇ ਸਿੱਖਾਂ ਵਿਚ ਦਾਨ ਦੇਣ ਉਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਕਈ ਵਾਰ ਇਹ ਦਾਨ ਇਸ ਸੰਸਾਰ ਵਿਚ ਅਗਲੇ ਜੀਵਨ ਵਿਚ ਲਾਭ ਪ੍ਰਾਪਤੀ (Investment) ਦੇ ਰੂਪ ਵਿਚ ਦੇਖਿਆ ਜਾਂਦਾ ਹੈ ਤਾਂ ਕਿ ਇਸ ਦਾ ਲਾਭ ਕਈ ਗੁਣਾਂ ਹੋ ਕੇ ਸਾਨੂੰ ਮਿਲੇ। ਹਿੰਦੂਆਂ ਵਿਚ ਇਸ ਬਾਰੇ ਕਰਮ ਫਿਲਾਸਫੀ ਹੈ। ਤਿਰੂ ਵੱਲੁਵਰ ਵੀ ਇਸ ਦਾ ਜ਼ਿਕਰ ਕਰਦਾ ਹੈ ਕਿ ਜਿਹੜਾ ਆਪਣੀ ਕਿਰਤ ਵਿਚੋਂ ਲੋੜਵੰਦਾਂ ਨੂੰ ਦੇਂਦਾ ਹੈ, ਉਸ ਦੇ ਨੇੜੇ ਭੁੱਖ ਦੀ ਬੀਮਾਰੀ ਨਹੀਂ ਆਉਂਦੀ। ਫਿਰ ਤਿਰੂ ਵੱਲੁਵਰ ਦਾਨ ਰੂਪ ਵਿਚ ਦੇਣ ਨੂੰ ਇਨਵੈਸਟਮੈਂਟ ਦੇ ਰੂਪ ਵਿਚ ਨਹੀਂ ਦੇਖਦਾ ਸਗੋਂ ਇਸ ਨੂੰ ਇਕ ਸੰਪੂਰਨ ਸ਼ਖ਼ਸੀਅਤ ਦਾ ਕੁਦਰਤੀ ਸੁਭਾ ਦਸਦਾ ਹੈ ਤੇ ਮਨੁਖੀ ਜੀਵਨ ਲਈ ਇਸ ਦੀ ਵੱਡੀ ਮਹੱਤਤਾ ਸਮਝਦਾ ਹੈ। ਗੁਰਬਾਣੀ ਵਿਚ ਵੀ ਆਉਂਦਾ ਹੈ-"ਘਾਲਿ ਖਾਇ ਕਿਛੁ ਹਥਹੁ ਦੇਇ, ਨਾਨਕ ਰਾਹੁ ਪਛਾਣੇ ਸੇਇ॥" ਅਰਥਾਤ, ਗੁਰਮਤ ਵਿਚ ਵੀ ਦਾਨ ਦੇਣ ਦੀ ਪ੍ਰਥਾ ਵਿਚ ਇਵਜ਼ਾਨੇ ਦੀ ਕੋਈ ਭਾਵਨਾ ਕੰਮ ਨਹੀਂ ਕਰਦੀ ਸਗੋਂ ਸੱਚ ਦੇ ਮਾਰਗ ਦੀ ਪਹਿਚਾਣ ਵਾਲੇ ਦਾ ਇਹ ਇਕ ਸੁਭਾਵਕ ਕਰਤੱਵ ਹੁੰਦਾ ਹੈ। ਤਿਰੂ ਵੱਲੁਵਰ ਦਾਨ ਦੇਣ ਦੇ ਫਰਜ਼ ਨੂੰ ਤਿਆਗਣ ਨਾਲੋਂ ਮਰ ਜਾਣਾ ਵਧੇਰੇ ਚੰਗਾ ਖਿਆਲ ਕਰਦਾ ਹੈ। ਉਹ ਤਪੱਸਿਆ ਕਰਨ ਨਾਲੋਂ ਦਾਨ ਦੇਣਾ ਵਧੇਰੇ ਚੰਗਾ ਸਮਝਦਾ ਹੈ। ਪੱਥਰ ਦਿਲ ਆਦਮੀ ਜਿਹੜਾ ਆਪਣੀ ਦੌਲਤ ਕੇਵਲ ਆਪਣੇ ਲਈ ਜੋੜ ਕੇ ਰੱਖਦਾ ਹੈ, ਦਾਨ ਦੇ ਕੇ ਮਿਲਣ ਵਾਲੀ ਖੁਸ਼ੀ ਤੋਂ ਅਨਜਾਣ ਹੁੰਦਾ ਹੈ। ਤਿਰੂ ਵੱਲੁਵਰ ਅਨੁਸਾਰ ਕਿਸੇ ਦੇ ਆਪਣੀ ਲੋੜ ਦੱਸਣ ਤੋਂ ਪਹਿਲਾਂ ਉਸਨੂੰ ਦੇ ਦੇਣ ਵਿਚ ਵਡੇਰੀ ਖੁਸ਼ੀ ਪ੍ਰਾਪਤ ਹੁੰਦੀ ਹੈ। ਉਸ ਅਨੁਸਾਰ ਕੋਈ ਤੁਹਾਡੇ ਦਰਵਾਜ਼ੇ ਤੇ ਆ ਕੇ ਮੰਗੇ ਵਧੇਰੇ ਦੁਖਦਾਇਕ ਚੀਜ਼ ਹੈ।

ਤਿਰੂ ਵੱਲੁਵਰ ਤਿਆਗਵਾਦ ਲਈ ਬਾਹਰਲੇ ਭੇਖ-ਵਾਲਾਂ ਦੀਆਂ ਜਟਾਂ ਬਣਾ ਲੈਣੀਆਂ,

ਸਿਰ ਨੂੰ ਘੋਨ ਮੋਨ ਕਰਵਾ ਲੈਣਾ, ਪਿੰਡੇ ਉਤੇ ਬਿਭੂਤੀ ਮਲ ਲੈਣੀ ਆਦਿ ਆਦਿ ਨੂੰ ਫਜ਼ੂਲ ਦਸਦਾ ਹੈ। ਇਹਨਾਂ ਸਭ ਕੁਝ ਦੀ ਥਾਂ ਤੇ ਉਹ ਮਨ ਵਿਚ ਤਿਆਗ ਦੀ ਭਾਵਨਾ ਉਤੇ ਬਲ ਦੇਂਦਾ ਹੈ-ਸੰਨਿਆਸੀਆਂ ਦੇ ਬਾਹਰਲੇ ਭੇਖ ਨਾਲੋਂ। ਉਸ ਅਨੁਸਾਰ ਸੰਨਿਆਸ (*Turavu*) ਤੋਂ ਭਾਵ ਲਗਾਓ (attachments) ਦੀਆਂ ਭਾਵਨਾਵਾਂ ਤੋਂ ਆਪਣੇ ਆਪ ਨੂੰ ਮੁਕਤ ਕਰਨਾ ਹੈ। ਸੰਨਿਆਸੀ ਨੇ ਆਪਣੀ 'ਮੈਂ' (ਹੰਗਤਾ) ਤੇ ਮੇਰੀ/ਮੇਰਾ ਦੀਆਂ ਭਾਵਨਾਵਾਂ ਨੂੰ ਤਿਆਗਣਾ ਹੈ। ਦੂਜੇ ਸ਼ਬਦਾਂ ਵਿਚ ਤਿਰੂ ਵੱਲੁਵਰ ਅਨੁਸਾਰ ਗ੍ਰਿਹਸਤ ਜੀਵਨ ਵਿਚ ਵਿਚਰਦਿਆਂ ਹੋਇਆਂ ਹੀ ਸੰਨਿਆਸੀ ਦੇ ਰੂਪ ਵਿਚ ਰਿਹਾ ਜਾ ਸਕਦਾ ਹੈ, ਇਸ ਖਾਤਰ ਬਾਹਰਲੇ ਭੇਖ ਦੀ ਕੋਈ ਆਵਸ਼ੱਕਤਾ ਨਹੀਂ ਸਗੋਂ ਆਪਣੀਆਂ ਕ੍ਰਿਆਵਾਂ ਨੂੰ ਠੀਕ ਸੇਧ ਦੇਣ ਦੀ ਲੋੜ ਹੈ। ਗੁਰਬਾਣੀ ਵਿਚ ਵੀ ਆਉਂਦਾ ਹੈ- "ਵਿਚੇ ਗ੍ਰਿਹਿ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥"

*Kollāmai* (ਕਿਸੇ ਵੀ ਜਿਊਂਦੇ ਜੀਵ ਨੂੰ ਨਾ ਮਾਰਨਾ) ਚੈਪਟਰ ਵਿਚ ਤਿਰੂ ਵੱਲੁਵਰ ਦੱਸਦਾ ਹੈ ਕਿ ਜੋ ਲੋਕ ਵਿਸ਼ਵ ਪਿਆਰ ਨੂੰ ਆਪਣਾ ਮਕਸਦ ਸਮਝਦੇ ਹਨ, ਜਿਤਨੀ ਦੇਰ ਉਹ ਆਪਣੇ ਮਨ ਤੇ ਦਿਲ ਵਿਚੋਂ ਹਿੰਸਾ ਦੀ ਭਾਵਨਾ ਦਾ ਨਾਸ ਨਹੀਂ ਕਰ ਲੈਂਦੇ ਉਹਨਾਂ ਅੰਦਰ ਮਨੁੱਖ ਮਾਤਰ ਲਈ ਹਮਦਰਦੀ ਤੇ ਦਇਆ ਦੀ ਭਾਵਨਾ ਉਪਜ ਹੀ ਨਹੀਂ ਸਕਦੀ। ਹਿੰਸਾ ਜੀਵਨ ਵਿਚਲੀ ਅਨੁਰੂਪਤਾ ਨੂੰ ਖਤਮ ਕਰ ਦੇਂਦੀ ਹੈ ਤੇ ਜੀਵਨ ਪ੍ਰਤੀ ਸਾਡਾ ਸਤਿਕਾਰ ਮਾਰ ਦਿੰਦੀ ਹੈ। ਇਸ ਦੀ ਹੋਂਦ ਵਿਚ ਸੰਸਾਰ ਵਿਚ ਸ਼ਾਂਤੀ ਹੋ ਹੀ ਨਹੀਂ ਸਕਦੀ।

ਵਿਸ਼ਵ ਪਿਆਰ ਨੂੰ ਆਪਣਾ ਜੀਵਨ ਮਕਸਦ ਸਮਝਣ ਵਾਲਿਆਂ ਲਈ ਤਿਰੂ ਵੱਲੁਵਰ ਦੱਸਦਾ ਹੈ ਕਿ ਉਹਨਾਂ ਨੂੰ ਆਪਣੀਆਂ ਘੱਟੋ ਘੱਟ ਲੋੜਾਂ ਤੋਂ ਵੱਧ ਜੋੜਨਾ ਠੀਕ ਨਹੀਂ, ਇਉਂ ਕਰਨਾ ਦੁਰਉਪਯੋਗ ਦੀ ਸ਼੍ਰੇਣੀ ਵਿਚ ਆਉਂਦਾ ਹੈ। ਗੁਰਬਾਣੀ ਵਿਚ ਵੀ ਆਉਂਦਾ ਹੈ-"ਪਾਪਾਂ ਬਾਝੋਂ ਹੋਵੈ ਨਾਹੀ, ਮੋਇਆ ਸਾਥਿ ਨਾ ਜਾਈ।"

ਗੁੱਸਾ ਹੰਡਾਣ ਨੂੰ ਵੀ ਲੇਖਕ ਨੇ ਬਹੁਤ ਨਿੰਦਿਆ ਹੈ ਕਿਉਂ ਜੋ ਇਸ ਨਾਲ ਪਿਆਰ ਤੇ ਜੀਵਨ ਦੀ ਖ਼ੁਸ਼ੀ ਖ਼ਤਮ ਹੁੰਦੀ ਹੈ। ਸੋ ਤਿਰੂ ਵੱਲੁਵਰ ਅਨੁਸਾਰ ਗੁੱਸਾ ਮਨੁੱਖ ਦਾ ਵੱਡਾ ਦੁਸ਼ਮਨ ਹੈ ਅਤੇ ਜਿਨ੍ਹਾਂ ਨੇ ਆਪਣੇ ਗੁੱਸੇ ਉਤੇ ਕਾਬੂ ਪਾ ਲਿਆ ਹੁੰਦਾ ਹੈ ਉਹ ਮਹਾਨ ਸੰਤ ਹੁੰਦੇ ਹਨ। ਬਾਬਾ ਫਰੀਦ ਸ਼ਕਰਗੰਜ ਵੀ ਕਹਿੰਦੇ ਹਨ-"ਗੁੱਸਾ ਮਨ ਨ ਹੰਡਾਇ॥ ਦੇਹੀ ਰੋਗ ਨਾ ਲਗਈ ਪਲੈ ਸਭ ਕਿਛ ਪਾਇ।" ਅਜੋਕੀ ਵਿਗਿਆਨ ਵੀ ਕਹਿੰਦੀ ਹੈ ਕਿ ਗੁੱਸਾ ਹੰਡਾਣ ਨਾਲ ਬੀ.ਪੀ. ਵਰਗੀਆਂ ਬੀਮਾਰੀਆਂ ਲੱਗ ਜਾਂਦੀਆਂ ਹਨ ਜੋ ਕਿ ਕਈ ਵਾਰੀ ਦਿਲ ਤੇ ਵੀ ਮਾਰੂ ਅਸਰ ਕਰ ਜਾਂਦੀਆਂ ਹਨ।

ਇਸ ਤਰ੍ਹਾਂ ਤਿਰੂ ਵੱਲੁਵਰ ਨੇ ਵਿਸ਼ਵ-ਪਿਆਰ ਵਾਲੇ ਸੰਪੂਰਨ ਵਿਅਕਤਿਤਵ ਲਈ ਘਰੇਲੂ ਜੀਵਨ ਵਿਚਲੀਆਂ ਕੁਝ ਇਕ ਪ੍ਰਮੁੱਖ ਅਵੱਸ਼ਕਤਾਵਾਂ ਬਾਰੇ ਆਪਣੇ ਵਿਚਾਰ ਪ੍ਰਗਟਾਏ ਹਨ।

# ਪੋਰੂਤਪਾਲ (ਅਰਥ ਸ਼ਾਸ਼ਤਰ)*

ਪੋਰਲੁ ਇਕ ਤਾਮਿਲ ਸ਼ਬਦ ਹੈ ਜਿਸ ਦਾ ਭਾਵ ਹੈ ਧਨ, ਦੌਲਤ। ਪੋਰੁਤਪਾਲ ਤੋਂ ਭਾਵ ਹੈ ਧੰਨ ਜਾਂ ਦੌਲਤ ਸੰਬੰਧੀ ਸ਼ਾਸਤਰ। ਇਸ ਲਈ ਵਧੇਰੇ ਪ੍ਰਚਲਤ ਸ਼ਬਦ ਹੈ ਅਰਥ ਸ਼ਾਸਤਰ । ਤਿਰੂ ਵੱਲੁਵਰ ਨੇ ਆਪਣੀ ਰਚਨਾ ਤਿਰੂ ਕੁਰਲ ਦੇ ਦੂਜੇ ਭਾਗ ਵਿਚ ਪੋਰੂਤਪਾਲ ਅਥਵਾ ਅਰਥ ਸ਼ਾਸਤਰ ਸੰਬੰਧੀ ਵਿਚਾਰ ਪ੍ਰਗਟਾਏ ਹਨ।

ਧਰਮ ਨੂੰ ਵਿਅਕਤੀ ਵਿਸ਼ੇਸ਼ ਦੇ ਸਮਾਜਿਕ ਤੇ ਵਿਸ਼ਵ ਚੇਤੰਨਤਾ ਦੇ ਵਿਕਾਸ ਵਜੋਂ ਵੇਖਿਆ ਜਾਂਦਾ ਹੈ। ਇਸ ਖਾਤਰ ਹਰ ਵਿਅਕਤੀ ਨੂੰ ਨਾ ਕੇਵਲ ਕੁਦਰਤ ਦੇ ਸਗੋਂ ਸਮਾਜ ਦੇ ਵੀ ਠੀਕ ਵਾਤਾਵਰਣ ਦੀ ਆਵੱਸ਼ਕਤਾ ਹੁੰਦੀ ਹੈ। ਇਵੇਂ ਸਮਾਜਿਕ ਵਿਗਿਆਨ ਜਾਂ ਸਰਕਾਰ ਦਾ ਧਰਮ ਨਾਲ ਨੇੜੇ ਦਾ ਸਬੰਧ ਹੁੰਦਾ ਹੈ। ਤਾਮੀਲੀਅਨ ਵਿਚਾਰਧਾਰਾ *Vākai* ਅਨੁਸਾਰ ਧਰਮ ਵਿਚ ਨਾ ਕੇਵਲ ਵਿਅਕਤੀ ਵਿਸ਼ੇਸ਼ ਨੇ ਆਪਣੀਆਂ ਵਿਅਕਤਕ ਜ਼ਿੰਮੇਵਾਰੀਆਂ ਨੂੰ ਨਿਬਾਹੁਣਾ ਹੁੰਦਾ ਹੈ ਸਗੋਂ ਆਪਣੀ ਸਮਾਜਕ ਪੱਧਰ ਅਨੁਸਾਰ ਆਪਣੀਆਂ ਸਮਾਜਕ ਜ਼ਿੰਮੇਵਾਰੀਆਂ ਨੂੰ ਵੀ ਨਿਬਾਹੁਣਾ ਹੁੰਦਾ ਹੈ। ਇਸ ਪਿਛਲੇ ਪਹਿਲੂ ਨੂੰ ਤਿਰੂ ਵੱਲੁਵਰ ਨੇ ਆਪਣੇ ਤਿਰੂ ਕੁਰਲ ਦੇ ਦੂਜੇ ਭਾਗ ਵਿਚ ਸਪਸ਼ਟ ਕਰਨ ਦਾ ਉਪਰਾਲਾ ਕੀਤਾ ਹੈ।

ਤਿਰੂ ਵੱਲੁਵਰ ਨੇ ਸਟੇਟ ਤੇ ਸੁਸਾਇਟੀ ਦੇ ਸਿਧਾਂਤ ਨੂੰ ਵਿਆਖਿਆਉਣ ਲਈ ਸਤ ਭਾਗਾਂ ਵਿਚ ਵੰਡ ਕੇ ਬਿਆਨਿਆ ਹੈ ਜਿਸ ਨੂੰ ਸਪਤੰਗਾ ਅਥਵਾ ਸਟੇਟ ਦੇ ਸਤ ਅੰਗ ਦਸਿਆ ਹੈ- ਰਾਜਾ, ਵਜ਼ੀਰ ਸਭਾ, ਫੌਜ, ਆਰਥਿਕ ਵਿਵਸਥਾ, ਕਿਲਾਬੰਦੀ, ਸ਼ਹਿਰੀ ਤੇ ਮਿੱਤਰ ਰਾਜ। ਇਹਨਾਂ ਵਿਚੋਂ ਰਾਜਾ ਬਾਕੀ ਛੇਆਂ ਦਾ ਮੋਹਰੀ ਜਾਂ ਲਾਰਡ ਹੁੰਦਾ ਹੈ। ਰਾਜੇ ਨੂੰ ਸੁਆਮੀ ਕਿਹਾ ਜਾਂਦਾ ਹੈ ਜਿਸ ਨੂੰ ਤਿਰੂ ਵੱਲੁਵਰ ਨੇ Utaiyan ਕਿਹਾ ਹੈ। ਵੱਲੁਵਰ ਅਨੁਸਾਰ ਰਾਜਾ ਆਪਣੀ ਸਟੇਟ ਦੇ ਧਰਮ ਦਾ ਰਖਵਾਲਾ ਹੁੰਦਾ ਹੈ। ਉਹ ਨਿਰਭੈ ਹੁੰਦਾ ਹੈ ਤੇ ਆਪਣੀ ਫੌਜ ਦਾ ਮੁਖੀ ਹੁੰਦਾ ਹੈ। ਉਹ ਸਿਆਣਾ ਤੇ ਪੜ੍ਹਿਆ ਲਿਖਿਆ ਹੁੰਦਾ ਹੈ। ਉਹ ਆਪਣੇ ਵਿਚਾਰਾਂ ਵਿਚ ਪੱਕਾ ਹੁੰਦਾ ਹੈ ਤੇ ਹਮੇਸ਼ਾ ਉਤਸ਼ਾਹ ਭਰਪੂਰ ਹੁੰਦਾ ਹੈ। ਇਹਨਾਂ ਸਭ ਗੁਣਾਂ ਦੁਆਰਾ ਉਹ ਆਪਣੀ ਸਟੇਟ ਵਿਚੋਂ ਅਧਰਮ ਨੂੰ ਖਤਮ ਕਰਦਾ ਹੈ। ਉਸ ਦੇ ਨਿਜੀ ਪਸੰਦ ਜਾਂ ਗੈਰ-ਪਸੰਦ ਨਹੀਂ ਹੁੰਦੇ ਅਤੇ ਉਸ ਦੇ ਸ਼ਹਿਰੀ ਉਸ ਤਾਈਂ ਹਰ ਸਮੇਂ ਪਹੁੰਚ ਸਕਦੇ ਹਨ। ਉਹ ਮਿੱਠ-ਬੋਲੜਾ ਹੁੰਦਾ ਹੈ, ਕਦੇ ਵੀ ਕੌੜਾ ਨਹੀਂ ਬੋਲਦਾ ਪ੍ਰੰਤੂ ਉਹ ਇਕ ਦ੍ਰਿੜ ਹਾਕਮ ਹੁੰਦਾ ਹੈ। ਉਹ ਚੰਗੀ ਰਾਏ ਦੀ ਕਦਰ ਕਰਦਾ ਹੈ ਭਾਵੇਂਕਿ ਉਹ ਰਾਏ ਉਸ ਨੂੰ ਕੁਝ ਅਣਸੁਖਾਵੀਂ ਹੀ ਲਗੇ। ਉਹ ਆਪਣੀ ਰਿਆਸਤ ਦੀ ਆਮਦਨ ਨੂੰ ਉਪਜ ਰਾਹੀਂ ਵਧਾਉਣ ਤੇ ਪਰਜਾ ਵਿਚ ਵੰਡ ਦੇਣ ਦਾ ਯਤਨ ਕਰਦਾ ਹੈ। ਸੋ, ਇਵੇਂ ਰਾਜਾ ਸਮਾਜਕ ਦ੍ਰਿਸ਼ਟੀ ਤੋਂ ਇਕ ਆਦਰਸ਼ ਵਿਅਕਤੀ ਹੁੰਦਾ ਹੈ।

ਅਰਥ ਸ਼ਾਸਤਰ ਸੰਬੰਧੀ ਹੋਰਨਾ ਵਿਸ਼ੇਸ਼ਗਾਂ ਤੇ ਤਿਰੂ ਵੱਲੁਵਰ ਦੇ ਵਿਚਾਰਾਂ ਵਿਚਲੇ ਅੰਤਰ ਨੂੰ ਦੇਖਣਾ ਹੋਏ ਤਾਂ ਪਤਾ ਲੱਗਦਾ ਹੈ ਕਿ ਦੂਸਰੇ ਵਿਸ਼ੇਸ਼ਗ ਸੁਸਾਇਟੀ ਤੇ ਸਟੇਟ ਸਬੰਧੀ ਪੱਖਾਂ ਨੂੰ ਰਾਜਨੀਤਿਕ ਤੇ ਇਸ ਵਿਚਲੀ ਚਤਰਾਈ ਵਜੋਂ ਬਿਆਨਦੇ ਤੇ ਵਿਚਾਰਦੇ ਹਨ ਅਤੇ ਉਹਨਾਂ ਦੀਆਂ ਕੀਮਤਾਂ ਵੀ ਆਪਣੀਆਂ ਹੀ ਹੁੰਦੀਆਂ ਹਨ। ਪ੍ਰੰਤੂ ਤਿਰੂ ਵੱਲੁਵਰ ਦੀ ਪਹੁੰਚ ਮੁਖ ਤੌਰ ਤੇ ਮਾਨਵੀ ਹੁੰਦੀ ਹੈ। ਰਾਜੇ ਦੀ ਵਿਦਿਆ ਤੇ ਪ੍ਰਾਪਤੀਆਂ ਬਾਰੇ ਜਿਥੇ ਦੂਜੇ ਲੋਕ ਵਿਚਾਰ ਪ੍ਰਗਟਾਂਦੇ ਹਨ ਕਿ ਉਹ ਅਰਥ, ਕਾਨੂੰਨ ਜਾਂ ਯੁੱਧ ਵਿਗਿਆਨ ਬਾਰੇ ਕਿਤਨਾ ਕੁ ਜਾਣਦਾ ਹੈ, ਤਿਰੂਵੱਲੁਵਰ

* "Economic Ideas of Tiruvalluvar". By Dr. B. NATRAJAN ਤੇ ਆਧਾਰਿਤ

ਅਜਿਹੀ ਬਹਿਸ ਵਿਚ ਨਹੀਂ ਪੈਂਦਾ। ਉਹ ਇਹ ਨਹੀਂ ਭੁੱਲਦਾ ਕਿ ਰਾਜਾ ਸਭ ਤੋਂ ਪਹਿਲਾਂ ਇਕ ਮਨੁੱਖ ਹੁੰਦਾ ਹੈ ਅਤੇ ਮਨੁੱਖ ਪਸ਼ੂ ਤੋਂ ਆਪਣੀ ਵਿਦਿਆ ਦੇ ਪਖੋਂ ਵੱਖਰਾ ਹੁੰਦਾ ਹੈ ਜਿਸ ਨਾਲ ਕਿ ਉਸ ਦੀਆਂ ਅੱਖਾਂ ਖੁਲ੍ਹਦੀਆਂ ਹਨ ਤੇ ਇਵੇਂ ਉਹ ਹਰ ਮਾਮਲੇ ਨੂੰ ਤੇ ਉਸ ਦੇ ਹੋਣ ਵਾਲੇ ਪ੍ਰਤੀਕਰਮ ਨੂੰ ਸੋਚ ਸਮਝ ਸਕਦਾ ਹੈ। ਵਿਦਿਆ ਮਨੁਖ ਅੰਦਰ ਲੁਕੀ ਹੋਈ ਜਾਣਕਾਰੀ ਦੇ ਭੰਡਾਰੇ ਨੂੰ ਸਾਹਮਣੇ ਲੈ ਆਉਂਦੀ ਹੈ, ਜਿਵੇਂ ਚਸ਼ਮੇਂ ਵਿਚਲਾ ਪਾਣੀ। ਅਸਲੀ ਵਿਦਿਆ ਆਪਣੀ ਜਾਣਕਾਰੀ ਨੂੰ ਅਮਲ ਵਿਚ ਲਿਆਉਣ ਵਿਚ ਹੈ ਤਾਂ ਜੋ ਦੂਜਿਆਂ ਲਈ ਇਹ ਇਕ ਮਿਸਾਲ ਬਣ ਸਕੇ। ਤਿਰੂ ਵੱਲੁਵਰ ਅਨੁਸਾਰ ਅਜਿਹੀ ਵਿਦਿਆ ਉੱਚ ਘਰਾਣੇ ਵਿਚਲੇ ਜਨਮ ਤੋਂ ਬਿਨਾ ਨਿਰਾਰਥਕ ਹੁੰਦੀ ਹੈ। ਇਥੇ ਉੱਚ ਘਰਾਣੇ ਤੋਂ ਭਾਵ ਉੱਚ ਜਾਤੀ ਜਾਂ ਉੱਚ ਬਰਾਦਰੀ ਨਹੀਂ ਸਗੋਂ ਉੱਚ ਵਿਚਾਰਾਂ ਤੇ ਸੰਸਕਾਰਾਂ ਵਾਲੇ ਘਰਾਣੇ ਤੋਂ ਹੈ। ਕਿਉਂ ਜੋ ਭਾਰਤੀ ਵਿਚਾਰਧਾਰਾ ਅਨੁਸਾਰ ਬੱਚੇ ਨੇ ਆਪਣੇ ਘਰਾਣੇ ਤੋਂ ਹੀ ਮਾਨਵੀ ਸੰਪੂਰਣਤਾ ਦੇ ਗੁਣ ਲੈਣੇ ਹੁੰਦੇ ਹਨ। ਜੀਵਨ ਵਿਚ ਸਾਧਾਰਨ ਮਨੁੱਖ ਲਈ ਜੋ ਵਿਵਹਾਰਕ (Practical) ਜਾਣਕਾਰੀ ਤੇ ਸਿਆਣਪ, ਵਿਦਿਆ ਤੇ ਤਜਰਬਾ ਲਾਭਕਾਰੀ ਹੁੰਦਾ ਹੈ, ਜਿਨ੍ਹਾਂ ਦੇ ਆਧਾਰ ਤੇ ਉਹ ਜੀਵਨ ਨੂੰ ਕੁਸ਼ਲਤਾ ਸਹਿਤ ਬਿਤਾ ਸਕਦਾ ਹੈ ਤੇ ਸੁਖ, ਖੁਸ਼ੀਆਂ ਨੂੰ ਵਧਾ ਸਕਦਾ ਹੈ ਤਿਰੂ ਵੱਲੁਵਰ ਉਹਨਾਂ ਗੁਣਾਂ ਨੂੰ ਹੀ ਸਰਵੋਤਮ ਮਨੁੱਖ-ਰਾਜੇ ਵਿਚ ਵੇਖਣਾ ਚਾਹੁੰਦਾ ਹੈ। ਵੱਲੁਵਰ ਅਨੁਸਾਰ ਹਾਕਮ ਵੀ ਕਿਉਂ ਜੋ ਇਕ ਮਨੁੱਖ ਹੁੰਦਾ ਹੈ ਸੋ ਉਸ ਨੂੰ ਆਪਣੇ ਵਿਚਲੇ ਗ਼ਲਤ ਝੁਕਾ, ਹੰਕਾਰ, ਕ੍ਰੋਧ, ਵਾਸ਼ਨਾਵਾਂ, ਆਪਣੀ ਪਦਵੀ ਸੰਬੰਧੀ ਫੋਕੀ ਸ਼ਾਨ, ਫਜ਼ੂਲ ਕਿਸਮ ਦੀ ਐਸ਼ ਇਸ਼ਰਤ, ਆਪਣੀ ਡਿਊਟੀ ਵਲੋਂ ਅਨਗਹਿਲੀ ਆਦਿ ਗਲਾਂ ਤੋਂ ਬਚੇ ਰਹਿਣੇ ਚਾਹੀਦਾ ਹੈ। ਦੂਜਿਆਂ ਵਿਚਲੀਆਂ ਕਮਜ਼ੋਰੀਆਂ ਨੂੰ ਗੌਲਣ ਤੋਂ ਪਹਿਲਾਂ ਆਪਣੀਆਂ ਅੰਦਰਲੀਆਂ ਕਮਜ਼ੋਰੀਆਂ ਵਲ ਝਾਤੀ ਮਾਰਨੀ ਚਾਹੀਦੀ ਹੈ।

ਤਿਰੂ ਵੱਲੁਵਰ ਦੇ ਸਮੇਂ ਕਿਉਂ ਜੋ ਰਾਜਾਸ਼ਾਹੀ ਚਲਦੀ ਸੀ, ਸੋ ਆਪਣੀ ਰਚਨਾ ਵਿਚ ਉਹ ਰਾਜੇ ਬਾਰੇ ਹੀ ਗਲ ਕਰਦਾ ਹੈ। ਪ੍ਰੰਤੂ ਕਿਉਂ ਜੋ ਲੇਖਕ ਮੁਢਲੇ ਮਾਨਵੀ ਆਦਰਸ਼ਾਂ (fundamental human ideals) ਉਤੇ ਜ਼ੋਰ ਦੇਂਦਾ ਹੈ, ਉਸ ਦੇ ਵਿਚਾਰ ਭਾਵੇਂ ਰਾਜੇ ਸੰਬੰਧੀ ਹਨ, ਉਹ ਅਜੋਕੇ ਸਮਾਜਵਾਦੀ ਸਮਾਜ ਉਤੇ ਵੀ ਲਾਗੂ ਹੋ ਜਾਂਦੇ ਹਨ ਜਿਸ ਵਿਚ ਕਿ ਮੁਢਲੀਆਂ ਮਾਨਵੀ ਖੂਬੀਆਂ ਉਤੇ ਬਲ ਦਿਤਾ ਜਾਂਦਾ ਹੈ ਤੇ ਸਮੁੱਚੀ ਮਾਨਵਤਾ ਨੂੰ ਬਰਾਬਰ ਸਮਝਿਆ ਜਾਂਦਾ ਹੈ। ਤਿਰੂ ਵੱਲੁਵਰ ਨੇ ਭਾਵੇਂ ਸਮਾਜਵਾਦ ਬਾਰੇ ਨਾ ਹੀ ਕਲਪਨਾ ਕੀਤੀ ਹੋਵੇ ਪ੍ਰੰਤੂ ਉਸ ਦੀ ਮਾਨਵੀ ਵਿਚਾਰਧਾਰਾ ਅਜੋਕੀ ਸਮਾਜਵਾਦੀ ਸਰਕਾਰ ਉਤੇ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ।

ਸਾਡੇ ਮਨ ਉਤੇ ਚੁਗਿਰਦੇ ਦਾ ਤੇ ਆਪਣੇ ਸੰਗੀਆਂ ਸਾਥੀਆਂ ਦਾ ਪ੍ਰਭਾਵ ਭਰਪੂਰ ਰੂਪ ਵਿਚ ਪੈਂਦਾ ਹੈ। ਜਿਵੇਂ ਪਾਣੀ ਜਿਸ ਤਰ੍ਹਾਂ ਦੀ ਧਰਤੀ ਉਤੇ ਵਗ ਰਿਹਾ ਹੁੰਦਾ ਹੈ ਉਹੋ ਜਿਹਾ ਹੀ ਰੰਗ ਧਾਰਨ ਕਰ ਲੈਂਦਾ ਹੈ, ਇਵੇਂ ਹੀ ਸਾਡੇ ਮਨ ਦੀ ਵਡਿੱਤਣ ਆਪਣੇ ਸੰਗੀਆਂ ਸਾਥੀਆਂ ਦੀ ਵਡਿੱਤਣ ਅਨੁਸਾਰ ਹੁੰਦੀ ਹੈ। ਸੋ ਤਿਰੂ ਵੱਲੁਵਰ ਅਨੁਸਾਰ ਸਾਨੂੰ ਮਾੜੇ ਸੰਗ ਤੋਂ ਹਮੇਸ਼ਾ ਪ੍ਰਹੇਜ਼ ਕਰਨਾ ਚਾਹੀਦਾ ਹੈ। ਵੱਲੁਵਰ ਕੇਵਲ ਚੰਗੇ ਨਤੀਜਿਆਂ ਤੋਂ ਸੰਤੁਸ਼ਟ ਨਹੀਂ ਹੁੰਦਾ। ਉਸ ਅਨੁਸਾਰ ਇਹਨਾਂ ਨਤੀਜਿਆਂ ਲਈ ਅਪਣਾਏ ਗਏ ਸਾਧਨ ਵੀ ਜ਼ਰੂਰ ਚੰਗੇ ਹੋਣੇ ਚਾਹੀਦੇ ਹਨ। ਸਾਡੇ ਕਰਮਾਂ ਦੀ ਸੁਚੱਮਤਾ ਤੇ ਮਨ ਦੀ ਸੁੱਚਮਤਾ ਸਾਡੇ ਸੰਗੀਆਂ ਸਾਥੀਆਂ ਦੀ ਸੁੱਚਮਤਾ ਉਤੇ ਆਧਾਰਿਤ ਹੁੰਦੀ ਹੈ।

ਤਿਰੂਵੱਲੁਵਰ ਅਨੁਸਾਰ ਰਾਜੇ ਨੂੰ ਇਨਸਾਫ਼ ਕਰਨ ਲਗਿਆਂ ਦੋਸਤ ਜਾਂ ਦੁਸ਼ਮਨ ਨਹੀਂ ਸੋਚਣਾ ਚਾਹੀਦਾ ਸਗੋਂ ਗ਼ਲਤੀ ਕਰਨ ਵਾਲੇ ਨੂੰ ਇਕ ਸਮਾਨ ਦੰਡ ਦੇਣਾ ਚਾਹੀਦਾ ਹੈ। ਉਸ ਨੂੰ ਆਪਣੀ ਨਿਆਇ ਸ਼ਕਤੀ ਦਾ ਦੋਸ਼ੀਆਂ ਨੂੰ ਦੰਡ ਦੇਣ ਵੇਲੇ ਗਲਤ ਪ੍ਰਯੋਗ ਨਹੀਂ ਕਰਨਾ ਚਾਹੀਦਾ। ਇਹ ਫਸਲ ਨੂੰ ਵਧਣ ਫੁੱਲਣ ਲਈ ਉਸ ਵਿਚੋਂ ਅਣਚਾਹੀ ਬੂਟੀ ਨੂੰ ਬਾਹਰ ਕਢਣਾ ਹੁੰਦਾ ਹੈ। ਇਸ ਤਰ੍ਹਾਂ ਦੇ ਇਨਸਾਫ਼ ਨਾਲ ਸੁਸਾਇਟੀ ਅਮੀਰ ਤੇ ਸੰਤੁਸ਼ਟ ਹੁੰਦੀ ਹੈ।

ਰਾਜੇ ਨੂੰ ਜ਼ਾਲਮ ਵੀ ਨਹੀਂ ਹੋਣਾ ਚਾਹੀਦਾ ਕਿਉਂ ਜੋ ਇਉਂ ਉਹ ਆਪਣੀਆਂ ਜੜ੍ਹਾਂ ਨੂੰ ਆਪ ਕੱਟ ਰਿਹਾ ਹੁੰਦਾ ਹੈ। ਉਸ ਨੂੰ ਵੱਧ ਤੋਂ ਵੱਧ ਦਇਆਵਾਨ ਹੋਣਾ ਚਾਹੀਦਾ ਹੈ। ਜੇ ਰਾਜਾ ਕਿਸੇ ਨੂੰ

ਸਜ਼ਾ ਦੇਂਦਾ ਹੈ ਤਾਂ ਉਹ ਸਜ਼ਾ ਡਰਾਉਣੀ ਕਿਸਮ ਦੀ ਨਹੀਂ ਹੋਣੀ ਚਾਹੀਦੀ ਸਗੋਂ ਜਿਤਨਾ ਕਿਸੇ ਨੇ ਕਸੂਰ ਕੀਤਾ ਹੁੰਦਾ ਹੈ ਉਸ ਦੇ ਅਨੁਸਾਰ ਹੀ ਹੋਣੀ ਚਾਹੀਦੀ ਹੈ। ਤਿਰੂ ਵੱਲੁਵਰ ਅਨੁਸਾਰ ਰਾਜੇ ਵਲੋਂ ਦਿੱਤੀਆਂ ਜਾਣ ਵਾਲੀਆਂ ਸਜ਼ਾਵਾਂ ਦੀ ਤਹਿ ਵਿਚ ਲੋਕਾਈ ਦਾ ਪਿਆਰ ਤੇ ਮਾਨਵਸ਼ੀਲਤਾ ਦੀ ਭਾਵਨਾ ਭਰੀ ਹੋਣੀ ਚਾਹੀਦੀ। ਅਪਰਾਧੀਆਂ ਨੂੰ ਰੋਗੀ ਨਹੀਂ ਸਮਝਣਾ ਚਾਹੀਦਾ ਜਿਵੇਂ ਕਿ ਅਜੋਕੇ ਅਪ੍ਰਾਧ-ਵਿਗਿਆਨੀ ਮੰਨਦੇ ਹਨ।

ਵਜ਼ੀਰਾਂ ਦੇ ਬਿਆਨ ਵੇਲੇ ਜਿਨ੍ਹਾਂ ਵਿਚ ਕਿ ਰਾਜਦੂਤ (Ambassadors) ਵੀ ਸ਼ਾਮਲ ਹਨ, ਵਿਚ ਤਿਰੂ ਵਲੁਵਰ ਭਾਸ਼ਨ ਸ਼ਕਤੀ ਦਾ ਹੋਣਾ ਜ਼ਰੂਰੀ ਸਮਝਦਾ ਹੈ। ਉਸ ਦੀ ਰਚਨਾ ਵਿਚ ਇਕ ਚੈਪਟਰ 'ਸੋਲਵਨਮਈ' (*colvaṇmai* – The power of speech), ਇਕ ਹੋਰ ਚੈਪਟਰ *avaiyaṟital* (understanding of the audience) ਤੇ ਤੀਜਾ ਚੈਪਟਰ *avaiyañcāmai* (one's fearlessness of the audience) ਬਾਰੇ ਹੈ। ਇਹਨਾਂ ਤਿੰਨਾਂ ਚੈਪਟਰਾਂ ਰਾਹੀਂ ਪ੍ਰਗਟਾਏ ਵਿਚਾਰ ਸਾਡੇ ਅਜੋਕੇ ਨੇਤਾਵਾਂ ਲਈ ਬੜੇ ਪ੍ਰੈਕਟੀਕਲ ਤੇ ਅਮਲ ਕਰਨ ਵਾਲੇ ਨੁਕਤੇ ਹਨ।

ਤਿਰੂ ਵੱਲੁਵਰ ਰਾਜਦੂਤ ਲਈ ਵੀ *tūymai* (purity) ਸੁੱਚਮਤਾ ਉਤੇ ਬਲ ਦੇਂਦਾ ਹੈ, ਨਿਰਭੈਤਾ ਤੇ ਸੱਚਪੁਣੇ ਦੇ ਨਾਲ ਨਾਲ। ਇਹ ਸਾਰੇ ਗੁਣ ਇਕ ਧਾਰਮਕ ਵਿਅਕਤੀ ਦੇ ਵਿਸ਼ੇਸ਼ ਗੁਣ ਹੁੰਦੇ ਹਨ। ਭਾਵ, ਤਿਰੂ ਵੱਲੁਵਰ ਦੀ ਰਾਜਨੀਤੀ ਧਾਰਮਕ ਗੁਣਾ ਭਰਪੂਰ ਹੈ। ਉਸ ਅਨੁਸਾਰ ਵਿਚਾਰਾਂ ਤੇ ਕਰਮਾਂ ਵਿਚ ਦ੍ਰਿੜ ਹੋਣਾ ਵੀ ਨੇਤਾਵਾਂ ਲਈ ਜ਼ਰੂਰੀ ਹੁੰਦਾ ਹੈ। ਇਕ ਵਾਰ ਕੋਈ ਕੰਮ ਆਰੰਭ ਕਰ ਲਿਆ ਜਾਏ ਜਾਂ ਕੋਈ ਨਿਰਨਾ ਲੈ ਲਿਆ ਜਾਏ ਤਾਂ ਇਕ ਚੰਗਾ ਅਧਿਕਾਰੀ ਉਸ ਨੂੰ ਥੋੜਾ ਕੀਤਿਆਂ ਬਦਲਦਾ ਨਹੀਂ। ਆਪਣੀ ਹਥਲੀ ਯੋਜਨਾ ਨੂੰ ਸਿਰੇ ਚੜ੍ਹਾਣ ਤੋਂ ਪਹਿਲਾਂ ਉਸ ਬਾਰੇ ਢੰਡੋਰਾ ਨਹੀਂ ਪਿੱਟਦਾ ਕਿਉਂ ਜੋ ਭਾਸ਼ਨ ਨਾਲੋਂ ਅਮਲ ਵਧੇਰੇ ਕਠਨ ਹੁੰਦਾ ਹੈ। ਫਿਰ ਲੇਖਕ ਦਸਦਾ ਹੈ ਕਿ ਕੋਈ ਅਜਿਹਾ ਕੰਮ ਨਾ ਕਰੋ ਜਿਸ ਨਾਲ ਦੂਜਿਆਂ ਦੇ ਦਿਲ ਵਿਚ ਤੁਹਾਡੇ ਬਾਰੇ ਸੰਸੇ ਪੈਦਾ ਹੋਣ। ਜੋ ਕੰਮ ਤੁਹਾਡੇ ਤੋਂ ਉਤਲੇ ਅਧਿਕਾਰੀ ਠੀਕ ਨਹੀਂ ਸਮਝਦੇ, ਉਹ ਕਦੇ ਨਾ ਕਰੋ। ਆਪਣੇ ਤੋਂ ਉਤਲਿਆਂ ਦੇ ਨਾ ਬਹੁਤਾ ਨੇੜੇ ਹੋਵੇ ਤੇ ਨਾ ਹੀ ਬਹੁਤਾ ਦੂਰ। ਉਹਨਾਂ ਦੇ ਸਾਹਮਣੇ ਕਦੇ ਕਾਨਾ ਫੂਸੀ ਨਾ ਕਰੋ। ਉਸ ਦੇ ਨਾਲ ਠੀਕ ਸਮੇਂ ਤੇ ਠੀਕ ਢੰਗ ਨਾਲ ਗਲ ਕਰੋ। ਆਪਣੇ ਅਫ਼ਸਰ ਦੀ ਅੱਖ ਤੋਂ ਉਸ ਦੇ ਮੂਡ ਨੂੰ ਪਛਾਣ ਕੇ ਉਸ ਅਨੁਸਾਰ ਗਲ ਕਰੋ। ਇਵੇਂ ਤਿਰੂ ਵੱਲੁਵਰ ਆਪਣੀ ਰਚਨਾ ਰਾਹੀਂ ਸਾਨੂੰ ਪੂਰੀਆਂ ਕਰਮਸ਼ੀਲ ਸਲਾਹਾਂ ਦੇਂਦਾ ਹੈ ਤੇ ਸਾਡੇ ਸਮਾਜਕ ਜੀਵਨ ਦੀ ਪੱਥ-ਪ੍ਰਦਰਸ਼ਨਾ ਕਰਦਾ ਹੈ।

ਇਸ ਦੇ ਨਾਲ ਨਾਲ ਹੀ ਤਿਰੂ ਵੱਲੁਵਰ ਸੁੱਚੇ ਸਾਧਨਾਂ ਉਤੇ ਵੀ ਵਧੇਰੇ ਬਲ ਦੇਂਦਾ ਹੈ। ਉਸ ਅਨੁਸਾਰ ਕਿਸੇ ਯੋਜਨਾ ਦੀ ਪੂਰਤੀ ਉਸ ਖਾਤਰ ਅਪਣਾਏ ਗਏ ਸਾਧਨਾਂ ਦੀ ਨਿਆਇਕਰਤਾ ਹੀ ਨਹੀਂ ਹੁੰਦੀ ਸਗੋਂ ਉਸ ਵਿਚਲੇ ਕਰਮਾਂ ਦੀ ਸੁੱਚਮਤਾ ਵੀ ਹੁੰਦੀ ਹੈ (End will not justify the means, what is important is the purity of action) ਤਿਰੂ ਵੱਲੁਵਰ ਦਾ ਮਾਨਵਤਾ ਪ੍ਰਤੀ ਇਕ ਇਕ ਬੜਾ ਵੱਡਾ ਸੁਨੇਹਾ ਹੈ। ਤਿਰੂ ਵੱਲੁਵਰ ਅਨੁਸਾਰ ਦੂਜਿਆਂ ਦੇ ਹੰਝੂ ਵਹਾ ਕੇ ਇਕੱਠੀ ਕੀਤੀ ਮਾਇਆ ਛੇਤੀ ਖਤਮ ਹੋ ਜਾਂਦੀ ਹੈ। ਅਜਿਹੀ ਮਾਇਆ ਅਖੀਰ ਦੁਖਦਾਈ ਹੀ ਸਿੱਧ ਹੁੰਦੀ ਹੈ।

ਸਟੇਟ ਦੇ ਕੰਮਾਂ ਨੂੰ ਸੁਚਾਰੂ ਢੰਗ ਨਾਲ ਚਲਾਣ ਵਾਲੀ ਵਜ਼ੀਰਾਂ ਦੀ ਮੰਡਲੀ ਨੂੰ ਚਾਹੀਦਾ ਹੈ ਕਿ ਉਹ ਕਿਸੇ ਵੀ ਕੰਮ ਨੂੰ ਲੋੜੋਂ ਵਧੀਕ ਲੇਟ ਨਾ ਕਰਨ। ਜੇ ਆਵੱਸ਼ਕਤਾ ਹੋਵੇ ਤਾਂ ਉਸ ਵਿਚ ਲੋੜ ਅਨੁਸਾਰ ਤਬਦੀਲੀ ਵੀ ਕਰ ਲੈਣ। ਪ੍ਰੰਤੂ ਕੋਈ ਯੋਜਨਾ ਅੱਧ ਵਿਚਾਲੇ ਨਾ ਛੱਡ ਦੇਣ। ਹਰ ਯੋਜਨਾ ਨੂੰ ਆਰੰਭਨ ਤੋਂ ਪਹਿਲਾਂ ਉਸ ਖਾਤਰ ਲੋੜੀਂਦੇ ਸਾਧਨਾਂ, ਸਮੇਂ ਤੇ ਸਥਾਨ ਬਾਰੇ ਪੂਰੀ ਗੰਭੀਰਤਾ ਨਾਲ ਵਿਚਾਰ ਕਰ ਲੈਣ। ਉਸ ਵਿਚ ਆ ਸਕਣ ਵਾਲੀਆਂ ਮੁਸ਼ਕਲਾਂ, ਰੁਕਾਵਟਾਂ ਬਾਰੇ ਵੀ ਪਹਿਲਾਂ ਸੋਚ ਲੈਣ। ਚੰਗਾ ਹੋਵੇ ਜੇ ਉਸ ਬਾਰੇ ਹੋਰ ਜਾਣੂੰ ਲੋਕਾਂ ਦੀ ਰਾਏ ਦਾ ਵੀ ਲਾਭ ਉਠਾ ਲਿਆ ਜਾਏ। ਆਪਣੇ ਦੁਸ਼ਮਨ ਨਾਲ ਗੰਢ ਤੁੱਪ ਕਰ ਲੈਣੀ ਚੰਗੀ ਹੈ, ਮਿੱਤਰਾਂ ਨਾਲ ਮਿੱਤਰਤਾ ਨੂੰ ਹੋਰ ਗੂੜ੍ਹੀ ਕਰਨ ਨਾਲੋਂ। ਕਦੇ ਉਹ ਕੰਮ ਨਾ ਕਰੋ ਜਿਨ੍ਹਾਂ ਕਰਕੇ ਤੁਹਾਨੂੰ ਪਿਛੋਂ ਪਛਤਾਣਾ ਪਵੇ।

ਕਿਸੇ ਵੀ ਹਕੂਮਤ ਲਈ ਪੈਸਾ ਵਡੀ ਅਹਿਮੀਅਤ ਰਖਦਾ ਹੈ। ਪ੍ਰੰਤੂ ਤਿਰੂ ਵੱਲੁਵਰ ਗਲਤ ਢੰਗਾਂ ਦੁਆਰਾ ਕਮਾਏ ਪੈਸੇ ਨਾਲੋਂ ਦੁਖਦਾਇਕ ਗਰੀਬੀ ਨੂੰ ਵਧੇਰੇ ਚੰਗੀ ਸਮਝਦਾ ਹੈ। ਉਸ ਅਨੁਸਾਰ ਗ਼ਲਤ ਸਾਧਨਾ ਦੁਆਰਾ ਇਕੱਠਾ ਕੀਤਾ ਧੰਨ ਅਖੀਰ ਅਧੋਗਤੀ ਦਾ ਕਾਰਨ ਬਣਦਾ ਹੈ। ਉਸ ਅਨੁਸਾਰ ਅਜਿਹਾ ਜੋੜਿਆ ਧੰਨ ਉਵੇਂ ਹੀ ਹੁੰਦਾ ਹੈ ਜਿਵੇਂ ਕੱਚੀ ਮਿੱਟੀ ਦੇ ਘੜੇ ਵਿਚ ਭਰਿਆ ਹੋਇਆ ਪਾਣੀ ਹੁੰਦਾ ਹੈ। ਤਿਰੂ ਵੱਲੁਵਰ ਧੰਨਵਾਨ ਬਨਣ ਲਈ ਉਚੇ ਸੁੱਚੇ ਸਾਧਨਾਂ ਉਤੇ ਜ਼ੋਰ ਦੇਂਦਾ ਹੈ। ਅਜਿਹਾ ਧੰਨ ਸਾਡੀ ਸਮੁੱਚੀ ਪ੍ਰਫੁੱਲਤਾ ਵਿਚ ਸਹਾਇਕ ਹੁੰਦਾ ਹੈ।

ਤਿਰੂ ਵੱਲੁਵਰ ਦੇ ਸਮੇਂ ਤਾਮਿਲ ਨਾਡੂ ਵਿਚ ਜਾਸੂਸੀ ਸਿਸਟਮ ਵੀ ਪ੍ਰਚੱਲਤ ਸੀ। ਹਰ ਸਟੇਟ ਵਿਚ ਇਨਸਾਫ਼ ਰੱਖਣ ਲਈ ਹਕੂਮਤ ਨੂੰ ਆਪਣੀ ਪਰਜਾ, ਹਕੂਮਤ ਦੇ ਮਿੱਤ੍ਰਾਂ ਤੇ ਦੁਸ਼ਮਨਾਂ ਬਾਰੇ ਠੀਕ-2 ਜਾਣਕਾਰੀ ਹੋਣੀ ਜ਼ਰੂਰੀ ਹੁੰਦੀ ਹੈ ਅਤੇ ਇਕ ਜਾਸੂਸ ਦੀ ਸਫਲਤਾ ਇਸ ਵਿਚ ਹੁੰਦੀ ਹੈ ਕਿ ਉਸ ਬਾਰੇ ਕਿਸੇ ਨੂੰ ਪਤਾ ਨਾ ਲਗੇ। ਇਸੇ ਲਈ ਚੰਗੀ ਸਰਕਾਰ ਵੀ ਜਾਸੂਸਾਂ ਨੂੰ ਸਭ ਦੇ ਸਾਹਮਣੇ ਸਨਮਾਨ ਨਹੀਂ ਦੇਂਦੀ ਅਤੇ ਇਥੋਂ ਤੀਕ ਕਿ ਉਹ ਆਪਣੇ ਜਾਸੂਸ ਬਾਰੇ ਵੀ ਅਗੋਂ ਹੋਰ ਜਾਸੂਸੀ ਕਰਦੀ ਰਹਿੰਦੀ ਹੈ ਅਤੇ ਜਦ ਤਿੰਨ ਵੱਖ-2 ਜਾਸੂਸਾਂ ਵਲੋਂ ਕੋਈ ਜਾਣਕਾਰੀ ਮਿਲਦੀ ਹੈ ਤਾਂ ਉਹਨਾਂ ਦੇ ਮੇਲਾਨ ਉਪ੍ਰੰਤ ਕਾਰਵਾਈ ਕਰਦੀ ਹੈ। ਤਿਰੂ ਵੱਲੁਵਰ ਆਪਣੀ ਰਚਨਾ ਵਿਚ ਅਜਿਹੇ ਜਾਸੂਸੀ ਪ੍ਰਬੰਧ ਦੀ ਪ੍ਰੋੜ੍ਹਤਾ ਕਰਦਾ ਹੈ ਕਿਉਂ ਜੋ ਜਾਸੂਸ ਰਾਜੇ ਦੀਆਂ ਅੱਖਾਂ ਹੁੰਦੀਆਂ ਹਨ।

ਤਿਰੂ ਵੱਲੁਵਰ ਅਨੁਸਾਰ ਨਸ਼ੇ ਮਨੁੱਖ ਨੂੰ ਆਪਣੀ ਮਾਂ ਤਕ ਦੀਆਂ ਨਜ਼ਰਾਂ ਵਿਚ ਕਮੀਨਾ ਬਣਾ ਦੇਂਦੇ ਹਨ। ਇਸ ਤੋਂ ਵਡੀ ਬੇਵਕੂਫੀ ਹੋਰ ਕੀਹ ਹੋ ਸਕਦੀ ਹੈ ਕਿ ਮਨੁੱਖ ਚੇਤੰਨਹੀਣਤਾ ਨੂੰ ਪੈਸੇ ਦੇ ਕੇ ਖਰੀਦੇ। ਵੱਲੁਵਰ ਅਨੁਸਾਰ ਜੋ ਸ਼ਰਾਬ ਪੀਂਦੇ ਹਨ, ਉਹ ਜ਼ਹਿਰ ਪੀਂਦੇ ਹਨ।

ਜੂਆ ਇਕ ਹੋਰ ਵਡਾ ਭੈੜ ਹੈ ਜਿਸ ਨੂੰ ਲਾਲਚ ਤੋਂ ਉਤਸ਼ਾਹ ਮਿਲਦਾ ਹੈ। ਜੂਏ ਵਿਚੋਂ ਕਮਾਇਆ ਧੰਨ ਇਕ ਤਰ੍ਹਾਂ ਦੀ ਕੁੰਡੀ ਹੁੰਦੀ ਹੈ ਜਿਸ ਨੂੰ ਮੱਛੀ ਆਪਣੇ ਗਲੇ ਵਿਚ ਫਸਾ ਲੈਂਦੀ ਹੈ। ਜੂਆ ਮੁਸੀਬਤਾਂ ਲਿਆਉਂਦਾ ਹੈ ਅਤੇ ਮਨੁੱਖ ਦੀ ਸਾਰੀ ਸ਼ੁਹਰਤ ਖ਼ਤਮ ਕਰ ਦੇਂਦਾ ਹੈ।

ਬੀਮਾਰੀਆਂ ਆਦਮੀ ਨੂੰ ਲੂਲ੍ਹਾ ਬਣਾ ਦੇਂਦੀਆਂ ਹਨ। ਪੇਟੂ (ਖਾਊ) ਹੋਣਾ ਇਕ ਵੱਡੀ ਭੈੜ ਹੈ। ਤਿਰੂ ਵੱਲੁਵਰ ਅਨੁਸਾਰ ਉਦੋਂ ਖਾਓ ਜਦੋਂ ਭੁੱਖ ਲਗੇ ਤੇ ਓਦੋਂ ਵੀ ਬਹੁਤਾ ਨਾ ਖਾਓ। ਦਰਮਿਆਨਾ ਖਾਣਾ ਬਹੁਤ ਚੰਗਾ ਹੁੰਦਾ ਹੈ ਨਹੀਂ ਤਾਂ ਮਨੁੱਖ ਕਈ ਤਰ੍ਹਾਂ ਦੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਬੀਮਾਰ ਮਨੁੱਖ ਨੇ ਸਮਾਜਕ ਕਰਤੱਵ ਤੇ ਫਰਜ਼ ਕੀ ਨਿਭਾਉਣੇ ਹਨ। ਸੋ, ਇਵੇਂ ਵੱਲੁਵਰ ਦੀ ਪਹੁੰਚ ਸਾਧਾਰਣ ਮਨੁੱਖ ਦੇ ਦ੍ਰਿਸ਼ਟੀਕੋਣ ਵਾਲੀ ਹੁੰਦੀ ਹੈ। ਆਮ ਮਨੁੱਖ ਨੂੰ ਇਹਨਾਂ ਭੈੜਾਂ ਤੋਂ ਆਪਣੇ ਆਪ ਨੂੰ ਬਚਾ ਕੇ ਰਖਣਾ ਹੁੰਦਾ ਹੈ।

ਤਿਰੂ ਵੱਲੁਵਰ ਆਪਣੀ ਰਚਨਾ ਤਿਰੂ ਕੁਰਲ ਵਿਚ ਰਾਜ ਅਧਿਕਾਰੀਆਂ ਵਲੋਂ ਸ਼ਾਸਨ ਲਈ ਵੱਖ-2 ਕਮੇਟੀਆਂ ਬਨਾਉਣ, ਸਥਾਈ ਆਦੇਸ਼, ਫੌਜਦਾਰੀ ਤੇ ਦੀਵਾਨੀ ਕਾਨੂੰਨ ਤੇ ਹੋਰ ਵੱਖ-2 ਰੂਲ ਰੈਗੂਲੇਸ਼ਨਜ਼ ਜਿਵੇਂ ਕਿ ਕੁੱਟਲਿਆ ਦੇ ਅਰਥ ਸ਼ਾਸ਼ਤਰ ਵਿਚ ਸੁਕ੍ਰਿਤੀ ਤੇ ਮਨੂੰ ਦੇ ਧਰਮ ਸ਼ਾਸਤਰ ਵਿਚ ਬਿਆਨੇ ਹੋਏ ਹਨ, ਨੂੰ ਨਹੀਂ ਬਿਆਨਦਾ। ਇਹਨਾਂ ਗ੍ਰੰਥਾ ਵਿਚਲੇ ਬਿਆਨੇ ਰੂਲ ਰੈਗੂਲੇਸ਼ੰਜ਼ ਅਜੋਕੀ ਸੁਸਾਇਟੀ ਉਤੇ ਲਾਗੂ ਨਹੀਂ ਕੀਤੇ ਜਾ ਸਕਦੇ। ਭਾਵ, ਤਿਰੂ ਵੱਲੁਵਰ ਇਹਨਾਂ ਅਸਥਾਈ ਵਿਸਥਾਰਾਂ ਵਿਚ ਨਹੀਂ ਪੈਂਦਾ। ਉਹ ਆਪਣੇ ਆਪ ਨੂੰ ਸਥਾਈ ਮਾਨਵੀ ਸਚਾਈਆਂ ਤੇ ਜੀਵਨ ਦੀਆਂ ਸਥਾਈ ਕੀਮਤਾਂ ਤੱਕ ਕੇਂਦ੍ਰਿਤ ਰਖਦਾ ਹੈ। ਇਵੇਂ ਤਿਰੂ ਵੱਲੁਵਰ ਦੀ ਰਚਨਾ ਵਿਚ ਪਹਿਲੀ ਨਜ਼ਰੇ ਜੋ ਖਾਮੀਆਂ ਦਿਖਾਈ ਦੇਂਦੀਆਂ ਹਨ ਪ੍ਰੈਕਟੀਕਲ ਪੱਖ ਤੋਂ ਦੇਖਿਆਂ ਉਹ ਤਿਰੂ ਵੱਲੁਵਰ ਦੀ ਸਦੀਵੀ ਸ਼ਾਨ (Eternal glory) ਸਿੱਧ ਹੁੰਦੀਆਂ ਹਨ।

# ਤਿਰੂ ਕੁਰਲ ਵਿਚ ਅਰਥ ਸ਼ਾਸਤਰ ਸੰਬੰਧੀ ਵਿਚਾਰ

ਤਿਰੂ ਵੱਲੁਵਰ ਦੀ ਰਚਨਾ ਤਿਰੂ ਕੁਰਲ ਦੇ ਦੂਜੇ ਭਾਗ ਪੋਰੁਤਪਾਲ (ਅਰਥ ਸ਼ਾਸਤਰ) ਵਿਚ ਪ੍ਰਗਟਾਏ ਗਏ ਅਰਥ ਸ਼ਾਸਤਰ ਸੰਬੰਧੀ ਵਿਚਾਰਾਂ ਨੂੰ ਜ਼ਰਾ ਧਿਆਨ ਨਾਲ ਵਾਚਿਆਂ ਪਤਾ ਲਗਦਾ ਹੈ ਕਿ ਭਾਵੇਂ ਤਿਰੂ ਵੱਲੁਵਰ ਆਪ ਇਕ ਅਰਥ ਸ਼ਾਸ਼ਤਰੀ ਨਹੀਂ ਸੀ ਤੇ ਨਾ ਹੀ ਉਸ ਨੇ ਆਪਣੀ ਰਚਨਾ ਵਿਚ ਬਾਕਾਇਦਾ ਰੂਪ ਵਿਚ ਅਰਥ ਦਰਸ਼ਨ ਬਾਰੇ ਕੋਈ ਵਿਚਾਰ ਹੀ ਪ੍ਰਗਟਾਏ ਹਨ। ਫਿਰ ਵੀ ਉਸ ਦੀ ਰਚਨਾ ਤਿਰੂ ਕੁਰਲ ਵਿਚੋਂ ਸਾਨੂੰ ਇਕ ਆਦਰਸ਼ਕ ਆਰਥਿਕ ਸੁਸਾਇਟੀ ਬਾਰੇ ਚੋਖੇ ਵਿਚਾਰ ਮਿਲ ਜਾਂਦੇ ਹਨ।

ਤਿਰੂ ਵੱਲੁਵਰ ਅਨੁਸਾਰ ਕਿਸੇ ਵੀ ਸੁਸਾਇਟੀ ਦੇ ਅਰਥ ਵਿਚ ਖੇਤੀ ਬਾੜੀ ਸਭ ਤੋਂ ਮਹੱਤਵ ਭਰਪੂਰ ਹਿੱਸਾ ਪਾਉਂਦੀ ਹੈ। ਉਸ ਦਾ ਇਹ ਵਿਚਾਰ ਇਸ ਲਈ ਨਹੀਂ ਕਿ ਉਹ ਇਕ ਖੇਤੀ ਬਾੜੀ ਆਧਾਰਿਤ ਸੁਸਾਇਟੀ ਵਿਚ ਰਹਿੰਦਾ ਸੀ ਸਗੋਂ ਇਸ ਦਾ ਮੁੱਖ ਕਾਰਨ ਇਹ ਹੈ ਖੇਤੀ ਬਾੜੀ ਸਾਡੀ ਸੁਸਾਇਟੀ ਦੀਆਂ ਸਭ ਸਮਸਿਆਵਾਂ ਸੰਬੰਧੀ ਇਕ ਮੁਢਲੀ ਕਿਰਿਆ ਹੈ। ਖੁਰਾਕ ਕਿਉਂ ਜੋ ਜੀਵਨ ਦਾ ਆਧਾਰ ਹੈ ਤੇ ਮਨੁਖ ਮਾਤਰ ਦਾ ਮੁਢਲਾ ਕਾਰਜ ਖੁਰਾਕ ਦੀ ਪੈਦਾਇਸ਼ ਕਰਨਾ ਹੀ ਹੈ। ਤਿਰੂ ਵੱਲਵਰ ਕਹਿੰਦਾ ਹੈ : –

> *"ਕਿਸਾਨ ਜਗ-ਜੀਵਨ ਰੂਪੀ ਰਥ ਵਿਚ ਧੁਰੀ ਵਾਂਗ ਮਹੱਤਪੂਰਨ ਹੈ।*
> *ਜੋ ਖੇਤ ਵਾਹੁਣ ਦਾ ਕਸ਼ਟ ਉਠਾਣ ਵਿਚ ਅਸਮ੍ਰਥ ਹਨ ਉਹਨਾਂ ਨੂੰ ਵੀ ਜੀਵਨ*
> *ਕਿਸਾਨ ਦੇਂਦਾ ਹੈ।"* *(ਤਿਰੂ ਕੁਰਲ ਨੰ: ੧੦੩੨)*

ਇਵੇਂ ਹੀ :–

> *"ਜੇ ਹਲ ਚਲਾਣ ਵਾਲੇ ਕਿਸਾਨ ਆਪਣੇ ਕੰਮ ਨੂੰ ਛੱਡ ਦੇਣ ਤਾਂ*
> *ਸਭ ਇਛਾਵਾਂ ਦੇ ਤਿਆਗੀ ਸੰਨਿਆਸੀਆਂ ਦੀ ਹੋਂਦ ਵੀ ਨਹੀਂ ਰਹੇਗੀ।"*
> *(ਤਿਰੂ ਕੁਰਲ ਨੰ :੧੦੩੬)*

ਤਿਰੂ ਵੱਲੁਵਰ ਖੇਤੀ ਬਾੜੀ ਨੂੰ ਉਨਤ ਕਰਨਾ ਹਰ ਸੁਸਾਇਟੀ ਦੀ ਇਕ ਮੁੱਢਲੀ ਆਵਸ਼ਕਤਾ ਦੱਸਣ ਉਪ੍ਰੰਤ ਖੇਤੀ ਬਾੜੀ ਲਈ ਕੁਝ ਇਕ ਮੁਢਲੀਆਂ ਲੋੜਾਂ ਬਾਰੇ ਦਸਦਾ ਹੈ। ਉਸ ਅਨੁਸਾਰ ਚੰਗੀ ਖੇਤੀ ਬਾੜੀ ਲਈ ਸਭ ਤੋਂ ਪਹਿਲਾਂ ਧਰਤੀ ਨੂੰ ਚੰਗੀ ਤਰ੍ਹਾਂ ਤਿਆਰ ਕਰਨਾ ਹੁੰਦਾ ਹੈ। ਧਰਤੀ ਨੂੰ ਚੰਗੀ ਤਰ੍ਹਾਂ ਵਾਹ ਕੇ ਧੁੱਪ ਤੇ ਹਵਾ ਲਵਾਉਣੀ ਜ਼ਰੂਰੀ ਹੈ ਤਾਂ ਜੋ ਇਹ ਨਾਈਟ੍ਰੋਜਨ ਤੇ ਵਾਤਾਵਰਣ ਵਿਚਲੇ ਹੋਰ ਆਵਸ਼ੱਕ ਤੱਤਾਂ ਨੂੰ ਆਪਣੇ ਵਿਚ ਸਮੋ ਸਕੇ। ਫਿਰ ਜੰਗਲੀ ਜੜ੍ਹੀਆਂ ਬੂਟੀਆਂ ਨੂੰ ਜੜ੍ਹਾਂ ਸਮੇਤ ਕਢਣਾ ਜ਼ਰੂਰੀ ਹੈ। ਇਸ ਖਾਤਰ ਧਰਤੀ ਨੂੰ ਘੜੀ ਮੁੜੀ ਵਾਹੁਣਾ ਹੋਵੇਗਾ।

> *"ਵਾਹੁਣ ਤੋਂ ਪਿੱਛੋਂ ਖੇਤ ਵਿਚਲੀ ਮਿੱਟੀ ਸੁੱਕ ਕੇ ਚੌਥਾ ਹਿੱਸਾ ਹੋ ਜਾਏ ਤਾਂ ਉਹ ਧਰਤੀ*
> *ਮੁੱਠੀ ਭਰ ਖਾਦ ਤੋਂ ਬਿਨਾ ਭਰਪੂਰ ਅੰਨ ਉਪਜਾ ਸਕਦੀ ਹੈ।"*
> *(ਤਿਰੂ ਕੁਰਲ ਨੰ: ੧੦੩੭)*

> *ਇਵੇਂ ਹੀ "ਵਾਹੁਣ ਤੋਂ ਪਿੱਛੋਂ ਖੇਤੀ ਵਿਚ ਖਾਦ ਪਾਉਣੀ ਚੰਗੀ ਹੈ। ਫਾਲਤੂ ਜੜੀਆਂ*
> *ਬੂਟੀਆਂ ਕਢਣ ਪਿੱਛੋਂ ਉਸ ਨੂੰ ਪਾਣੀ ਦੇਣ ਨਾਲੋਂ ਕੀੜਿਆਂ ਤੇ ਬੀਮਾਰੀਆਂ ਤੋਂ*
> *ਬਚਾਉਣਾ ਵਧੇਰੇ ਜ਼ਰੂਰੀ ਹੈ।"* *(ਤਿਰੂ ਕੁਰਲ ਨੰ: ੧੦੩੮)*

ਤਿਰੂਵੱਲੁਵਰ ਅਨੁਸਾਰ ਧਰਤੀ ਇਕ ਕੁਦਰਤੀ ਸੋਮਾ ਹੈ, ਜੋ ਕਿ ਜਿਤਨੀ ਇਸ ਤੇ ਮਿਹਨਤ ਕੀਤੀ ਜਾਂਦੀ ਹੈ, ਉਤਨਾ ਹੀ ਸਾਨੂੰ ਫਲ ਦੇਂਦੀ ਹੈ। ਤਿਰੂ ਵੱਲੁਵਰ ਦੀ ਖੇਤੀਬਾੜੀ ਬਾਰੇ ਇਹ ਵਿਚਾਰਧਾਰਾ ਸ਼ਾਇਦ ਅਠ੍ਹਾਰਵੀਂ ਸਦੀ ਦੇ ਫਰਾਂਸ ਦੇ Physiocrats ਨਾਲ ਮੇਲ ਖਾਂਦੀ ਹੈ। Physiocrats ਇਹ ਮੰਨਦੇ ਸਨ ਕਿ ਧਰਤੀ ਹੀ ਅਸਲੀ ਪੈਦਾਇਸ਼ ਦਾ ਸੋਮਾ ਹੈ ਤੇ ਉਪਜ-ਕਰਤਾ ਕੇਵਲ ਕਿਸਾਨ ਲੋਕ ਹੀ ਹਨ। ਕਾਰੀਗਰ, ਦਸਤਕਾਰ ਤੇ ਵਪਾਰੀ ਲੋਕ ਪੈਦਾਇਸ਼ ਕਰਨ ਵਾਲੀ ਸ਼੍ਰੇਣੀ ਵਿਚ ਨਹੀਂ ਆਉਂਦੇ, ਇਹ ਲੋਕ ਧਰਤੀ ਦੇ ਮਾਲਕਾਂ ਤੇ ਕਿਸਾਨਾਂ ਦੀ ਕੀਤੀ ਮਿਹਨਤ ਦਾ ਲਾਭ ਉਠਾਂਦੇ ਹਨ। ਧਰਤੀ ਦੇ ਮਾਲਕ ਤੇ ਵਾਹਕ ਇਸ ਅਨਉਪਜਾਊ ਸ਼੍ਰੇਣੀ ਨੂੰ ਖੁਆਉਂਦੇ ਤੇ ਜੀਵਨ ਦੇ ਸੁਖ ਆਰਾਮ ਦਿੰਦੇ ਹਨ। ਤਿਰੂ ਵੱਲੁਵਰ ਵੀ ਕਹਿੰਦਾ ਹੈ :-

> *"ਮਿਹਨਤ ਭਰਪੂਰ ਹੋਣ ਤੇ ਵੀ ਖੇਤੀਬਾੜੀ ਸਭ ਤੋਂ ਉੱਤਮ ਵਵਸਾਇ ਹੈ। ਹੋਰਨਾਂ ਵਵਸਾਇਆਂ ਪਿਛੇ ਘੁੰਮਣ ਵਾਲਿਆਂ ਨੂੰ ਵੀ ਵਾਸਤਵਿਕ ਰੂਪ ਵਿਚ ਆਸਰਾ ਦੇਣ ਵਾਲੀ ਖੇਤੀ ਬਾੜੀ ਹੀ ਹੈ।"* (*ਤਿਰੂ ਕੁਰਲ ਨੰ: ੧੦੩੧*)

ਸੋ ਇਵੇਂ ਤਿਰੂ ਵੱਲੁਵਰ ਵੀ ਹੋਰਨਾਂ ਵਵਸਾਇਆਂ ਨਾਲੋਂ ਖੇਤੀਬਾੜੀ ਦੇ ਵਵਸਾਇਆਂ ਨੂੰ ਸਭ ਤੋਂ ਵਧੇਰੇ ਮਹੱਤਤਾ ਭਰਪੂਰ ਦੱਸਦਾ ਹੈ।

ਇਸ ਤੋਂ ਅਗਲੇਰੇ ਕੁਰਲ ਵਿਚ ਉਹ Physiocratic ਵਿਚਾਰਧਾਰਾ ਦੇ ਬਹੁਤ ਨੇੜੇ ਆਉਂਦਾ ਪ੍ਰਤੀਤ ਹੁੰਦਾ ਹੈ ਜਦੋਂ ਉਹ ਕਹਿੰਦਾ ਹੈ :-

> *"ਜੋ ਖੇਤੀ ਤੋਂ ਅੰਨ ਉਪਜਾ ਕੇ ਜੀਵਨ ਨਿਰਬਾਹ ਕਰਦੇ ਹਨ, ਯਥਾਰਥ ਵਿਚ ਜਿਉਂਦੇ ਉਹੀ ਹਨ। ਹੋਰ ਲੋਕ ਤਾਂ ਉਹਨਾਂ ਦੀ ਕਮਾਈ ਉਤੇ ਹੀ ਜਿਉਂਦੇ ਹਨ।"*
> (*ਕੁਰਲ ਨੰ: ੧੦੩੩*)

ਅਸਲ ਵਿਚ ਤਿਰੂ ਵੱਲੁਵਰ ਦੇ ਸਮੇਂ ਤਾਮਿਲ ਨਾਡੂ ਵਿਚ ਖੇਤੀਬਾੜੀ ਬੜੀ ਉੱਨਤ ਅਵਸਥਾ ਤੇ ਪਹੁੰਚ ਚੁੱਕੀ ਸੀ ਅਤੇ ਇਸ ਵਿਚ ਵਿਭਿੰਨ ਕਲਾਵਾਂ ਤੇ ਉਦਯੋਗੀ ਉਪਜਾਂ ਪ੍ਰਫੁੱਲਤ ਹੋ ਰਹੀਆਂ ਸਨ ਅਤੇ ਗ੍ਰੀਸ ਤੇ ਰੋਮ ਦੇਸਾਂ ਨਾਲ ਇਸ ਦਾ ਵਪਾਰ ਬਹੁਤ ਵੱਧ ਚੁੱਕਾ ਸੀ। ਇਸੇ ਦੇ ਸੰਦਰਭ ਵਿਚ ਤਿਰੂ ਵੱਲੁਵਰ ਨੇ ਖੇਤੀਬਾੜੀ ਨੂੰ ਹੋਰ ਸਭ ਕਲਾਵਾਂ ਤੇ ਉਦਯੋਗੀ ਉਪਜਾਂ ਤੋਂ ਆਰਥਕ ਪੱਖ ਤੋਂ ਵਿਸ਼ੇਸ਼ ਤੇ ਗੌਰਵ ਭਰਪੂਰ ਕਿਹਾ ਹੈ। ਇਤਿਹਾਸਕ ਪੱਖ ਤੋਂ ਦੇਖਿਆਂ ਖੇਤੀ ਬਾੜੀ ਨੂੰ ਖਾਲਿਸ ਲਾਭ ਦੇ ਪਖੋਂ ਸਭ ਤੋਂ ਵਿਸ਼ੇਸ਼ ਮੰਨਣ ਵਾਲੀ Physiocratic ਵਿਚਾਰਧਾਰਾ ਕੋਲਬਰਟ ਵਲੋਂ ਵਪਾਰ ਤੇ ਦਸਤਕਾਰੀ ਨੂੰ ਬਹੁਤ ਜ਼ਿਆਦਾ ਉਤਸ਼ਾਹਿਤ ਕਰਨ ਦੇ ਪ੍ਰਤੀਰੋਧ ਵਜੋਂ ਉਪਜੀ ਸੀ। ਤਾਮਿਲ ਨਾਡੂ ਵਿਚ ਵੀ ਤਿਰੂ ਵੱਲੁਵਰ ਦੇ ਸਮੇਂ ਸ਼ਾਇਦ ਖੇਤੀਬਾੜੀ ਨੂੰ ਅਣਗੌਲਿਆ ਜਾ ਰਿਹਾ ਸੀ, ਧਰਤੀ ਉਤੇ ਕਈ ਤਰ੍ਹਾਂ ਦੇ ਟੈਕਸ ਲੱਗ ਰਹੇ ਸਨ ਤੇ ਕਿਸਾਨ ਸ੍ਰੇਣੀ ਨੂੰ ਬੁਰੀ ਤਰ੍ਹਾਂ ਦੱਬਿਆ ਜਾ ਰਿਹਾ ਸੀ। ਸੰਗਮ ਸਾਹਿਤ ਵਿਚਲੇ ਕਈ ਥਾਵਾਂ ਤੇ ਰਾਜਿਆਂ ਨੂੰ ਕਿਸਾਨਾਂ ਪ੍ਰਤੀ ਦਬੇਲ ਵਰਤਾਉ ਨਾ ਕਰਨ ਬਾਰੇ ਜ਼ਿਕਰ ਮਿਲਦਾ ਹੈ। ਸ਼ਾਇਦ ਇਸ ਸਮੇਂ ਕਾਲ, ਹੜ੍ਹ ਤੇ ਮਾਰੂ ਬੀਮਾਰੀਆਂ ਕਾਰਨ ਖੁਰਾਕ ਦੀ ਕਿੱਲਤ ਵੀ ਆ ਚੁੱਕੀ ਸੀ। ਇਸ ਤਰ੍ਹਾਂ ਦੇ ਮਾਹੌਲ ਦੇ ਸੰਦਰਭ ਵਿਚ ਤਿਰੂ ਵੱਲੁਵਰ ਨੇ ਹੋਰ ਸਭ ਉਦਯੋਗਾਂ ਤੋਂ ਵਿਸ਼ੇਸ਼ ਖੇਤੀਬਾੜੀ ਨੂੰ ਦਸਿਆ।

ਤਿਰੂ ਵੱਲੁਵਰ ਜ਼ਖੀਰਾਬੰਦੀ ਤੇ ਲੋੜੋਂ ਵਧੀਕ ਕੰਜੂਸੀ ਨੂੰ ਵੀ ਨਿੰਦਦਾ ਹੈ ਤੇ ਇਹਨਾਂ ਨੂੰ ਅਣਉਪਜਾਊ ਅਮੀਰੀ ਦਸਦਾ ਹੈ। Malthus, J.A. Robinson ਤੇ John Maynard Kenynis-ਆਧੁਨਿਕ ਯੁਗ ਦੇ ਅਰਥ ਵਿਗਿਆਨੀਆਂ ਦੀ ਲੋੜੋਂ ਵਧੀਕ ਬੱਚਤ ਤੇ ਲੋੜੋਂ ਘੱਟ ਧੰਨ ਲਗਾਉਣ (Invest ਕਰਨ) ਦੀ ਰੁਚੀ ਵਾਲੇ ਸਿਧਾਂਤਾਂ ਦਾ ਤਿਰੂ ਵੱਲੁਵਰ ਦੇ ਅਣਉਪਜਾਊ ਅਮੀਰੀ ਸਬੰਧੀ ਵਿਚਾਰਾਂ ਨਾਲ ਚੋਖਾ ਮੇਲ ਹੈ। ਪ੍ਰੰਤੂ ਆਧੁਨਿਕ ਲੋੜੋਂ ਵਧੀਕ ਬੱਚਤ ਤੇ ਲੋੜੋਂ ਘੱਟ ਧੰਨ ਲਗਾਉਣ ਦੇ ਸਿਧਾਂਤ ਇਕ ਵੱਖਰੇ ਆਰਥਿਕ ਹਾਲਾਤ ਤੇ ਇਕ ਵਿਸ਼ੇਸ ਸਮੇਂ ਦੀ ਉਪਜ ਸਨ। ਇਹਨਾਂ ਵਿਚ ਸਦਾਚਾਰਕ ਅੰਸ਼ ਦੀ ਅਣਹੋਂਦ ਹੈ ਪ੍ਰੰਤੂ ਤਿਰੂ ਵੱਲੁਵਰ ਦੇ ਵਿਚਾਰਾਂ

ਦੇ ਪਿਛੋਕੜ ਵਿਚ ਸਦਾਚਾਰਕ ਕੀਮਤਾਂ ਕੰਮ ਕਰ ਰਹੀਆਂ ਸਨ। ਜਦੋਂ ਤਿਰੂ ਵੱਲੁਵਰ ਜ਼ਖੀਰਾਬੰਦੀ ਤੇ ਇਸ ਦੇ ਖਰਚਣ ਵਿਚ ਕੰਜੂਸੀ ਨੂੰ ਨਿੰਦਦਾ ਹੈ ਤਾਂ ਉਸ ਦੇ ਪਿਛੇ ਇਹ ਭਾਵਨਾ ਕੰਮ ਕਰ ਰਹੀ ਹੁੰਦੀ ਹੈ ਕਿ ਇਸ ਨਾਲ ਦਾਨ ਦੇਣ ਦੀ ਭਾਵਨਾ ਵਿਚ ਰੁਕਾਵਟ ਆਉਂਦੀ ਹੈ। ਸ਼ਾਇਦ ਨਵੀਨ ਅਰਥ ਵਿਗਿਆਨੀ ਤੇ ਤਿਰੂ ਵੱਲੁਵਰ ਇਕੋ ਮਕਸਦ ਜਾਂ ਟੀਚੇ ਦੀ ਪ੍ਰਾਪਤੀ ਵੱਲ ਇਸ਼ਾਰਾ ਕਰਦੇ ਹਨ-ਚੰਗੀ ਉਪਜ ਤੇ ਉਸ ਦੀ ਸੁਯੋਗ ਵਰਤੋਂ (ਭਾਵੇਂ ਸੁਯੋਗ ਵਰਤੋਂ ਸਬੰਧੀ ਇਨ੍ਹਾਂ ਦੀ ਸੋਚ ਅਲੱਗ-2 ਹੈ।

ਇਸ ਦਾ ਭਾਵ ਇਹ ਨਹੀਂ ਕਿ ਤਿਰੂ ਵੱਲੁਵਰ ਸੰਜਮ ਨਾਲ ਖਰਚ ਕਰਨ ਦੇ ਵਿਰੁੱਧ ਸੀ ਤੇ ਉਹ ਫਜ਼ੂਲ ਖਰਚੀ ਦੇ ਗੁਣ ਗਾਇਣ ਕਰਦਾ ਹੈ ਸਗੋਂ ਉਹ ਆਪਣੇ ਕੁਰਲ ਨੰਬਰ ੪੭੭ ਵਿਚ ਕਹਿੰਦਾ ਹੈ :-

> *"ਮਨੁੱਖ ਨੂੰ ਆਪਣੀ ਦਾਨ ਦੇਣ ਦੀ ਸੀਮਾ ਨੂੰ ਸਮਝ ਲੈਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਉਹ ਆਪਣੀ ਸੰਪਤੀ ਦੀ ਸੁਰੱਖਿਆ ਕਰਦੇ ਹੋਏ ਨਿਰੰਤਰ ਦਾਨ ਦੇਣ ਦੀ ਸਥਿਤੀ ਵਿਚ ਰਹਿ ਸਕਦਾ ਹੈ।"* *(ਤਿਰੂ ਕੁਰਲ ਨੰ: ੪੭੭)*

ਇਵੇਂ ਹੀ ਉਹ ਕਹਿੰਦਾ ਹੈ : -

> *"ਜੋ ਵਿਅਕਤੀ ਆਪਣੀ ਸਮ੍ਰਥਾ ਤੋਂ ਵੱਧ ਚੜ੍ਹ ਕੇ ਦਾਨਸ਼ੀਲ ਹੁੰਦਾ ਹੈ, ਉਹ ਅਸੰਤੁਲਿਤ ਢੰਗ ਨਾਲ ਧੰਨ ਦਾ ਖਰਚ ਕਰਦਾ ਹੈ। ਸੋ ਉਸ ਨੂੰ ਇਕ ਦਿਨ ਆਪਣੀ ਸੰਪਤੀ ਤੋਂ ਹੱਥ ਧੋਣੇ ਪੈਣਗੇ।"* *(ਤਿਰੂ ਕੁਰਲ ਨੰ: ੪੮੦)*

ਫਿਰ ਇਵੇਂ ਹੀ : -

> *"ਜੋ ਆਪਣੀ ਆਮਦਨ ਦੀ ਸੀਮਾ ਨੂੰ ਜਾਣ ਕੇ ਨਿਰਬਾਹ ਨਹੀਂ ਕਰਦਾ, ਉਹ ਭਾਵੇਂ ਦੇਖਣ ਨੂੰ ਰੱਜਿਆ-ਪੁੱਜਿਆ ਦਿਸੇ, ਹੌਲੀ-ਹੌਲੀ ਉਸ ਦੀ ਸਥਿਤੀ ਵਿਗੜਦੀ ਜਾਏਗੀ ਤੇ ਅੰਤ ਨੂੰ ਉਹ ਦੁਰਦਸ਼ਾ ਨੂੰ ਪ੍ਰਾਪਤ ਹੋ ਸਕਦਾ ਹੈ।"* *(ਤਿਰੂ ਕੁਰਲ ਨੰ: ੪੭੯)*

ਤਿਰੂ ਵੱਲੁਵਰ ਦੇ ਇਹਨਾਂ ਕਥਨਾਂ ਨੂੰ ਜੇ ਅਜੋਕੀ ਆਰਥਕ ਵਿਗਿਆਨ ਦੀ ਭਾਸ਼ਾ ਵਿਚ ਦੇਖੀਏ ਤਾਂ ਕਿਹਾ ਜਾ ਸਕਦਾ ਹੈ ਕਿ ਤਿਰੂ ਵੱਲੁਵਰ ਨਾ ਤਾਂ ਲੋੜੋਂ ਵਧੀਕ ਬਚਾਉਣ ਦੇ ਹੱਕ ਵਿਚ ਸੀ ਤੇ ਨਾ ਹੀ ਲੋੜੋਂ ਵਧੀਕ ਖਰਚ ਦੇ ਹੱਕ ਵਿਚ। ਉਹ ਇਹਨਾਂ ਦੋਨਾਂ ਪੱਖਾਂ ਨੂੰ ਸੰਤੁਲਨ ਵਿਚ ਰਖਣ ਦੀ ਵਕਾਲਤ ਕਰਦਾ ਸੀ। ਦੂਜੇ ਸ਼ਬਦਾਂ ਵਿਚ ਤਿਰੂ ਵੱਲੁਵਰ ਇਕ ਸਥਿਰ ਆਰਥਿਕ ਸਿਧਾਂਤ ਵਿਚ ਵਿਸ਼ਵਾਸ ਰਖਦਾ ਸੀ।

ਇਹ ਵੀ ਨੋਟ ਕਰਨ ਯੋਗ ਹੈ ਕਿ ਤਿਰੂ ਵੱਲੁਵਰ ਧਰਤੀ ਨਾਲੋਂ ਉਸ ਵਿਚਲੀ ਉਪਜ ਨੂੰ ਵਧੇਰੇ ਮਹੱਤਤਾ ਦਿੰਦਾ ਸੀ। ਉਸ ਅਨੁਸਾਰ ਧਰਤੀ ਤੋਂ ਚੰਗੀ ਉਪਜ ਲੈਣ ਲਈ ਮੀਂਹ ਅਥਵਾ ਪਾਣੀ ਦੀ ਵਿਸ਼ੇਸ਼ ਮਹੱਤਤਾ ਹੈ, ਫਿਰ ਉਸ ਵਿਚ ਹਲ ਚਲਾਉਣ, ਖਾਦ ਪਾਉਣ, ਅਣਲੋੜੀਂਦੀਆਂ ਜੜ੍ਹੀਆਂ ਬੂਟੀਆਂ ਕਢਣੀਆਂ, ਫਸਲ ਦੀ ਰਾਖੀ ਕਰਨੀ ਆਦਿ ਆਦਿ ਨੂੰ ਵੀ ਉਹ ਜ਼ਰੂਰੀ ਸਮਝਦਾ ਹੈ। ਉਹ ਧਰਤੀ ਥੱਲੇ ਦੱਬੀ ਖਣਿਜ ਪਦਾਰਥਾਂ ਦੀ ਦੌਲਤ ਬਾਰੇ ਚਿੰਤਾਤੁਰ ਨਹੀਂ ਤੇ ਨਾ ਹੀ ਉਸ ਨੂੰ ਬਾਹਰ ਕੱਢਣ ਬਾਰੇ ਉਸ ਨੂੰ ਕੋਈ ਚਿੰਤਾ ਹੈ। ਉਸ ਅਨੁਸਾਰ ਖਣਿਜ ਦੌਲਤ ਇਕ ਸਾਧਾਰਨ ਆਰਥਿਕ ਸੁਸਾਇਟੀ ਲਈ ਇਕ ਦੂਜੇ ਦਰਜੇ ਦੀ ਦੌਲਤ ਹੈ। ਉਸ ਅਨੁਸਾਰ ਸਭ ਤੋਂ ਵਡਾ ਸਾਧਨ ਖਜ਼ਾਨਾ ਪਾਣੀ ਹੈ ਜੋ ਕਿ ਨਦੀਆਂ ਨਾਲਿਆਂ ਵਿਚ ਧਰਤੀ ਉਤੇ ਵਗਦਾ ਹੈ ਜਾਂ ਧਰਤੀ ਅੰਦਰੋਂ ਖੂਹਾਂ ਰਾਹੀਂ ਕਢਿਆ ਜਾਂਦਾ ਹੈ। ਤਿਰੂ ਵੱਲੁਵਰ ਅਨੁਸਾਰ ਕਿਸੇ ਸੁਸਾਇਟੀ ਦੀ ਆਰਥਿਕ ਸਥਿਤੀ ਦੀ ਜ਼ਿੰਮੇਵਾਰ ਧਰਤੀ ਵਿਚੋਂ ਪੈਦਾ ਹੋਣ ਵਾਲੀ ਖੁਰਾਕ ਹੈ, ਜਿਸ ਵਿਚ ਕਿ ਸਿਆਣਪ ਭਰਪੂਰ ਮਨੁੱਖੀ ਮਿਹਨਤ ਦਾ ਮੁੱਖ ਹਿੱਸਾ ਹੁੰਦਾ ਹੈ।

ਕਿਸੇ ਰਾਜ ਦੇ ਖਜ਼ਾਨੇ ਦਾ ਜਿੱਥੋਂ ਤੀਕ ਸਬੰਧ ਹੈ, ਤਿਰੂ ਵੱਲੁਵਰ ਅਨੁਸਾਰ ਰਾਜ ਨੇ ਉਸ ਵਿਚ ਉਸ ਵਿਚਲੇ ਲੋਕਾਂ ਦੀ ਟੈਕਸ ਦੇਣ ਦੀ ਯੋਗਤਾ ਨੂੰ ਪੈਦਾ ਕਰਨਾ ਹੁੰਦਾ ਹੈ। ਟੈਕਸਾਂ ਰਾਹੀਂ ਰਾਜ ਨੇ ਮਾਇਆ ਇਕੱਠੀ ਕਰਨੀ ਹੁੰਦੀ ਹੈ ਤੇ ਉਸ ਸਾਰੀ ਆਮਦਨ ਦਾ ਜਨਤਾ ਦੇ ਭਲੇ ਲਈ ਪ੍ਰਯੋਗ ਕਰਨਾ ਹੁੰਦਾ ਹੈ।

> *"ਯੋਗ ਰਾਜਾ ਆਮਦਨ ਦੇ ਸਭ ਸਰੋਤਾਂ ਨੂੰ ਪ੍ਰਫੁੱਲਤ ਕਰਦਾ ਹੈ ਤੇ ਉਸ ਦੀ ਰੱਖਿਆ ਕਰਦਾ ਹੈ। ਫਿਰ ਰਾਜਾ ਉਸ ਆਮਦਨ ਨੂੰ ਲੋਕ-ਕਲਿਆਣ ਲਈ ਉਚਿਤ ਰੂਪ ਵਿਚ ਖਰਚ ਕਰਦਾ ਹੈ।"*
>
> *(ਤਿਰੂ ਕੁਰਲ ਨੰ: ੩੮੫)*

ਤਿਰੂ ਵੱਲੁਵਰ ਅਨੁਸਾਰ ਰਾਜੇ ਦੀ ਆਮਦਨ ਦੇ ਤਿੰਨ ਮੁੱਖ ਸਰੋਤ ਹੁੰਦੇ ਹਨ : ਸ਼ਾਮਲਾਟ ਧਰਤੀ, ਪਰਜਾ ਤੋਂ ਵਸੂਲ ਹੋਣ ਵਾਲੇ ਟੈਕਸ ਅਤੇ ਯੁੱਧ ਵਿਚ ਸ਼ਤਰੂ ਤੋਂ ਜਿੱਤਿਆ ਹੋਇਆ ਧੰਨ। ਇਹਨਾਂ ਤਿੰਨਾਂ ਵਿਚੋਂ ਪਰਜਾ ਤੋਂ ਵਸੂਲ ਹੋਣ ਵਾਲਾ ਟੈਕਸਾਂ ਵਾਲਾ ਧੰਨ 1/6 ਹਿੱਸਾ ਲੈਂਡ ਰੈਵੀਨਯੂ ਭਾਰਤ ਵਿਚ ਮੁਢ ਕਦੀਮ ਤੋਂ ਸਰਕਾਰੀ ਖਜ਼ਾਨੇ ਦਾ ਮੁੱਖ ਸਰੋਤ ਰਿਹਾ ਹੈ ਅਤੇ ਇਥੋਂ ਦੇ ਵਸਨੀਕ ਇਸ ਨੂੰ ਹਮੇਸ਼ਾ ਦਿੰਦੇ ਆਏ ਹਨ। ਭਾਵ, ਇਸ ਟੈਕਸ ਦਾ ਦੇਣਾ ਭਾਰਤ ਵਾਸੀਆਂ ਨੂੰ ਹਮੇਸ਼ਾ ਤੋਂ ਆਪਣਾ ਇਕ ਸਾਧਾਰਨ ਫਰਜ਼ ਮਹਿਸੂਸ ਹੁੰਦਾ ਰਿਹਾ ਹੈ। ਇਸੇ ਲਈ ਇਸਨੂੰ ਤਾਮਿਲ ਵਿਚ – *kaṭamai* ਫਰਜ਼ ਕਿਹਾ ਜਾਂਦਾ ਹੈ। Manakkudavar ਅਨੁਸਾਰ ਕਿਉਂ ਜੋ ਇਹ ਧਰਤੀ ਦਾ ਲਗਾਨ ਰਾਜ ਵਲੋਂ ਪਰਜਾ ਦੀ ਸੁਰਖਿਆ ਖਾਤਰ ਲਿਆ ਜਾਂਦਾ ਸੀ, ਸੋ ਇਹ ਖੁਸ਼ੀ-ਖੁਸ਼ੀ ਦੇ ਦਿਤਾ ਜਾਂਦਾ ਸੀ। ਤਿਰੂ ਵੱਲੁਵਰ ਟੈਕਸ ਉਗਰਾਹੀ ਲਈ ਕਿਸੇ ਵੀ ਤਰ੍ਹਾਂ ਦੀ ਨਾਜਾਇਜ਼ ਮਜਬੂਰੀ ਦੇ ਵਿਰੁੱਧ ਸੀ। ਇਸੇ ਲਈ ਉਹ ਕਹਿੰਦਾ ਹੈ :

> *"ਪਰਜਾ ਤੋਂ ਬਲਪੂਰਵਕ ਧੰਨ ਇਕੱਠਾ ਕਰਨ ਵਾਲਾ ਰਾਜਾ ਭਾਲੇ ਦੀ ਨੋਕ ਉਤੇ ਰਸਤੇ ਤੇ ਜਾਂਦੇ ਰਾਹੀਆਂ ਨੂੰ ਲੁੱਟਣ ਵਾਲੇ ਡਾਕੂ ਵਾਂਗ ਹੈ।"*
>
> *(ਤਿਰੂ ਕੁਰਲ ਨੰ: ੫੫੨)*

ਭਾਵੇਂ 1/6 ਹਿੱਸਾ ਲਗਾਨ ਵਜੋਂ ਲੈਣ ਦੀ ਪ੍ਰਥਾ ਸੀ ਪ੍ਰੰਤੂ ਤਿਰੂ ਵੱਲੁਵਰ ਕਿਤੇ ਵੀ ਆਪਣੀ ਰਚਨਾ ਵਿਚ 1/6 ਹਿੱਸੇ ਦਾ ਜ਼ਿਕਰ ਨਹੀਂ ਕਰਦਾ ਕਿਉਂ ਜੋ ਕਈ ਵਾਰ ਫਸਲ ਦੀ ਉਪਜ ਠੀਕ ਨਾ ਹੋ ਸਕੀ ਹੋਣ ਕਾਰਨ ਲਗਾਨ ਵਜੋਂ ਕਿਸਾਨ ਆਪਣੀ ਮਰਜ਼ੀ ਅਨੁਸਾਰ ਕੁਝ ਹਿੱਸਾ ਸਰਕਾਰ ਨੂੰ ਦੇ ਦਿੰਦੇ ਸਨ ਤੇ ਇਸ ਨੂੰ ਉਹ ਆਪਣੀ *kaṭamai* (duty) ਸਮਝਦੇ ਸਨ। ਸੋ, ਉਸ ਸਮੇਂ ਲਗਾਨ ਵਜੋਂ ਆਉਣ ਵਾਲੀ ਇਹ ਰਕਮ ਰਾਜੇ ਨੂੰ ਆਪਣੇ ਆਪ ਆ ਜਾਂਦੀ ਸੀ।

ਤਿਰੂ ਵੱਲੁਵਰ ਦੇ ਸਮੇਂ ਰਾਜੇ ਦੀ ਆਮਦਨ ਦਾ ਦੂਜਾ ਵਡਾ ਸਰੋਤ ਰਾਜ ਵਿਚ ਬਾਹਰੋਂ ਆਉਣ ਤੇ ਬਾਹਰ ਜਾਣ ਵਾਲੀਆਂ ਵਸਤਾਂ ਉਪਰ ਲੱਗਣ ਵਾਲੀ ਚੁੰਗੀ ਹੁੰਦੀ ਸੀ। ਜਿਸ ਨੂੰ ਤਾਮਿਲ ਵਿਚ ਉੱਲਕੂ ਕਹਿੰਦੇ ਹਨ। ਵੱਲੁਵਰ ਦੇ ਸਮੇਂ ਬਾਹਰਲੇ ਦੇਸ਼ਾਂ ਨਾਲ ਤਾਮਿਲ ਨਾਡੂ ਦਾ ਆਦਾਨ ਪ੍ਰਦਾਨ ਕਾਫ਼ੀ ਵੱਧ ਚੁੱਕਾ ਸੀ। ਜਿਵੇਂ ਚੋਲਾ ਰਾਜੇ Kavirippumpattinam ਬੰਦਰਗਾਹ ਉਤੇ ਆਉਣ ਜਾਣ ਵਾਲੀਆਂ ਚੀਜ਼ਾਂ ਉਤੇ ਬਾਕਾਇਦਾ ਸ਼ੇਰ (Tiger) ਦੀ ਮੋਹਰ ਲਗਾਇਆ ਕਰਦੇ ਸਨ।

ਤੀਜਾ ਆਮਦਨ ਦਾ ਸ੍ਰੋਤ ਸ਼ਤਰੂ ਪਾਸੋ ਜਿੱਤਿਆ ਹੋਇਆ ਧੰਨ ਤੇ ਸ਼ੁਲਕ (Tribute) ਵਜੋਂ ਪ੍ਰਾਪਤ ਕੀਤਾ ਧੰਨ ਸੀ।

ਤਿਰੂ ਵੱਲੁਵਰ ਅਨੁਸਾਰ ਇਕ ਆਦਰਸ਼ਕ ਸੁਸਾਇਟੀ ਦੇ ਹਾਕਮ ਪਾਸ ਚੋਖਾ ਫ਼ਾਲਤੂ ਰੀਜ਼ਰਵ ਫੰਡ ਹੋਣਾ ਚਾਹੀਦਾ ਹੈ। ਜੇ ਇਹ ਸੰਭਵ ਨਾ ਹੋਵੇ ਤਾਂ ਘੱਟੋ ਘੱਟ ਉਸ ਦੀ ਆਮਦਨ ਤੇ ਖਰਚ ਬਰਾਬਰ-2 ਹੋਣੇ ਚਾਹੀਦੇ ਹਨ। ਭਾਵ ਇਕ ਆਦਰਸ਼ਕ ਰਾਜੇ ਦਾ ਬੱਜਟ ਸੰਤੁਲਿਤ ਹੋਣਾ ਜ਼ਰੂਰੀ ਹੈ, ਘਾਟੇ ਵਲ ਜਾਂਦਾ ਬੱਜਟ ਕਦਾਚਿਤ ਨਹੀਂ ਹੋਣਾ ਚਾਹੀਦਾ।

ਪਬਲਿਕ ਖਰਚਿਆਂ ਬਾਰੇ ਤਿਰੂ ਵੱਲੁਵਰ ਕਹਿੰਦਾ ਹੈ :-

> *"ਯੋਗ ਰਾਜਾ ਆਮਦਨ ਦੇ ਸਭ ਸ੍ਰੋਤਾਂ ਤੋਂ ਧੰਨ ਨੂੰ ਵਧਾਉਣ ਦਾ ਯਤਨ ਕਰਦਾ ਹੈ, ਉਸ ਦੀ ਚੰਗੀ ਤਰ੍ਹਾਂ ਰਾਖੀ ਕਰਦਾ ਹੈ ਤੇ ਲੋਕ ਕਲਿਆਣ ਵਿਚ ਉਸ ਨੂੰ ਉਚਿੱਤ ਢੰਗ ਨਾਲ ਖਰਚ ਕਰਦਾ ਹੈ।"*
>
> *(ਤਿਰੂ ਕੁਰਲ ਨੰ: ੩੮੫)*

ਬੱਜਟ ਨੂੰ ਹਮੇਸ਼ਾ ਸੰਤੁਲਿਤ ਰਖਣ ਦੇ ਸਿਧਾਂਤ ਨੂੰ ਅਜੋਕੇ ਅਰਥ-ਵਿਗਿਆਨੀ ਬਹੁਤ ਜ਼ਰੂਰੀ ਨਹੀਂ ਸਮਝਦੇ ਕਿਉਂ ਜੋ ਅਜੋਕੇ ਸਮਾਜ ਵਿਚ ਕਈ ਵਾਰ ਘਾਟੇ ਵਾਲਾ ਬੱਜਟ ਰਖਣ ਦੀ ਵੀ ਆਵਸ਼ੱਕਤਾ ਹੁੰਦੀ ਹੈ ਭਾਵੇਂ ਕਿ ਕੁਝ ਸਮੇਂ ਬਾਅਦ ਖਰਚਿਆਂ ਵਿਚ ਕਟੌਤੀ ਕਰਕੇ ਬੱਜਟ ਵਿਚਲੇ ਘਾਟੇ ਨੂੰ ਪੂਰ ਲਿਆ ਜਾਂਦਾ ਹੈ। ਜਿਥੋਂ ਤੀਕ ਪਬਲਿਕ ਖਰਚਿਆਂ ਦਾ ਸੰਬੰਧ ਹੈ, ਫਿਰ ਤਿਰੂ ਵੱਲੁਵਰ ਕੋਈ ਵਿਸ਼ੇਸ਼ ਸਿਧਾਂਤ ਪ੍ਰਸਤੁਤ ਨਹੀਂ ਕਰਦਾ ਸਵਾਇ ਇਸ ਦੇ ਕਿ ਇਹ ਖਰਚਾ ਪਬਲਿਕ ਦੇ ਹਿੱਤਾਂ ਵਿਚ- ਪਬਲਿਕ ਲਈ ਲਾਭਕਾਰੀ ਰੂਪ ਵਿਚ ਕੀਤਾ ਜਾਣਾ ਚਾਹੀਦਾ ਹੈ। ਸੋ ਇਹ ਕਿਹਾ ਜਾ ਸਕਦਾ ਹੈ ਕਿ ਆਰਥਿਕ ਪੱਖ ਤੋਂ ਤਿਰੂ ਵੱਲੁਵਰ ਦਾ ਵਿਚਾਰ ਅਜੋਕੇ ਸਮੇਂ ਵਾਂਗ ਸਟੇਟ ਦੀ ਬਿਹਤਰੀ ਵਾਲਾ ਹੈ ਨਾ ਕਿ ਇਕ ਰਾਜਾ ਸ਼ਾਹੀ/ਆਪ ਹੁਦਰਾ ਕਿਸਮ ਦਾ ਹੈ।

ਫਿਰ ਤਿਰੂ ਵੱਲੁਵਰ ਰਾਜ ਦੀ ਗਤੀਸ਼ੀਲ ਆਰਥਿਕਤਾ ਲਈ ਉਸ ਵਿਚਲੇ ਵਿਦਿਅਕ ਢਾਂਚੇ ਦਾ ਚੰਗਾ ਹੋਣਾ ਵੀ ਜ਼ਰੂਰੀ ਦਸਦਾ ਹੈ :-

> *"ਸੰਸਾਰ ਵਿਚ ਵਿਦਿਆ ਰੂਪੀ ਧੰਨ ਹੀ ਸਥਿਰ ਰਹਿੰਦਾ ਹੈ*
> *ਇਸ ਵਿਚ ਕਦੇ ਕਮੀ ਨਹੀਂ ਆ ਸਕਦੀ। ਹੋਰ ਸਭ ਤਰ੍ਹਾਂ ਦੀ ਦੌਲਤ ਦਾ ਨਾਸ ਹੋ ਸਕਦਾ ਹੈ।"*
>
> *(ਤਿਰੂ ਕੁਰਲ ਨੰ: ੪੦੦)*

ਵਿਦਿਆ ਤੋਂ ਪਿੱਛੋਂ ਸਮਾਜਿਕ ਆਰਥਿਕ ਪਖੋਂ ਤਿਰੂ ਵੱਲੁਵਰ ਜਨ-ਸਿਹਤ ਦੇ ਯੋਗ ਪ੍ਰਬੰਧ ਨੂੰ ਮਹੱਤਤਾ ਦਿੰਦਾ ਹੈ। ਉਸ ਅਨੁਸਾਰ ਬੀਮਾਰੀਆਂ ਤੋਂ ਮੁਕਤੀ ਮਾਨਵਤਾ ਲਈ 'ਭੁੱਖ' ਤੋਂ ਮੁਕਤੀ ਨਾਲੋਂ ਦੂਜੇ ਦਰਜੇ ਦੀ ਮੁੱਢਲੀ ਆਵਸ਼ੱਕਤਾ ਹੈ। ਉਹ ਆਪਣੀ ਆਦਰਸ਼ਕ ਸੁਸਾਇਟੀ ਵਿਚ ਬੀਮਾਰੀ ਫੈਲਦੀ ਨਹੀਂ ਦੇਖ ਸਕਦਾ। ਇਸੇ ਲਈ ਉਹ ਕਹਿੰਦਾ ਹੈ :-

> *"ਜੇ ਭੋਜਨ ਉਚਿੱਤ ਮਾਤ੍ਰਾ ਤੋਂ ਵੱਧ ਜਾਂ ਘੱਟ ਖਾਧਾ ਜਾਏ ਤਾਂ ਸਰੀਰ ਵਿਚ*
> *ਵਾਤ, ਪਿੱਤ ਤੇ ਕੱਫ਼ ਦਾ ਸੰਤੁਲਨ ਵਿਗਾੜ ਕੇ ਰੋਗ ਉਤਪੰਨ ਕਰ ਦਿੰਦਾ ਹੈ।"*
>
> *(ਤਿਰੂ ਕੁਰਲ ਨੰ :੯੪੧)*

ਇਸ ਲਈ :-

> *"ਪਹਿਲਾਂ ਖਾਧੇ ਹੋਏ ਭੋਜਨ ਦੇ ਪਚਣ ਤੋਂ ਪਿੱਛੋਂ ਅਗਲਾ ਭੋਜਨ ਉਚਿੱਤ ਮਾਤ੍ਰਾ ਵਿਚ ਖਾਧਾ ਜਾਏ ਤਾਂ ਦਵਾਈਆਂ ਖਾਣ ਦੀ ਲੋੜ ਨਹੀਂ ਪੈਂਦੀ।"*
>
> *(ਤਿਰੂ ਕੁਰਲ ਨੰ :੯੪੨)*

ਤਿਰੂ ਵੱਲੁਵਰ ਪੂਰੀ ਤਰ੍ਹਾਂ ਚੇਤੰਨ ਹੈ ਕਿ :-

> *"ਰੋਗੀ ਦੀ ਸਹੀ ਜਾਂਚ ਕਰਕੇ, ਰੋਗ ਦੇ ਕਾਰਨਾਂ ਦੀ ਪ੍ਰੀਖਿਆ ਕਰਨ ਉਪ੍ਰੰਤ ਵੈਦ ਨੂੰ ਰੋਗ ਦੂਰ ਕਰਨ ਦਾ ਯਤਨ ਕਰਨਾ ਚਾਹੀਦਾ ਹੈ।"*

ਤਿਰੂ ਵੱਲੁਵਰ ਆਪਣੀ ਰਚਨਾ ਵਿਚ ਦਰਿਦਰਤਾ ਨੂੰ ਵੀ ਸਮਾਜ ਦਾ ਇਕ ਵੱਡਾ ਭੈੜ ਦਸਦਾ ਹੈ ਤੇ ਐਲਫਰਡ ਮਾਰਸ਼ਲ ਵਾਂਗ ਇਸ ਦੀ ਰੱਜ ਕੇ ਨਿੰਦਿਆ ਕਰਦਾ ਹੈ। ਵੱਲੁਵਰ ਨੇ ਕਈ

ਸੰਤਾਂ ਸਾਧਾਂ ਵਾਂਗ ਦਰਿਦਰਤਾ ਦੇ ਗੁਣਾਂ ਦਾ ਗਾਇਣ ਕਰਕੇ ਨਾਹਵਾਦੀ ਜੀਵਨ ਦਾ ਸਮਰਥਨ ਨਹੀਂ ਕੀਤਾ ਸਗੋਂ ਦਰਿਦਰਤਾ ਦੀ ਭਿਆਨਕਤਾ ਨੂੰ ਇਉਂ ਬਿਆਨਿਆ ਹੈ ਕਿ ਪਾਠਕ ਨੂੰ ਉਸ ਦੇ ਹਾਂ ਵਾਦੀ ਜੀਵਨ ਸੰਬੰਧੀ ਵਿਚਾਰਧਾਰਾ ਬਾਰੇ ਕੋਈ ਸ਼ੰਕਾ ਹੀ ਨਹੀਂ ਰਹਿ ਜਾਂਦੀ। ਜਿਵੇਂ ਕੁਰਲ ਨੰਬਰ ੧੦੪੧ ਵਿਚ ਉਹ ਲਿਖਦਾ ਹੈ :-

*"ਜੇ ਪੁੱਛਿਆ ਜਾਏ ਕਿ ਗਰੀਬੀ ਦੇ ਸਮਾਨ ਦੁਖਦਾਈ ਵਸਤ ਕਿਹੜੀ ਹੈ ਤਾਂ ਉੱਤਰ ਮਿਲੇਗਾ-ਗਰੀਬੀ ਦੇ ਸਾਮਾਨ ਪੀੜਾ ਦਾਇਕ ਗਰੀਬੀ ਹੀ ਹੈ।"*

*(ਤਿਰੂ ਕੁਰਲ ਨੰ. ੧੦੪੧)*

ਇਵੇਂ ਹੀ ਫਿਰ ਉਹ ਕਹਿੰਦਾ ਹੈ :-

*"ਗਰੀਬੀ ਰੂਪੀ ਜਵਾਲਾ ਜੇ ਕਿਸੇ ਨੂੰ ਆਪਣੇ ਕਲਾਵੇ ਵਿਚ ਜਕੜ ਲੈਂਦੀ ਹੈ ਤਾਂ ਉਸਦੇ ਇਸ ਲੋਕ ਦੇ ਸੁਖ ਤੇ ਪਰਲੋਕ ਦੇ ਆਨੰਦ ਸਭ ਭਸਮ ਹੋ ਜਾਂਦੇ ਹਨ।"*

*(ਤਿਰੂ ਕੁਰਲ ਨੰ ੧੦੪੨)*

*"ਗਰੀਬੀ ਇਕ ਅਜਿਹਾ ਜਾਲ ਹੈ ਜੋ ਉਸ ਵਿਚ ਫਸੇ ਵਿਅਕਤੀ ਦੇ ਵੰਸ਼-ਗੌਰਵ, ਯੱਸ਼ ਤੇ ਬਚਨਾਂ ਦੀ ਮਿਠਾਸ ਨੂੰ ਇਕੱਠਿਆਂ ਹੀ ਨਾਸ਼ ਕਰ ਦਿੰਦੀ ਹੈ।"*

*(ਤਿਰੂ ਕੁਰਲ ਨੰ :੨੦੪੩)*

ਇਵੇਂ ਹੀ :-

*"ਅਗਨੀ ਦੇ ਭਾਂਬੜ ਦੇ ਵਿਚ ਸੌਣਾ ਵੀ ਸੰਭਵ ਹੈ ਪ੍ਰੰਤੂ ਗਰੀਬੀ ਵਿਚ ਝਪਕੀ ਲੈਣੀ ਵੀ ਅਸੰਭਵ ਹੈ।"* *(ਤਿਰੂ ਕੁਰਲ ਨੰ :੧੦੪੯)*

ਤਿਰੂ ਵੱਲੁਵਰ ਧੰਨ ਦੌਲਤ ਨੂੰ ਉੱਚੇ ਸੁੱਚੇ ਢੰਗ ਨਾਲ ਇਕੱਤਰ ਕਰਨ ਨੂੰ ਸਲਾਹੁੰਦਾ ਹੈ। ਸਭ ਅਰਥ ਸ਼ਾਸਤਰੀਆਂ ਵਾਂਗ ਉਹ ਵੀ ਮੰਨਦਾ ਹੈ ਕਿ ਦੌਲਤ ਕੇਵਲ ਇਕ ਸਾਧਨ ਮਾਤਰ ਹੈ ਇਕ ਨਿਸ਼ਾਨਾ ਨਹੀਂ। ਉਸ ਅਨੁਸਾਰ ਦੌਲਤ ਇਕੱਠੀ ਕਰਨ ਦੇ ਢੰਗ ਕੇਵਲ ਕਾਨੂੰਨੀ ਤੌਰ 'ਤੇ ਠੀਕ ਹੀ ਨਹੀਂ ਹੋਣੇ ਚਾਹੀਦੇ ਸਗੋਂ ਸਦਾਚਾਰਕ ਪਖੋਂ ਵੀ ਠੀਕ ਹੋਣੇ ਚਾਹੀਦੇ ਹਨ। ਕਿਉਂ ਜੋ:-

*"ਪਾਪ ਰਹਿਤ ਢੰਗਾਂ ਨਾਲ ਤੇ ਪ੍ਰੀਸ਼ਰਮ ਭਰਪੂਰ ਯਤਨਾਂ ਦੁਆਰਾ ਇਕੱਤ੍ਰਿਤ ਧੰਨ ਸ਼ਾਂਤੀ ਤੇ ਸੁੱਖ ਦਾ ਆਭਾਸ ਕਰਾਂਦਾ ਹੈ।"*

*(ਤਿਰੂ ਕੁਰਲ ਨੰ:੭੫੪)*

ਭਾਵ, ਤਿਰੂ ਵੱਲੁਵਰ ਧੰਨ ਇਕੱਤ੍ਰਿਤ ਕਰਨ ਲਈ ਗ਼ਲਤ ਢੰਗਾਂ ਦੀ ਵਰਤੋਂ ਤੋਂ ਬਚਣ ਲਈ ਜ਼ੋਰ ਦਿੰਦਾ ਹੈ।

ਇਕ ਪ੍ਰਫੁੱਲਤ ਸੁਸਾਇਟੀ ਲਈ ਤਿਰੂ ਵੱਲੁਵਰ ਵਿਅਕਤੀ ਵਿਸ਼ੇਸ਼ ਨੂੰ ਮਿਹਨਤ ਕਰਨ ਉਤੇ ਵੀ ਜ਼ੋਰ ਦਿੰਦਾ ਹੈ, ਕਿਉਂ ਜੋ ਕਿਸੇ ਵੀ ਸੁਸਾਇਟੀ ਲਈ ਮਿਹਨਤ ਅਸਲੀ ਦੌਲਤ ਹੁੰਦੀ ਹੈ।

*"ਪ੍ਰੀਸ਼ਰਮ ਨਾਲ ਆਰਥਿਕ ਸੁਸਾਇਟੀ ਸੁਧਰਦੀ ਹੈ।*
*ਪ੍ਰੀਸ਼ਰਮ ਹੀਣਤਾ ਨਾਲ ਦਰਿਦਤਾ ਆਉਂਦੀ ਹੈ।"* *(ਤਿਰੂ ਕੁਰਲ ਨੰ :੬੧੬)*

ਅਤੇ :-

ਜੋ ਲੋਕ ਨਿਰੰਤਰ ਅਣਥੱਕ ਮਿਹਨਤ ਕਰਦੇ ਹਨ ਉਹਨਾਂ ਉਤੇ ਦੁਰਭਾਗ ਆਪਣਾ ਪ੍ਰਭਾਵ ਨਹੀਂ ਪਾਉਂਦਾ। ਉਹ ਭਾਗਾਂ ਦੇ ਵਿਪ੍ਰੀਤ ਹੋਣ ਤੇ ਵੀ ਵਿਜੈ ਪ੍ਰਾਪਤ ਕਰਦੇ ਹਨ।"

(ਤਿਰੂ ਕੁਰਲ ਨੰ ੬੨੦)

ਤਿਰੂ ਵੱਲੁਵਰ ਦੇ ਇਹ ਸਾਰੇ ਵਿਚਾਰ ਸੁਪ੍ਰਸਿੱਧ ਅਰਥ ਸ਼ਾਸ਼ਤ੍ਰੀ ਲਾਰਡ ਕੀਨਜ਼ Lord Keynes ਨਾਲ ਮੇਲ ਖਾਂਦੇ ਹਨ ਕਿ :-

> "ਅਣਥੱਕ ਮਿਹਨਤ ਤੇ ਜੁਟੇ ਰਹਿਣ ਦੀ ਸ਼ਕਤੀ ਨਾਲ ਅਸੀਂ ਜੀਵਨ ਵਿਚਲੀਆਂ ਬਹੁਤੀਆਂ ਮੰਜ਼ਲਾਂ ਦੀ ਪ੍ਰਾਪਤੀ ਕਰ ਸਕਦੇ ਹਾਂ ਜੋ ਕਿ ਢਿੱਲੇ ਪਏ ਰਹਿਣ ਨਾਲ ਤੇ ਲਗਾਤਾਰ ਕਰਮਸ਼ੀਲ ਹੋਏ ਬਿਨਾਂ ਸਾਨੂੰ ਅਸੰਭਵ ਦਿਸਦੀਆਂ ਹਨ।"

ਉਪਰੋਕਤ ਪੱਖਾਂ ਤੋਂ ਇਲਾਵਾ ਤਿਰੂ ਵੱਲੁਵਰ ਸੁਸਾਇਟੀ ਦੀ ਸਮਾਜਿਕ - ਆਰਥਿਕ ਸਥਿਤੀ ਨੂੰ ਖਰਾਬ ਕਰਨ ਵਾਲੇ ਕੁਝ ਇਕ ਹੋਰ ਭੈੜਾਂ ਦਾ ਜ਼ਿਕਰ ਵੀ ਕਰਦਾ ਹੈ ਜਿਵੇਂ ਸ਼ਰਾਬ ਪੀਣੀ, ਜੂਆ ਖੇਡਣ ਤੇ ਵੇਸਵਾ ਗਮਨ ਕਰਨਾ ਆਦਿ ਆਦਿ।

ਪ੍ਰੋ. ਰਾਮ ਚੰਦਰ ਦੀਕਸ਼ਤਰ ਨੇ ਤਿਰੂ ਵੱਲੁਵਰ ਤੇ ਕੁਟੱਲਿਆ ਦੇ ਅਰਥ ਬਾਰੇ ਵਿਚਾਰਾਂ ਵਿਚ ਸਮਾਨਤਾ ਦਰਸਾਣ ਦਾ ਯਤਨ ਕੀਤਾ ਹੈ। ਉਸ ਅਨੁਸਾਰ ਕੁਟੱਲਿਆ ਇਕ ਦੱਖਣੀ ਭਾਰਤੀ ਸੀ ਤੇ ਉਸ ਨੇ ਆਪਣੇ ਅਰਥ ਸ਼ਾਸ਼ਤਰ ਵਿਚ ਵੱਲੁਵਰ ਦੇ ਅਰਥ ਬਾਰੇ ਕੁਝ ਵਿਚਾਰਾਂ ਨੂੰ ਸੰਜੋਇਆ ਹੈ। ਪ੍ਰੰਤੂ ਡਾ: ਬੀ. ਨਟਰਾਜਨ ਪ੍ਰੋ. ਦੀਕਸ਼ਤਰ ਦੇ ਵਿਚਾਰਾਂ ਨਾਲ ਬਿਲਕੁਲ ਸਹਿਮਤ ਨਹੀਂ ਹਨ। ਡਾ: ਨਟਰਾਜਨ ਅਨੁਸਾਰ ਵੱਲੁਵਰ ਦੀ ਰਚਨਾ ਤਿਰੂ ਕੁਰਲ ਤੇ ਕੁਟੱਲਿਆ ਦੀ ਰਚਨਾ ਅਰਥ ਸ਼ਾਸ਼ਤਰ ਵਿਚ ਅੰਦਰੂਨੀ ਜਾਂ ਬਾਹਰਲੀ ਅਜਿਹੀ ਕੋਈ ਗਵਾਹੀ ਨਹੀਂ ਮਿਲਦੀ ਜਿਸ ਤੋਂ ਕਿ ਉਪ੍ਰੋਕਤ ਸਿੱਟਾ ਕਢਿਆ ਜਾ ਸਕੇ। ਕਿਉਂ ਜੋ ਸਭ ਤੋਂ ਪਹਿਲਾਂ ਤਾਂ ਕੁਟੱਲਿਆ ਨੂੰ ਚੌਥੀ ਸਦੀ ਬੀ.ਸੀ. ਵਿਚ ਹੋਏ ਚੰਦਰ ਗੁਪਤ ਮੌਰੀਆ ਦੇ ਦਰਬਾਰ ਵਿਚਲਾ ਇਕ ਮੰਤਰੀ ਮੰਨਣਾ ਹੀ ਇਕ ਵੱਡਾ ਆਪਤੀਜਨਕ ਪ੍ਰਸ਼ਨ ਹੈ। Barridale Keith ਅਨੁਸਾਰ ਕੁਟੱਲਿਆ ਦਾ ਸਮਾਂ ਚਾਰ ਸਦੀ ਬੀ.ਸੀ. ਤੋਂ ਚੌਥੀ ਸਦੀ ਏ.ਡੀ. ਹੈ। (Age of Imperial Unity)। ਫਿਰ, ਦੋਨਾਂ ਰਚਨਾਵਾਂ ਦਾ ਤੁਲਨਾਤਮਕ ਅਧਿਅਨ ਕਰਨ ਤੇ ਇਹਨਾਂ ਦੋਨਾਂ ਵਿਚ ਅਰਥ ਬਾਰੇ ਮੁਢਲੇ ਵਿਚਾਰਾਂ ਵਿਚ ਹੀ ਕੋਈ ਸਮਾਨਤਾ ਨਹੀਂ। ਜਿਥੇ ਵੱਲੁਵਰ ਕਿਸੇ ਸਮਾਜ ਦੇ ਅਰਥ ਦਾ ਮੁੱਖ ਆਧਾਰ ਖੇਤੀ ਬਾੜੀ ਤੇ ਖੇਤੀਬਾੜੀ ਕਰਨ ਵਾਲਿਆਂ ਨੂੰ ਦਸਦਾ ਹੈ ਉਥੇ ਕੁਟੱਲਿਆ ਦੇ ਅਰਥ ਸ਼ਾਸ਼ਤਰ ਵਿਚ ਇਸ ਨੂੰ ਬਿਲਕੁਲ ਹੀ ਨਹੀਂ ਦਸਿਆ ਗਿਆ। ਕੁਟੱਲਿਆ ਆਪਣੇ ਸ਼ਾਸ਼ਤਰ ਵਿਚ ਰੈਵੀਨਯੂ ਦੀ ਉਗਰਾਹੀ ਲਈ ਸਵਿਸਥਾਰ ਵੱਖ-ਵੱਖ ਢੰਗਾਂ ਦਾ ਜ਼ਿਕਰ ਕਰਦਾ ਹੈ ਜਿਨ੍ਹਾਂ ਵਿਚ ਕਿ ਮਨਾਉਣ ਤੇ ਡਰਾਣ ਧਮਕਾਣ ਦੀਆਂ ਯੁਕੱਤੀਆਂ ਵੀ ਸ਼ਾਮਿਲ ਹਨ। ਫਿਰ ਟੈਕਸਾਂ ਦੀ ਇਕ ਲੰਮੀ ਲਿਸਟ ਵੀ ਇਸ ਵਿਚ ਦਿਤੀ ਗਈ ਹੋਈ ਹੈ। ਇਵੇਂ ਹੀ ਕੁਟੱਲਿਆ ਦਾ ਅਰਥ ਸ਼ਾਸਤਰ ਰੂਪੀ ਮਹਿਲ ਜਾਤ ਪਾਤ ਦੇ ਆਧਾਰ ਤੇ ਉਸਾਰਿਆ ਗਿਆ ਹੋਇਆ ਹੈ। ਪ੍ਰੰਤੂ ਇਹ ਸਾਰਾ ਕੁਝ ਤਿਰੂ ਵੱਲੁਵਰ ਦੀ ਰਚਨਾ ਤਿਰੂ ਕੁਰਲ ਵਿਚ ਨਹੀਂ ਮਿਲਦਾ। ਤਿਰੂ ਵੱਲੁਵਰ ਟੈਕਸਾਂ ਨੂੰ ਟੈਕਸ ਦੇਣ ਵਾਲਿਆਂ ਦੀ ਰਜ਼ਾਮੰਦੀ ਨਾਲ ਉਗਰਾਹੁਣ ਤੇ ਬਲ ਦਿੰਦਾ ਹੈ, ਕੁਟੱਲਿਆ ਵਾਂਗ ਡਰਾ ਧਮਕਾ ਕੇ ਨਹੀਂ। ਕੁਟੱਲਿਆ ਨੂੰ ਰਾਜੇ ਦੀ ਜੇਬ ਭਰਣ ਲਈ ਰਾਜੇ ਵੱਲੋਂ ਵਹਿਮਾਂ-ਭਰਮਾਂ, ਧਾਰਮਕ ਮਾਣਤਾਵਾਂ, ਪਰਜਾ ਦੀ ਅਨਜਾਣਤਾ ਦਾ ਪ੍ਰਯੋਗ ਕਰਨ ਵਿਚ ਵੀ ਕੋਈ ਇਤਰਾਜ ਨਹੀਂ। ਇਥੋਂ ਤੱਕ ਕਿ ਸ਼ਰਾਬ ਤੇ ਵੇਸਵਾ ਦੇ ਪੇਸ਼ੇ ਨੂੰ ਵੀ ਇਸ ਮਨੋਰਥ ਦਾ ਵਾਹਨ ਬਨਾਉਣ ਤੋਂ ਕੋਈ ਗੁਰੇਜ਼ ਨਹੀਂ। ਇਹ ਸਾਰਾ ਕੁਝ ਤਿਰੂ ਕੁਰਲ ਦੇ ਰਚੈਇਤਾ ਨੂੰ ਪ੍ਰਵਾਨ ਨਹੀਂ। ਡਾ: ਬੀ. ਨਟਰਾਜਨ ਅਨੁਸਾਰ ਅਰਥ ਸੰਬੰਧੀ ਜੇ ਕਿਸੇ ਦੀ ਸਭ ਤੋਂ ਵਧੇਰੇ ਸਮਾਨਤਾ ਤਿਰੂ ਵੱਲੁਵਰ ਨਾਲ ਹੈ ਤਾਂ ਉਹ Adam Smith ਦੇ ਵਿਚਾਰਾਂ ਦੀ ਹੈ। ਤਿਰੂ ਵੱਲੁਵਰ ਵਾਂਗ Adam Smith ਵੀ ਸਮੁੱਚੀ ਮਨੁਖ ਜਾਤੀ ਨੂੰ ਜਨਮ ਤੋਂ ਹੀ ਸਮਾਨ ਸਮਝਦਾ ਹੈ। ਜੇ ਕੋਈ ਅੰਤਰ ਹੈ ਤਾਂ ਉਹ ਕੇਵਲ ਉਹਨਾਂ ਦੀ ਟ੍ਰੇਨਿੰਗ ਤੇ ਵਾਤਾਵਰਣ ਜਿਸ ਵਿਚ ਉਹ ਪਲੇ ਹੁੰਦੇ ਹਨ ਕਰਕੇ ਹੁੰਦੀ ਹੈ। ਦੋਨੋਂ ਵਿਦਵਾਨ ਆਰਥਿਕਤਾ ਦੀ ਪ੍ਰਾਪਤੀ ਸਦਾਚਾਰ ਦੇ ਬਿਖੜੇ ਪੰਧ ਤੇ ਚਲ ਕੇ ਕਰਨ ਵਿਚ ਵਿਸ਼ਵਾਸ ਰਖਦੇ ਸਨ। Adam Smith ਦਾ ਅਧਿਆਪਕ ਫਰਾਂਸਿਸ ਹਚਸਨ (Francis Hutcheson) ਗਲਾਸਗੋ ਯੂਨੀਵਰਸਿਟੀ ਵਿਚ ਸਦਾਚਾਰਕ ਫਿਲਾਸਫ਼ੀ ਦਾ ਪ੍ਰੋਫੈਸਰ ਸੀ ਤੇ ਆਦਮ ਸਮਿਥ ਵੀ। ਆਦਮ ਸਮਿਥ ਨੇ The Wealth

of Nations ਲਿਖਣ ਤੋਂ ਪਹਿਲਾਂ Theory of Moral Sentiments ਪੁਸਤਕ ਲਿਖੀ ਸੀ। ਪ੍ਰੰਤੂ ਸਮਿਥ ਦੀ ਰਚਨਾ The Wealth of Nations ਨੂੰ ਅਰਥ ਸ਼ਾਸ਼ਤਰ ਦੇ ਜਗਤ ਵਿਚ ਇਕ ਕਲਾਸਿਕ ਰਚਨਾ ਮੰਨਿਆ ਜਾਂਦਾ ਹੈ। ਇਸ ਵਿਚ ਉਸ ਨੇ ਰਾਜਾਂ ਨੂੰ ਆਪਣੀ ਦੌਲਤ ਸਦਾਚਾਰਕ ਆਧਾਰ ਉਤੇ ਉਸਾਰਣ, ਵਧਾਣ, ਫੁਲਾਣ ਉਤੇ ਜ਼ੋਰ ਦਿਤਾ ਹੋਇਆ ਹੈ। ਤਿਰੂ ਵੱਲੁਵਰ ਨੇ ਵੀ ਇਵੇਂ ਹੀ ਤਿਰੂ ਕੁਰਲ ਵਿਚ ਆਦਰਸ਼ਕ ਸੁਸਾਇਟੀ ਦਾ ਆਧਾਰ ਧਰਮ ਅਥਵਾ ਸਦਾਚਾਰ ਦਰਸਾਣ ਉਪ੍ਰੰਤ ਆਰਥਿਕਤਾ ਬਾਰੇ ਆਪਣੇ ਵਿਚਾਰਾਂ ਦੀ ਉਸਾਰੀ ਕੀਤੀ ਹੈ। ਭਾਵੇਂ ਤਿਰੂ ਵੱਲੁਵਰ ਤੇ ਆਦਮ ਸਮਿਥ ਵਿਚ 15-20 ਸਦੀਆਂ ਦੀ ਵਿੱਥ ਹੈ ਫਿਰ ਵੀ ਮਨੁੱਖ ਮਾਤਰ ਦੀ ਪ੍ਰਤਿਸ਼ਟਤਾ, ਵਿਅਕਤੀ ਵਿਸ਼ੇਸ਼ ਦੀ ਆਰਥਿਕ ਸੁਤੰਤਰਤਾ, ਇਕ ਉੱਨਤਸ਼ੀਲ ਸੁਸਾਇਟੀ ਅਤੇ ਅਜਿਹੀ ਸੁਸਾਇਟੀ ਲਈ ਉਸ ਵਿਚਲੇ ਵਿਅਕਤੀਆਂ ਵਾਸਤੇ ਲੋੜੀਂਦੀਆਂ ਖੂਬੀਆਂ ਸੰਬੰਧੀ ਵਿਚਾਰਾਂ ਵਿਚ, ਜਿਨ੍ਹਾਂ ਬਾਰੇ ਕਿ ਦੋਨਾਂ ਵਿਚਾਰਵਾਨਾਂ ਨੇ ਪੂਰੇ ਬਲ ਨਾਲ ਸਿਫ਼ਾਰਸ਼ ਕੀਤੀ ਹੈ, ਕਾਫ਼ੀ ਸਮਾਨਤਾ ਹੈ। ਤਿਰੂ ਵਲੁੱਵਰ ਦੀ ਵਡਿੱਤਣ ਇਸ ਵਿਚ ਹੈ ਕਿ ਉਸ ਨੇ ਆਦਮ ਸਮਿਥ ਜਿਸ ਨੂੰ ਕਿ ਸਦਾਚਾਰਕ ਪੱਖੋਂ ਉੱਚੀਆਂ ਕੀਮਤਾਂ ਦੇ ਆਧਾਰ ਤੇ ਕਿਸੇ ਸੁਸਾਇਟੀ ਦੇ ਆਰਥਿਕ ਵਿਕਾਸ ਦੇ ਸਿਧਾਂਤ ਨੂੰ ਪ੍ਰਗਟਾਣ ਵਾਲੇ ਮੋਢੀਆਂ ਵਿਚ ਗਿਣਿਆ ਜਾਂਦਾ ਹੈ, ਤੋਂ ਵੀਹ ਸਦੀਆਂ ਪਹਿਲਾਂ ਇਹਨਾਂ ਵਿਚਾਰਾਂ ਦਾ ਪ੍ਰਚਾਰ ਕੀਤਾ।

# ਕਾਮ (ਕਾਮਾਤ੍ਤੁਪਾਲ)

ਤਿਰੂ ਵੱਲੁਵਰ ਆਪਣੀ ਰਚਨਾ ਤਿਰੂ ਕੁਰਲ ਦੇ ਪਹਿਲੇ ਭਾਗ ਧਰਮ–ਅਰਾਤ੍ਤੁਪਾਲ (*arattuppāl*) ਵਿਚ ਵਿਸ਼ਵ ਪਿਆਰ ਦਾ ਆਧਾਰ ਮਨੁੱਖੀ ਜੀਵਨ ਵਿਚ ਪਿਆਰ ਨੂੰ ਮੰਨਦਾ ਹੋਇਆ ਇਸ ਪਿਆਰ ਨੂੰ ਉੱਚਾ ਸੁੱਚਾ ਹੋਣਾ ਜ਼ਰੂਰੀ ਮੰਨਦਾ ਹੈ। ਉਹ ਇਸ ਪਿਆਰ ਦਾ ਮੁੱਢ ਪਤੀ ਪਤਨੀ ਦੇ ਪਿਆਰ ਤੋਂ ਬੰਨ੍ਹਦਾ ਹੈ। ਉਸ ਅਨੁਸਾਰ ਉੱਚੇ ਸੁੱਚੇ ਪਿਆਰ ਵਿਚਲੇ ਸਰੀਰਕ ਅੰਸ਼ ਨੂੰ ਬੁਰਾ ਨਹੀਂ ਕਿਹਾ ਜਾ ਸਕਦਾ। ਉਹ ਵਿਆਹ ਨੂੰ ਇਕ ਸਰਵੋਤਮ ਕਾਰਜ ਮੰਨਦਾ ਹੈ ਪ੍ਰੰਤੂ ਜੇ ਇਸ ਵਿਚ ਪਿਆਰ ਦਾ ਅਭਾਵ ਹੋਵੇ ਤਾਂ ਇਸ ਵਿਚਲੀ ਗਲਵਕੜੀ ਕੇਵਲ ਦੋ ਲਾਸ਼ਾਂ ਦਾ ਮਿਲਣ ਹੁੰਦਾ ਹੈ, ਜਿਵੇਂ ਕਿ ਤਿਰੂ ਵੱਲੁਵਰ ਨੇ ਆਪਣੇ ਬਾਜ਼ਾਰੀ ਔਰਤ ਵਾਲੇ ਚੈਪਟਰ ਵਿਚ ਕਿਹਾ ਹੈ। ਜਿਸਮਾਨੀ ਗਲਵਕੜੀ ਵਿਚ ਜੇ ਦੋ ਆਤਮਾਵਾਂ ਦਾ ਪਿਆਰ ਵਟਾਂਦਰਾ ਹੋਵੇ ਤਾਂ ਇਸ ਵਿਚ ਮਾਨਵੀ ਤੇ ਦੈਵੀ ਅੰਸ਼ ਭਰੇ ਹੁੰਦੇ ਹਨ। ਤਾਮਿਲ ਵਿਚ ਇਸ ਨੂੰ ਦੋ ਸਿਰਾਂ ਵਾਲੇ ਇਕ ਪੰਛੀ ਨਾਲ ਤੁਲਨਾ ਦਿੱਤੀ ਗਈ ਹੈ। ਗੁਰਬਾਣੀ ਅਨੁਸਾਰ–"ਧੰਨ ਪਿਰ ਇਹ ਨ ਆਖੀਐ ਬਹਿਨ ਇਕਠੇ ਹੋਇ॥ ਏਕ ਜੋਤ ਦੋਇ ਮੂਰਤੀ ਧੰਨ ਪਿਰ ਕਹੀਐ ਸੋਇ॥" ਤਿਰੂ ਵੱਲੁਵਰ ਅਨੁਸਾਰ ਅਜਿਹੇ ਪਿਆਰ ਜੋੜੇ ਦਾ ਪਿਆਰ ਪਿਛਲੇ ਸਤ ਜਨਮਾਂ ਤੋਂ ਪ੍ਰਫੁੱਲਿਤ ਹੋਇਆ ਹੁੰਦਾ ਹੈ। ਸੋ, ਜੇ ਕੋਈ ਅਜਿਹਾ ਆਦਮੀ ਤੇ ਔਰਤ ਇਸ ਜਨਮ ਵਿਚ ਭਾਵੇਂ ਇਕ ਦੂਜੇ ਤੋਂ ਅਗਿਆਤ ਹੀ ਹੋਣ, ਅਚਾਨਕ ਇਕ ਦੂਜੇ ਨੂੰ ਮਿਲ ਜਾਂਦੇ ਹਨ ਤਾਂ ਕੁਦਰਤੀ ਤੇ ਦੈਵੀ ਰੂਪ ਵਿਚ ਇਕ ਦੂਜੇ ਵੱਲ ਖਿੱਚੇ ਜਾਂਦੇ ਹਨ ਤੇ ਇਵੇਂ ਵਿਆਹ ਤੋਂ ਪਹਿਲਾਂ ਹੀ ਉਹਨਾਂ ਅੰਦਰ ਪਿਆਰ ਦੀ ਭਾਵਨਾ ਉਤਪੰਨ ਹੋ ਜਾਂਦੀ ਹੈ। ਤਾਮਿਲ ਵਿਚ ਅਜਿਹੇ ਵਿਆਹ ਤੋਂ ਪਹਿਲੇ ਪਿਆਰ ਨੂੰ 'ਕਲਾਵੂ' *kaḷavu* ਕਹਿੰਦੇ ਹਨ। ਇਸ ਪਿਆਰ ਵਿਚ ਇਕ ਆਤਮਾ ਦੂਜੇ ਦੇ ਦਿਲ ਨੂੰ ਵਿਆਹ ਤੋਂ ਪਹਿਲਾਂ ਹੀ ਚੁਰਾ ਲੈਂਦੀ ਹੈ ਜਿਵੇਂ ਚੁੰਭਕ ਲੋਹੇ ਨੂੰ ਅਪਣੇ ਵੱਲ ਖਿੱਚ ਲੈਂਦਾ ਹੈ।

ਕਈ ਵਾਰ ਪ੍ਰੇਮੀ ਜੋੜੇ ਪਹਿਲੀ ਨਜ਼ਰੇ ਹੀ ਇਕ ਦੂਜੇ ਵੱਲ ਖਿੱਚੇ ਜਾਂਦੇ ਹਨ। ਪ੍ਰੇਮੀ ਪ੍ਰੇਮਕਾ ਇਕ ਦੂਜੇ ਨੂੰ ਦੇਖਦੇ ਸਾਰ ਉਹਨਾਂ ਦੇ ਦਿਲਾਂ ਵਿਚ ਲੁਕ–ਛਿਪ ਬੈਠਾ ਪਿਆਰ ਬਾਹਰ ਉਛਾਲੇ ਮਾਰ ਉੱਠਦਾ ਹੈ। ਉਹਨਾਂ ਨੂੰ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਕੋਈ ਦੈਵੀ ਖਿੱਚ ਉਹਨਾਂ ਦੇ ਦਿਲਾਂ ਉਤੇ ਗਲਬਾ ਪਾ ਰਹੀ ਹੁੰਦੀ ਹੈ। ਪ੍ਰੇਮੀ ਪ੍ਰੇਮਿਕਾ ਨੂੰ ਦੇਖਦੇ ਸਾਰ ਚੱਕਾ ਚੌਂਦ ਜਿਹਾ ਰਹਿ ਜਾਂਦਾ ਹੈ। ਉਸ ਦੀ ਤੱਕਣੀ ਤੇ ਮੁਸਕਾਣ ਦਾ ਅਸਰ ਸ਼ਬਦਾਂ ਰਾਹੀਂ ਬਿਆਨ ਹੋ ਸਕਣ ਤੋਂ ਬਾਹਰਾ ਹੁੰਦਾ ਹੈ। ਉਸ ਦੀ ਗਲਵੱਕੜੀ ਜਿਸਮ ਦੇ ਰੋਮ ਰੋਮ ਵਿਚ ਕੋਈ ਅਕਹਿ ਜਿਹਾ ਆਨੰਦ ਭਰ ਕੇ ਉਸ ਨੂੰ ਮਦਹੋਸ਼ ਕਰਨ ਵਾਲੀ ਹੁੰਦੀ ਹੈ। ਭਾਵੇਂ ਪ੍ਰੇਮੀ ਨੇ ਕਈ ਯੁੱਧਾਂ ਵਿਚ ਆਪਣੀ ਬਹਾਦਰੀ ਦੇ ਜੌਹਰ ਦਿਖਾਏ ਹੋਣ ਪ੍ਰੰਤੂ ਉਸ ਦੀ ਪ੍ਰੇਮਿਕਾ ਦੀ ਸੁੰਦਰਤਾ ਤੇ ਪਿਆਰ ਖਿੱਚ ਉਸ ਨੂੰ ਨਿਰਬਲ ਕਰ ਦੇਂਦੀ ਹੈ।

> *"ਯੁੱਧ ਖੇਤਰ ਵਿਚ ਲੜੇ ਬਿਨਾ ਹੀ ਦੁਸ਼ਮਣ ਨੂੰ ਕੰਬਾ ਦੇਣ ਵਾਲੀ ਮੇਰੀ ਬਹਾਦਰੀ ਹਾਇ, ਇਸ ਸੁੰਦਰੀ ਦੇ ਸੁਹਣੇ ਮੁੱਖੜੇ ਦੇ ਸਾਹਮਣੇ ਮਾਤ ਪੈ ਗਈ।"*
>
> *(ਤਿਰੂ ਕੁਰਲ ੧੦੮੮)*

ਤਿਰੂ ਵੱਲੁਵਰ ਨੇ ਤਿਰੂ ਕੁਰਲ ਵਿਚ ਪ੍ਰੇਮੀ ਪ੍ਰੇਮਕਾਵਾਂ ਦੇ ਸੂਖਮ ਹਾਵ ਭਾਵਾਂ ਨੂੰ ਜਿਸ ਬਾਰੀਕ ਸੂਝ ਬੂਝ ਤੇ ਮਨੋਵਿਗਿਆਨਕ ਢੰਗ ਨਾਲ ਪ੍ਰਗਟਾਇਆ ਹੈ, ਉਹ ਸੰਸਾਰ ਭਰ ਦੇ ਸਾਹਿਤ ਵਿਚ ਆਪਣੀ ਮਿਸਾਲ ਆਪ ਹੀ ਹੈ।

ਪਿਆਰ ਦਾ ਵਰਨਣ ਕਰਦਾ ਹੋਇਆ ਉਹ ਲਿਖਦਾ ਹੈ :-

> *"ਫੁੱਲਾਂ ਤੋਂ ਵਧੇਰੇ ਸੂਖਮ ਹੁੰਦਾ ਹੈ ਪ੍ਰੇਮ, ਪ੍ਰੰਤੂ ਇਸ ਦੀ ਵਾਸਤਵਿਕਤਾ ਨੂੰ ਪਹਿਚਾਨਣ ਤੇ ਇਸ ਨੂੰ ਮਾਨਣ ਵਾਲੇ ਵਿਰਲੇ ਹੀ ਹੁੰਦੇ ਹਨ।"*
>
> *(ਤਿਰੂ ਕੁਰਲ ੧੨੮੯)*

> *"ਸ਼ਰਾਬ ਕੇਵਲ ਪੀਣ ਵਾਲੇ ਨੂੰ ਹੀ ਨਸ਼ਿਆਉਂਦੀ ਹੈ ਪ੍ਰੇਮ ਭਾਵਾਂ ਨਾਲ ਕੇਵਲ ਦੇਖਣ ਮਾਤ੍ਰ ਨਾਲ ਹੀ ਨਸ਼ਿਆ ਦੇਣ ਦੀ ਸ਼ਕਤੀ ਇਸ ਵਿਚ ਨਹੀਂ।"*
>
> *(ਤਿਰੂ ਕੁਰਲ ੧੦੯੦)*

ਲੇਖਕ ਨੇ ਪਿਆਰ ਦੀ ਮੁਢਲੀ ਅਵਸਥਾ ਦਾ ਵਰਨਣ ਤਾਂ ਬਹੁਤ ਹੀ ਮਨੋਵਿਗਿਆਨਕ ਢੰਗ ਨਾਲ ਕੀਤਾ ਹੈ।

> *"ਉਸ ਨੇ ਤੱਕਿਆ (ਮੈਂ ਉਸ ਵਲ ਦੇਖਿਆ) ਫਿਰ ਉਸ ਨੇ ਅੱਖਾਂ ਨੀਵੀਆਂ ਕਰ ਲਈਆਂ ਬੱਸ, ਇਹੀ ਸਾਡੀ ਪ੍ਰੇਮ-ਵੇਲ ਨੂੰ ਪਾਣੀ ਸਿੰਝਣ ਵਾਂਗ ਸੀ।"*
>
> *(ਤਿਰੂ ਕੁਰਲ ੧੦੯੩)*

> *"ਜਦ ਮੈਂ ਦੇਖਾਂ ਤਾਂ ਉਹ ਹੇਠਾਂ ਧਰਤੀ ਨੂੰ ਦੇਖੇ, ਜਦ ਮੈਂ ਨਾ ਦੇਖਾਂ ਤਾਂ ਉਹ (ਲੁੱਕ ਛਿਪ ਕੇ) ਮੈਨੂੰ ਦੇਖ ਕੇ ਮਿੱਠਾ ਮਿੱਠਾ ਮੁਸਕਰਾਏ।"*
>
> *(ਤਿਰੂ ਕੁਰਲ ੧੦੯੪)*

ਪਿਆਰ ਵਿਚ ਮਿਲਾਪ ਦੀ ਅਵਸਥਾ ਦਾ ਵਰਨਣ ਉਸ ਨੇ ਅਜਿਹੇ ਸੁੰਦਰ ਤੇ ਭਰਵੇਂ ਢੰਗ ਨਾਲ ਕੀਤਾ ਹੈ ਕਿ ਪੜ੍ਹਨ ਵਾਲੇ ਨੂੰ ਇਉਂ ਅਨੁਭਵ ਹੁੰਦਾ ਹੈ ਜਿਵੇਂ ਉਹ ਆਪ ਹੀ ਉਸ ਅਵਸਥਾ ਵਿਚੋਂ ਲੰਘ ਰਿਹਾ ਹੁੰਦਾ ਹੈ।

> *"ਦੇਖਣ, ਸੁਨਣ, ਚੱਖਣ, ਸੁੰਘਣ ਤੇ ਛੂਹਣ ਇਹਨਾਂ ਪੰਜ ਇੰਦਰੀਆਂ ਦਾ ਸੁੱਖ ਸੁੰਦਰ ਕੰਗਣ ਪਹਿਨੀ ਪ੍ਰੇਮਕਾ ਦੇ ਮਿਲਾਪ ਵਿਚ ਮਿਲ ਜਾਂਦਾ ਹੈ।"*
>
> *(ਤਿਰੂ ਕੁਰਲ ੧੧੦੧)*

ਇਸ ਪ੍ਰੇਮ-ਮਿਲਾਪ ਵਿਚ ਪ੍ਰੇਮ ਮਾਨਣ ਵਾਲੇ ਤੇ ਪ੍ਰੇਮ ਵਿਚ ਕੋਈ ਅੰਤਰ ਨਹੀਂ ਰਹਿੰਦਾ ਪ੍ਰੇਮੀ ਆਪ ਹੀ ਪ੍ਰੇਮ ਦਾ ਸਰੂਪ ਧਾਰਨ ਕਰ ਜਾਂਦਾ ਹੈ। ਪ੍ਰੇਮ ਵਿਚਲੀਆਂ ਲਿੰਗ ਭਾਵਨਾਵਾਂ ਦੈਵੀ ਭਾਵਨਾਵਾਂ ਦਾ ਰੂਪ ਧਾਰਨ ਕਰ ਜਾਂਦੀਆਂ ਹਨ। ਇਸੇ ਲਈ ਉਸ ਨੂੰ ਸਮਝ ਨਹੀਂ ਆਉਂਦੀ ਕਿ :-

> *"ਆਪਣੀ ਪ੍ਰੇਮਕਾ ਦੀਆਂ ਨਾਜ਼ੁਕ ਬਾਹਾਂ ਦੀ ਗਲਵਕੜੀ ਵਿਚ ਜੋ ਆਨੰਦ ਪ੍ਰਾਪਤ ਹੁੰਦਾ ਹੈ ਉਹੋ ਜਿਹਾ ਆਨੰਦ ਮਹਾਂ ਵਿਸ਼ਨੂੰ ਦੀ ਬੈਠਕ ਵਿਚ ਪ੍ਰਾਪਤ ਹੋਵੇਗਾ ?"*
>
> *(ਤਿਰੂ ਕੁਰਲ ਨੰ: ੧੧੦੩)*

ਇਕ ਪ੍ਰੇਮੀ ਜਿਸ ਨੇ ਆਪਣੀ ਰੂਹ ਨੂੰ ਪ੍ਰੇਮ ਦੀਆਂ ਡੂੰਘਾਈਆਂ ਵਿਚ ਡੁਬੋ ਲਿਆ ਹੁੰਦਾ ਹੈ ਉਹ ਇਸ ਦੀ ਅਸਲੀਅਤ ਨੂੰ ਪਹਿਚਾਣ ਲੈਂਦਾ ਹੈ ਕਿ:-

> *"......ਲਾਲ ਕੱਪੜੇ ਪਹਿਨੀ ਸੁੰਦਰੀ ਨਾਲ ਜਿਉਂ ਜਿਉਂ ਮਿਲਾਪ ਕਰੀਦਾ ਹੈ ਮਿਲਾਪ ਦੀ ਤਾਂਘ ਹੋਰ ਦੀ ਹੋਰ ਤੀਬਰ ਹੁੰਦੀ ਜਾਂਦੀ ਹੈ।"*
>
> *(ਤਿਰੂ ਕੁਰਲ ਨੰ: ੧੧੧੦)*

ਲੇਖਕ ਨੇ ਆਪਣੀ ਇਸ ਰਚਨਾ ਵਿਚ ਕੇਵਲ ਪ੍ਰੇਮੀ ਪ੍ਰੇਮਕਾ ਦੀ ਮਿਲਾਪ ਦੀ ਅਵਸਥਾ ਤੇ ਉਸ ਵਿਚਲੇ ਭਾਵਾਂ ਅਨੁਭਵਾਂ ਦਾ ਵਰਨਣ ਹੀ ਨਹੀਂ ਕੀਤਾ ਸਗੋਂ ਬ੍ਰਿਹੋਂ ਅਥਵਾ ਵਿਛੋੜੇ ਦੇ

ਭਾਵਾਂ ਦਾ ਪ੍ਰਗਟਾਵਾ ਵੀ ਬੜੇ ਸੁੰਦਰ ਢੰਗ ਨਾਲ ਕੀਤਾ ਹੈ। ਪ੍ਰੇਮੀ ਤੋਂ ਵਿਛੁੜੀ ਪ੍ਰੇਮਕਾ ਆਪਣੀ ਸਹੇਲੀ ਨੂੰ ਕਹਿੰਦੀ ਹੈ :-

> *"ਅੱਗ ਛੂਹਣ ਤੇ ਹੀ ਸਾੜਦੀ ਹੈ। ਪ੍ਰੰਤੂ ਪ੍ਰੇਮ ਬਿਰਹਾ ਰੋਗ ਵਾਂਗ ਤਬਾਹੀ ਦੀ ਸ਼ਕਤੀ ਇਸ ਵਿਚ ਹੈ ?"*
>
> *(ਤਿਰੂ ਕੁਰਲ ਨੰ: ੧੧੫੯)*

> *"ਮਨ ਵਾਂਗ ਜੇ ਮੇਰੇ ਨੈਣ ਵੀ ਪ੍ਰੀਤਮ ਦੇ ਕੋਲ ਜਾ ਸਕਦੇ ਹੁੰਦੇ*
> *ਤਾਂ ਇਹ ਹੰਝੂਆਂ ਦੇ ਸਾਗਰ ਵਿਚ ਨਾ ਡੁੱਬੇ ਰਹਿੰਦੇ।"* *(ਤਿਰੂ ਕੁਰਲ ਨੰ: ੧੧੭੦)*

ਸਮਾਜਿਕ ਡਿਊਟੀਆਂ, ਪ੍ਰੀਵਾਰ ਸਬੰਧੀ ਫਰਜ਼, ਵਿਦਿਆ ਦੀਆਂ ਲੋੜਾਂ ਤੇ ਧਾਰਮਕ ਰਹੁ-ਰੀਤਾਂ ਆਦਿਕ ਪ੍ਰੇਮੀਆਂ ਨੂੰ ਇਕ ਦੂਜੇ ਤੋਂ ਜੁਦਾ ਕਰਨ ਵਾਲੇ ਕੁਝ ਕੁ ਹੋਰ ਕਾਰਨ ਹੁੰਦੇ ਹਨ। ਇਸ ਤਰ੍ਹਾਂ ਦੀ ਜੁਦਾਈ ਨੂੰ ਤਾਮਿਲ ਭਾਸ਼ਾ ਵਿਚ (*Pālai*) ਕਹਿੰਦੇ ਹਨ। ਇਸ ਜੁਦਾਈ ਵਿਚ ਪ੍ਰੇਮੀ ਪ੍ਰੇਮਕਾ ਦੋਨੋਂ ਰਲ ਕੇ ਸਮਾਜਕ ਵਿਕਾਸ ਵਿਚ ਕੋਈ ਵਿਸ਼ੇਸ਼ ਹਿੱਸਾ ਪਾ ਰਹੇ ਹੁੰਦੇ ਹਨ- ਦੋਨੋਂ ਆਪਣੇ-2 ਫਰਜ਼ ਸਮਝ ਰਹੇ ਹੁੰਦੇ ਹਨ। ਇਕ ਪ੍ਰੇਮੀ ਉਪਜੀਵਕਾ ਖਾਤਰ ਕਿਤੇ ਦੂਰ ਗਿਆ ਹੁੰਦਾ ਹੈ ਤਾਂ ਉਸ ਦੀ ਪ੍ਰੇਮਕਾ ਸ਼ਿਕਾਇਤ ਕਰਦੀ ਹੈ :-

> *"ਜਦੋਂ ਮੈਂ ਨੀਂਦ ਵਿਚ ਹੁੰਦੀ ਹਾਂ (ਮੇਰਾ ਪ੍ਰੀਤਮ) ਮੈਨੂੰ ਗਲਵਕੜੀ ਵਿਚ ਲੈ ਲੈਂਦਾ ਹੈ ਪਰ ਜਦੋਂ ਹੀ ਮੈਂ ਜਾਗਦੀ ਹਾਂ ਉਹ ਮੇਰੇ ਦਿਲ ਵਿਚ ਲੁੱਕ ਜਾਂਦਾ ਹੈ।"*
>
> *(ਤਿਰੂ ਕੁਰਲ ਨੰ: ੧੨੧੮)*

ਜਿਵੇਂ ਕਿ ਪਹਿਲਾਂ ਵੀ ਦਸਿਆ ਜਾ ਚੁੱਕਾ ਹੈ ਕਿ ਤਿਰੂ ਵੱਲੁਵਰ ਪਤੀ ਪਤਨੀ ਦੇ ਪਿਆਰ ਨੂੰ ਸਭ ਤੋਂ ਵਧੇਰੇ ਆਦਰਸ਼ਕ ਸਮਝਦਾ ਹੈ ਤੇ ਇਸ ਪਿਆਰ ਨੂੰ ਉਸ ਨੇ ਆਪਣੀ ਰਚਨਾ ਤਿਰੂ ਕੁਰਲ ਵਿਚ ਆਪਣੇ ਭਰਪੂਰ ਰੂਪ ਵਿਚ ਚਿਤ੍ਰਣ ਦਾ ਯਤਨ ਕੀਤਾ ਹੈ।

ਪ੍ਰੇਮਕਾ (ਪਤਨੀ) ਕਿਵੇਂ ਆਪਣੀ ਪ੍ਰੇਮੀ (ਪਤੀ) ਦੀ ਗਲਵਕੜੀ ਵਿਚ ਵੱਧ ਤੋਂ ਵੱਧ ਸਮਾਂ ਜਕੜੀ ਰਹਿਣਾ ਚਾਹੁੰਦੀ ਹੈ ਤੇ ਇਸ ਗਲਵਕੜੀ ਵਿਚਲਾ ਜ਼ਰਾ ਕੁ ਢਿੱਲਾਪਨ ਉਸ ਦੇ ਹੁਲਾਸ ਤੇ ਆਨੰਦ ਨੂੰ ਫਿੱਕਾ ਪਾ ਦੇਂਦਾ ਹੈ (ਕਿਉਂ ਜੋ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਹੁਣ ਉਸ ਦਾ ਪ੍ਰੇਮੀ ਉਸ ਨੂੰ ਛੱਡ ਕੇ ਕਿਸੇ ਕੰਮ ਕਾਜ ਲਈ ਬਾਹਰ ਜਾ ਰਿਹਾ ਹੈ।)

> *"ਗਲਵੱਕੜੀ ਵਿਚ ਕੱਸੀ ਹੋਈ ਪ੍ਰੇਮਕਾ ਨੂੰ ਜਿਉਂ ਹੀ ਮੈਂ ਬਾਹਾਂ ਵਿਚੋਂ ਥੋੜਾ ਜਿਹਾ ਢਿੱਲਾ ਕੀਤਾ, ਸੁਨਹਿਰੀ ਕੰਗਣ ਪਹਿਨੀ ਯੁਵਤੀ ਦਾ ਚਿਹਰਾ ਪੀਲਾ ਪੈ ਗਿਆ।"*
>
> *(ਤਿਰੂ ਕੁਰਲ ਨੰ. ੧੨੩੮)*

ਤੇ ਇਵੇਂ ਹੀ :-

> *"ਘੁੱਟਵੀਂ ਗਲਵਕੜੀ ਦੇ ਦਰਮਿਆਨ ਰਤਾ ਕੁ ਠੰਢੀ ਹਵਾ ਦੇ ਪ੍ਰਵੇਸ਼ ਨਾਲ ਉਸ ਦੇ ਵਿਸ਼ਾਲ ਤੇ ਨੀਲਤਣ ਭਰੇ ਨੈਣ ਪੀਲੇ ਪੈ ਗਏ।"*
>
> *(ਤਿਰੂ ਕੁਰਲ ਨੰ: ੧੨੩੯)*

ਫਿਰ ਲੇਖਕ ਦਸਦਾ ਹੈ ਕਿ ਪਤੀ ਪਤਨੀ ਦੇ ਪਿਆਰ ਵਿਚ ਤਾਹਨੇ, ਮਿਹਣੇ, ਰੁਸੇਵੇਂ, ਮਨੇਵੇਂ ਤੇ ਛੇੜਖਾਨੀਆਂ ਆਦਿਕ ਵਧੇਰੇ ਤਾਜ਼ਗੀ ਭਰਦੇ ਹਨ, ਪਿਆਰ ਨੂੰ ਹੋਰ ਤੀਬਰ ਬਣਾਉਂਦੇ ਹਨ।

> *"ਮੈਂ ਸਭ ਤੋਂ ਵੱਧ ਤੈਨੂੰ ਪਿਆਰ ਕਰਦਾ ਹਾਂ" ਜਦ ਮੈਂ ਉਸ ਨੂੰ ਇਹ ਕਿਹਾ ਤਾਂ ਉਹ ਪੁੱਛਣ ਲਗੀ, "ਕਿਸ-2 ਤੋਂ ਵਧੇਰੇ ਮੈਨੂੰ ਪਿਆਰ ਕਰਦੇ ਹੋ ?" ਤੇ ਨਾਲ ਹੀ ਉਹ ਮੇਰੇ ਨਾਲ ਰੁੱਸ ਬੈਠੀ।"*
>
> *(ਤਿਰੂ ਕੁਰਲ ਨੰ:੧੩੧੪)*

ਇਵੇਂ ਹੀ :-

ਉਸ ਦੇ ਰੁੱਸ ਜਾਣ ਕਾਰਨ ਮੈਂ ਆ ਰਹੀ ਨਿੱਛ ਨੂੰ ਦਬਾਣ ਦਾ ਯਤਨ ਕੀਤਾ ਤਾਂ ਉਹ ਇਹ ਕਹਿ ਕੇ ਰੋ ਪਈ,

> *"ਤੁਹਾਨੂੰ ਕੋਈ ਯਾਦ ਕਰ ਰਹੀ ਹੈ, ਤੁਸੀਂ ਉਸ ਨੂੰ ਲੁਕਾਣਾ ਚਾਹੁੰਦੇ ਹੋ, ਮੈਂ ਜਾਣ ਗਈ ਹਾਂ।"*

*(ਤਿਰੂ ਕੁਰਲ ਨੰ:੧੩੧੮)*

ਪ੍ਰੇਮਕਾ ਆਪਣੇ ਪ੍ਰੇਮੀ ਉਤੇ ਆਪਣਾ ਤੇ ਕੇਵਲ ਆਪਣਾ ਹੀ ਅਧਿਕਾਰ ਰੱਖਣਾ ਚਾਹੁੰਦੀ ਹੈ ਪ੍ਰੰਤੂ ਜਦੋਂ ਉਹ ਦੇਖਦੀ ਹੈ ਕਿ ਦੂਜੀਆਂ ਯੁਵਤੀਆਂ ਵੀ ਉਸ ਦੀ ਜਵਾਨੀ ਤੇ ਰੂਪ ਨੂੰ ਦੇਖ ਕੇ ਮਾਣ ਰਹੀਆਂ ਹਨ ਤਾਂ ਈਰਖਾ ਭਾਵਨਾ ਅਧੀਨ ਉਹ ਆਪਣੇ ਪ੍ਰੇਮੀ ਦੀ ਛਾਤੀ ਨਾਲ ਨਾ ਲਗਣ ਦਾ ਵਿਚਾਰ ਬਣਾਂਦੀ ਹੈ ਤੇ ਉਸ ਨੂੰ ਛਲੀਆ ਤਕ ਕਹਿ ਦੇਂਦੀ ਹੈ:-

> *"ਹੇ ਛਲੀਆ ! ਸਭ ਇਸਤ੍ਰੀਆਂ ਆਪਣੀਆਂ ਅੱਖਾਂ ਦੁਆਰਾ ਤੇਰੀ ਚੌੜੀ ਛਾਤੀ ਦਾ ਸੁਆਦ ਮਾਣ ਰਹੀਆਂ ਹਨ। ਮੈਂ ਤੇਰੀ ਛਾਤੀ ਨਾਲ ਨਹੀਂ ਲਗਾਂਗੀ।"*

*(ਤਿਰੂ ਕੁਰਲ ਨੰ: ੨੩੧੧)*

ਪ੍ਰੇਮਕਾ ਆਪਣੇ ਪ੍ਰੇਮੀ ਦੇ ਚਿਰ ਪਿਛੋਂ ਆਉਣ ਤੇ ਕਈ ਤਰ੍ਹਾਂ ਦੀਆਂ ਦਲੀਲਾਂ ਘੜਦੀ ਹੈ ਕਿ ਜਦੋਂ ਉਹ ਆਏਗਾ ਤਾਂ ਮੈਂ ਰੁੱਸ ਜਾਵਾਂਗੀ, ਉਸ ਨਾਲ ਗਲ ਨਹੀਂ ਕਰਾਂਗੀ। ਉਹ ਮੈਨੂੰ ਮਨਾਏਗਾ ਪਰ ਮੈਂ ਮਨਾਂਗੀ ਨਹੀਂ। ਪ੍ਰੰਤੂ ਉਸ ਦੇ ਸਾਹਮਣੇ ਆਉਣ ਤੇ ਉਸ ਨੂੰ ਦੇਖਦੇ ਸਾਰ ਉਸ ਦਾ ਬੇਸਬਰਾ ਦਿਲ ਸਭ ਕੁਝ ਭੁੱਲ ਭੁਲਾ ਕੇ ਉਸ ਦੇ ਗਲ ਨਾਲ ਜਾ ਲਗਦਾ ਹੈ।

> *"ਗੁੱਸਾ ਕਰਨ ਤੇ ਰੁੱਸਣ ਦੀ ਠਾਨ ਕੇ ਉਸ ਦੇ ਪਾਸ ਗਈ। ਪ੍ਰੰਤੂ ਕਾਹਲਾ ਦਿਲ ਅਗੇਤੇ ਹੀ ਉਸ ਨੂੰ ਜਾ ਮਿਲਿਆ ਤੇ ਮੈਂ ਉਸ ਦੇ ਗਲ ਨਾਲ ਜਾ ਲਗੀ।"*

*(ਤਿਰੂ ਕੁਰਲ ਨੰ: ੧੨੫੯)*

ਇਹ ਲਾਈਨਾਂ ਪੰਜਾਬੀ ਦੇ ਸੁਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ ਦੀ ਕਵਿਤਾ "ਸਿਪਾਹੀ ਦਾ ਦਿਲ" ਦੀ ਯਾਦ ਕਰਾਉਂਦੀਆਂ ਹਨ ਜਦੋ ਪ੍ਰੇਮਕਾ ਕਹਿੰਦੀ ਹੈ :-

> ਉਹ ਆਖੇ ਗਾ ਕੂ ਤੇ ਸਹੀ,
> ਆਖਾਂਗੀ ਛੇੜੋ ਨਾ ਜੀ
> ਤਲਬਾਂ ਦੇ ਲੋਭੀ ਹੋ ਤੁਸੀਂ
> ਜੁੱਤੀ ਤੋਂ ਵਾਰੀ ਨੌਕਰੀ
> ਪਰ ਹਾਏ ਨੀ ਦਿਲ ਚੰਦਰਾ
> ਕੱਖਾਂ ਤੋਂ ਹੌਲਾ ਪੈ ਗਿਆ
> ਉਹ ਆ ਗਿਆ ਮੈਂ ਹੱਸ ਪਈ।
> ਗਲ ਲਗ ਕੇ ਛੰਮ-2 ਵੱਸ ਪਈ।

ਲੇਖਕ ਅਨੁਸਾਰ ਤਾਹਨਿਆਂ ਮਿਹਣਿਆਂ, ਗੁੱਸੇ ਗਿੱਲੇ, ਸ਼ਿਕਵੇ ਸ਼ਿਕਾਇਤਾਂ ਤੇ ਛੇੜਖਾਨੀਆਂ ਤੋਂ ਬਿਨਾ ਪਿਆਰ ਕੱਚੇ ਫਲ ਜਾਂ ਲੋੜੋਂ ਵਧੀਕ ਪੱਕੇ ਫਲ ਵਾਂਗ ਬੇਸੁਆਦ ਹੁੰਦਾ ਹੈ। ਤਾਹਨੇ, ਮਿਹਣੇ, ਛੇੜਖਾਨੀਆਂ ਆਦਿ ਪਿਆਰ ਵਿਚ ਤਾਜ਼ਗੀ ਤੇ ਤੀਬਰਤਾ ਲਿਆਂਉਂਦੇ ਹਨ। ਲੇਖਕ ਇਸ ਨੂੰ Sulky Mood ਦਾ ਨਾਮ ਦੇਂਦਾ ਹੈ। ਪਰ ਇਹ ਸਭ ਕੁਝ ਆਟੇ ਵਿਚ ਲੂਣ ਬਰਾਬਰ ਹੀ ਹੋਣਾ ਚਾਹੀਦਾ ਹੈ (ਠੀਕ ਮਾਤ੍ਰਾ ਵਿਚ)

*"ਹੱਠ ਭੋਜਨ ਵਿਚ ਲੂਣ ਵਾਂਗ ਹੁੰਦਾ ਹੈ। ਜੇ ਹੱਠ ਲੰਮੇ ' ਸਮੇਂ ਤੱਕ ਚੱਲੇ ਤਾਂ ਭੋਜਨ ਵਿਚ ਲੂਣ ਵਧੇਰੇ ਹੋਣ ਵਾਂਗ ਹੁੰਦਾ ਹੈ।"*

*(ਤਿਰੂ ਕੁਰਲ ਨੰ: ੧੩੦੨)*

ਇਹਨਾਂ ਤਾਹਨਿਆਂ ਮਿਹਣਿਆਂ ਤੇ ਛੇੜਖਾਨੀਆਂ ਵਿਚ ਜੋ ਹਾਰ ਜਾਂਦਾ ਹੈ ਉਹੀ ਅਸਲ ਵਿਚ ਜੇਤੂ ਹੁੰਦਾ ਹੈ। ਇਹ ਜਿੱਤ ਫਿਰ ਪਿਆਰ-ਆਲਿੰਗਣ ਦਾ ਰੂਪ ਧਾਰਨ ਕਰ ਜਾਂਦੀ ਹੈ :-

*"ਪਿਆਰ ਵਿਚਲੇ ਲੜਾਈ ਝਗੜੇ ਵਿਚ ਜੋ ਹਾਰ ਮੰਨ ਜਾਂਦਾ ਹੈ ਅਸਲ ਵਿਚ ਵਿਜੈਈ ਉਹੀ ਹੁੰਦਾ ਹੈ। ਇਹ ਗਲ ਉਹਨਾਂ ਦੇ ਪੁਨਰ ਮਿਲਣ ਵਿਚ ਸਿੱਧ ਹੁੰਦੀ ਹੈ।"*

*(ਤਿਰੂ ਕੁਰਲ ਨੰ: ੧੩੨੭)*

ਅੰਤ ਵਿਚ ਲੇਖਕ ਦਸਦਾ ਹੈ ਕਿ ਇਕ ਦੋਸ਼-ਰਹਿਤ ਸ੍ਰੇਸ਼ਟ ਪਤੀ ਲਈ ਵੀ ਚੰਗਾ ਰਹੇਗਾ ਜੇ ਉਸ ਦੀ ਅਤਿ ਸੁੰਦਰ ਨੈਣਾਂ ਵਾਲੀ ਕੋਮਲ ਪ੍ਰੇਮਕਾ ਵੀ ਉਸ ਨਾਲ ਕਦੇ-2 ਰੁੱਸ ਜਾਏ।

*"ਦੋਸ਼ ਰਹਿਤ ਸ੍ਰੇਸ਼ਟ ਪਤੀ ਲਈ ਵੀ ਇਹ ਆਨੰਦ-ਦਾਇਕ ਹੋਏਗਾ ਕਿ ਉਸ ਦੀ ਕੋਮਲ ਫੁੱਲਾਂ ਵਰਗੀਆਂ ਅੱਖਾਂ ਵਾਲੀ ਪ੍ਰੇਮਕਾ ਉਸ ਨਾਲ ਕਦੇ-ਕਦੇ ਰੁੱਸ ਜਾਏ।"*

*(ਤਿਰੂ ਕੁਰਲ ਨੰ: ੧੩੦੫)*

ਕਿਉਂ ਜੋ ਰੁੱਸੀ ਪ੍ਰੇਮਕਾ ਨੂੰ ਮਨਾਉਣ ਵਿਚ ਵੀ ਇਕ ਅਨੋਖਾ ਆਨੰਦ ਮਿਲਦਾ ਹੈ ਪਿਆਰ ਵਿਚਲੀ ਤੀਬਰਤਾ ਵਿਚ ਵਾਧਾ ਹੁੰਦਾ ਹੈ :-

*"ਗਹਿਣਿਆਂ ਨਾਲ ਸਜੀ ਫਬੀ ਮੇਰੀ ਪ੍ਰੇਮਕਾ ਨਿਰੰਤਰ ਰੁੱਸੀ ਰਹੇ, ਮੈਂ ਉਸ ਨੂੰ ਮਨਾਉਂਦਾ ਰਹਾਂ ਤੇ ਇਸ ਤਰ੍ਹਾਂ ਕਰਦੇ ਕਰਦੇ ਰਾਤ ਲੰਮੀ ਤੇ ਹੋਰ ਲੰਮੀ ਹੁੰਦੀ ਜਾਏ।"*

*(ਤਿਰੂ ਕੁਰਲ ਨੰ: ੧੩੨੯)*

ਸੋ ਇਵੇਂ ਕਿਹਾ ਜਾ ਸਕਦਾ ਹੈ ਕਿ ਤਿਰੂ ਕੁਰਲ ਦੇ ਕਾਮਾਥੂਪਾਲ ਵਿਭਾਗ ਵਿਚ ਤਿਰੂ ਵੱਲੁਵਰ ਨੇ ਪ੍ਰੇਮੀ ਮਨਾਂ ਵਿਚਲੇ ਸੂਖਮ ਭਾਵਾਂ ਨੂੰ ਇਤਨੀ ਖੂਬਸੂਰਤੀ ਤੇ ਮਨੋਵਿਗਿਆਨਕ ਢੰਗ ਨਾਲ ਚਿੱਤ੍ਰਿਆ ਹੈ ਕਿ ਵਿਸ਼ਵ ਸਾਹਿਤ ਵਿਚ ਇਸ ਦਾ ਸਾਨੀ ਬਹੁਤ ਮੁਸ਼ਕਲ ਮਿਲਦਾ ਹੈ।

ਭਾਸ਼ਾ ਦੀ ਸ਼ੁੱਧਤਾ ਵਲ ਵਧੇਰੇ ਧਿਆਨ ਦੇਣ ਵਾਲੇ ਤਾਮਿਲੀਅਨ ਲੋਕ ਕਾਮ ਸ਼ਬਦ ਦਾ ਪ੍ਰਯੋਗ ਕਰਨਾ ਠੀਕ ਨਹੀਂ ਸਮਝਦੇ ਕਿਉਂ ਜੋ ਉਹਨਾਂ ਅਨੁਸਾਰ ਇਹ ਸੰਸਕ੍ਰਿਤ ਸ਼ਬਦ ਹੈ। ਸੋ ਉਹ ਕਾਮ ਸ਼ਬਦ ਦੀ ਥਾਂ ਇਮਪਤੂ (*Inpattu*) ਸ਼ਬਦ ਦਾ ਪ੍ਰਯੋਗ ਵਧੇਰੇ ਉਚਿੱਤ ਖਿਆਲ ਕਰਦੇ ਹਨ। ਇਸ ਤੋਂ ਛੁੱਟ ਜੈਨ, ਬੁੱਧ ਵਰਗੀਆਂ ਸੰਸਥਾਵਾਂ ਜੋ ਕਿ ਤਿਆਗਵਾਦ ਨੂੰ ਮਾਨਵ ਜੀਵਨ ਦੀ ਸੰਪੂਰਨਤਾ ਦੀ ਸਭ ਤੋਂ ਉੱਚੀ ਅਵਸਥਾ ਮੰਨਦੀਆਂ ਹਨ, ਕਾਮ ਨੂੰ ਆਚਰਨ ਹੀਣਤਾ ਖਿਆਲ ਕਰਦੀਆਂ ਹਨ। ਇਸੇ ਲਈ ਚਿੰਤਾਮਣੀ ਨੇ ਆਪਣੀ ਰਚਨਾ ਵਿਚ ਕਾਮ ਨੂੰ ਇਕ ਅਤਿ ਨੀਚ ਚੀਜ਼ ਦਸਿਆ ਹੈ। ਪ੍ਰੰਤੂ ਇਹ ਤਾਮਿਲ ਲੈਂਡ ਦੀ ਪ੍ਰਾਚੀਨ ਪਰੰਪਰਾ ਨਹੀਂ ਹੈ, ਜਿਵੇਂ ਕਿ ਸੰਗਮ ਕਾਲ ਦੇ ਪਿਛਲੇ ਸਮੇਂ ਦੇ ਕਾਪੀਲਰ (Kapilar) ਵਰਗੇ ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚ ਕਾਮ ਨੂੰ ਦੈਵੀ ਰੂਪ ਵਿਚ ਦਰਸਾਉਣ ਦਾ ਭਰਪੂਰ ਯਤਨ ਕੀਤਾ ਹੈ। ਤੀਨਾਏਮਾਲਾਏਨੁਰਾਇਮਪਤੂ (*Tiṇaimālainūṟraimpatu*) ਦੀ ਰਚਨਾ ਹੀ ਪਿਆਰ ਦੀ ਵਿਚਾਰਧਾਰਾ ਦੀ ਸੁੰਦਰਤਾ ਦਰਸਾਉਣ ਖਾਤਰ ਕੀਤੀ ਗਈ ਸੀ ਤਾਂ ਜੋ ਇਸ ਦੇ ਵਿਰੋਧੀਆਂ ਦੇ ਮਨਾਂ ਵਿਚੋਂ ਇਸ ਪ੍ਰਤੀ ਵਿਰੋਧਾਭਾਸ ਕਢਿਆ ਜਾ ਸਕੇ। ਤਿਰੂ ਵਲੁਵਰ ਨੇ ਵੀ ਆਪਣੀ ਰਚਨਾ ਤਿਰੂ ਕੁਰਲ ਵਿਚ ਪਿਆਰ ਦੀ ਵਿਚਾਰਧਾਰਾ ਨੂੰ ਅਜਿਹੇ ਸੁੰਦਰ ਰੂਪ ਵਿਚ ਪ੍ਰਸਤੁਤ ਕੀਤਾ ਹੈ-ਪਿਆਰ ਭਾਵਨਾਵਾਂ ਨੂੰ ਇਉਂ ਉਤੇ ਚੁੱਕਿਆ ਹੈ ਕਿ ਕੋਈ ਵੀ ਉਸ ਦਾ ਵਿਰੋਧੀ ਉਸ ਬਾਰੇ ਉਂਗਲ ਨਹੀਂ ਉਠਾ ਸਕਦਾ। ਇਸੇ ਲਈ ਨੀਲਾਕੇਸੀ ਦੇ ਟੀਕੇ ਵਿਚ ਜੋ ਕਿ ਇਕ ਪ੍ਰਸਿੱਧ ਜੈਨ ਰਚਨਾ ਹੈ, ਤਿਰੂ ਕੁਰਲ ਨੂੰ ਇਕ ਜੈਨ ਅਧਿਕਾਰਿਤ ਰਚਨਾ ਮੰਨਿਆ ਗਿਆ ਹੈ।

ਸੋ, ਤਿਰੂ ਵਲੁੱਵਰ ਦੇ ਕਾਲ ਵਿਚ ਕਾਮ ਨੂੰ ਆਦਰਸ਼ ਰੂਪ ਵਿਚ ਸਮਝਿਆ ਜਾਣ ਲਗ ਪਿਆ ਸੀ ਅਤੇ ਇਸ ਨੂੰ ਪਿਆਰ ਦੇ ਬਰਾਬਰ ਥਾਂ ਦਿਤੀ ਜਾਣ ਲੱਗ ਪਈ ਸੀ। ਹੁਣ ਇਸ ਨੂੰ ਕੇਵਲ ਜਿਸਮਾਨੀ ਆਨੰਦ ਜਾਂ ਕਾਮੁਕ ਭਾਵਨਾਵਾਂ ਹੀ ਨਹੀਂ ਸਮਝਿਆ ਜਾਂਦਾ ਸੀ। ਮਾਣਕੂਤਾਵਰ ਨੇ ਸਭ ਤੋਂ ਪਹਿਲਾਂ ਕਾਮ ਨੂੰ ਅਨਪੂ (*anpu*)- (ਜੋ ਸਾਡੇ ਨੇੜੇ ਦੇ ਤੇ ਪਿਆਰੇ ਹਨ ਉਹਨਾਂ ਪ੍ਰਤੀ ਹਮਦਰਦੀ ਦੀ ਭਾਵਨਾ ਉਮਡਣੀ), ਦੇ ਰੂਪ ਵਿਚ ਪ੍ਰਗਟਾਇਆ ਹੈ, ਭਾਵੇਂਕਿ ਉਸ ਨੇ ਵਿਰੋਧੀ ਵਿਚਾਰਾਂ ਵਾਲਿਆਂ ਦੀ ਤਸੱਲੀ ਲਈ ਨਾਲ ਇਹ ਵੀ ਕਹਿ ਦਿਤਾ ਹੈ ਕਿ ਪ੍ਰੇਮੀ ਇਸ ਵਿਚ ਜਿਸਮਾਨੀ ਰੂਪ ਵਿਚ ਮਿਲ ਵੀ ਸਕਦੇ ਹਨ। ਤਿਰੂ ਕੁਰਲ ਵਿਚ ਵੀ ਜਿਸਮਾਨੀ ਆਨੰਦ ਵਿਚ ਵੀ ਪਿਆਰ ਭਾਵਨਾਵਾਂ ਦਾ ਹੋਣਾ ਜ਼ਰੂਰੀ ਦਸਿਆ ਹੈ। ਇਹ ਪਿਆਰ ਕੇਵਲ ਜਿਸਮਾਨੀ ਆਨੰਦ ਹੀ ਨਹੀਂ ਸਗੋਂ ਇਸ ਵਿਚ ਮਨੁਖੀ ਪਿਆਰ ਭਾਵਨਾਵਾਂ ਤੇ ਕਾਮ ਭਾਵਨਾਵਾਂ ਜੋ ਕਿ ਅਸੀਂ ਪੰਜ ਇੰਦਰੀਆਂ ਰਾਹੀਂ ਅਨੁਭਵ ਕਰਦੇ ਹਾਂ ਨੂੰ ਉਤੇ ਚੁੱਕਿਆ ਗਿਆ ਹੈ। ਸੋ ਇਵੇਂ ਤਿਰੂ ਵੱਲੁਵਰ ਦੇ ਇਸ ਕਾਮ ਤੋਂ ਜਿਸ ਦੀਆਂ ਜੜ੍ਹਾਂ ਜਿਸਮਾਨੀ ਆਨੰਦ ਵਿਚ ਹੁੰਦੀਆਂ ਹਨ, ਸਾਨੂੰ ਸ਼ਰਮਿੰਦਾ ਹੋਣ ਦੀ ਆਵਸ਼ੱਕਤਾ ਨਹੀਂ। ਡਾ, ਗਰਾਲ (Dr. Graul) ਤੇ ਡਾ : ਪੋਪ ਤਿਰੂ ਵੱਲੁਵਰ ਦੀ ਰਚਨਾ ਵਿਚ 'ਕਾਮਾਤੁਪਾਲ' ਸ਼ਬਦ ਪੜ੍ਹ ਕੇ ਇਕ ਦਮ ਭਟਕ ਗਏ ਸਨ ਕਿਉਂਜੋ ਤਿਰੂ ਵੱਲੁਵਰ ਤੋਂ ਪਿਛੋਂ 'ਕਾਮ' ਸ਼ਬਦ ਫਿਰ ਵਿਸ਼ੇ ਵਿਕਾਰ ਦੀਆਂ ਭਾਵਨਾਵਾਂ ਦਾ ਸੂਚਕ ਹੀ ਬਣ ਕੇ ਰਹਿ ਗਿਆ ਸੀ। ਪ੍ਰੰਤੂ ਜਦ ਡਾ: ਗ੍ਰਾਲ ਤੇ ਡਾ: ਪੋਪ ਨੇ ਤਿਰੂ ਕੁਰਲ ਦੇ ਕਾਮਾਤੁਪਾਲ ਚੈਪਟਰ ਦਾ ਧਿਆਨ ਪੂਰਬਕ ਅਧਿਅਨ ਕੀਤਾ ਤਾਂ ਉਹਨਾਂ ਨੂੰ ਤਿਰੂ ਵੱਲੁਵਰ ਦੇ ਪਿਆਰ ਸਿਧਾਂਤ ਦੀ ਅਨੂਠੀ ਵਡਿੱਤਣ ਨੇ ਬਹੁਤ ਪ੍ਰਭਾਵਿਤ ਕੀਤਾ। ਸਕੀਵਿਟਜ਼ਰ (Schweitzer) ਵੀ ਇਸੇ ਲਈ ਤਿਰੂ ਵੱਲੁਵਰ ਦੀ ਪਿਆਰ ਫਿਲਾਸਫ਼ੀ ਨੂੰ ਸਮੁੱਚੇ ਸੰਸਾਰ ਵਿਚਲੀ ਪ੍ਰਵਾਣਿਤ ਤੇ ਸਤਿਕਾਰਿਤ ਫਿਲਾਸਫ਼ੀ ਮੰਨਦਾ ਹੈ।

ਵਾਤਸਾਇਣ ਅਨੁਸਾਰ ਕਾਮ ਸਰੀਰਕ ਮਿਲਾਪ ਦਾ ਆਨੰਦ ਹੈ ਭਾਵੇਂ ਪਿਆਰ ਦਾ ਇਸ ਵਿਚ ਅਭਾਵ ਹੀ ਹੋਵੇ। ਇਸਤਰੀ, ਜਿਸ ਨੂੰ ਛਾਤੀ ਨਾਲ ਲਗਾਇਆ ਜਾਂਦਾ ਹੈ ਭਾਵੇਂ ਕੰਵਾਰੀ ਹੀ ਹੋਵੇ, ਵੇਸਵਾ ਹੋਵੇ ਜਾਂ ਕਿਸੇ ਦੂਜੇ ਮਨੁਖ ਦੀ ਪਤਨੀ ਹੀ ਹੋਵੇ। ਵਾਤਸਾਇਣ ਦੇ ਇਸ ਮਿਲਾਪ ਵਿਚ ਕਦਰਾਂ ਕੀਮਤਾਂ ਦੀ ਕੋਈ ਥਾਂ ਨਹੀਂ। ਪ੍ਰੰਤੂ ਤਿਰੂ ਵੱਲੁਵਰ ਇਸ ਮਿਲਾਪ ਆਨੰਦ ਵਿਚ ਆਦਰਸ਼ ਨੂੰ ਮੁਖ ਥਾਂ ਦੇਂਦਾ ਹੈ। ਉਸ ਨੇ ਦੂਜੇ ਮਨੁੱਖ ਦੀ ਪਤਨੀ, (ਆਪਣੀ ਪਤਨੀ ਤੋਂ ਇਲਾਵਾ) ਜਾਂ ਕਿਸੇ ਹੋਰ ਪਿਛੇ ਭਟਕਣ ਨੂੰ ਨਿੰਦਿਆ ਹੈ, ਇਸ ਨੂੰ ਧਰਮ ਤੇ ਸਮਾਜਿਕ ਭਲਾਈ ਦੇ ਵਿਰੁਧ ਦਸਿਆ ਹੈ। ਭਾਵੇਂ ਇਸ ਵਿਚ ਆਨੰਦ ਦੀ ਪ੍ਰਾਪਤੀ ਹੀ ਹੁੰਦੀ ਹੋਵੇ ਪ੍ਰੰਤੂ ਤਿਰੂ ਵੱਲੁਵਰ ਇਸ ਨੂੰ ਕਾਮ ਕਹਿਣ ਨੂੰ ਤਿਆਰ ਨਹੀਂ। ਉਸ ਨੇ ਆਪਣੀ ਸਟੇਟ ਤੇ ਸੁਸਾਇਟੀ ਦੀ ਥਿਊਰੀ ਵਿਚ ਵੀ ਵੇਸਵਾ ਦੇ ਪੇਸ਼ੇ ਨੂੰ ਨਿੰਦਿਆ ਹੈ। ਉਸ ਅਨੁਸਾਰ ਇਕ ਵੇਸਵਾ ਦਾ ਆਲਿੰਗਣ ਇਕ ਮੁਰਦੇ (ਨਿਰਜੀਵ) ਦਾ ਆਲਿੰਗਣ ਹੈ ਕਿਉਂ ਜੋ ਇਸ ਵਿਚ ਪਿਆਰ ਦਾ ਆਭਾਵ ਹੁੰਦਾ ਹੈ। ਸੋ ਇਵੇਂ ਤਿਰੂ ਵੱਲੁਵਰ ਦਾ ਪਿਆਰ ਸਿਧਾਂਤ ਪ੍ਰੈਕਟੀਕਲ ਕਿਸਮ ਦਾ ਹੈ -ਉਚੇਰੀਆਂ ਮਾਨਵੀ ਕੀਮਤਾਂ ਤੇ ਆਦਰਸ਼ਾਂ ਉਤੇ ਆਧਾਰਿਤ-ਸਮਾਜਿਕ ਭਲਾਈ ਵਿਚ ਹਿੱਸਾ ਪਾਉਣ ਵਾਲਾ ਕਰਮਸ਼ੀਲ ਆਦਰਸ਼ਾਂ ਵਾਲਾ ਪਿਆਰ ਹੈ।

ਗੁਰਬਾਣੀ ਵਿਚ ਵੀ ਪਿਆਰ ਸੰਕਲਪ ਇਸੇ ਵੰਨਗੀ ਦਾ ਹੈ :-

> *"ਨਿਜ ਨਾਰੀ ਸੰਗ ਨਿਹੁੰ ਤੁਮ ਨਿਤ ਬਢਈਓ ॥*
> *ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜਾਈਓ ॥"*

ਇਵੇਂ ਹੀ ਗੁਰਬਾਣੀ ਵਿਚ ਈਸ਼ਵਰ ਪ੍ਰਤੀ ਪਿਆਰ ਨੂੰ ਪ੍ਰੇਮੀ ਪ੍ਰੇਮਕਾ ਦੇ ਅਲੰਕਾਰ ਦੀ ਥਾਂ ਪਤੀ ਪਤਨੀ, ਸੁਹਾਗਣ ਦੁਹਾਗਣ ਦੇ ਅਲੰਕਾਰਾਂ ਰਾਹੀਂ ਹੀ ਪ੍ਰਗਟਾਇਆ ਗਿਆ ਹੋਇਆ ਹੈ ਕਿਉਂ ਜੋ ਗੁਰਬਾਣੀ ਵਿਚ ਵੀ ਤਿਰੂ ਵੱਲੁਵਰ ਵਾਂਗ ਹੀ ਪਤੀ ਪਤਨੀ ਦੇ ਪਿਆਰ ਨੂੰ ਹੀ ਸੰਪੂਰਣ ਤੇ ਆਦਰਸ਼ਕ ਪਿਆਰ ਮੰਨਿਆ ਗਿਆ ਹੈ।

"ਅੱਜ ਨ ਸੁਤੀ ਕੰਤ ਸਿਉਂ ਅੰਗ ਮੁੜੇ ਮੁੜ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਵ ਰੈਣ ਵਿਹਾਇ ॥"

ਇਵੇਂ ਹੀ-

"ਮੇਰੈ ਕੰਤ ਨਾ ਭਾਵੈ ਚੋਲੜਾ ਪਿਆਰੇ
ਕਿਉਂ ਧਨ ਸੇਜੈ ਜਾਇ ॥"

# ਲਿਖਣ ਸ਼ੈਲੀ

ਤਿਰੂ ਕੁਰਲ ਵਿਚ ਤਿਰੂ ਵੱਲੁਵਰ ਨੇ ਨਾ ਕੇਵਲ ਆਪਣੇ ਵਧੀਆ ਤੇ ਸੁੰਦਰ ਵਿਚਾਰਾਂ ਨੂੰ ਹੀ ਪ੍ਰਸਤੁਤ ਕੀਤਾ ਹੈ ਸਗੋਂ ਉਸ ਦੀ ਲਿਖਣ ਸ਼ੈਲੀ ਵੀ ਬਹੁਤ ਉੱਤਮ ਤੇ ਨਾਟਕੀ ਅੰਸ਼ਾਂ ਨਾਲ ਭਰਪੂਰ ਹੈ। ਉਸ ਨੂੰ ਪੜ੍ਹਦਿਆਂ-2 ਪਾਠਕਾਂ ਨੂੰ ਜਿਥੇ ਉਸ ਦੇ ਵਿਚਾਰ ਪ੍ਰਭਾਵਿਤ ਕਰਦੇ ਹਨ ਉਥੇ ਕਈ ਥਾਵਾਂ ਤੇ ਉਨ੍ਹਾਂ ਨੂੰ ਇਉਂ ਅਨੁਭਵ ਹੁੰਦਾ ਹੈ ਜਿਵੇਂ ਉਹ ਰੰਗਮੰਚ ਉੱਤੇ ਹੋ ਰਹੇ ਨਾਟਕ ਨੂੰ ਦੇਖ, ਸੁਣ ਤੇ ਮਾਨ ਰਹੇ ਹੁੰਦੇ ਹਨ। ਆਪਣੀ ਸ਼ੈਲੀ ਨੂੰ ਸੁਆਦਲੀ ਤੇ ਨਾਟਕੀ ਬਨਾਉਣ ਲਈ ਕਦੇ ਤਾਂ ਉਹ ਸੰਬੋਧਨੀ ਯੁਕੱਤੀ ਵਰਤਦਾ ਹੈ, ਕਦੇ ਪ੍ਰਸ਼ਨੋਤਰੀ, ਕਦੇ ਨਾਹ-ਵਾਦੀ ਤੇ ਕਦੇ ਵਿਸਮਿਕ।

ਜਿਵੇਂ ਸੰਬੋਧਨੀ ਸ਼ੈਲੀ ਦਾ ਪ੍ਰਯੋਗ ਕਰਦਾ ਹੋਇਆ ਉਹ ਲਿਖਦਾ ਹੈ:-

i) *"ਓ ਅਨਿੱਚ ਫੁੱਲ! ਤੂੰ ਵਧੇ ਫੁੱਲੇਂ, ਤੂੰ ਆਪਣੀ ਕੋਮਲਤਾ ਲਈ ਪ੍ਰਸਿੱਧ ਹੈ। ਪ੍ਰੰਤੂ ਮੇਰੀ ਪ੍ਰੇਮਕਾ ਤੇਰੇ ਤੋਂ ਵੀ ਵਧੇਰੇ ਕੋਮਲ ਹੈ।"* *(ਤਿਰੂ ਕੁਰਲ ਨੰ: ੧੧੧੧)*

ii) *"ਓ ਚੰਦ੍ਰਮਾ! ਜੇ ਤੂੰ ਵੀ ਇਸ (ਜ਼ਾਲਮ) ਸੁੰਦਰੀ ਦੇ ਮੂੰਹ ਵਾਂਗ ਆਕ੍ਰਸ਼ਕ ਹੋ ਕੇ ਚਮਕ ਸਕਦਾ ਤਾਂ ਤੂੰ ਵੀ ਪ੍ਰੇਮ ਕਰਨ ਯੋਗ ਹੁੰਦਾ।"*

*(ਤਿਰੂ ਕੁਰਲ ਨੰ: ੧੧੧੮)*

iii) *"ਹੇ ਸਖੀ! ਮੰਨਦੀ ਹਾਂ, ਅਜਿਹੇ ਕਈ ਲੋਕ ਹੋਣਗੇ ਜੋ ਵਿਛੋੜੇ ਦੀ ਪੀੜ ਨੂੰ ਝੱਲਣ ਤੇ ਉਸ ਤੋਂ ਪਿਛੋਂ ਵੀ ਧੀਰਜ ਰਖਦੇ ਹੋਏ ਜਿਊਂਦਿਆਂ ਰਹਿ ਸਕਣ (ਪ੍ਰੰਤੂ ਮੇਰੇ ਲਈ ਇਹ ਅਸੰਭਵ ਹੈ।)" (ਤਿਰੂ ਕੁਰਲ ਨੰ:੧੧੬੦)*

ਕਈ ਥਾਈਂ ਲੇਖਕ ਨੇ ਪ੍ਰਸ਼ਨੋਤਰੀ ਸ਼ੈਲੀ ਦਾ ਪ੍ਰਯੋਗ ਕੀਤਾ ਹੈ :-

i) *"ਸੁਪਨਾ ਮੇਰੇ ਪ੍ਰੀਤਮ ਦਾ ਦੂਤ ਬਣ ਕੇ ਆਇਆ ਹੈ।
ਅਜਿਹੇ ਪਿਆਰੇ ਸੁਪਨੇ ਦੀ ਮੈਂ ਕਿਸ ਤਰ੍ਹਾਂ ਪ੍ਰਾਹੁਣਚਾਰੀ ਕਰਾਂ?"*

*(ਤਿਰੂ ਕੁਰਲ ਨੰ: ੧੨੧੧)*

ii) *"ਇਕ ਪ੍ਰਾਪਤ ਕਰਕੇ ਸੌ ਗੰਵਾਣ ਵਾਲੇ ਜੁਆਰੀ ਨੂੰ ਵੀ ਕੀਹ
ਸੁੱਖ ਪ੍ਰਾਪਤੀ ਦਾ ਜੀਵਨ-ਮਾਰਗ ਮਿਲਣਾ ਸੰਭਵ ਹੈ?"*

*(ਤਿਰੂ ਕੁਰਲ ਨੰ:੯੩੨)*

iii) *"ਆਪਣੀ ਪ੍ਰੇਮਕਾ ਦੀਆਂ ਨਾਜ਼ੁਕ ਬਾਹਾਂ ਦੀ ਗਲਵਕੜੀ ਵਿਚ ਜੋ ਆਨੰਦ ਪ੍ਰਾਪਤ ਹੁੰਦਾ ਹੈ ਕੀ ਉਹੋ ਜਿਹਾ ਆਨੰਦ ਮਹਾਂ ਵਿਸ਼ਨੂੰ ਦੇ ਬੈਕੁੰਠ ਵਿਚ ਪ੍ਰਾਪਤ ਹੋਵੇਗਾ?"*

*(ਤਿਰੂ ਕੁਰਲ ਨੰ:੧੧੦੩)*

ਇਵੇਂ ਹੀ ਕਿਤੇ-2 ਵਿਸਮਿਕ ਸ਼ੈਲੀ ਦੀ ਵਰਤੋਂ ਵੀ ਉਸ ਨੇ ਕੀਤੀ ਹੈ :-

i) *"ਹੇ ਸ਼ਾਮ! ਤੂੰ ਲੰਮੇ ਸਮੇਂ ਲਈ ਜਿਊਂਦੀ ਰਹੁ। ਤੂੰ ਉਲਝੀ ਹੋਈ ਕਿਉਂ ਦਿਸ ਰਹੀ ਹੋ? ਕੀ ਤੇਰਾ ਪਿਆਰਾ ਵੀ ਮੇਰੇ ਪ੍ਰੀਤਮ ਵਾਂਗ ਨਿਰਮੋਹੀ ਹੈ!"*

*(ਤਿਰੂ ਕੁਰਲ ਨੰ: ੧੨੨੨)*

ਕਈ ਵਾਰ ਲੇਖਕ ਨਾਂਹਵਾਦੀ ਸ਼ੈਲੀ ਦਾ ਪ੍ਰਯੋਗ ਕਰਕੇ ਵੀ ਲਿਖਤ ਵਿਚ ਨਾਟਕੀਅਤਾ ਲਿਆਉਂਦਾ ਹੈ :-

*"ਸ਼ਰਾਬ ਕੇਵਲ ਪੀਣ ਵਾਲੇ ਨੂੰ ਹੀ ਨਸ਼ਿਆਉਂਦੀ ਹੈ।
ਪ੍ਰੇਮ-ਭਾਵਾਂ ਨਾਲ ਕੇਵਲ ਦੇਖਣ ਮਾਤ੍ਰ ਨਾਲ ਹੀ ਨਸ਼ਿਆ ਦੇਣ ਦੀ ਸ਼ਕਤੀ ਇਸ ਵਿਚ ਨਹੀਂ।"* *(ਤਿਰੂ ਕੁਰਲ ਨੰ: ੧੦੯੦)*

ਕਿਤੇ-2 ਮਨ-ਉਕੱਤੀਆਂ ਦੀ ਵਰਤੋਂ ਕਰਕੇ ਵੀ ਲੇਖਕ ਲਿਖਤ ਵਿਚ ਨਾਟਕੀਅਤਾ ਦਾ ਅੰਸ਼ ਲਿਆਉਂਦਾ ਹੈ :-

i) *"ਹੇ ਮੇਰੇ ਮਨ ਤੂੰ ਪ੍ਰੇਮ ਪੀੜਾ ਦੇਣ ਵਾਲੇ ਇਸ ਅਸਾਧ ਰੋਗ ਤੋਂ ਛੁਟਕਾਰਾ ਪ੍ਰਾਪਤ ਕਰਨ ਦਾ ਕੋਈ ਇਲਾਜ ਹੋਵੇਗਾ! ਜ਼ਰਾ ਸੋਚ ਕੇ ਮੈਨੂੰ ਦੱਸ।"* *(ਤਿਰੂ ਕੁਰਲ ਨੰ: ੧੨੪੧)*

ii) *"ਹੇ ਮਨ! ਤੂੰ ਉਸ ਦੀਆਂ ਸੁੰਦਰ ਅੱਖਾਂ ਦੀ ਉਨ੍ਹਾਂ ਫੁੱਲਾਂ ਨਾਲ ਕਿਵੇਂ ਤੁਲਨਾ ਕਰਦਾ ਹੈਂ ਜਿਨ੍ਹਾਂ ਤੋਂ ਹਰ ਕੋਈ ਖੁਸ਼ੀ ਪ੍ਰਾਪਤ ਕਰਦਾ ਹੈ। ਇਹ ਨੈਣ ਤਾਂ ਕੇਵਲ ਮੇਰੇ ਲਈ ਹੀ ਹਨ।"* *(ਤਿਰੂ ਕੁਰਲ ਨੰ: ੧੧੧੨)*

iii) *"ਹੇ ਮਨ! ਫਜ਼ੂਲ ਹੈ ਤੇਰਾ ਰੁੱਸਣਾ। ਮਿਲਾਪ ਹੁੰਦੇ ਹੀ ਤ੍ਰਿਪਤ ਕਰਨ ਵਾਲੇ ਪ੍ਰੀਤਮ ਨੂੰ ਦੇਖਦੇ ਸਾਰ ਤੇਰਾ ਸਾਰਾ ਰੋਸਾ ਭੁੱਲ ਜਾਂਦਾ ਹੈ।"* *(ਤਿਰੂ ਕੁਰਲ ਨੰ: ੧੨੪੬)*

ਕਈ ਵਾਰ ਇਨ੍ਹਾਂ ਮਨ ਉਕੱਤੀਆਂ ਨੂੰ ਵੀ ਲੇਖਕ ਇਤਨੇ ਨਾਟਕੀ ਅੰਦਾਜ਼ ਨਾਲ ਪੇਸ਼ ਕਰਦਾ ਹੈ ਕਿ ਪੜ੍ਹਦਿਆਂ-2 ਸਾਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਅਸੀਂ ਕਿਸੇ ਮੰਚ-ਸ਼ਾਲਾ ਵਿਚ ਬੈਠੇ ਸਭ ਕੁਝ ਪ੍ਰਤੱਖ ਦੇਖ ਰਹੇ ਹੁੰਦੇ ਹਾਂ :-

*"ਜ਼ਰਾ ਦੇਖੋ, ਪ੍ਰੀਤਮ ਕਿਸ ਤਰ੍ਹਾਂ ਜੁਦਾਈ ਵਿਚ ਤੜਫਦਾ ਹੈ। ਹਾਲੇ ਉਸ ਨੂੰ ਨਾ ਮਿਲੋ, ਠਹਿਰੋ, ਥੋੜਾ ਹੱਠ ਕਰੋ। ਹਾਲੇ ਉਸ ਨੂੰ ਗਲਵਕੜੀ ਵਿਚ ਨਾ ਲਵੋ।"* *(ਤਿਰੂ ਕੁਰਲ ਨੰ: ੧੩੦੧)*

ਲੇਖਕ ਆਪਣੇ ਵਿਚਾਰਾਂ ਨੂੰ ਸੁੰਦਰ ਬਨਾਉਣ ਤੇ ਸਪਸ਼ਟ ਕਰਨ ਲਈ ਕਈ ਰੂਪਕਾਂ, ਉਪਮਾਵਾਂ, ਤੁਲਨਾਵਾਂ ਤੇ ਦ੍ਰਿਸ਼ਟਾਂਤਾਂ ਦੀ ਵਰਤੋਂ ਕਰਦਾ ਹੈ ਜਿਵੇਂ :-

ਰੂਪਕ :-

i) *"ਮੇਰੀ ਸਰੀਰ ਰੂਪੀ ਵਹਿੰਗੀ ਦੇ ਦੋਨਾਂ ਪਾਸੇ ਸ਼ਰਮ ਤੇ ਪ੍ਰੇਮ ਦੇ ਬੋਝ ਲੱਦੇ ਹੋਏ ਹਨ ਜਿਨ੍ਹਾਂ ਦਾ ਬੋਝ ਝੱਲਣ ਤੋਂ ਮੈਂ ਅਸਮ੍ਰੱਥ ਹਾਂ।"* *(ਤਿਰੂ ਕੁਰਲ ਨੰ. ੧੧੬੩)*

ii) *"ਬ੍ਰਿਹੋਂ ਦੀਆਂ ਇਹ ਲੰਮੀਆਂ ਰਾਤਾਂ ਮੇਰੇ ਨਿਰਮੋਹੀ ਪ੍ਰੀਤਮ ਦੀ ਕਠੋਰਤਾ ਤੋਂ ਵੀ ਵਧੇਰੇ ਜ਼ਾਲਮ ਹਨ।"* *(ਤਿਰੂ ਕੁਰਲ ਨੰ: ੧੧੬੯)*

iii) *"ਮਨ ਵਾਂਗ ਜੇ ਮੇਰੇ ਨੈਣ ਵੀ ਪ੍ਰੀਤਮ ਦੇ ਕੋਲ ਜਾ ਸਕਦੇ ਹੁੰਦੇ ਤਾਂ ਇਹ ਹੰਝੂਆਂ ਦੇ ਸਾਗਰ ਵਿਚ ਨਾ ਡੁੱਬੇ ਰਹਿੰਦੇ।"*

*(ਤਿਰੂ ਕੁਰਲ ਨੰ: ੧੧੭੦)*

iv) *"ਕਾਮ ਰੂਪੀ ਕੁਲਹਾੜੀ ਮਾਨਸਿਕ ਧੀਰਜ ਰੂਪੀ ਦਰਵਾਜ਼ੇ ਉਤੇ ਲਗੀ ਲੱਜਾ ਦੀ ਚਿਟਕਣੀ ਨੂੰ ਤੋੜ ਦੇਂਦੀ ਹੈ।"*

*(ਤਿਰੂ ਕੁਰਲ ਨੰ: ੧੨੫੧)*

ਉਪਮਾ ਅਲੰਕਾਰ :-

i) *"ਇਸ ਸੁੰਦਰੀ ਦੀ ਉੱਭਰੀ ਹੋਈ ਛਾਤੀ ਨੂੰ ਢੱਕਣ ਵਾਲਾ ਰਹੱਸ ਉਪਜਾਊ ਕਪੜਾ ਇਵੇਂ ਲਗਦਾ ਹੈ ਜਿਵੇਂ ਮੱਦਮਸਤ ਹਾਥੀਆਂ ਦੀਆਂ ਅੱਖਾਂ ਨੂੰ ਢੱਕ ਰਿਹਾ ਹੁੰਦਾ ਹੈ।"*

*(ਤਿਰੂ ਕੁਰਲ ਨੰ: ੧੦੮੭)*

ii) *"ਇਸ ਸੁੰਦਰੀ ਦੀਆਂ ਬਾਹਾਂ ਬਾਂਸ ਵਰਗੀਆਂ ਪਤਲੀਆਂ, ਸਰੀਰ ਕਰੂੰਬਲ ਵਰਗਾ ਕੋਮਲ, ਦੰਦ ਮੋਤੀਆਂ ਵਰਗੇ ਚਮਕੀਲੇ, ਸਾਹ ਸੁਗੰਧੀ ਭਰਪੂਰ ਤੇ ਨੈਣ ਖੁਭ ਕੇ ਵਿੰਨ ਦੇਣ ਵਾਲੇ ਹਨ।"* *(ਤਿਰੂ ਕੁਰਲ ਨੰ: ੧੧੧੩)*

ਕਈ ਵਾਰ ਲੇਖਕ ਆਪਣੇ ਵਿਚਾਰਾਂ ਨੂੰ ਸਪੱਸ਼ਟ ਰੂਪ ਵਿੱਚ ਪੇਸ਼ ਕਰਨ ਲਈ ਦ੍ਰਿਸ਼ਟਾਂਤ ਅਲੰਕਾਰਾਂ ਦੀ ਵਰਤੋਂ ਕਰਦਾ ਹੈ :-

i) *"ਜਿਵੇਂ ਤਿੱਬਤ ਦਾ ਲੰਮੇ ਵਾਲਾਂ ਵਾਲਾ ਜੰਗਲੀ ਬਲਦ (ਯਾਕ) ਵਾਲ ਉਤਰਣ ਤੇ ਪ੍ਰਾਣ ਤਿਆਗ ਦੇਂਦਾ ਹੈ ਉਵੇਂ ਹੀ ਸਵੈ ਸਨਮਾਨੀ ਵਿਅਕਤੀ ਸਨਮਾਨ ਦੇ ਨਸ਼ਟ ਹੋਣ ਤੇ ਆਪਣੇ ਪ੍ਰਾਣ ਤਿਆਗ ਦੇਂਦਾ ਹੈ।"* *(ਤਿਰੂ ਕੁਰਲ ਨੰ: ੯੬੯)*

ii) *"ਜਿਵੇਂ ਸ਼ਰਾਬ ਪੀਂਦਿਆਂ-2 ਇਸ ਦੀ ਮਸਤੀ ਨਾਲ ਸ਼ਰਾਬ ਵਧੇਰੇ ਪਿਆਰੀ ਲਗਣ ਲਗ ਪੈਂਦੀ ਹੈ। ਇਸੇ ਤਰ੍ਹਾਂ ਅਫ਼ਵਾਹ ਫ਼ੈਲਦੇ-2 ਪ੍ਰੇਮ ਵੀ ਵਧੇਰੇ ਤੀਬਰਤਾ ਪਕੜ ਜਾਂਦਾ ਹੈ।"* *(ਤਿਰੂ ਕੁਰਲ ਨੰ: ੧੧੪੫)*

ਕਿਤੇ-2 ਲੇਖਕ ਅਤਿਕਥਨੀ ਅਲੰਕਾਰ ਦੀ ਵਰਤੋਂ ਵੀ ਕਰਦਾ ਹੈ :-

*"ਇਸ ਮਿੱਠ ਬੋਲੜੀ ਸੁੰਦਰੀ ਦੇ ਰਸੀਲੇ ਦੰਦਾਂ ਵਿਚੋਂ ਸਿੰਮਦਾ ਜਲ ਇਤਨਾ ਮਿੱਠਾ ਹੈ ਜਿਵੇਂ ਦੁੱਧ ਵਿਚ ਸ਼ਹਿਦ ਘੁਲ ਗਿਆ ਹੋਵੇ।"*

*(ਤਿਰੂ ਕੁਰਲ ਨੰ: ੧੧੨੧)*

**ਸ਼ਬਦ-ਚੋਣ** :- ਤਿਰੂ ਵੱਲੁਵਰ ਨੇ ਆਪਣੀ ਰਚਨਾ ਤਿਰੂ ਕੁਰਲ ਵਿਚ ਸ਼ਬਦਾਂ ਦੀ ਚੋਣ ਤੇ ਉਹਨਾਂ ਦੀ ਵਰਤੋਂ ਵਿਚ ਵੀ ਜਿਤਨੀ ਨਿਪੁੰਨਤਾ ਦਾ ਪ੍ਰਯੋਗ ਕੀਤਾ ਹੈ ਉਹ ਆਪਣੀ ਮਿਸਾਲ ਆਪ ਹੀ ਹੈ। ਉਹ ਸ਼ਬਦਾਂ ਦੀ ਚੋਣ ਇਕ ਸਿਆਣੇ ਜੌਹਰੀ ਵਾਂਗ ਪੂਰਨ ਭਾਂਤ ਸੋਚ ਸਮਝ ਕੇ ਕਰਨ ਵਿਚ ਵਿਸ਼ਵਾਸ਼ ਰਖਦਾ ਸੀ ਤਾਂ ਜੋ ਉਹਨਾਂ ਦੁਆਰਾ ਕਹੀ ਹੋਈ ਗਲ ਦਾ ਪਾਠਕਾਂ ਉਤੇ ਸੰਪੂਰਣ ਰੂਪ ਵਿਚ ਲੋੜੀਂਦਾ ਪ੍ਰਭਾਵ ਪਾਇਆ ਜਾ ਸਕੇ। ਆਪਣੇ ਇਕ ਕੁਰਲ ਵਿਚ ਉਹ ਲਿਖਦਾ ਹੈ :-

*"ਆਪਣੀ ਗਲ ਕਹਿਣ ਤੋਂ ਪਹਿਲਾਂ ਇਹ ਗਲ ਸੁਨਿਸ਼ਚਿਤ ਕਰ ਲੈਣੀ ਚਾਹੀਦੀ ਹੈ ਕਿ ਉਸ ਦੇ ਸ਼ਬਦਾਂ ਦਾ ਖੰਡਣ ਸੰਭਵ ਨਹੀਂ ਹੈ।"* *(ਤਿਰੂ ਕੁਰਲ ਨੰ: ੬੪੫)*

ਭਾਵ, ਕਿਸੇ ਵੀ ਵਿਚਾਰ ਨੂੰ ਸ਼ਬਦੀ ਰੂਪ ਦੇਣ ਵੇਲੇ ਸਾਨੂੰ ਉਸ ਸੰਬੰਧੀ ਉਪਲਬਧ ਸ਼ਬਦਾਵਲੀ ਵਿਚੋਂ ਬੜੀ ਸਿਆਣਪ ਨਾਲ ਢੁਕਵੇਂ ਸ਼ਬਦਾਂ ਦੀ ਚੋਣ ਕਰਨੀ ਚਾਹੀਦੀ ਹੈ ਤੇ ਕੇਵਲ ਉਹਨਾਂ

ਸ਼ਬਦਾਂ ਦਾ ਹੀ ਪ੍ਰਯੋਗ ਕਰਨਾ ਚਾਹੀਦਾ ਹੈ ਜਿਨ੍ਹਾਂ ਨਾਲ ਸਾਡੇ ਵਿਚਾਰਾਂ ਦਾ ਠੀਕ-2 ਪ੍ਰਗਟਾਵਾ ਹੋ ਸਕੇ। ਤਿਰੂ ਵੱਲੁਵਰ ਵਿਚਾਰ ਤੇ ਭਾਸ਼ਾ ਦੇ ਆਪਸ ਵਿਚਲੇ ਸੰਬੰਧਾਂ ਬਾਰੇ ਪੂਰੀ ਤਰ੍ਹਾਂ ਸੁਚੇਤ ਸੀ ਤੇ ਉਹ ਜਾਣਦਾ ਸੀ ਕਿ ਕਿਵੇਂ ਵਿਚਾਰ ਭਾਸ਼ਾ ਨੂੰ ਪ੍ਰਭਾਵਿਤ ਕਰਦੇ ਹਨ ਤੇ ਇਵੇਂ ਹੀ ਭਾਸ਼ਾ ਵੀ ਵਿਚਾਰਾਂ ਨੂੰ ਪ੍ਰਭਾਵਿਤ ਕਰਦੀ ਹੈ। ਸੋ, ਵਿਚਾਰਾਂ ਦੇ ਪ੍ਰਗਟਾਵੇ ਲਈ ਤਿਰੂ ਵੱਲੁਵਰ ਇਕ ਤਪੱਸਵੀ ਵਾਂਗ ਮਿਹਨਤ ਤੇ ਇਕਾਗਰਤਾ ਨਾਲ ਢੁੱਕਵੇਂ ਸ਼ਬਦਾਂ ਦੀ ਚੋਣ ਉਤੇ ਵਿਸ਼ਵਾਸ਼ ਰਖਦਾ ਸੀ। ਉਸ ਦੇ ਕੁਰਲ ਵਿਚਲੇ ਕਿਸੇ ਵੀ ਸ਼ਬਦ ਨੂੰ ਉਸ ਵਿਚਲੇ ਵਿਚਾਰਾਂ ਦਾ ਗਲਾ ਘੁੱਟਣ ਤੋਂ ਬਿਨਾ ਬਦਲਿਆ ਨਹੀਂ ਜਾ ਸਕਦਾ।

## ਲੌਕਿਕ ਰਚਨਾ ਤੇ ਇਸ ਦਾ ਪਿਛਲੇ ਲੇਖਕਾਂ ਉਤੇ ਪ੍ਰਭਾਵ :-

ਤਿਰੂ ਕੁਰਲ ਤਾਮਿਲ ਭਾਸ਼ਾ ਦੀ ਇਕ ਸੁਪ੍ਰਸਿੱਧ ਲੌਕਿਕ ਰਚਨਾ ਹੈ। ਭਾਵੇਂ ਮੁਨਰੂਰਾਏ ਅਰਿਆਰ (Munṟurai Araiyar) ਦੀ ਚੌਥੀ ਸਦੀ ਈਸਵੀ ਦੀ ਰਚੀ ਚਾਰ ਸੌ ਕਹਾਵਤਾਂ ਦੀ ਰਚਨਾ ਕਲ੍ਹਮੋਲ੍ਹੀ 400 (*Paḻamoḻi*) ਵੀ ਮਿਲਦੀ ਹੈ ਪ੍ਰੰਤੂ ਤਿਰੂ ਵੱਲੁਵਰ ਨੇ ਤਿਰੂ ਕੁਰਲ ਵਿਚ ਆਪਣੇ ਸਮੇਂ ਦੀ ਸਮਾਜਕ ਚੇਤੰਨਤਾ ਨੂੰ ਜਿਸ ਖੂਬੀ ਨਾਲ ਸਾਰ-ਰੂਪ ਵਿਚ ਪ੍ਰਗਟਾਇਆ ਹੈ ਉਹ ਆਪਣੇ ਆਪ ਵਿਚ ਕਹਾਵਤਾਂ ਬਣ ਜਾਣ ਦੀ ਸ਼ਕਤੀ ਰਖਦੀ ਹੈ।

ਜੇਮਜ਼ ਏ ਕੇਲਸਨ ਨੇ Encyclopedia and Ethics ਵਿਚ ਕਹਾਵਤਾਂ ਤੇ ਲੱਛਣਾਂ ਬਾਰੇ ਦਸਦਿਆਂ ਹੋਇਆ ਕਿਹਾ ਹੈ ਕਿ ਸੰਖੇਪਤਾ ਤੇ ਲੋਕ-ਪ੍ਰੀਅਤਾ ਕਹਾਵਤਾਂ ਦੇ ਪ੍ਰਮੁੱਖ ਲੱਛਣ ਹੁੰਦੇ ਹਨ। ਤਿਰੂ ਵੱਲੁਵਰ ਨੇ ਆਪਣੇ ਵਿਚਾਰਾਂ ਨੂੰ ਸੰਖਿਪਤ ਰੂਪ ਵਿਚ ਪ੍ਰਗਟਾਣ ਲਈ ਜੋ ਕੁਰਲ ਛੰਦ ਚੁਣਿਆ ਹੈ ਉਸ ਤੋਂ ਲੇਖਕ ਦੀ ਆਪਣੇ ਵਿਚਾਰਾਂ ਨੂੰ ਸੰਖਿਪਤ ਰੂਪ ਵਿਚ ਪ੍ਰਗਟਾਣ ਦੀ ਤਾਂਘ ਦਾ ਪ੍ਰਗਟਾਵਾ ਹੁੰਦਾ ਹੈ। ਚੀਨੀ ਕਹਾਵਤਾਂ ਵੀ ਇਵੇਂ ਹੀ ਦੋਹਿਆਂ ਦੇ ਰੂਪ ਵਿਚ ਉਪਲਬਧ ਹਨ। ਪੰਜਾਬੀ ਵਿਚ ਪੰਡਤ ਸੁਰਤੇ ਦੀਆਂ ਬੁਝਾਰਤਾਂ/ਕਹਾਵਤਾਂ ਵੀ ਦੋਹਿਆਂ ਦੇ ਰੂਪ ਵਿਚ ਉਪਲਬਧ ਹਨ (ਜਿਵੇਂ "ਪੋਥੀ ਕਾਨੀ, ਨਾਰ ਪਰ ਘਰ ਗਈ ਨਾ ਬਹੁੜੇ। ਜੇ ਮੋੜੇ ਕਰਤਾਰ ਟੁੱਟੀ ਭੰਨੀ ਆ ਮੁੜੇ।" ਇਵੇਂ ਹੀ :- "ਇਨ੍ਹਾਂ ਤ੍ਰੈਹਿਆਂ ਦਾ ਕੋਈ ਨਾ ਹਾਲ-ਆਟਾ ਗੁੰਨ੍ਹਦੀ ਖੁਰਕੇ ਵਾਲ। ਨੱਕ ਪੂੰਝਦੀ ਉਤਲੇ ਨਾਲ ਤੇ ਆਏ ਪ੍ਰਾਹੁਣਾ ਕੁੱਟੇ ਬਾਲ।")

ਫਿਰ ਤਿਰੂ ਕੁਰਲ ਦੀ ਅਜੋਕੇ ਸਮੇਂ ਤਕ ਚਲੀ ਆ ਰਹੀ ਲੋਕ ਪ੍ਰਿਅਤਾ ਬਾਰੇ ਵੀ ਕੋਈ ਸੰਦੇਹ ਨਹੀਂ ਕੀਤਾ ਜਾ ਸਕਦਾ। ਅਰਸਤੂ ਅਨੁਸਾਰ ਕਹਾਵਤਾਂ ਪੂਰਵ ਵਿਦਵਾਨਾਂ ਦੇ ਸਮੇਂ ਦੀ ਨਾਸ਼ਮਾਨਤਾ ਤੋਂ ਬਚੇ ਹੋਏ ਵਿਚਾਰ ਹੁੰਦੇ ਹਨ। ਇਸ ਦ੍ਰਿਸ਼ਟੀ ਤੋਂ ਵੀ ਤਿਰੂ ਵੱਲੁਵਰ ਦੀ ਤਿਰੂ ਕੁਰਲ, ਪ੍ਰਾਚੀਨ ਤਾਮੀਲੀਅਨ ਲੋਕਾਂ ਦੀ ਸਿਆਣਪ ਨੂੰ ਸੰਭਾਲੀ ਹੋਈ ਇਕ ਰਚਨਾ ਕਹੀ ਜਾ ਸਕਦੀ ਹੈ।

**ਪਿਛਲੇ ਲੇਖਕਾਂ ਉਤੇ ਪ੍ਰਭਾਵ** :-ਤਿਰੂ ਵੱਲੁਵਰ ਦੀ ਇਸ ਰਚਨਾ ਦਾ ਪਿਛਲੇ ਤਾਮਿਲ ਲੇਖਕਾਂ ਉਤੇ ਵੀ ਚੋਖਾ ਪ੍ਰਭਾਵ ਪਿਆ। ਪਿਛਲੇ ਕਈ ਲੇਖਕਾਂ ਨੇ ਤਿਰੂ ਕੁਰਲ ਵਿਚਲੇ ਵਿਚਾਰਾਂ, ਇਸ ਵਿਚਲੇ ਵਾਕੰਸ਼ਾਂ ਨੂੰ ਆਪਣੀਆਂ ਰਚਨਾਵਾਂ ਵਿਚ ਵਰਤਿਆ। ਉਦਾਹਰਣ ਵਜੋਂ ਤਾਮਿਲ ਦੇ ਉੱਘੇ ਲੇਖਕ ਕੰਬਾਰ (Kambar) ਨੇ ਤਿਰੂ ਕੁਰਲ ਵਿਚਲੇ ਵਿਚਾਰਾਂ ਤੇ ਵਾਕੰਸ਼ਾਂ ਨੂੰ ਘੜੇ ਘੜਾਏ ਸਿਆਣਪ ਦੇ ਮੋਤੀ ਸਮਝ ਕੇ ਆਪਣੀ ਰਚਨਾ ਵਿਚ ਜੜ ਲਿਆ ਹੋਇਆ ਹੈ। ਇਵੇਂ ਹੀ ਸਿਵਾਣਾਨਾ ਮੁਨੀਵਰ (Sivagnana Munivar) ਨੇ ਆਪਣੀ ਰਚਨਾ ਸੋਮੇਸਰ ਮੁਧੂਮੋਲ੍ਹੀ ਵੈਨਬਾ (Somesar *mutumoḻi venpā)* ਵਿਚ ਤਿਰੂ ਕੁਰਲ ਦੀਆਂ ਕਈ ਲਾਈਨਾਂ ਨੂੰ ਹੀ ਆਪਣੇ ਮੂਲ ਰੂਪ ਵਿਚ ਵਰਤ ਲਿਆ ਹੋਇਆ ਹੈ। ਇਸੇ ਤਰ੍ਹਾਂ ਮੁਨਰੂਰਾਏ ਅਰਾਏਆਰ ਨੇ ਆਪਣੀ ਰਚਨਾ ਪਾਲ੍ਹਾ ਮੋਲ੍ਹੀ (*Paḻamoḻi*) ਵਿਚ ਤਿਰੂ ਕੁਰਲ ਦੀਆਂ ਲਾਈਨਾਂ ਨੂੰ ਮੁਹਾਵਰਿਆਂ ਵਜੋਂ ਵਰਤ ਲਿਆ ਹੋਇਆ ਹੈ ਕਿਉਂ ਜੋ ਉਹ ਤਿਰੂ ਕੁਰਲ ਵਿਚਲੇ ਛੰਦਾਂ ਨੂੰ ਕਹਾਵਤਾਂ ਹੀ ਖਿਆਲ ਕਰਦਾ ਸੀ। ਇਥੋਂ ਤੀਕ ਕਿ ਮੁਨੀਵਰ ਨੇ ਤਿਰੂ ਕੁਰਲ ਵਿਚਲੇ ਛੰਦਾਂ ਨੂੰ ਮੁਧੂਮੋਲ੍ਹੀ ਹੀ ਕਿਹਾ ਹੈ ਜਿਸ ਦਾ ਅਰਥ ਪਾਲ੍ਹਾਮੋਲ੍ਹੀ (*Paḻamoḻi*) ਅਥਵਾ ਕਹਾਵਤਾਂ ਹੈ।

# ਸਾਰ

ਸਾਰ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਤਿਰੂ ਵੱਲੁਵਰ ਨੇ ਅਜ ਤੋਂ ਵੀਹ ਸਦੀਆਂ ਪਹਿਲਾਂ ਤਿਰੂ ਕੁਰਲ ਵਿਚ ਇਕ ਅਜਿਹੇ ਆਦਰਸ਼ਕ ਵਿਸ਼ਵ-ਸਮਾਜ ਨੂੰ ਉਸਾਰਣ ਦਾ ਸੁਪਨਾ ਲਿਆ ਸੀ ਜੋ ਪ੍ਰੇਮ, ਮਿਤ੍ਰੱਤਾ, ਪਰਉਪਕਾਰ, ਸਰਬਤ ਦਾ ਭਲਾ, ਸੇਵਾ ਭਾਵ, ਸਦ ਭਾਵਨਾ ਤੇ ਮਾਨਵਤਾ ਦੀ ਬਰਾਬਰੀ ਆਦਿ ਉੱਚਤਮ ਮਨੁਖੀ ਕੀਮਤਾਂ ਤੇ ਉੱਸਰਿਆ ਹੋਇਆ ਹੋਵੇ, ਜਿਸ ਵਿਚ ਜੂਆ, ਸ਼ਰਾਬ, ਭ੍ਰਿਸ਼ਟਾਚਾਰ ਤੇ ਵੇਸਵਾ ਗਮਨ ਵਰਗੇ ਭੈੜਾਂ ਦੀ ਅਣਹੋਂਦ ਹੋਵੇ, ਜਿਸ ਵਿਚ ਸ਼ਾਸਕ ਸੁਹਿਰਦ, ਬੁਧੀਮਾਨ ਤੇ ਇਨਸਾਫ਼ ਕਰਨ ਵਾਲੇ ਹੋਣ ਤੇ ਜਿਸ ਵਿਚ ਈਮਾਨਦਾਰੀ ਨਾਲ ਪੈਸਾ ਕਮਾਇਆ ਜਾਵੇ ਤੇ ਗਰੀਬਾਂ ਤੇ ਲੋੜਵੰਦਾਂ ਵਿਚ ਵੰਡ ਕੇ ਖਾਧਾ ਜਾਵੇ।

ਅਜਿਹੇ ਸਮਾਜ ਦੀ ਸਾਨੂੰ ਅੱਜ ਦੇ ਯੁੱਗ ਵਿਚ ਹੋਰ ਵੀ ਵਧੇਰੇ ਲੋੜ ਹੈ ਕਿਉਂ ਜੋ ਅਜ ਦਾ ਮਾਨਵ ਪੂਰਨ ਰੂਪ ਵਿਚ ਪਦਾਰਥਵਾਦੀ ਬਣ ਚੁੱਕਾ ਹੋਇਆ ਹੈ, ਉਚੇਰੀਆਂ ਸਦਾਚਾਰਕ ਕੀਮਤਾਂ ਦੀ ਉਸ ਨੂੰ ਕੋਈ ਕਦਰ ਕੀਮਤ ਨਹੀਂ ਰਹੀ। ਭ੍ਰਿਸ਼ਟਾਚਾਰ ਅਜ ਸਾਡੇ ਸਮਾਜ ਦਾ ਇਕ ਅੰਗ ਬਣ ਚੁੱਕਾ ਹੋਇਆ ਹੈ। ਏਕਤਾ, ਭਰਾਤੀਅਤਾ ਦੇ ਗੁਣ ਸਾਡੇ ਵਿਚੋਂ ਅਲੋਪ ਹੋ ਚੁੱਕੇ ਹਨ। ਅਜ ਭਰਾ ਭਰਾ ਦਾ ਦੁਸ਼ਮਣ ਬਣਿਆ ਹੋਇਆ ਹੈ। ਅਜ ਧਰਮ, ਜਾਤੀ, ਰੰਗ, ਪ੍ਰਾਂਤ, ਰੇਸ ਤੇ ਦੇਸ ਦੇ ਨਾਂ ਤੇ ਦੰਗੇ ਫ਼ਸਾਦ ਹੋ ਰਹੇ ਹਨ। ਅਜ ਸਾਰਾ ਸੰਸਾਰ ਆਤੰਕ ਦੀ ਲਪੇਟ ਵਿਚ ਆਇਆ ਹੋਇਆ ਹੈ। ਸੋ, ਅਜਿਹੇ ਸਮੇਂ ਤਿਰੂ ਵੱਲੁਵਰ ਦਾ ਤਿਰੂ ਕੁਰਲ ਵਿਚ ਦਿਤਾ ਸੁਨੇਹਾ ਮਨੁੱਖ ਜਾਤੀ ਲਈ ਬੜਾ ਸਾਰਥਕ ਹੈ।

Dr. Tarlochan Singh Bedi

# 1

## கடவுள் வாழ்த்து

## ਪ੍ਰਮੇਸ਼ਵਰ ਦੀ ਉਸਤਤਿ

1. அகர முதல எழுத்தெல்லாம் ஆதி
பகவன் முதற்றே உலகு.

ਜਿਵੇਂ ਸਭ ਲਿਪੀਆਂ 'ਅ' ਅੱਖਰ ਨਾਲ ਆਰੰਭ ਹੁੰਦੀਆਂ ਹਨ
ਇਵੇਂ ਹੀ ਸਾਰੀ ਸ੍ਰਿਸ਼ਟੀ ਦਾ ਆਰੰਭ ਆਦਿ ਭਗਵਾਨ ਹੈ।

2. கற்றதனால் ஆய பயனென்கொல் வாலறிவன்
நற்றாள் தொழாஅர் எனின்.

ਸਭ ਗਿਆਨ ਤੇ ਵਿਦਵਤਾ ਨਿਰਾਰਥਕ ਹੈ
ਜੇ ਅਸੀਂ ਪਰਮ-ਗਿਆਨ ਨਾਲ ਇਕ-ਸੁਰ ਨਹੀਂ ਹੁੰਦੇ।

3. மலர்மிசை ஏகினான் மாணடி சேர்ந்தார்
நிலமிசை நீடுவாழ் வார்.

ਇਸ ਧਰਤੀ ਤੇ ਉਹ ਚਿਰਜੀਵੀ ਹੁੰਦੇ ਹਨ
ਜੋ ਉਸ ਦੇ ਚਰਨ-ਕੰਵਲਾਂ ਨਾਲ ਜੁੜੇ ਰਹਿੰਦੇ ਹਨ।

4. வேண்டுதல் வேண்டாமை இலான்அடி சேர்ந்தார்க்கு
யாண்டும் இடும்பை இல.

ਉਸਤਤਿ ਨਿੰਦਾ ਤੋਂ ਆਪਣਾ ਆਪ ਨਿਰਲੇਪ ਕਰ ਲੈਣ ਵਾਲਿਆਂ ਨੂੰ
ਕੋਈ ਸੰਤਾਪ ਨਹੀਂ ਵਾਪਰਦਾ।

5. இருள்சேர் இருவினையும் சேரா இறைவன்
பொருள்சேர் புகழ்புரிந்தார் மாட்டு.

ਜੋ ਉਸ ਪ੍ਰਮੇਸ਼ਵਰ ਦੇ ਗੁਣ ਗਾਇਣ ਕਰਦੇ ਹਨ
ਉਹ ਚੰਗੇ ਮੰਦੇ ਦੀ ਭਾਵਨਾ ਤੋਂ ਉੱਤੇ ਉੱਠ ਜਾਂਦੇ ਹਨ।

**6.** பொறிவாயில் ஐந்தவித்தான் பொய்தீர் ஒழுக்க
நெறிநின்றார் நீடுவாழ் வார்.

ਪੰਜ ਇੰਦਰੀਆਂ ਨੂੰ ਵਸੀਕਾਰ ਕਰਨ ਵਾਲੇ
ਜੀਵਨ-ਮੁਕਤ ਹੋ ਜਾਂਦੇ ਹਨ।

**7.** தனக்குஉவமை இல்லாதான் தாள்சேர்ந்தார்க்கு அல்லால்
மனக்கவலை மாற்றல் அரிது.

ਉਸ ਅਨੂਪਮ ਪਰਮ-ਪੁਰਸ਼ ਦੀ ਚਰਣ-ਛੂਹ ਬਿਨਾ
ਮਨ ਚਿੰਤਾ-ਮੁਕਤ ਨਹੀਂ ਹੋ ਸਕਦਾ।

**8.** அறஆழி அந்தணன் தாள்சேர்ந்தார்க்கு அல்லால்
பிறஆழி நீந்தல் அரிது.

ਸਦਾ-ਸੀਤਲ ਤੇ ਸ਼ਾਂਤ ਧਰਮ-ਸਿੰਧੂ ਦੀ ਚਰਨ ਬੰਦਨਾ ਬਿਨਾ
ਇਸ ਭਵ-ਸਾਗਰ ਤੋਂ ਬੇੜਾ ਪਾਰ ਹੋਣਾ ਅਸੰਭਵ ਹੈ।

**9.** கோளில் பொறியில் குணமிலவே எண்குணத்தான்
தாளை வணங்காத் தலை.

ਅਸ਼ਟ-ਗੁਣਾਂ ਦੇ ਧਾਰਣੀ ਦੇ ਚਰਨਾਂ ਵਿਚ ਜੋ ਸੀਸ ਨਹੀਂ ਝੁੱਕਦਾ
ਉਸ ਨੂੰ ਮਿਰਤਕ-ਸਮਾਨ ਜਾਣੋ।

**10.** பிறவிப் பெருங்கடல் நீந்துவர் நீந்தார்
இறைவன் அடிசேரா தார்.

ਇਸ ਜਨਮ ਮਰਨ ਦੇ ਭਵ-ਸਾਗਰ ਨੂੰ ਉਹੀ ਤਰਨਗੇ
ਜੋ ਈਸ਼ਵਰ ਦੇ ਚਰਨਾਂ ਨਾਲ ਜੁੜੇ ਰਹਿਣਗੇ।

## 2

## வான் சிறப்பு

## ਅਧਿਆਇ ਦੂਜਾ

**11.** வான்நின்று உலகம் வழங்கி வருதலால்
தான்அமிழ்தம் என்றுணரற் பாற்று.

ਸੰਸਾਰ ਦਾ ਅਸਤਿਤਵ ਮੀਂਹ ਤੇ ਆਧਾਰਿਤ ਹੋਣ ਕਰਕੇ
ਇਹ ਸੰਸਾਰ ਦਾ ਅੰਮ੍ਰਿਤ ਕਹਾਉਣ ਯੋਗ ਹੈ।

**12.** துப்பார்க்குத் துப்பாய துப்பாக்கித் துப்பார்க்குத்
துப்பாய தூஉம் மழை.

ਜੀਵ ਮਾਤ੍ਰ ਲਈ ਲੋੜੀਂਦਾ ਭੋਜਨ ਪੈਦਾ ਕਰਕੇ
ਮੀਂਹ ਆਪ ਵੀ ਭੋਜਨ (ਜਲ ਰੂਪ) ਬਣ ਜਾਂਦਾ ਹੈ।

**13.** விண்இன்று பொய்ப்பின் விரிநீர் வியனுலகத்து
உள்நின்று உடற்றும் பசி.

ਜੇ ਮੀਂਹ ਨਾ ਵਰ੍ਹੇ ਤਾਂ ਮਹਾਂ-ਸਾਗਰਾਂ ਵਿਚ ਉਪਸਥਿਤ ਇਸ ਪ੍ਰਿਥਵੀ
ਦੇ ਸਭ ਜੀਵ ਇਕ ਵਡੇ ਸੰਤਾਪ ਵਿਚ ਗ੍ਰੱਸੇ ਜਾਣ।

**14.** ஏரின் உழாஅர் உழவர் புயலென்னும்
வாரி வளங்குன்றிக் கால்.

ਜੇ ਲੋੜੀਂਦੀ ਮਾਤ੍ਰਾ ਵਿਚ ਮੀਂਹ ਪੈਣਾ ਬੰਦ ਹੋ ਜਾਵੇ
ਤਾਂ ਹਾਲੀ ਹਲ ਚਲਾਣਾ ਬੰਦ ਕਰ ਦੇਵੇਗਾ।

**15.** கெடுப்பதூஉம் கெட்டார்க்குச் சார்வாய்மற்று ஆங்கே
எடுப்பதூஉம் எல்லாம் மழை.

(ਨਾ ਵਰ੍ਹ ਕੇ) ਕਿਸੇ ਵਿਅਕਤੀ ਦਾ ਨਾਸ਼ ਹੀ ਨਹੀਂ,
(ਖੂਬ ਵਰ੍ਹ ਕੇ) ਗਿਰੇ ਹੋਏ ਵਿਅਕਤੀ ਨੂੰ ਉਠਾਣ ਦੀ ਸ਼ਕਤੀ ਵੀ ਮੀਂਹ ਵਿਚ ਹੈ।

**16.** விசும்பின் துளிவீழின் அல்லால்மற்று ஆங்கே
பசும்புல் தலைகாண்பு அரிது.

ਮੀਂਹ ਦੀਆਂ ਬੂੰਦਾਂ ਪਏ ਬਿਨਾ ਹਰੇ ਘਾਹ
ਦੀ ਇਕ ਤ੍ਰਿਣ ਵੀ ਦਿਸਣੀ ਦੁਰਲੱਭ ਹੁੰਦੀ ਹੈ।

**17.** நெடுங்கடலும் தன்நீர்மை குன்றும் தடிந்துஎழிலி
தான்நல்கா தாகி விடின்.

ਜੇ ਸਾਗਰ ਆਪਣੀ ਬੱਦਲਾਂ ਦੀ ਦਾਤ ਦੇਣਾ ਬੰਦ ਕਰ ਦੇਣ
ਤਾਂ ਵਿਸ਼ਾਲ ਸਾਗਰਾਂ ਦੀ ਸੰਪਤੀ ਵੀ ਨਸ਼ਟ ਹੋ ਜਾਏਗੀ।

**18.** சிறப்பொடு பூசனை செல்லாது வானம்
வறக்குமேல் வானோர்க்கும் ஈண்டு.

ਜੇ ਮੀਂਹ ਪੈਣਾ ਬੰਦ ਹੋ ਜਾਵੇ ਤਾਂ ਸ਼ਰਧਾ ਪੂਰਬਕ ਹੋਣ ਵਾਲੀ
ਦੇਵ-ਪੂਜਾ ਵੀ ਬੰਦ ਹੋ ਜਾਵੇਗੀ।

**19.** தானம் தவம்இரண்டும் தங்கா வியன்உலகம்
வானம் வழங்காது எனின்.

ਜੇ ਵਿਸ਼ਾਲ ਸ੍ਰਿਸ਼ਟੀ ਮੀਂਹ – ਰਹਿਤ ਹੋ ਜਾਵੇ
ਤਾਂ ਇਥੋਂ ਦਾਨ ਪੁੰਨ ਤੇ ਤੱਪ ਤਿਆਗ ਦਾ ਅਭਾਵ ਹੋ ਜਾਵੇਗਾ।

**20.** நீர்இன்று அமையாது உலகுஎனின் யார்யார்க்கும்
வான்இன்று அமையாது ஒழுக்கு.

ਮੀਂਹ ਨਾ ਪੈਣ ਤੇ ਸੰਸਾਰ ਵਿਚ ਜੀਵਨ ਨਹੀਂ ਚਲ ਸਕਦਾ
ਬਿਨਾ ਮੀਂਹ ਦੇ ਕੋਈ ਵੀ ਸਦਾਚਾਰ ਸੰਭਵ ਨਹੀਂ।

# 3

## நீத்தார் பெருமை

## ਅਧਿਆਇ ਤੀਜਾ

**21.** ஒழுக்கத்து நீத்தார் பெருமை விழுப்பத்து
வேண்டும் பனுவல் துணிவு.

ਸਭ ਧਰਮ-ਗ੍ਰੰਥਾਂ ਦਾ ਨਿਸ਼ਚਿਤ ਮੱਤ ਹੈ ਕਿ ਸਦ-ਆਚਰਣ ਉਤੇ ਸਥਿਰ ਰੂਪ
ਵਿਚ ਚਲ ਕੇ ਹੀ ਸਨਿਆਸ ਗ੍ਰਹਿਣ ਕਰਨ ਵਾਲਿਆਂ ਦੀ ਮਹਿਮਾ ਸਰਵ ਸ੍ਰੇਸ਼ਟ ਹੈ।

**22.** துறந்தார் பெருமை துணைக்கூறின் வையத்து
இறந்தாரை எண்ணிக்கொண் டற்று.

ਸੰਨਿਆਸੀ ਦੀ ਅਨੰਤ ਮਹਿਮਾ ਦਾ ਵਰਣਨ ਸੰਸਾਰ ਵਿਚ ਜਨਮ ਲੈ ਕੇ
ਮਰਨ ਵਾਲਿਆਂ ਦੀ ਗਿਣਤੀ ਕਰਨ ਵਾਂਗ ਅਸੰਭਵ ਹੈ।

**23.** இருமை வகைதெரிந்து ஈண்டுஅறம் பூண்டார்
பெருமை பிறங்கிற்று உலகு.

ਜਨਮ ਤੇ ਮੁਕਤੀ ਇਹਨਾਂ ਦੋਨਾਂ ਦਾ ਸਹੀ ਮੁਲਿਅੰਕਣ ਕਰਕੇ ਜੋ ਸੰਨਿਆਸ
ਧਾਰਨ ਕਰੇ ਉਸ ਦੀ ਮਹਿਮਾ ਸੰਸਾਰ ਵਿਚ ਚਿਰੰਕਾਲ ਤਕ ਰਹਿੰਦੀ ਹੈ।

**24.** உரன்என்னும் தோட்டியான் ஓரைந்தும் காப்பான்
வரன்என்னும் வைப்பிற்குஓர் வித்து.

ਦ੍ਰਿੜਤਾ ਰੂਪੀ ਅੰਕੁਸ਼ ਦੁਆਰਾ ਪੰਜ ਇੰਦ੍ਰੀਆਂ ਉਤੇ ਵਸੀਕਾਰ ਕਰਨ ਵਾਲਾ
ਦੇਵ ਲੋਕ ਦਾ ਪਾਂਧੀ ਬਣ ਜਾਂਦਾ ਹੈ।

**25.** ஐந்துஅவித்தான் ஆற்றல் அகல்விசும்பு ளார்கோமான்
இந்திரனே சாலும் கரி.

ਪੰਜ ਇੰਦਰੀਆਂ ਉਤੇ ਵਿਜੈ-ਪ੍ਰਾਪਤ-ਵਿਅਕਤੀ ਦੀ ਸ਼ਕਤੀ ਦਰਸਾਣ
ਦੀ ਸੁੰਦਰ ਉਦਾਹਰਣ, ਸਵਰਗਾਂ ਦਾ ਰਾਜਾ ਇੰਦਰ ਦੇਵਤਾ ਹੈ।

**26.** செயற்கரிய செய்வார் பெரியர் சிறியர்
செயற்கரிய செய்கலா தார்.

ਬਿਖੜੇ ਕਾਰਜਾਂ ਨੂੰ ਸਿਰੇ ਚੜ੍ਹਾਉਣ ਵਾਲੇ ਵਿਅਕਤੀ ਹੀ ਮਹਾਨ ਹੁੰਦੇ ਹਨ
ਘਟੀਆ ਵਿਅਕਤੀਆਂ ਵਿਚ ਅਜਿਹੀ ਸਮੱਰ੍ਥਾ ਨਹੀਂ ਹੁੰਦੀ।

**27.** சுவைஒளி ஊறுஓசை நாற்றம்என்று ஐந்தின்
வகைதெரிவான் கட்டே உலகு.

ਸ਼ਬਦ, ਛੂਹ, ਰੂਪ, ਰੱਸ ਤੇ ਗੰਧ ਇਹਨਾਂ ਪੰਜਾਂ ਗਿਆਨ ਇੰਦ੍ਰੀਆਂ ਦੀ
ਪ੍ਰਕਿਰਤੀ ਨੂੰ ਸਹੀ ਰੂਪ ਵਿਚ ਸਮਝਣ ਵਾਲਾ ਵਿਸ਼ਵ ਨੂੰ ਆਪਣੇ ਵੱਸ ਵਿਚ
ਕਰ ਸਕਦਾ ਹੈ।

**28.** நிறைமொழி மாந்தர் பெருமை நிலத்து
மறைமொழி காட்டி விடும்.

ਸੰਸਾਰ ਦੀਆਂ ਧਾਰਮਕ ਪੁਸਤਕਾਂ
ਮਹਾਨ ਵਿਅਕਤੀਆਂ ਦੇ ਪ੍ਰਵਚਨ ਹੁੰਦੇ ਹਨ।

**29.** குணமென்னும் குன்றுஏறி நின்றார் வெகுளி
கணமேயும் காத்தல் அரிது.

ਸਦ-ਗੁਣ ਰੂਪੀ ਚੋਟੀ ਤੇ ਖੜੇ ਵਿਅਕਤੀ ਦਾ ਕ੍ਰੋਧ
ਛਿਣ ਮਾਤ੍ਰ ਲਈ ਵੀ ਸਹਿਣ ਨਹੀਂ ਕੀਤਾ ਜਾ ਸਕਦਾ।

**30.** அந்தணர் என்போர் அறவோர்மற் றெவ்வுயிர்க்கும்
செந்தண்மை பூண்டொழுக லான்.

ਬ੍ਰਾਹਮਣ ਕਹਾਉਣ ਯੋਗ ਉਹੀ ਹੈ ਜੋ ਧਰਮ ਉਤੇ ਚਲਦਾ ਹੋਇਆ
ਸਭ ਜੀਵਾਂ ਪ੍ਰਤੀ ਸਨੇਹ ਤੇ ਦਯਾ ਭਰਪੂਰ ਵਰਤਾਓ ਦਿਖਾਵੇ।

# 4

## அறன் வலியுறுத்தல்

## ਧਰਮ ਦੀ ਸ਼ਕਤੀ

**31.** சிறப்புஈனும் செல்வமும் ஈனும் அறத்தின்ஊஉங்கு
ஆக்கம் எவனோ உயிர்க்கு.

ਧਰਮ ਮੁਕਤੀ ਦਾਤਾ ਹੈ ਤੇ ਧੰਨ ਦਾਤਾ ਵੀ
ਜੀਵਨ ਲਈ ਧਰਮ ਤੋਂ ਸ੍ਰੇਸ਼ਟ ਹੋਰ ਕਿਹੜਾ ਪਦਾਰਥ ਹੈ

**32.** அறத்தின்ஊஉங்கு ஆக்கமும் இல்லை அதனை
மறத்தலின் ஊங்குஇல்லை கேடு.

ਨਾ ਤਾਂ ਧਰਮ ਵਰਗੀ ਕੋਈ ਸ੍ਰੇਸ਼ਟ ਵਸਤੂ ਹੀ ਹੈ
ਤੇ ਨਾ ਹੀ ਇਸ ਨੂੰ ਭੁਲਾਣ ਵਰਗੀ ਕੋਈ ਅਧੋਗਤੀ।

**33.** ஒல்லும் வகையான் அறவினை ஓவாதே
செல்லும்வா யெல்லாம் செயல்.

ਧਰਮ ਨੂੰ ਤਿਆਗੇ ਬਿਨਾ ਆਪਣੀ ਸਮ੍ਰਥਾ ਤੇ ਸ਼ਕਤੀ ਅਨੁਸਾਰ
ਹਮੇਸ਼ਾ ਸਭ ਕਾਰਜ ਸਿਰੇ ਚੜ੍ਹਾਉ।

**34.** மனத்துக்கண் மாசிலன் ஆதல் அனைத்துஅறன்
ஆகுல நீர பிற.

ਮਨ ਨੂੰ ਨਿਰਮਲ ਰਖਣਾ ਹੀ ਅਸਲ ਧਰਮ ਹੈ
ਹੋਰ ਸਭ ਕੰਮ ਫੋਕਾ ਆਡੰਬਰ ਹੈ।

**35.** அழுக்காறு அவாவெகுளி இன்னாச்சொல் நான்கும்
இழுக்கா இயன்றது அறம்.

ਈਰਖਾ ਲੋਭ ਕ੍ਰੋਧ ਤੇ ਕਠੋਰ ਬਚਨ-ਇਹਨਾਂ ਚਾਰਾਂ ਤੋਂ
ਬਚੇ ਰਹਿਣਾ ਹੀ ਸੱਚਾ ਧਰਮ ਹੈ।

**36.** அன்றுஅறிவாம் என்னாது அறஞ்செய்க மற்றுஅது
பொன்றும்கால் பொன்றாத் துணை.

ਅਗੇਤਰੇ ਪਾਏ ਬਿਨਾ ਇਸੇ ਛਿਨ ਤੋਂ ਧਰਮ ਪਾਲਣ ਕਰਦੇ ਰਹੋ
ਇਹ ਮਰਨ ਉਪ੍ਰੰਤ ਵੀ ਸਹਾਇਕ ਹੁੰਦਾ ਹੈ।

37. அறத்தாறு இதுஎன வேண்டா சிவிகை
பொறுத்தானோடு ஊர்ந்தான் இடை.

ਧਰਮ ਦਾ ਲਾਭ ਸ਼ਬਦਾਂ ਵਿਚ ਦਰਸਾਇਆ ਨਹੀਂ ਜਾ ਸਕਦਾ
ਪਾਲਕੀ ਵਿਚ ਸਵਾਰ ਤੇ ਪਾਲਕੀ ਚੁੱਕਣ ਵਾਲੇ ਲੋਕਾਂ ਨੂੰ ਦੇਖ ਕੇ ਇਸ ਨੂੰ
ਸਮਝਿਆ ਜਾ ਸਕਦਾ ਹੈ।

38. வீழ்நாள் படாஅமை நன்றுஆற்றின் அஃதொருவன்
வாழ்நாள் வழியடைக்கும் கல்.

ਚੰਗੇ ਕਰਮ ਕੀਤੇ ਬਿਨਾ ਇਕ ਦਿਨ ਵੀ ਨਾ ਗੰਵਾਓ
ਮਨੁੱਖ ਦੇ ਆਵਾਗੌਣ ਦੇ ਚੱਕਰਾਂ ਨੂੰ ਖਤਮ ਕਰਨ ਵਿਚ ਇਹ ਸਹਾਇਕ ਹੁੰਦੇ ਹਨ।

39. அறத்தான் வருவதே இன்பம் மற் றெல்லாம்
புறத்த புகழும் இல.

ਸੱਚਾ ਸੁਖ ਧਾਰਮਿਕ ਕਾਰਜਾਂ ਤੋਂ ਹੀ ਪ੍ਰਾਪਤ ਹੁੰਦਾ ਹੈ ਬਾਕੀ ਸਭ ਕੰਮ
ਦੁਖਦਾਇਕ ਤੇ ਯੱਸ਼ਹੀਣ ਹੀ ਹੁੰਦੇ ਹਨ।

40. செயற்பாலது ஒரும் அறனே ஒருவற்கு
உயற்பால தோரும் பழி.

ਮਨੁਖ ਮਾਤ੍ਰ ਲਈ ਗ੍ਰਹਿਣ ਕਰਨਯੋਗ ਸਦ-ਕਰਮ ਹੀ ਹਨ
ਤੇ ਕੁਕਰਮ ਤਿਆਗਣ ਯੋਗ ਹਨ।

# 5

## இல்வாழ்க்கை

## ਗ੍ਰਹਿਸਥ ਜੀਵਨ

41. இல்வாழ்வான் என்பான் இயல்புடைய மூவர்க்கும்
நல்லாற்றின் நின்ற துணை.

ਸੱਚਾ ਗ੍ਰਹਿਸਥੀ ਉਹ ਕਹਾਂਦਾ ਹੈ ਜੋ ਹੋਰ ਤਿੰਨਾਂ
ਆਸ਼੍ਰਮਾਂ ਦੇ ਲੋਕਾਂ ਨੂੰ ਆਸਰਾ ਦੇਂਦਾ ਹੈ।

42. துறந்தார்க்கும் துவ்வா தவர்க்கும் இறந்தார்க்கும்
இல்வாழ்வான் என்பான் துணை.

ਸਾਧੂ ਨਿਰਧੰਨ ਤੇ ਨਿਰ-ਆਸ਼੍ਰਿਤ ਮ੍ਰਿਤਕਾਂ
ਦਾ ਸਹਾਇਕ ਗ੍ਰਹਿਸਥੀ ਹੁੰਦਾ ਹੈ।

**43.** தென்புலத்தார் தெய்வம் விருந்தொக்கல் தானென்றாங்கு
ஐம்புலத்தாறு ஓம்பல் தலை.

ਪੂਰਵਜ ਭਗਵਾਨ ਸਬੰਧੀ ਪ੍ਰਾਹੁਣੇ ਤੇ ਆਪਣਾ ਆਪ
ਇਹਨਾਂ ਪੰਜਾਂ ਲਈ ਸਤਿ ਕਰਮ ਕਰਨਾ- ਗ੍ਰਹਿਸਥੀ ਦਾ ਪ੍ਰਧਾਨ ਕਰਤੱਵ ਹੈ।

**44.** பழியஞ்சிப் பாத்தூண் உடைத்தாயின் வாழ்க்கை
வழியெஞ்சல் எஞ்ஞான்றும் இல்.

ਜੋ ਗ੍ਰਹਿਸਥੀ ਧੰਨ ਇਕੱਠਾ ਕਰਦੇ ਸਮੇਂ ਪਾਪ-ਕਰਮਾਂ ਤੋਂ ਬਚਿਆ ਰਹਿੰਦਾ ਹੈ ਤੇ ਖਰਚ ਕਰਨ ਸਮੇਂ ਦੂਜਿਆਂ ਨੂੰ ਖੁਆ ਕੇ ਜੀਵਨ ਬਤੀਤ ਕਰਦਾ ਹੈ ਉਸ ਦਾ ਵੰਸ਼ ਫਲਦਾ ਫੁਲਦਾ ਹੈ।

**45.** அன்பும் அறனும் உடைத்தாயின் இல்வாழ்க்கை
பண்பும் பயனும் அது.

ਜੋ ਗ੍ਰਹਿਸਥ ਜੀਵਨ ਪ੍ਰੇਮ ਭਰਪੂਰ ਤੇ ਧਰਮ ਮਾਰਗ ਉਤੇ ਸਥਿਤ ਹੋਵੇ
ਉਹ ਸੰਪੂਰਨ ਹੁੰਦਾ ਹੈ ਤੇ ਉਸ ਨੂੰ ਸਭ ਉੱਤਮ ਫਲ ਪ੍ਰਾਪਤ ਹੁੰਦੇ ਹਨ।

**46.** அறத்தாற்றின் இல்வாழ்க்கை ஆற்றின் புறத்தாற்றின்
போஒய்ப் பெறுவது எவன்

ਧਰਮ ਅਨੁਸਾਰ ਗ੍ਰਹਿਸਥ ਜੀਵਨ ਬਤੀਤ ਕਰਨ ਵਾਲੇ ਨੂੰ
ਹੋਰ ਆਸ਼੍ਰਮਾਂ ਦੇ ਮਾਰਗ ਉਤੇ ਚੱਲਣ ਦੀ ਕੋਈ ਆਵਸ਼ੱਕਤਾ ਨਹੀਂ।

**47.** இயல்பினான் இல்வாழ்க்கை வாழ்பவன் என்பான்
முயல்வாருள் எல்லாம் தலை.

ਧਰਮ ਮਾਰਗ ਉਤੇ ਸਥਿਰ ਰਹਿੰਦੇ ਹੋਏ ਗ੍ਰਹਿਸਥ ਜੀਵਨ ਦਾ ਪਾਲਣ
ਕਰਨ ਵਾਲਾ ਹੋਰ ਸਭ ਆਸ਼੍ਰਮ ਵਾਸੀਆਂ ਤੋਂ ਸ੍ਰੇਸ਼ਟ ਹੈ।

**48.** ஆற்றின் ஒழுக்கி அறன்இழுக்கா இல்வாழ்க்கை
நோற்பாரின் நோன்மை உடைத்து.

ਦੂਜਿਆਂ ਨੂੰ ਧਰਮ-ਯੁੱਕਤ ਬਨਾਣ ਵਾਲਾ ਤੇ ਆਪ ਧਰਮ-ਹੀਣ ਹੋਏ ਬਿਨਾਂ ਗ੍ਰਹਿਸਥੀ ਜੀਵਨ ਬਤੀਤ ਕਰਨ ਵਾਲਾ ਤਪੱਸਵੀ ਜੀਵਨ ਬਤੀਤ ਕਰਨ ਵਾਲੇ ਸਨਿਆਸੀ ਤੋਂ ਵੀ ਕਿਤੇ ਮਹਾਨ ਹੈ।

**49.** அறனெனப் பட்டதே இல்வாழ்க்கை அஃதும்
பிறன்பழிப்பது இல்லாயின் நன்று.

ਗ੍ਰਹਿਸਥ ਆਸ਼੍ਰਮ ਆਪਣੇ ਆਪ ਵਿਚ ਹੀ ਸ੍ਰੇਸ਼ਟ ਹੈ।
ਸਨਿਆਸੀ ਜੀਵਨ ਵੀ ਚੰਗਾ ਕਿਹਾ ਜਾ ਸਕਦਾ ਹੈ ਜੇ ਇਹ ਦੋਸ਼ ਰਹਿਤ ਹੋਵੇ।

**50.** வையத்துள் வாழ்வாங்கு வாழ்பவன் வான்உறையும்
தெய்வத்துள் வைக்கப் படும்.

ਧਰਮ-ਯੁੱਕਤ ਗ੍ਰਹਿਸਥ ਜੀਵਨ ਬਤੀਤ ਕਰਨ ਵਾਲਾ
ਸਵਰਗ ਦੇ ਦੇਵਤਿਆਂ ਦੇ ਬਰਾਬਰ ਹੁੰਦਾ ਹੈ।

## 6

## வாழ்க்கைத் துணைநலம்

## ਜੀਵਨ-ਸਾਥਣ ਦੇ ਗੁਣ

**51.** மனைத்தக்க மாண்புஉடையள் ஆகித்தற் கொண்டான்
வளத்தக்காள் வாழ்க்கைத் துணை.

ਉੱਤਮ ਗੁਣਾਂ ਦੀ ਧਾਰਨੀ ਤੇ ਆਪਣੇ ਪਤੀ ਦੀ ਆਮਦਨ ਦੇ
ਅਨੁਸਾਰ ਘਰ ਚਲਾਉਣ ਵਾਲੀ ਪਤਨੀ ਹੀ ਵਧੀਆ ਜੀਵਨ ਸਾਥਣ ਹੈ।

**52.** மனைமாட்சி இல்லாள்கண் இல்லாயின் வாழ்க்கை
எனைமாட்சித்து ஆயினும் இல்.

ਜੇ ਘਰਵਾਲੀ ਵਿਚ ਗ੍ਰਹਿਸਥੀ ਗੁਣ ਨਹੀਂ ਤਾਂ ਕਿਸੇ ਦਾ ਜੀਵਨ ਭਾਵੇਂ
ਕਿੰਨਾ ਹੀ ਸ੍ਰੇਸ਼ਟ ਕਿਉਂ ਨਾ ਹੋਵੇ ਸਭ ਵਿਅਰਥ ਹੈ।

**53.** இல்லதென் இல்லவள் மாண்பானால் உள்ளதென்
இல்லவள் மாணாக் கடை

ਜੇ ਕਿਸੇ ਦੀ ਪਤਨੀ ਸੱਦ-ਗੁਣ ਸੰਪੰਨ ਹੈ ਤਾਂ ਉਸ ਗ੍ਰਹਿਸਥੀ ਨੂੰ
ਕਿਸ ਚੀਜ਼ ਦੀ ਘਾਟ ? ਅਤੇ ਜੇ ਅਜਿਹੀ ਨਹੀਂ ਤਾਂ ਉਸ ਦੇ ਕੋਲ ਹੈ ਹੀ ਕੀਹ

**54.** பெண்ணின் பெருந்தக்க யாவுள கற்பென்னும்
திண்மைஉண் டாகப் பெறின்.

ਜੇ ਪਤਨੀ ਵਿਚ ਪੂਰਨ ਪਤੀ-ਬ੍ਰਤਾ ਦਾ ਗੁਣ ਹੋਵੇ ਤਾਂ ਮਨੁਖ ਲਈ
ਇਸ ਤੋਂ ਵੱਧ ਹੋਰ ਕੀ ਪ੍ਰਾਪਤੀ ਹੋ ਸਕਦੀ ਹੈ

**55.** தெய்வம் தொழாஅள் கொழுநன் தொழுதெழுவாள்
பெய்எனப் பெய்யும் மழை.

ਆਪਣੇ ਪਤੀ ਨੂੰ ਰੱਬ ਸਮਾਨ ਸਮਝਣ ਤੇ ਪੂਜਣ ਵਾਲੀ ਪਤਨੀ
ਜੇ 'ਵਰ੍ਹੋ' ਕਹੇ ਤਾਂ ਬੱਦਲ ਵੀ ਵਰ੍ਹਣ ਲਗ ਪੈਂਦੇ ਹਨ।

**56.** தற்காத்துத் தற்கொண்டாற் பேணித் தகைசான்ற
சொல்காத்துச் சோர்விலாள் பெண்.

ਜੋ ਆਪਣੇ ਇਸਤ੍ਰੀਤਵ ਦੀ ਪਾਲਣਾ ਕਰੇ, ਆਪਣੇ ਪਤੀ ਦੀ ਸੇਵਾ
ਕਰੇ ਆਪਣੇ ਖਾਨਦਾਨ ਦੀ ਇੱਜ਼ਤ ਨੂੰ ਸੰਭਾਲ ਕੇ ਰਖੇ ਉਹੀ ਇਕ
ਉੱਤਮ ਗ੍ਰਹਿਣੀ ਹੁੰਦੀ ਹੈ।

**57.** சிறைகாக்கும் காப்புஎவன் செய்யும் மகளிர்
நிறைகாக்குங் காப்பே தலை.

ਇਸਤਰੀ ਉਤੇ ਪਹਿਰਾ ਦੇ ਕੇ ਉਸ ਦੀ ਰੱਖਿਆ ਕਰਨ ਦਾ ਕੋਈ ਲਾਭ ਨਹੀਂ
ਇਸਤਰੀ ਆਪ ਆਪਣੇ ਪੱਕੇ ਇਰਾਦੇ ਨਾਲ ਆਪਣੀ ਰੱਖਿਆ ਕਰੇ ਇਹੀ
ਉਸ ਦੀ ਸਭ ਤੋਂ ਵਡੀ ਰੱਖਿਆ ਹੈ।

**58.** பெற்றாற் பெறின்பெறுவர் பெண்டிர் பெருஞ்சிறப்புப்
புத்தேளிர் வாழும் உலகு.

ਜੇ ਪਤਨੀ ਆਪਣੇ ਪਤੀ ਦੇ ਦਿਲ ਨੂੰ ਜਿੱਤ ਲਵੇ
ਤਾਂ ਉਸ ਨੂੰ ਸਵਰਗਾਂ ਦੇ ਸਭ ਸੁੱਖ ਪ੍ਰਾਪਤ ਹੋ ਜਾਣਗੇ।

**59.** புகழ்புரிந்த இல்இலோர்க்கு இல்லை இகழ்வார்முன்
ஏறுபோல் பீடு நடை.

ਜੋ ਇਸਤਰੀ ਆਪਣੇ ਇਸਤ੍ਰੀਤਵ ਦੀ ਮਰਿਆਦਾ ਵਿਚ ਨਹੀਂ ਰਹਿੰਦੀ
ਦੂਸਰਿਆਂ ਵਲੋਂ ਉਂਗਲੀ ਉਠਾਏ ਜਾਣ ਤੇ ਪਤੀ ਉਹਨਾਂ ਦੇ ਸਾਹਮਣੇ
ਇਕ ਸ਼ੇਰ ਵਾਂਗ ਸਿਰ ਉੱਚਾ ਕਰਕੇ ਨਹੀਂ ਚਲ ਸਕਦਾ।

**60.** மங்கலம் என்ப மனைமாட்சி மற்றுஅதன்
நன்கலம் நன்மக்கட் பேறு.

ਇਕ ਉੱਤਮ ਪਤਨੀ ਘਰ ਵਿਚ ਸੁੰਦਰਤਾ ਤੇ ਖੁਸ਼ੀਆਂ ਭਰਦੀ ਹੈ
ਤੇ ਚੰਗੇ ਬੱਚੇ ਘਰ ਦਾ ਗਹਿਣਾ ਹੁੰਦੇ ਹਨ।

# 7

## மக்கட்பேறு
## ਸੰਤਾਨ ਪ੍ਰਾਪਤੀ

**61.** பெறுமவற்றுள் யாம்அறிவது இல்லை அறிவுஅறிந்த
மக்கட்பேறு அல்ல பிற.

ਜੀਵਨ ਦੀਆਂ ਪ੍ਰਾਪਤੀਆਂ ਵਿਚ ਬੁਧੀਮਾਨ ਸੰਤਾਨ ਇਕ ਸਰਬ ਸ੍ਰੇਸ਼ਟ
ਪ੍ਰਾਪਤੀ ਹੈ। ਇਸ ਤੋਂ ਵਧ ਸੰਸਾਰ ਦਾ ਹੋਰ ਕੋਈ ਸੁੱਖ ਨਹੀਂ।

62. எழுபிறப்பும் தீயவை தீண்டா பழிபிறங்காப்
பண்புடை மக்கட் பெறின்.

ਜੇ ਦੋਸ਼ਾਂ ਤੋਂ ਰਹਿਤ ਤੇ ਚਿੱਤਰਵਾਨ ਸੰਤਾਨ ਮਿਲ ਜਾਏ ਤਾਂ ਉਸ
ਮਨੁੱਖ ਨੂੰ ਸੱਤ ਜਨਮਾਂ ਤੱਕ ਕੋਈ ਪਾਪ ਛੂਹ ਨਹੀਂ ਸਕਦਾ।

63. தம்பொருள் என்பதம் மக்கள் அவர்பொருள்
தம்தம் வினையான் வரும்.

ਕਿਸੇ ਪ੍ਰੀਵਾਰ ਲਈ ਸੰਤਾਨ ਸਭ ਤੋਂ ਚੰਗੀ ਜਾਇਦਾਦ ਹੁੰਦੀ ਹੈ।
ਆਪਣੇ ਚੰਗੇ ਕਰਮਾਂ ਤੇ ਵਧੀਆ ਵਿਵਹਾਰ ਦੁਆਰਾ ਸੰਤਾਨ ਪ੍ਰੀਵਾਰ
ਦਾ ਨਾਮ ਰੌਸ਼ਨ ਕਰਦੀ ਹੈ।

64. அமிழ்தினும் ஆற்ற இனிதேதம் மக்கள்
சிறுகை அளாவிய கூழ்.

ਆਪਣੀ ਸੰਤਾਨ ਦੇ ਨਿੱਕੇ-ਨਿੱਕੇ ਹੱਥਾਂ ਦੁਆਰਾ ਗੰਦਲਾਇਆ ਖਾਦ ਪਦਾਰਥ
ਅੰਮ੍ਰਿਤ ਤੋਂ ਵੀ ਵੱਧ ਮਿੱਠਾ ਹੁੰਦਾ ਹੈ।

65. மக்கள்மெய் தீண்டல் உடற்கின்பம் மற்றுஅவர்
சொல்கேட்டல் இன்பம் செவிக்கு.

ਆਪਣੀ ਸੰਤਾਨ ਦੀ ਸਰੀਰਕ ਸਪਰਸ਼ ਸਾਡੇ ਸਰੀਰ ਨੂੰ ਤੇ
ਉਸ ਦੇ ਤੋਤਲੇ ਬੋਲ ਕੰਨਾਂ ਨੂੰ ਮਿਠਾਸ ਭਰਪੂਰ ਲੱਗਦੇ ਹਨ।

66. குழல்இனிது யாழ்இனிது என்பதம் மக்கள்
மழலைச்சொல் கேளா தவர்.

ਬੰਸਰੀ ਜਾਂ ਵੀਣਾ ਦੀ ਧੁਨੀ ਨੂੰ ਉਹ ਹੀ ਮਧੁਰ ਕਹਿਣਗੇ
ਜਿਨ੍ਹਾਂ ਨੇ ਆਪਣੇ ਬੱਚੇ ਦੀ ਤੋਤਲੀ ਬੋਲੀ ਨਾ ਸੁਣੀ ਹੋਵੇ।

67. தந்தை மகற்குஆற்றும் நன்றி அவையத்து
முந்தி யிருப்பச் செயல்.

ਪੁੱਤਰ ਨੂੰ ਸਿਆਣਿਆਂ ਦੀ ਸਭਾ ਵਿਚ ਮੁਹਰਲੀ ਥਾਂ ਤੇ ਬੈਠਣ ਯੋਗ ਬਣਾਉਣਾ
ਪਿਤਾ ਦਾ ਸਭ ਤੋਂ ਵੱਡਾ ਕਰਤਵ ਹੈ।

68. தம்மின்தம் மக்கள் அறிவுடைமை மாநிலத்து
மன்னுயிர்க்கு எல்லாம் இனிது.

ਜੇ ਸੰਤਾਨ ਮਾਤਾ ਪਿਤਾ ਤੋਂ ਵੀ ਵਧ ਬੁਧੀਮਾਨ ਨਿਕਲੇ ਤਾਂ ਇਸ ਵਿਸ਼ਾਲ
ਸੰਸਾਰ ਦੇ ਸਭ ਵਿਅਕਤੀਆਂ ਨੂੰ ਆਨੰਦ ਪ੍ਰਾਪਤ ਹੁੰਦਾ ਹੈ।

**69.** ஈன்ற பொழுதின் பெரிதுஉவக்கும் தன்மகனைச்
சான்றோன் எனக்கேட்ட தாய்.

ਆਪਣੇ ਪੁੱਤਰ ਨੂੰ ਬੁਧੀਮਾਨ ਕਹਿੰਦਿਆਂ ਸੁਣ ਕੇ
ਮਾਂ ਪੁੱਤਰ ਦੇ ਜਨਮ-ਸਮੇਂ ਤੋਂ ਵੀ ਵਧ ਆਨੰਦ ਅਨੁਭਵ ਕਰਦੀ ਹੈ।

**70.** மகன்தந்தைக்கு ஆற்றும் உதவி இவன்தந்தை
என்நோற்றான் கொல்எனும் சொல்.

ਪੁੱਤਰ ਦੀ ਪਿਤਾ ਪ੍ਰਤੀ ਸਭ ਤੋਂ ਵਡੀ ਸੇਵਾ ਲੋਕਾਂ ਤੋਂ ਇਹ ਕਹਾਣਾ ਹੀ ਹੈ ਕਿ
ਪਤਾ ਨਹੀਂ ਅਜਿਹੇ ਪੁੱਤਰ ਦੀ ਪ੍ਰਾਪਤੀ ਲਈ ਉਸ ਨੇ ਕਿਹੜਾ ਤੱਪ ਕੀਤਾ ਸੀ।

# 8

## அன்புடைமை

## ਪਿਆਰ

**71.** அன்பிற்கும் உண்டோ அடைக்குந்தாழ் ஆர்வலர்
புன்கணீர் பூசல் தரும்.

ਸੱਚਾ ਪਿਆਰ ਕਿਵੇਂ ਲੁਕਾਇਆ ਜਾ ਸਕਦਾ ਹੈ! ਪ੍ਰੇਮੀ ਦੀਆਂ
ਅੱਖਾਂ ਦੇ ਹੰਝੂ ਉਸ ਦੇ ਮਨ ਵਿਚ ਲੁਕੇ ਪਿਆਰ ਨੂੰ ਨਸ਼ਰ ਕਰ ਹੀ ਦੇਂਦੇ ਹਨ।

**72.** அன்பிலார் எல்லாம் தமக்குரியர் அன்புடையார்
என்பும் உரியர் பிறர்க்கு.

ਪਿਆਰ-ਰਹਿਤ ਲੋਕ ਸਭ ਵਸਤਾਂ ਨੂੰ ਆਪਣੇ ਲਈ ਸਮਝਦੇ ਹਨ
ਪਿਆਰ-ਸਹਿਤ ਲੋਕ ਆਪਣੇ ਸਰੀਰ ਨੂੰ ਵੀ ਦੂਜਿਆਂ ਦਾ ਮੰਨਦੇ ਹਨ।

**73.** அன்போடு இயைந்த வழக்கென்ப ஆருயிர்க்கு
என்போடு இயைந்த தொடர்பு.

ਕਹਿੰਦੇ ਹਨ ਕਿ ਕੇਵਲ ਪਿਆਰ ਭਰਿਆ ਜੀਵਨ ਮਾਨਣ ਹਿਤ ਹੀ
ਆਤਮਾ ਸਰੀਰ ਵਿਚ ਪ੍ਰਵੇਸ਼ ਕਰਦੀ ਹੈ।

**74.** அன்புஈனும் ஆர்வம் உடைமை அதுஈனும்
நண்புஎன்னும் நாடாச் சிறப்பு.

ਪਿਆਰ ਸਾਡੇ ਦਿਲ ਵਿਚ ਸਭ ਲਈ ਸਨੇਹ ਦੀ ਭਾਵਨਾ ਭਰਦਾ ਹੈ ਤੇ ਅੱਗੋਂ
ਇਹ ਕੋਮਲਤਾ ਸਾਡੇ ਵਿਚ ਮਿੱਤ੍ਰਤਾ ਰੂਪੀ ਅਮੁਲ ਨਿਧੀ ਲਿਆਉਂਦੀ ਹੈ।

**75.** அன்புற்று அமர்ந்த வழக்கென்ப வையகத்து
இன்புற்றார் எய்தும் சிறப்பு.

ਸਨੇਹ ਭਰਪੂਰ ਜੀਵਨ ਬਤੀਤ ਕਰਨ ਵਾਲਿਆਂ ਨੂੰ ਹੀ ਇਸ ਸੰਸਾਰ
ਵਿਚ ਅਸਲੀ ਅਨੰਦ-ਮਈ ਜੀਵਨ ਪ੍ਰਾਪਤ ਹੁੰਦਾ ਹੈ।

**76.** அறத்திற்கே அன்புசார்பு என்ப அறியார்
மறத்திற்கும் அஃதே துணை.

ਉਹ ਅਗਿਆਨੀ ਹਨ ਜੋ ਕਹਿੰਦੇ ਹਨ ਕਿ ਪਿਆਰ ਕੇਵਲ ਧਰਮ ਦਾ ਸਹਾਇਕ
ਹੀ ਹੁੰਦਾ ਹੈ ਪ੍ਰੰਤੂ ਅਸਲ ਵਿਚ ਇਹ ਸਾਨੂੰ ਪਾਪਾਂ ਤੋਂ ਛੁਟਕਾਰਾ ਵੀ ਦਿਵਾਉਂਦਾ ਹੈ।

**77.** என்பு இலதனை வெயில்போலக் காயுமே
அன்பு இலதனை அறம்.

ਜਿਵੇਂ ਹੱਡੀ-ਰਹਿਤ ਕੀਟਾਣੂ ਨੂੰ ਸੂਰਜ ਦੀ ਤਪਸ਼ ਭਸਮ ਕਰ ਦੇਂਦੀ ਹੈ
ਉਵੇਂ ਹੀ ਸਨੇਹ ਹੀਣ ਜੀਵ ਨੂੰ ਧਰਮ ਖਤਮ ਕਰ ਦੇਂਦਾ ਹੈ।

**78.** அன்பகத்து இல்லா உயிர்வாழ்க்கை வன்பாற்கண்
வற்றல் மரம்தளிர்த் தற்று.

ਜਿਵੇਂ ਮਾਰੂਥਲ ਵਿਚ ਸੁੱਕੇ ਰੁੱਖ ਦੀਆਂ ਕਰੂੰਬਲਾਂ ਨਿਕਲਣੀਆਂ ਸੰਭਵ ਨਹੀਂ
ਇਵੇਂ ਹੀ ਪ੍ਰੇਮ-ਰਹਿਤ ਮਨੁੱਖ ਦੇ ਮਨ ਵਿਚ ਸੁਖ-ਭਾਵਨਾ ਸੰਭਵ ਨਹੀਂ।

**79.** புறத்துறுப்பு எல்லாம் எவன்செய்யும் யாக்கை
அகத்துறுப்பு அன்பி லவர்க்கு

ਜੇ ਦਿਲ ਵਿਚ ਪਿਆਰ ਦੀ ਭਾਵਨਾ ਦਾ ਅਭਾਵ ਹੋਵੇ
ਤਾਂ ਬਾਹਰਲੇ ਸੁੰਦਰ ਅੰਗਾਂ ਤੋਂ ਕੀਹ ਲਾਭ ਹੋ ਸਕਦਾ ਹੈ

**80.** அன்பின் வழியது உயிர்நிலை அஃதுஇலார்க்கு
என்புதோல் போர்த்த உடம்பு.

ਪਿਆਰ ਪੰਧ ਤੇ ਚਲਣ ਵਾਲਾ ਹੀ ਅਸਲੀ ਜਿਊਂਦਾ ਸਰੀਰ ਹੈ
ਨਹੀਂ ਤਾਂ ਇਹ ਸਰੀਰ ਹੱਡ ਚੰਮ ਦਾ ਕੇਵਲ ਇਕ ਲੋਥੜਾ ਮਾਤ੍ਰ ਹੀ ਹੈ।

# 9

## விருந்தோம்பல்

## ਪ੍ਰਾਹੁਣਚਾਰੀ

**81.** இருந்துஓம்பி இல்வாழ்வது எல்லாம் விருந்துஓம்பி
வேளாண்மை செய்தல் பொருட்டு.

ਘਰ ਗ੍ਰਿਹਸਥੀ ਵਿਚ ਰਹਿਣ ਤੇ ਧੰਨ ਦੀ ਕਮਾਈ ਕਰਨ ਦਾ ਮੂਲ
ਪ੍ਰਯੋਜਨ ਹੀ ਆਉਣ ਵਾਲੇ ਪ੍ਰਾਹੁਣਿਆਂ ਦਾ ਸੁਆਗਤ ਤੇ ਸਤਿਕਾਰ ਕਰਨਾ ਹੈ।

**82.** விருந்து புறத்ததாத் தான்உண்டல் சாவா
மருந்துஎனினும் வேண்டற்பாற் றன்று.

ਪ੍ਰਾਹੁਣੇ ਨੂੰ ਬਾਹਰ ਛੱਡ ਕੇ ਇਕੱਲਿਆਂ ਖਾਣਾ ਭਾਵੇਂ ਅੰਮ੍ਰਿਤ
ਹੀ ਕਿਉਂ ਨਾ ਹੋਵੇ ਅਨੁਚਿੱਤ ਹੈ।

**83.** வருவிருந்து வைகலும் ஓம்புவான் வாழ்க்கை
பருவந்து பாழ்படுதல் இன்று.

ਆਉਣ ਵਾਲੇ ਪ੍ਰਾਹੁਣਿਆਂ ਦੀ ਹਮੇਸ਼ਾ ਆਓ ਭਗਤ ਕਰਨ ਵਾਲਾ
ਕਦੇ ਵੀ ਥੋੜ੍ਹ ਵਿਚ ਨਹੀਂ ਆਉਂਦਾ।

**84.** அகன்அமர்ந்து செய்யாள் உறையும் முகன்அமர்ந்து
நல்விருந்து ஓம்புவான் இல்.

ਪ੍ਰਾਹੁਣਿਆਂ ਦਾ ਹਮੇਸ਼ਾ ਖਿੜੇ ਮੱਥੇ ਸੁਆਗਤ ਕਰਨ ਵਾਲਿਆਂ ਦੇ ਘਰ
ਹਮੇਸ਼ਾ ਲੱਛਮੀ ਦਾ ਨਿਵਾਸ ਰਹਿੰਦਾ ਹੈ।

**85.** வித்தும் இடல்வேண்டும் கொல்லோ விருந்துஓம்பி
மிச்சில் மிசைவான் புலம்

ਜੋ ਗ੍ਰਿਹਸਥੀ ਆਏ ਪ੍ਰਾਹੁਣਿਆਂ ਨੂੰ ਪਹਿਲਾਂ ਖੁਆ ਕੇ ਫਿਰ
ਬਚਿਆ ਖਾਣਾ ਆਪ ਖਾਂਦਾ ਹੈ ਉਸ ਨੂੰ ਖੇਤ ਵਾਹੁਣ ਤੇ ਬੀਜਣ
ਦੀ ਆਵੱਸ਼ਕਤਾ ਹੀ ਕੀਹ ਹੈ

**86.** செல்விருந்து ஓம்பி வருவிருந்து பார்த்துஇருப்பான்
நல்விருந்து வானத் தவர்க்கு.

ਆਏ ਹੋਏ ਪ੍ਰਾਹੁਣੇ ਦਾ ਆਦਰ ਸਤਿਕਾਰ ਕਰਕੇ ਤੇ ਆਉਣ ਵਾਲੇ
ਪ੍ਰਾਹੁਣਿਆਂ ਦੀ ਉਡੀਕ ਕਰਨ ਵਾਲਾ ਸਵਰਗ ਵਿਚ ਦੇਵਤਿਆਂ
ਦੁਆਰਾ ਸੁਆਗਤ ਯੋਗ ਪ੍ਰਾਹੁਣਾ ਬਣਦਾ ਹੈ।

**87.** *இனைத்துணைத்து என்பதொன்று இல்லை விருந்தின்*
*துணைத்துணை வேள்விப் பயன்.*

ਪ੍ਰਾਹੁਣਚਾਰੀ ਰੂਪੀ ਯੱਗ ਦੇ ਫ਼ਲ ਦਾ ਵਰਨਣ ਕੌਣ ਕਰ ਸਕਦਾ ਹੈ
ਇਹ ਤਾਂ ਪ੍ਰਾਹੁਣੇ ਦੀ ਯੋਗਤਾ ਦੇ ਅਨੁਸਾਰ ਹੀ ਹੁੰਦਾ ਹੈ।

**88.** *பரிந்துஓம்பிப் பற்றற்றேம் என்பர் விருந்தோம்பி*
*வேள்வி தலைப்படா தார்.*

ਜਿਨ੍ਹਾਂ ਨੇ ਆਪਣੇ ਜੀਵਨ ਵਿਚ ਪ੍ਰਾਹੁਣਿਆਂ ਦੀ ਸੇਵਾ ਨਹੀਂ ਕੀਤੀ ਉਹ ਇਕ ਦਿਨ
ਪਛਤਾਉਣਗੇ ਕਿ ਅਸੀਂ ਸਖ਼ਤ ਮਿਹਨਤ ਕਰਕੇ ਪੈਸਾ ਵੀ ਕਮਾਇਆ ਪ੍ਰੰਤੂ
ਪ੍ਰਾਹੁਣਚਾਰੀ ਦੁਆਰਾ ਪੁੰਨ ਵੀ ਨਾ ਕਮਾਇਆ।

**89.** *உடைமையுள் இன்மை விருந்தோம்பல் ஓம்பா*
*மடமை மடவார்கண் உண்டு.*

ਪ੍ਰਾਹੁਣਚਾਰੀ ਨਾ ਕਰਨ ਵਾਲੇ ਬਹੁਤ ਕੁਝ ਹੁੰਦਿਆਂ ਹੋਇਆਂ ਵੀ
ਤੋਟ ਵਿਚ ਰਹਿੰਦੇ ਹਨ ਤੇ ਇਉਂ ਮੂਰਖ ਹੀ ਕਰਦੇ ਹਨ।

**90.** *மோப்பக் குழையும் அனிச்சம் முகம்திரிந்து*
*நோக்கக் குழையும் விருந்து.*

ਜਿਵੇਂ 'ਅਨੀਚਮ' ਦਾ ਫੁੱਲ ਕੇਵਲ ਸੁੰਘਣ ਨਾਲ ਹੀ ਮੁਰਝਾ ਜਾਂਦਾ ਹੈ
ਇਵੇਂ ਹੀ ਮੱਥੇ ਤੇ ਤਿਊੜੀ ਪਾ ਕੇ ਦੇਖਣ ਨਾਲ ਪ੍ਰਾਹੁਣੇ ਦਾ ਦਿਲ ਟੁੱਟ
ਜਾਂਦਾ ਹੈ।

# 10

## இனியவை கூறல்
## ਮਿੱਠੇ ਬਚਨ ਬੋਲਣਾ

**91.** *இன்சொலால் ஈரம் அளைஇப் படிறுஇலவாம்*
*செம்பொருள் கண்டார்வாய்ச் சொல்.*

ਪਿਆਰ ਭਿੰਨੀਆਂ ਵਿਅਕਤੀਆਂ ਦੇ ਮਿੱਠੇ ਬਚਨ
ਸਨੇਹ-ਭਰਪੂਰ ਤੇ ਦਿਲ ਡੂੰਘਾਣਾਂ ਵਿਚੋਂ ਨਿਕਲੇ ਹੁੰਦੇ ਹਨ।

**92.** *அகன்அமர்ந்து ஈதலின் நன்றே முகன்அமர்ந்து*
*இன்சொலன் ஆகப் பெறின்.*

ਦਯਾ ਭਾਵਨਾ ਨਾਲ ਕੀਤੇ ਦਾਨ ਨਾਲੋਂ ਵਧੇਰੇ ਸ੍ਰੇਸ਼ਟ ਹੁੰਦੇ ਹਨ
ਮੁਸਕ੍ਰਾਂਦੇ ਚਿਹਰੇ ਨਾਲ ਬੋਲੇ ਮਿੱਠੇ ਬਚਨ।

**93.** முகத்தான் அமர்ந்துஇனிது நோக்கி அகத்தான்ஆம்
இன்சொ லினதே அறம்.

ਪ੍ਰਸੰਨਤਾ ਭਰਪੂਰ ਚਿਹਰੇ ਤੇ ਪਿਆਰ ਭਰੀ ਦ੍ਰਿਸ਼ਟੀ ਨਾਲ ਸਿੱਧੇ
ਹਿਰਦੇ ਵਿੱਚੋਂ ਨਿਕਲੇ ਮਿੱਠੇ ਬਚਨ ਹੀ ਅਸਲੀ ਸਦਾਚਾਰ ਹੈ।

**94.** துன்புறூஉம் துவ்வாமை இல்லாகும் யார்மாட்டும்
இன்புறூஉம் இன்சொ லவர்க்கு.

ਜੋ ਹਰ ਕਿਸੇ ਨੂੰ ਆਪਣੇ ਮਿੱਠੇ ਬਚਨਾਂ ਦੁਆਰਾ ਪ੍ਰਸੰਨ ਰਖਦੇ ਹਨ
ਉਹਨਾਂ ਦੇ ਨੇੜੇ ਦੁਖਦਾਇਕ ਦ੍ਰਿਦਰ ਕਦੇ ਨਹੀਂ ਆਉਂਦਾ।

**95.** பணிவுடையன் இன்சொலன் ஆதல் ஒருவற்கு
அணிஅல்ல மற்றுப் பிற.

ਨਿਮ੍ਰਤਾ ਤੇ ਮਿੱਠੇ ਬਚਨ ਹੀ ਮਨੁਖ ਦੇ ਗਹਿਣੇ ਹੁੰਦੇ ਹਨ
ਹੋਰ ਸਭ ਗਹਿਣੇ ਵਿਅਰਥ ਹੁੰਦੇ ਹਨ।

**96.** அல்லவை தேய அறம்பெருகும் நல்லவை
நாடி இனிய சொலின்.

ਉੱਤਮ ਭਾਵਨਾਵਾਂ ਅਧੀਨ ਬੋਲੇ ਮਿੱਠੇ ਬਚਨ ਬੁਰਿਆਈਆਂ ਨੂੰ
ਘਟਾਂਦੇ ਤੇ ਚੰਗਿਆਈਆਂ ਦੀ ਵ੍ਰਿਧੀ ਕਰਦੇ ਹਨ।

**97.** நயன்ஈன்று நன்றி பயக்கும் பயன்ஈன்று
பண்பின் தலைப்பிரியாச் சொல்.

ਸਾਰਥਕ ਤੇ ਕਲਿਆਣਕਾਰੀ ਮਿੱਠੇ ਬਚਨ ਬੋਲਣ ਵਾਲੇ ਨੂੰ
ਇਸ ਲੋਕ ਵਿਚ ਸ਼ੁਭ ਫਲ ਦੇਂਦੇ ਹਨ ਤੇ ਅਗਲੇ ਲੋਕ ਲਈ ਵੀ ਪੁੰਨ
ਵਿਚ ਵ੍ਰਿਧੀ ਕਰਦੇ ਹਨ।

**98.** சிறுமையுள் நீங்கிய இன்சொல் மறுமையும்
இம்மையும் இன்பம் தரும்.

ਦੂਜਿਆਂ ਨੂੰ ਦੁਖ ਪਹੁੰਚਾਣ ਵਾਲੇ ਬਚਨਾਂ ਦੀ ਥਾਂ ਮਿੱਠੇ ਬਚਨ
ਇਸ ਯੁਗ ਵਿਚ ਤੇ ਅਗਲੇ ਯੁਗ ਵਿਚ ਵੀ ਸੁਖ ਪ੍ਰਦਾਨ ਕਰਦੇ ਹਨ।

**99.** இன்சொல் இனிதுஈன்றல் காண்பான் எவன்கொலோ
வன்சொல் வழங்கு வது

ਜੋ ਆਪ ਮਿੱਠੇ ਬਚਨ ਬੋਲ ਕੇ ਤੇ ਸੁਣ ਕੇ ਪ੍ਰਸੰਨ ਹੁੰਦਾ ਹੈ ਉਹ
ਦੂਜਿਆਂ ਪ੍ਰਤੀ ਕਠੋਰ ਬਚਨ ਕਿਵੇਂ ਬੋਲ ਸਕਦਾ ਹੈ

**100.** *இனிய உளவாக இன்னாத கூறல்*
*கனியிருப்பக் காய்கவர்ந் தற்று.*

ਮਿੱਠੇ ਬਚਨਾਂ ਦੇ ਹੁੰਦੇ ਹੋਏ ਕਠੋਰ ਬਚਨਾਂ ਦਾ ਪ੍ਰਯੋਗ
ਇਵੇਂ ਹੀ ਹੈ ਜਿਵੇਂ ਪੱਕੇ ਫਲਾਂ ਦੇ ਹੁੰਦੇ ਹੋਏ ਕੱਚੇ ਫਲ ਖਾਣੇ।

# 11

## செய்ந்நன்றி அறிதல்
## ਕ੍ਰਿਤਘਣਤਾ

**101.** *செய்யாமல் செய்த உதவிக்கு வையகமும்*
*வானகமும் ஆற்றல் அரிது.*

ਪਹਿਲਾਂ ਉਪਕਾਰ ਕਰਵਾਏ ਬਿਨਾ ਕੀਤੇ ਗਏ ਉਪਕਾਰ ਬਦਲੇ ਜੇ
ਇਸ ਲੋਕ ਤੇ ਪ੍ਰਲੋਕ ਦੋਨਾਂ ਦੇ ਸੁੱਖ ਵੀ ਦੇ ਦਿੱਤੇ ਜਾਣ ਤਾਂ ਥੋੜ੍ਹੇ ਹਨ।

**102.** *காலத்தி னால்செய்த நன்றி சிறிதுஎனினும்*
*ஞாலத்தின் மாணப் பெரிது.*

ਲੋੜੀਂਦੇ ਸਮੇਂ ਕੀਤੀ ਗਈ ਸਹਾਇਤਾ ਭਾਵੇਂ ਥੋੜੀ ਜਿਹੀ ਹੀ ਹੋਵੇ
ਮੁੱਲ ਵਿਚ ਇਸ ਸਾਰੀ ਪ੍ਰਿਥਵੀ ਤੋਂ ਵੱਧ ਹੁੰਦੀ ਹੈ।

**103.** *பயன்தூக்கார் செய்த உதவி நயன்தூக்கின்*
*நன்மை கடலிற் பெரிது.*

ਨਿੱਜੀ ਲਾਭ ਦੇ ਵਿਚਾਰ ਤੋਂ ਬਿਨਾਂ ਕੀਤੀ ਗਈ ਸਹਾਇਤਾ ਦਾ
ਪ੍ਰਭਾਵ ਵਿਸ਼ਾਲ ਸਾਗਰ ਤੋਂ ਵੀ ਵਧੇਰੇ ਹੁੰਦਾ ਹੈ।

**104.** *தினைத்துணை நன்றி செயினும் பனைத்துணையாக்*
*கொள்வர் பயன்தெரி வார்.*

ਕਿਸੇ ਉਤੇ ਕੀਤਾ ਗਿਆ ਉਪਕਾਰ ਭਾਵੇਂ ਰਾਈ ਵਾਂਗ ਛੋਟਾ ਜਿਹਾ ਹੀ ਹੋਵੇ
ਸੱਜਨ ਪੁਰਸ਼ ਉਸ ਨੂੰ ਖਜੂਰ ਦੇ ਰੁੱਖ ਵਾਂਗ ਮੰਨਣਗੇ।

**105.** *உதவி வரைத்தன்று உதவி உதவி*
*செயப்பட்டார் சால்பின் வரைத்து.*

ਕੀਤੇ ਗਏ ਉਪਕਾਰ ਦਾ ਮੁਲਿਅੰਕਣ ਨਹੀਂ ਕੀਤਾ ਜਾ ਸਕਦਾ
ਉਪਕਾਰ ਕਰਵਾਣ ਵਾਲੇ ਦੀ ਯੋਗਤਾ ਹੀ ਇਸ ਦਾ ਮਾਪਦੰਡ ਹੁੰਦਾ ਹੈ।

**106.** மறவற்க மாசற்றார் கேண்மை துறவற்க
துன்பத்துள் துப்பாயார் நட்பு.

ਉੱਚੇ ਸੁੱਚੇ ਵਿਅਕਤੀਆਂ ਦੇ ਉਪਕਾਰ ਨੂੰ ਨਾ ਭੁੱਲੋ
ਬਿਪਤਾ ਦੇ ਸਮੇਂ ਜਿਸ ਨੇ ਸਹਾਇਤਾ ਕੀਤੀ ਹੋਵੇ ਉਸ ਦੀ ਮਿੱਤ੍ਰਤਾ ਨੂੰ ਨਾ ਤਿਆਗੋ।

**107.** எழுமை எழுபிறப்பும் உள்ளுவர் தங்கண்
விழுமம் துடைத்தவர் நட்பு.

ਸੁਹਿਰਦ ਲੋਕ ਉਸ ਵਿਅਕਤੀ ਪ੍ਰਤੀ ਸਤ ਜਨਮ ਆਭਾਰੀ ਰਹਿੰਦੇ ਹਨ
ਜਿਸ ਨੇ ਕਠਨਾਈ ਸਮੇਂ ਉਸ ਦੇ ਹੰਝੂ ਪੂੰਝੇ ਹੁੰਦੇ ਹਨ।

**108.** நன்றி மறப்பது நன்றன்று நன்றல்லது
அன்றே மறப்பது நன்று.

ਕਿਸੇ ਦੇ ਕੀਤੇ ਉਪਕਾਰ ਨੂੰ ਭੁੱਲਣਾ ਉਚਿੱਤ ਨਹੀਂ ਹੁੰਦਾ ਪ੍ਰੰਤੂ ਆਪ
ਉਪਕਾਰ ਕਰਕੇ ਉਸ ਨੂੰ ਉਸੇ ਵੇਲੇ ਭੁੱਲ ਜਾਣਾ ਉੱਤਮ ਚੀਜ਼ ਹੈ।

**109.** கொன்றன்ன இன்னா செயினும் அவர்செய்த
ஒன்றுநன்று உள்ளக் கெடும்.

ਘਾਤਕ ਘਾਓ ਲਗਾਣ ਵਾਲੇ ਵਲੋਂ ਕੀਤੇ ਕਿਸੇ ਇਕ ਉਪਕਾਰ
ਦੀ ਯਾਦ ਮਲ੍ਹਮ ਦਾ ਕੰਮ ਕਰਦੀ ਹੈ।

**110.** எந்நன்றி கொன்றார்க்கும் உய்வுண்டாம் உய்வில்லை
செய்ந்நன்றி கொன்ற மகற்கு.

ਕਿਸੇ ਧਰਮ ਨੂੰ ਤਿਆਗਣ ਵਾਲੇ ਲਈ ਤਾਂ ਪਾਪ-ਮੁਕਤ ਹੋਣ ਦਾ
ਕੋਈ ਮਾਰਗ ਹੋ ਸਕਦਾ ਹੈ ਪ੍ਰੰਤੂ ਅਕ੍ਰਿਤਘਣ ਲਈ ਕੋਈ ਮਾਰਗ ਨਹੀਂ।

# 12

## நடுவுநிலைமை

## ਇਨਸਾਫ਼ਮਈਤਾ

**111.** தகுதி எனஒன்று நன்றே பகுதியால்
பாற்பட்டு ஒழுகப் பெறின்.

ਇਨਸਾਫ਼ ਉਹੀ ਠੀਕ ਹੈ ਜਿਸ ਵਿਚ ਹਰ ਇਕ ਵਿਅਕਤੀ ਨੂੰ ਭਾਵੇਂ ਉਹ
ਮਿੱਤਰ ਸ਼ਤ੍ਰੂ ਜਾਂ ਕੋਈ ਹੋਰ ਹੋਵੇ ਉਸ ਦਾ ਅਧਿਕਾਰ ਮਿਲ ਜਾਵੇ।

**112.** செப்பம் உடையவன் ஆக்கம் சிதைவுஇன்றி
எச்சத்திற்கு ஏமாப்பு உடைத்து.

ਇਨਸਾਫ-ਪਸੰਦ ਵਿਅਕਤੀ ਦੀ ਸੰਪਤੀ ਨਾ ਕੇਵਲ ਘੱਟਦੀ ਹੀ ਨਹੀਂ
ਸਗੋਂ ਉਸ ਦੀ ਸੰਤਾਨ ਲਈ ਇਕ ਸਥਾਈ ਆਸਰਾ ਵੀ ਹੁੰਦੀ ਹੈ।

**113.** நன்றே தரினும் நடுவுஇகந்துஆம் ஆக்கத்தை
அன்றே ஒழிய விடல்.

ਇਨਸਾਫ਼ਮਈਤਾ ਦਾ ਤਿਆਗ ਕਰਨ ਨਾਲ ਚਾਹੇ ਸਾਨੂੰ ਕਿਸੇ ਤਰ੍ਹਾਂ ਦਾ ਲਾਭ
ਹੀ ਹੁੰਦਾ ਹੋਵੇ ਇਸ ਤੋਂ ਬਚੇ ਰਹਿਣਾ ਹੀ ਉੱਚਿਤ ਹੈ।

**114.** தக்கார் தகவிலர் என்பது அவரவர்
எச்சத்தால் காணப் படும்.

ਕੋਈ ਇਨਸਾਫ਼ਮਈ ਹੈ ਜਾਂ ਨਹੀਂ ਇਸ ਦਾ ਗਿਆਨ
ਉਸ ਦੀ ਸੰਤਾਨ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

**115.** கேடும் பெருக்கமும் இல்லல்ல நெஞ்சத்துக்
கோடாமை சான்றோர்க்கு அணி.

ਜੀਵਨ ਵਿਚ ਉਚਾਣ ਤੇ ਨਿਵਾਣ ਤਾਂ ਹੁੰਦੇ ਹੀ ਹਨ ਪ੍ਰੰਤੂ ਦੋਨਾਂ ਸਥਿਤੀਆਂ ਵਿਚ
ਮਾਨਸਿਕ ਸਥਿਰਤਾ ਕਾਇਮ ਰੱਖਣਾ ਬੁੱਧੀਮਾਨਾਂ ਦਾ ਗਹਿਣਾ ਹੁੰਦਾ ਹੈ।

**116.** கெடுவல்யான் என்பது அறிகதன் நெஞ்சம்
நடுஒரீஇ அல்ல செயின்.

ਜਦੋਂ ਕਦੇ ਮਨ ਵਿਚ ਇਨਸਾਫ਼ਮਈਤਾ ਦੀ ਭਾਵਨਾ ਨੂੰ ਤਿਆਗਣ ਦਾ ਖ਼ਿਆਲ
ਪੈਦਾ ਹੋਵੇ ਤਾਂ ਸਮਝੋ ਪੱਤਨ ਹੋਣ ਵਾਲਾ ਹੈ।

**117.** கெடுவாக வையாது உலகம் நடுவாக
நன்றிக்கண் தங்கியான் தாழ்வு.

ਨਿਰਪੱਖਤਾ ਦੇ ਨਾਲ ਇਨਸਾਫ਼ ਕਰਨ ਵਾਲਾ ਜੇ ਕਦੇ ਗਰੀਬ ਹੋ ਵੀ ਜਾਵੇ
ਤਾਂ ਚੰਗੇ ਲੋਕ ਉਸ ਦਾ ਅਪਮਾਨ ਨਹੀਂ ਕਰਨਗੇ।

**118.** சமன்செய்து சீர்தூக்கும் கோல்போல் அமைந்துஒருபால்
கோடாமை சான்றோர்க்கு அணி.

ਇਕ ਸਾਂਵੀਂ ਤੱਕੜੀ ਵਾਂਗ ਇਨਸਾਫ਼ ਕਰਨ ਵੇਲੇ ਕਿਸੇ ਪਾਸੇ ਵਲ ਨਾ ਝੁਕਣਾ
ਇਕ ਸਿਆਣੇ ਨਿਅੰਤ੍ਰਿਤ ਵਿਅਕਤੀ ਦਾ ਗਹਿਣਾ ਹੈ।

**119.** சொற்கோட்டம் இல்லது செப்பம் ஒருதலையா
உள்கோட்டம் இன்மை பெறின்.

ਨਿਆਇ ਕਰਦੇ ਸਮੇਂ ਜੇ ਮਨ ਵਿਚ ਅਸਥਿਰਤਾ ਨਾ ਹੋਵੇ
ਤਾਂ ਬਚਨਾ ਵਿਚ ਵੀ ਸੁਗੰਧੀ ਹੋਵੇਗੀ।

**120.** வாணிகம் செய்வார்க்கு வாணிகம் பேணிப்
பிறவும் தமபோல் செயின்.

ਉਹ ਵਪਾਰੀ ਤਰੱਕੀ ਕਰਦਾ ਹੈ ਜੋ ਦੂਜਿਆਂ ਦੇ ਹਿੱਤ ਨੂੰ
ਆਪਣੇ ਹਿੱਤ ਵਾਂਗ ਸਮਝ ਕੇ ਵਿਉਹਾਰ ਕਰਦਾ ਹੈ।

## 13

### அடக்கம் உடைமை

### ਸੰਜਮ

**121.** அடக்கம் அமரருள் உய்க்கும் அடங்காமை
ஆரிருள் உய்த்து விடும்.

ਸੰਜਮੀ ਜੀਵਨ ਸਾਡੇ ਵਿਚ ਦੈਵੀ ਗੁਣ ਭਰਦਾ ਹੈ
ਤੇ ਅਸੰਜਮ ਸਾਨੂੰ ਘੁੱਪ ਹਨੇਰੇ ਵਲ ਧੱਕਦਾ ਹੈ।

**122.** காக்க பொருளா அடக்கத்தை ஆக்கம்
அதனின்ஊஉங்கு இல்லை உயிர்க்கு.

ਸੰਜਮੀ ਜੀਵਨ ਨੂੰ ਸਰਬ-ਸ੍ਰੇਸ਼ਟ ਸਮਝ ਕੇ ਉਸ ਦੀ ਰੱਖਿਆ ਕਰਨੀ ਚਾਹੀਦੀ ਹੈ
ਕਿਉਂ ਜੋ ਇਸ ਤੋਂ ਉੱਤਮ ਹੋਰ ਕੋਈ ਸੰਪਤੀ ਨਹੀਂ।

**123.** செறிவுஅறிந்து சீர்மை பயக்கும் அறிவுஅறிந்து
ஆற்றின் அடங்கப் பெறின்.

ਸਵੈ-ਸੰਜਮ ਦਾ ਮਹੱਤਵ ਸਮਝਦੇ ਹੋਏ ਜੋ ਵਿਅਕਤੀ ਇਸ ਦਾ ਪਾਲਣ
ਕਰਦਾ ਹੈ ਉਹ ਗਿਆਨੀਆਂ ਵਿਚ ਆਗੂ ਮੰਨਿਆ ਜਾਂਦਾ ਹੈ।

**124.** நிலையில் திரியாது அடங்கியான் தோற்றம்
மலையினும் மாணப் பெரிது.

ਹਰ ਹਾਲਤ ਵਿਚ ਆਪਣੇ ਸੰਜਮੀ ਜੀਵਨ ਉਤੇ ਸਥਿਰ ਰਹਿਣ ਵਾਲੇ ਵਿਅਕਤੀ
ਦੀ ਉੱਚਾਈ ਪਹਾੜ ਤੋਂ ਵੀ ਕਿਤੇ ਵਧੇਰੇ ਹੁੰਦੀ ਹੈ।

**125.** எல்லார்க்கும் நன்றுஆம் பணிதல் அவருள்ளும்
செல்வர்க்கே செல்வம் தகைத்து.

ਨਿਮ੍ਰਤਾ ਸਭ ਲਈ ਇਕ ਉੱਤਮ ਗੁਣ ਹੈ ਪਰੰਤੂ ਧੰਨਵਾਨਾਂ ਲਈ
ਤਾਂ ਇਹ ਇਕ ਅਮੋਲਕ ਧੰਨ ਹੈ।

**126.** ஒருமையுள் ஆமைபோல் ஐந்துஅடக்கல் ஆற்றின்
எழுமையும் ஏமாப்பு உடைத்து.

ਜੀਵਨ ਵਿਚ ਕੱਛੂਕੁੰਮੇ ਵਾਂਗ ਜੋ ਪੰਜ ਇੰਦ੍ਰੀਆਂ ਨੂੰ ਸੰਜਮ ਵਿਚ ਰਖਣ ਦਾ
ਅਭਿਆਸ ਕਰਦਾ ਹੈ ਉਸ ਵਿਚ ਆਪਣੀ ਸਤ ਜਨਮਾਂ ਤੱਕ ਰੱਖਿਆ ਕਰਨ
ਦੀ ਸਮ੍ਰੱਥਾ ਆ ਜਾਂਦੀ ਹੈ।

**127.** யாகாவார் ஆயினும் நாகாக்க காவாக்கால்
சோகாப்பர் சொல்லிழுக்குப் பட்டு.

ਹੋਰਨਾਂ ਚੀਜ਼ਾਂ ਨਾਲੋਂ ਘਟੋ ਘੱਟ ਆਪਣੀ ਜ਼ਬਾਨ ਦੀ ਰਾਖੀ ਜ਼ਰੂਰ ਕਰੋ
ਨਹੀਂ ਤਾਂ ਅਨੁਚਿੱਤ ਸ਼ਬਦਾਂ ਕਾਰਨ ਤੁਸੀਂ ਦੁਖੀ ਹੋਵੋਗੇ।

**128.** ஒன்றானும் தீச்சொல் பொருட்பயன் உண்டாயின்
நன்றுஆகா தாகி விடும்.

ਜੇ ਸਾਡਾ ਇਕ ਬਚਨ ਵੀ ਕਿਸੇ ਦਾ ਦਿਲ ਦੁਖਾਵੇ
ਤਾਂ ਸਾਡਾ ਧਰਮੀ ਕਹਾਣਾ ਵਿਅਰਥ ਹੈ।

**129.** தீயினால் சுட்டபுண் உள்ளாறும் ஆறாதே
நாவினால் சுட்ட வடு.

ਅੱਗ ਨਾਲ ਸੜਿਆ ਜ਼ਖਮ ਤਾਂ ਠੀਕ ਹੋ ਜਾਂਦਾ ਹੈ ਕੇਵਲ ਬਾਹਰੋਂ ਚਿੰਨ੍ਹ
ਮਾਤ੍ਰ ਰਹਿ ਜਾਂਦਾ ਹੈ ਪ੍ਰੰਤੂ ਜੀਭ ਦਾ ਲਗਾ ਘਾਉ ਕਦੇ ਠੀਕ ਨਹੀਂ ਹੁੰਦਾ।

**130.** கதம்காத்துக் கற்றுஅடங்கல் ஆற்றுவான் செவ்வி
அறம்பார்க்கும் ஆற்றின் நுழைந்து.

ਜਿਹੜਾ ਆਪਣੇ ਕ੍ਰੋਧ ਉਤੇ ਕਾਬੂ ਪਾਉਣ ਤੇ ਸਵੈ-ਸੰਜਮ ਦਾ ਧਾਰਨੀ ਹੁੰਦਾ ਹੈ
ਚੰਗਿਆਈਆਂ ਦੇ ਮੌਕੇ ਉਸ ਦਾ ਰਾਹ ਤੱਕਦੇ ਰਹਿੰਦੇ ਹਨ।

# 14

## ஒழுக்கம் உடைமை

## ਸਦਾਚਾਰ

**131.** ஒழுக்கம் விழுப்பம் தரலான் ஒழுக்கம்
உயிரினும் ஓம்பப் படும்.

ਸਦਾਚਾਰ ਤੋਂ ਉੱਤਮ ਯੱਸ਼ ਮਿਲਦਾ ਹੈ ਸੋ ਸਾਨੂੰ ਪ੍ਰਾਣਾ ਤੋਂ
ਵੀ ਵੱਧ ਕੀਮਤੀ ਜਾਣ ਕੇ ਇਸ ਦੀ ਰੱਖਿਆ ਕਰਨੀ ਚਾਹੀਦੀ ਹੈ।

**132.** பரிந்துஓம்பிக் காக்க ஒழுக்கம் தெரிந்துஓம்பித்
தேரினும் அஃதே துணை.

ਸਦਾਚਾਰ ਦੀ ਸਭ ਤੋਂ ਵਧੇਰੇ ਰਾਖੀ ਕਰਨੀ ਚਾਹੀਦੀ ਹੈ ਕਿਉਂ ਜੋ ਸਾਡੇ ਅੰਦਰ
ਹੋਰ ਕਿਤਨੇ ਵੀ ਗੁਣ ਕਿਉਂ ਨਾ ਹੋਣ ਸਦਾਚਾਰ ਹੀ ਸਭ ਤੋਂ ਵੱਧ ਸਹਾਇਕ ਹੁੰਦਾ ਹੈ।

**133.** ஒழுக்கம் உடைமை குடிமை இழுக்கம்
இழிந்த பிறப்பாய் விடும்.

ਸਦਾਚਾਰ ਉੱਤਮ ਕੁੱਲ ਦਾ ਪ੍ਰਤੀਕ ਹੈ
ਦੁਰਾਚਾਰ ਜੀਵਨ ਨੂੰ ਅਧੋਗਤੀ ਵੱਲ ਲਿਜਾਂਦਾ ਹੈ।

**134.** மறப்பினும் ஓத்துக் கொளலாகும் பார்ப்பான்
பிறப்பொழுக்கம் குன்றக் கெடும்.

ਵੇਦਾਂ ਨੂੰ ਭੁੱਲ ਜਾਣ ਤੇ ਉਹਨਾਂ ਨੂੰ ਦੁਬਾਰਾ ਯਾਦ ਕੀਤਾ ਜਾ ਸਕਦਾ ਹੈ
ਪ੍ਰੰਤੂ ਜੇ ਬ੍ਰਾਹਮਣ ਇਕ ਵਾਰ ਸਦਾਚਾਰ ਤੋਂ ਹੀਣ ਹੋ ਜਾਏ ਤਾਂ
ਉਹ ਹਮੇਸ਼ਾ ਲਈ ਆਪਣੀ ਪ੍ਰਤਿਸ਼ਟਤਾ ਗੰਵਾ ਲੈਂਦਾ ਹੈ।

**135.** அழுக்காறு உடையான்கண் ஆக்கம்போன்று இல்லை
ஒழுக்கம் இலான்கண் உயர்வு.

ਜਿਵੇਂ ਈਰਖਾਲੂ ਵਿਅਕਤੀ ਨਿਰਧੰਨ ਹੋ ਜਾਂਦਾ ਹੈ
ਇਵੇਂ ਹੀ ਸਦਾਚਾਰ-ਰਹਿਤ ਵਿਅਕਤੀ ਦਾ ਵਿਕਾਸ ਵੀ ਰੁਕ ਜਾਂਦਾ ਹੈ।

**136.** ஒழுக்கத்தின் ஒல்கார் உரவோர் இழுக்கத்தின்
ஏதம் படுபாக்கு அறிந்து.

ਦੁਰਾਚਾਰ ਦੇ ਦੋਸ਼ਾਂ ਨੂੰ ਸਮਝਦਿਆਂ ਹੋਇਆ ਦ੍ਰਿੜ੍ਹ-ਚਿੱਤ ਵਿਅਕਤੀ
ਆਪਣੇ ਸਦਾਚਾਰ ਦੀ ਹਮੇਸ਼ਾ ਰਖਿਆ ਕਰਦਾ ਹੈ।

**137.** ஒழுக்கத்தின் எய்துவர் மேன்மை இழுக்கத்தின்
எய்துவர் எய்தாப் பழி.

ਸਦਾਚਾਰ ਹਮੇਸ਼ਾ ਸਾਨੂੰ ਉੱਤਮਤਾ ਪ੍ਰਦਾਨ ਕਰਦਾ ਹੈ
ਪ੍ਰੰਤੂ ਸਦਾਚਾਰ-ਹੀਣਤਾ ਸਾਨੂੰ ਗਿਰਾ ਦੇਂਦੀ ਹੈ।

**138.** நன்றிக்கு வித்தாகும் நல்லொழுக்கம் தீயொழுக்கம்
என்றும் இடும்பை தரும்.

ਸਦਾਚਾਰ ਧਰਮ-ਮਈ ਜੀਵਨ ਦਾ ਬੀਜ ਹੁੰਦਾ ਹੈ
ਸਦਾਚਾਰ-ਰਹਿਤ ਜੀਵਨ ਦੁੱਖ ਸੰਤਾਪ ਪ੍ਰਦਾਨ ਕਰਦਾ ਹੈ।

**139.** ஒழுக்க முடையவர்க்கு ஒல்லாவே தீய
வழுக்கியும் வாயால் சொலல்.

ਸਦਾਚਾਰ-ਯੁੱਕਤ ਵਿਅਕਤੀ ਭੁੱਲ ਕੇ ਵੀ ਅਨੁਚਿੱਤ ਸ਼ਬਦਾਂ
ਦਾ ਪ੍ਰਯੋਗ ਨਹੀਂ ਕਰਦੇ।

**140.** உலகத்தோடு ஒட்ட ஒழுகல் பலகற்றும்
கல்லார் அறிவிலா தார்.

ਚੰਗਾ ਵਿਦਵਾਨ ਤੇ ਸ਼ਾਸ਼ਤ੍ਰਾਂ ਦਾ ਗਿਆਤਾ ਹੋ ਕੇ ਵੀ ਜੇ ਕੋਈ ਵਿਅਕਤੀ
ਸਦਾਚਾਰ ਦਾ ਪਾਲਣ ਨਹੀਂ ਕਰਦਾ ਤਾਂ ਉਸ ਦੀ ਗਿਣਤੀ ਬੁੱਧੀਹੀਣ
ਮੂਰਖਾਂ ਵਿਚ ਕੀਤੀ ਜਾਂਦੀ ਹੈ।

# 15

## பிறன்இல் விழையாமை

## ਪਰ-ਇਸਤਰੀ ਗਮਨ

**141.** பிறன்பொருளாள் பெட்டுஒழுகும் பேதைமை ஞாலத்து
அறம்பொருள் கண்டார்கண் இல்.

ਸਦ-ਵਿਵਹਾਰਕ ਜੀਵਨ ਦਾ ਧਾਰਨੀ ਵਿਅਕਤੀ ਕਦੇ ਵੀ
ਪ੍ਰਾਈ ਇਸਤਰੀ ਪ੍ਰਤੀ ਮੰਦ-ਭਾਵਨਾ ਨਹੀਂ ਰਖਦਾ।

**142.** அறன்கடை நின்றாருள் எல்லாம் பிறன்கடை
நின்றாரின் பேதையார் இல்.

ਦੂਜੇ ਦੀ ਪਤਨੀ ਦੇ ਦਰਵਾਜ਼ੇ ਤੇ ਝਾਕ ਰੱਖਣ ਵਾਲੇ ਵਿਅਕਤੀ
ਵਰਗਾ ਮੂਰਖ ਤੇ ਪਾਪੀ ਕੋਈ ਨਹੀਂ ਹੁੰਦਾ।

**143.** விளிந்தாரின் வேறுஅல்லர் மன்ற தெளிந்தாரில்
தீமை புரிந்துஒழுகு வார்.

ਜੋ ਵਿਸ਼ਵਾਸ ਕਰਨ ਵਾਲੇ ਮਿੱਤਰ ਦੀ ਇਸਤਰੀ ਪ੍ਰਤੀ ਮੰਦ-ਭਾਵਨਾ ਰੱਖਦਾ ਹੈ ਉਹ ਘ੍ਰਿਣਾ ਯੋਗ ਵਿਅਕਤੀ ਜਿਉਂਦਿਆਂ ਹੋਇਆਂ ਵੀ ਇਕ ਲਾਸ਼ ਬਰਾਬਰ ਹੈ।

**144.** எனைத்துணையர் ஆயினும் என்ஆம் தினைத்துணையும்
தேரான் பிறனில் புகல்.

ਪਰਾਈ ਇਸਤਰੀ ਦੀ ਕਾਮਨਾ ਰੱਖਣ ਵਾਲਾ ਵਿਅਕਤੀ ਚਾਹੇ ਕਿੰਨਾ ਮਹਾਨ ਹੋਵੇ ਉਸ ਦੀ ਸਾਰੀ ਪ੍ਰਤਿਸ਼ੱਟਤਾ ਨਸ਼ਟ ਹੋ ਜਾਂਦੀ ਹੈ।

**145.** எளிதுஎன இல்லிறப்பான் எய்தும்எஞ் ஞான்றும்
விளியாது நிற்கும் பழி.

ਮਾਮੂਲੀ ਜਿਹੀ ਗੱਲ ਸਮਝ ਕੇ ਜੋ ਵਿਅਕਤੀ ਪਰ-ਇਸਤਰੀ ਗਮਨ ਕਰਦਾ ਹੈ ਉਹ ਆਪਣੇ ਸਿਰ ਉਤੇ ਬਦਨਾਮੀ ਦਾ ਇਕ ਵਡਾ ਬੋਝ ਚੁੱਕ ਲੈਂਦਾ ਹੈ।

**146.** பகைபாவம் அச்சம் பழியென நான்கும்
இகவாவாம் இல்இறப்பான் கண்.

ਪਰ-ਇਸਤਰੀ ਗਮਨ ਕਰਨ ਵਾਲਾ ਵਿਅਕਤੀ ਘ੍ਰਿਣਾ ਪਾਪ ਭੈ ਤੇ ਅਪਮਾਨ ਤੋਂ ਕਦੇ ਛੁਟਕਾਰਾ ਪ੍ਰਾਪ ਨਹੀਂ ਕਰ ਸਕਦਾ।

**147.** அறனியலான் இல்வாழ்வான் என்பான் பிறனியலான்
பெண்மை நயவா தவன்.

ਪਰ-ਨਾਰੀ ਦੀ ਸੁੰਦਰਤਾ ਨੂੰ ਕਦੇ ਵੀ ਮੰਦ ਦ੍ਰਿਸ਼ਟੀ ਨਾਲ ਨਾ ਦੇਖਣ ਵਾਲਾ ਵਿਅਕਤੀ ਹੀ ਉੱਚ-ਗ੍ਰਹਿਸਥੀ ਹੁੰਦਾ ਹੈ।

**148.** பிறன்மனை நோக்காத பேராண்மை சான்றோர்க்கு
அறனொன்றோ ஆன்ற ஒழுக்கு.

ਕਾਮ ਵਾਸ਼ਨਾ ਨਾਲ ਪਰ-ਇਸਤਰੀ ਨੂੰ ਨਾ ਦੇਖਣਾ ਹੀ ਅਸਲੀ ਮਰਦਾਊਪਨ ਹੈ ਇਹੀ ਸੱਜਨ ਲੋਕਾਂ ਦਾ ਧਰਮ ਹੈ ਇਸੇ ਵਿਚ ਉਹਨਾਂ ਦੀ ਮਹਾਨਤਾ ਹੈ।

**149.** நலக்குஉரியார் யாரெனின் நாமநீர் வைப்பின்
பிறற்குஉரியாள் தோள்தோயா தார்.

ਭਵ-ਸਾਗਰਾਂ ਵਿਚ ਸਥਿਤ ਇਸ ਧਰਤੀ ਉਤੇ ਉਹੀ ਵਿਅਕਤੀ ਸ਼ਲਾਘਾਯੋਗ ਹੈ ਜੋ ਪਰ-ਇਸਤਰੀ ਗਮਨ ਨਹੀਂ ਕਰਦਾ।

**150.** அறன்வரையான் அல்ல செயினும் பிறன்வரையாள்
பெண்மை நயவாமை நன்று.

ਜੀਵਨ ਭਰ ਘੋਰ ਪਾਪ ਕਰਨ ਵਾਲਾ ਵਿਅਕਤੀ ਵੀ ਜੇ
ਪਰ-ਇਸਤਰੀ ਗਮਨ ਦੀ ਕਾਮਨਾ ਤੋਂ ਬਚਿਆ ਰਹੇ ਤਾਂ ਧੰਨਤਾਯੋਗ ਹੈ।

# 16

## பொறை உடைமை
## ਸਹਿਣਸ਼ੀਲਤਾ

**151.** அகழ்வாரைத் தாங்கும் நிலம்போலத் தம்மை
இகழ்வார்ப் பொறுத்தல் தலை.

ਜਿਵੇਂ ਧਰਤੀ ਨੂੰ ਪੁੱਟਣ ਵਾਲੇ ਦਾ ਭਾਰ ਵੀ ਧਰਤੀ ਸਹਿਣ ਕਰ ਲੈਂਦੀ ਹੈ
ਉਵੇਂ ਹੀ ਆਪਣੇ ਨਿੰਦਕਾਂ ਨੂੰ ਸਹਿਣ ਕਰਨਾ ਇਕ ਉੱਤਮ ਧਰਮ ਹੈ।

**152.** பொறுத்தல் இறப்பினை என்றும் அதனை
மறத்தல் அதனினும் நன்று.

ਬਦਲਾ ਲੈਣ ਦੀ ਸ਼ਕਤੀ ਰੱਖਦਿਆਂ ਹੋਇਆਂ ਵੀ ਦੂਜਿਆਂ ਦੇ ਅਪ੍ਰਾਧ ਨੂੰ
ਖਿਮਾ ਕਰਨਾ ਉੱਤਮ ਹੈ ਪਰ ਉਸ ਅਪ੍ਰਾਧ ਨੂੰ ਮਨ ਵਿਚ ਨਾ ਰੱਖਣਾ ਤੇ ਉਸੇ
ਵੇਲੇ ਉਸ ਨੂੰ ਭੁੱਲ ਜਾਣਾ ਉਸ ਤੋਂ ਵੀ ਵਧੇਰੇ ਉੱਤਮ ਹੈ।

**153.** இன்மையுள் இன்மை விருந்தொரால் வன்மையுள்
வன்மை மடவார்ப் பொறை.

ਆਏ ਪ੍ਰਾਹੁਣਿਆਂ ਨੂੰ ਖੁਆਏ ਬਿਨਾ ਆਪ ਖਾ ਲੈਣਾ ਸਭ ਤੋਂ ਵੱਡਾ ਦ੍ਰਿਦਰ
ਹੈ। ਇਸੇ ਤਰ੍ਹਾਂ ਮੂਰਖਾਂ ਦੇ ਅੱਤਿਆਚਾਰਾਂ ਨੂੰ ਖਿਮਾ ਕਰ ਦੇਣਾ ਸਭ ਤੋਂ
ਵੱਡੀ ਦ੍ਰਿੜ ਸ਼ਕਤੀ ਹੈ।

**154.** நிறையுடைமை நீங்காமை வேண்டின் பொறையுடைமை
போற்றி ஒழுகப் படும்.

ਜੇ ਸੱਦ ਗੁਣ ਸੰਪੰਨ ਹੋਣਾ ਚਾਹੁੰਦੇ ਹੋ ਤਾਂ ਸਹਿਨਸ਼ੀਲਤਾ ਨੂੰ ਸੰਭਾਲ ਕੇ ਰਖੋ।

**155.** ஒறுத்தாரை ஒன்றாக வையாரே வைப்பர்
பொறுத்தாரைப் பொன்போல் பொதிந்து.

ਬਦਲਾ ਲੈਣ ਵਾਲੇ ਨੂੰ ਚੰਗੇ ਲੋਕ ਭਲਾ ਪੁਰਸ਼ ਨਹੀਂ ਮੰਨਦੇ
ਪ੍ਰੰਤੂ ਸਹਿਣਸ਼ੀਲ ਵਿਅਕਤੀ ਦੀ ਲੋਕ ਸੋਨੇ ਵਾਂਗ ਕਦਰ ਕਰਦੇ ਹਨ।

**156.** ஒறுத்தார்க்கு ஒருநாளை இன்பம் பொறுத்தார்க்குப்
பொன்றும் துணையும் புகழ்.

ਬਦਲੇ ਦੀ ਭਾਵਨਾ ਨਾਲ ਅਗਲੇ ਨੂੰ ਦੁੱਖ ਪਹੁੰਚਾਣ ਵਾਲੇ ਨੂੰ ਇਕ ਦਿਨ ਦਾ
ਆਨੰਦ ਭਾਵੇਂ ਪ੍ਰਾਪਤ ਹੋਵੇ ਪਰੰਤੂ ਸਹਿਣਸ਼ੀਲ ਵਿਅਕਤੀ ਦਾ ਸਥਾਈ
ਕਾਲ ਲਈ ਸਨਮਾਨ ਹੁੰਦਾ ਰਹੇਗਾ।

**157.** திறன்அல்ல தற்பிறர் செய்யினும் நோநொந்து
அறன்அல்ல செய்யாமை நன்று.

ਦੂਜਿਆਂ ਵਲੋਂ ਦੁਰਵਿਵਹਾਰ ਕੀਤੇ ਜਾਣ ਤੇ ਵੀ ਉਸ ਤੋਂ ਦੁਖੀ ਹੋ ਕੇ ਉਸ ਨਾਲ ਬਦਲੇ
ਦੀ ਭਾਵਨਾ ਅਧੀਨ ਭੈੜਾ ਵਰਤਾਉ ਕਰਨ ਤੋਂ ਆਪਣੇ ਆਪ ਨੂੰ ਬਚਾਣਾ ਬਹੁਤ ਚੰਗਾ ਹੈ।

**158.** மிகுதியான் மிக்கவை செய்தாரைத் தாம்தம்
தகுதியான் வென்று விடல்.

ਹੰਕਾਰ ਅਧੀਨ ਅਨੁਚਿਤ ਵਿਵਹਾਰ ਕਰਨ ਵਾਲੇ ਨਾਲ ਸ਼ਹਿਣਸ਼ੀਲਤਾ
ਦਿਖਾਂਦੇ ਹੋਏ ਆਪਣੀ ਯੋਗਤਾ ਨਾਲ ਉਸ ਉਤੇ ਵਿਜੈ ਪ੍ਰਾਪਤ ਕਰਨੀ ਚਾਹੀਦੀ ਹੈ।

**159.** துறந்தாரின் தூய்மை உடையர் இறந்தார்வாய்
இன்னாச்சொல் நோற்கிற் பவர்.

ਅਨੁਚਿੱਤ ਵਿਵਹਾਰ ਕਰਨ ਵਾਲਿਆਂ ਦੇ ਕਠੋਰ ਬਚਨਾਂ ਨੂੰ ਸਹਿਣ ਕਰਨ
ਵਾਲੇ ਵਾਸਤਵ ਵਿਚ ਸੰਨਿਆਸੀਆਂ ਤੋਂ ਵੀ ਉੱਤਮ ਹੁੰਦੇ ਹਨ।

**160.** உண்ணாது நோற்பார் பெரியர் பிறர்சொல்லும்
இன்னாச்சொல் நோற்பாரின் பின்.

ਨਿਰਾਹਾਰ ਰਹਿ ਕੇ ਤਪੱਸਿਆ ਕਰਨ ਵਾਲੇ ਵੱਡੇ ਤਪੱਸਵੀ ਹੁੰਦੇ ਹਨ। ਪ੍ਰੰਤੂ
ਦੂਜਿਆਂ ਦੇ ਦੁਰਵਚਨਾਂ ਨੂੰ ਸਹਿ ਲੈਣ ਵਾਲਿਆਂ ਦੀ ਮਹਾਨਤਾ ਉਹਨਾਂ
ਤੋਂ ਵੀ ਵਧੇਰੇ ਹੁੰਦੀ ਹੈ।

# 17

## அழுக்காறாமை
## ਈਰਖਾ ਨਾ ਕਰਨਾ

**161.** ஒழுக்காறாக் கொள்க ஒருவன்தன் நெஞ்சத்து
அழுக்காறு இலாத இயல்பு.

ਈਰਖਾਲੂ ਵਿਚਾਰਾਂ ਤੋਂ ਆਪਣੇ ਆਪ ਨੂੰ ਬਚਾ ਕੇ ਰੱਖੋ
ਇਸੇ ਵਿਚ ਹੀ ਉੱਚ ਸਦਾਚਾਰ ਹੁੰਦਾ ਹੈ।

**162.** விழுப்பேற்றின் அஃதுஒப்பது இல்லை யார் மாட்டும்
அழுக்காற்றின் அன்மை பெறின்.

ਦੂਜਿਆਂ ਦੀ ਦੌਲਤ ਤੇ ਸ਼ਾਨ ਸ਼ੌਕਤ ਨੂੰ ਦੇਖ ਕੇ
ਈਰਖਾ ਨਾ ਕਰਨ ਤੋਂ ਸ੍ਰੇਸ਼ਟ ਹੋਰ ਕੁਝ ਨਹੀਂ।

**163.** அறன்ஆக்கம் வேண்டாதான் என்பான் பிறனாக்கம்
பேணாது அழுக்கறுப் பான்.

ਦੂਜਿਆਂ ਦੀ ਦੌਲਤ ਤੇ ਸ਼ਾਨ ਸ਼ੌਕਤ ਨਾਲ ਈਰਖਾ ਕਰਨ ਵਾਲਾ
ਵਿਅਕਤੀ ਦੌਲਤ ਤੇ ਸੁਖ ਦੋਨਾਂ ਤੋਂ ਵੰਚਿਤ ਰਹਿੰਦਾ ਹੈ।

**164.** அழுக்காற்றின் அல்லவை செய்யார் இழுக்காற்றின்
ஏதம் படுபாக்கு அறிந்து.

ਸਿਆਣੇ ਲੋਕ ਈਰਖਾ ਅਧੀਨ ਕਿਸੇ ਨੂੰ ਹਾਨੀ ਨਹੀਂ ਪਹੁੰਚਾਂਦੇ ਕਿਉਂ ਜੋ ਉਹ
ਸਮਝਦੇ ਹਨ ਕਿ ਕਿਸੇ ਪ੍ਰਤੀ ਈਰਖਾ ਕਰਨਾ ਆਪਣੇ ਆਪ ਨੂੰ
ਹੀ ਦੁਖੀ ਕਰਨਾ ਹੁੰਦਾ ਹੈ।

**165.** அழுக்காறு உடையார்க்கு அதுசாலும் ஒன்னார்
வழுக்கியும் கேடுஈன் பது.

ਈਰਖਾ ਕਰਨ ਵਾਲੇ ਵਿਅਕਤੀ ਲਈ ਕਿਸੇ ਸ਼ਤਰੂ ਦੀ ਆਵਸ਼ੱਕਤਾ ਨਹੀਂ
ਸ਼ਤਰੂ ਭਾਵੇਂ ਉਸ ਨੂੰ ਨੁਕਸਾਨ ਨਾ ਪਹੁੰਚਾ ਸਕੇ ਉਸ ਦੀ ਆਪਣੀ
ਈਰਖਾ ਭਾਵਨਾ ਹੀ ਉਸ ਦਾ ਨਾਸ ਕਰ ਦੇਂਦੀ ਹੈ।

**166.** கொடுப்பது அழுக்கறுப்பான் சுற்றம் உடுப்பதூஉம்
உண்பதூஉம் இன்றிக் கெடும்.

ਲੋੜਵੰਦਾਂ ਨੂੰ ਦਿੱਤੇ ਦਾਨ ਨੂੰ ਦੇਖ ਕੇ ਈਰਖਾ ਕਰਨ ਵਾਲਾ ਹੀ ਨਹੀਂ
ਉਸ ਦੇ ਆਪਣੇ ਸਾਕ ਸਬੰਧੀ ਵੀ ਰੋਟੀ ਕੱਪੜੇ ਲਈ ਤਰਸਣਗੇ।

**167.** அவ்வித்து அழுக்காறு உடையானைச் செய்யவள்
தவ்வையைக் காட்டி விடும்.

ਈਰਖਾਲੂ ਵਿਅਕਤੀ ਨਾਲ ਲੱਛਮੀ ਆਪ ਈਰਖਾ ਕਰਦੀ ਹੈ ਤੇ ਉਸ ਤੋਂ
ਬੇਮੁਖ ਹੋ ਕੇ ਆਪਣੀ ਵੱਡੀ ਭੈਣ ਦ੍ਰਿਦਰਤਾ ਨੂੰ ਉਸ ਪਾਸ ਭੇਜ ਦੇਂਦੀ ਹੈ।

**168.** அழுக்காறு எனஒரு பாவி திருச்செற்றுத்
தீயுழி உய்த்து விடும்.

ਕਮੀਨੀ ਈਰਖਾ ਸੁਭਾਗ ਨਸ਼ਟ ਕਰਦੀ ਹੈ ਤੇ
ਆਤਮਾ ਨੂੰ ਨਰਕ ਦੀ ਅਗਨੀ ਵਿਚ ਜਲਾਉਂਦੀ ਹੈ।

**169.** அவ்விய நெஞ்சத்தான் ஆக்கமும் செவ்வியான்
கேடும் நினைக்கப் படும்.

ਈਰਖਾਲੂ ਦਾ ਧੰਨਵਾਨ ਹੋਣਾ ਤੇ ਸਦਾਚਾਰੀ ਦਾ ਨਿਰਧੰਨ ਹੋਣਾ
ਇਹ ਦੋਨੋਂ ਅਨਹੋਣੀਆਂ ਤੇ ਮੁੜ ਵਿਚਾਰਯੋਗ ਗੱਲਾਂ ਹਨ।

**170.** அழுக்கற்று அகன்றாரும் இல்லை அஃது இல்லார்
பெருக்கத்தில் தீர்ந்தாரும் இல்.

ਈਰਖਾਲੂ ਕਦੇ ਉੱਨਤੀ ਨਹੀਂ ਕਰਦਾ
ਈਰਖਾ ਰਹਿਤ ਬੰਦਾ ਹਮੇਸ਼ਾ ਤਰੱਕੀ ਕਰਦਾ ਹੈ।

# 18

## வெஃகாமை

## ਲੋਭ ਦਾ ਤਿਆਗ

**171.** நடுவுஇன்றி நன்பொருள் வெஃகின் குடிபொன்றிக்
குற்றமும் ஆங்கே தரும்.

ਸਦਾਚਾਰ ਦਾ ਤਿਆਗ ਕਰਕੇ ਦੂਜਿਆਂ ਦੀ ਸੰਪਤੀ ਨੂੰ ਹੜੱਪਨ ਦੀ ਲਾਲਸਾ
ਕਰਨ ਵਾਲਾ ਬਦਨਾਮੀ ਖੱਟਦਾ ਹੈ ਤੇ ਇਹ ਲੋਭ ਦੀ ਭਾਵਨਾ ਉਸ ਦੇ ਪ੍ਰੀਵਾਰ
ਦੀ ਤਬਾਹੀ ਦਾ ਕਾਰਨ ਬਣਦੀ ਹੈ।

**172.** படுபயன் வெஃகிப் பழிப்படுவ செய்யார்
நடுவன்மை நாணு பவர்.

ਜੋ ਲੋਕ ਅਨਿਆਇ ਤੇ ਅਧਰਮ ਤੋਂ ਵਿਮੁਕਤ ਰਹਿੰਦੇ ਹਨ
ਉਹ ਲੋਭ–ਵੱਸ ਹੋ ਕੇ ਦੂਜਿਆਂ ਦਾ ਧੰਨ ਹੜੱਪਣ ਤੋਂ ਸਦਾ ਦੂਰ ਰਹਿੰਦੇ ਹਨ।

**173.** சிற்றின்பம் வெஃகி அறன்அல்ல செய்யாரே
மற்றுஇன்பம் வேண்டு பவர்.

ਸਥਾਈ ਆਨੰਦ ਦੇ ਇੱਛਕ ਅਸਥਾਈ ਆਨੰਦ ਦੇਣ ਵਾਲੀਆਂ ਵਸਤਾਂ
ਦੇ ਲੋਭ ਵਿਚ ਪੈ ਕੇ ਕਦੇ ਅਧਰਮੀ ਕਾਰਜ ਨਹੀਂ ਕਰਦੇ।

**174.** இலம்என்று வெஃகுதல் செய்யார் புலம்வென்ற
புன்மையில் காட்சி யவர்.

ਪੰਜ ਇੰਦ੍ਰੀਆਂ ਦੇ ਸੰਜਮੀ ਦਰਿਦ੍ਰਤਾ ਦੀ ਸਥਿਤੀ ਵਿਚ ਵੀ
ਦੂਜਿਆਂ ਦੇ ਧੰਨ ਦਾ ਕਦੇ ਲੋਭ ਨਹੀਂ ਕਰਦੇ।

**175.** *அஃகி அகன்ற அறிவுஎன்னாம் யார்மாட்டும்*
*வெஃகி வெறிய செயின்.*

ਜੇ ਕੋਈ ਗਿਆਨਵਾਨ ਤੇ ਬੁਧੀਮਾਨ ਹੋ ਕੇ ਪ੍ਰਾਈ ਵਸਤੂ ਦੇ ਲੋਭ ਵਿਚ ਉਸ
ਨੂੰ ਹਥਿਆਉਣ ਦਾ ਯਤਨ ਕਰੇ ਤਾਂ ਉਸ ਦਾ ਵਿਸ਼ਾਲ ਅਧਿਆਪਨ ਤੇ
ਗੂੜ੍ਹ ਗਿਆਨ ਪ੍ਰਾਪਤੀ ਕਿਸ ਕੰਮ।

**176.** *அருள்வெஃகி ஆற்றின்கண் நின்றான் பொருள்வெஃகிப்*
*பொல்லாத சூழக் கெடும்.*

ਜੋ ਸੱਚੇ ਮਾਰਗ ਉਤੇ ਚੱਲ ਕੇ ਈਸ਼ਵਰ ਦੀ ਰਹਿਮਤ ਦਾ ਇਛੁੱਕ ਹੈ
ਜੇ ਪਰਾਏ ਧੰਨ ਦਾ ਅਪਹਰਣ ਕਰੇ ਤਾਂ ਉਹ ਨਿਸ਼ਚਿਤ ਰੂਪ ਵਿਚ
ਨਾਸ਼ਮਾਨਤਾ ਨੂੰ ਪ੍ਰਾਪਤ ਕਰਦਾ ਹੈ।

**177.** *வேண்டற்க வெஃகியாம் ஆக்கம் விளைவயின்*
*மாண்டற் கரிதாம் பயன்.*

ਲੋਭ-ਵੱਸ ਹੋ ਕੇ ਕਦੇ ਪ੍ਰਾਏ ਧੰਨ ਦੀ ਇੱਛਿਆ ਨਹੀਂ ਕਰਨੀ ਚਾਹੀਦੀ
ਕਿਉਂ ਜੋ ਅਜਿਹਾ ਧੰਨ ਕਦੇ ਸੁਖ ਤੇ ਖੁਸ਼ੀ ਨਹੀਂ ਦੇ ਸਕਦਾ।

**178.** *அஃகாமை செல்வத்திற்கு யாதெனின் வெஃகாமை*
*வேண்டும் பிறன்கைப் பொருள்.*

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਧੰਨ ਵਿਚ ਕਮੀ ਨਾ ਆਵੇ
ਤਾਂ ਕਦੇ ਪ੍ਰਾਏ ਧੰਨ ਦਾ ਲੋਭ ਨਾ ਕਰੋ।

**179.** *அறனறிந்து வெஃகா அறிவுடையார்ச் சேரும்*
*திறன்அறிந் தாங்கே திரு.*

ਲੱਛਮੀ ਆਪ ਚੱਲ ਕੇ ਉਹਨਾਂ ਬੁੱਧੀਮਾਨਾਂ ਪਾਸ ਆਉਂਦੀ ਹੈ
ਜੋ ਪ੍ਰਾਏ ਧੰਨ ਦੀ ਲਾਲਸਾ ਤੋਂ ਮੁਕਤ ਰਹਿੰਦੇ ਹਨ।

**180.** *இறலீனும் எண்ணாது வெஃகின் விறலீனும்*
*வேண்டாமை என்னுஞ் செருக்கு.*

ਹੋਣ ਵਾਲੇ ਬੁਰੇ ਪ੍ਰੀਣਾਮਾਂ ਨੂੰ ਸੋਚੇ ਬਿਨਾ ਪਰਾਏ ਧੰਨ ਨੂੰ ਹੜੱਪਨ ਨਾਲ
ਨਾਸ਼ਮਾਣਤਾ ਹੀ ਮਿਲਦੀ ਹੈ ਸੋ ਇਸ ਤੋਂ ਬਚੇ ਰਹਿਣਾ ਹੀ ਚੰਗਾ ਹੈ।

# 19

## புறங்கூறாமை
## ਚੁਗ਼ਲ-ਖੋਰੀ ਦੇ ਵਿਰੁੱਧ

**181.** *அறம்கூறான் அல்ல செயினும் ஒருவன்*
*புறம்கூறான் என்றல் இனிது.*

ਸਦ ਗੁਣਾਂ ਤੋਂ ਰਹਿਤ ਤੇ ਪਾਪੀ ਜੀਵਨ ਬਤੀਤ ਕਰਨ ਵਾਲਾ
ਜੇ ਚੁਗ਼ਲਖੋਰੀ ਤੋਂ ਬਚਿਆ ਹੋਇਆ ਹੈ ਤਾਂ ਕਿਤੇ ਸਲਾਹੁਣਯੋਗ ਹੈ।

**182.** *அறன்அழீஇ அல்லவை செய்தலின் தீதே*
*புறன்அழீஇப் பொய்த்து நகை.*

ਧਰਮ ਦੇ ਵਿਰੁੱਧ ਬੋਲਣ ਤੇ ਭੈੜੇ ਕੰਮ ਕਰਨ ਵਾਲੇ ਨਾਲੋਂ
ਸਨਮੁਖ ਝੂਠੀ ਪ੍ਰਸੰਸਾ ਕਰਨ ਵਾਲਾ ਤੇ ਪਿੱਠ ਪਿੱਛੇ ਚੁਗਲੀ ਕਰਨ ਵਾਲਾ ਮਾੜਾ ਹੈ।

**183.** *புறங்கூறிப் பொய்த்துஉயிர் வாழ்தலின் சாதல்*
*அறம்கூறும் ஆக்கம் தரும்.*

ਚੁਗ਼ਲ ਖੋਰੀ ਤੇ ਝੂਠ ਬੋਲਦਿਆਂ ਹੋਇਆਂ ਜੀਵਨ ਬਤੀਤ ਕਰਨ ਨਾਲੋਂ
ਨਿਰਧੰਨ ਰਹਿ ਕੇ ਮਰ ਮਿਟਣਾ ਕਿਤੇ ਚੰਗਾ ਹੈ।

**184.** *கண்நின்று கண்அறச் சொல்லினும் சொல்லற்க*
*முன்இன்று பின்நோக்காச் சொல்.*

ਕਿਸੇ ਦੇ ਮੂੰਹ ਤੇ ਕਠੋਰ ਬਚਨ ਕਹਿ ਦੇਣੇ ਮੁਆਫ਼ ਹੋ ਸਕਦੇ ਹਨ
ਪ੍ਰੰਤੂ ਪਿੱਠ ਪਿੱਛੇ ਬੁਰਾਈ ਕਰਨੀ ਬਿਲਕੁਲ ਅਨੁਚਿਤ ਹੈ।

**185.** *அறம்சொல்லும் நெஞ்சத்தான் அன்மை புறம்சொல்லும்*
*புன்மையால் காணப் படும்.*

ਹਮੇਸ਼ਾ ਚੁਗ਼ਲ ਖੋਰੀ ਕਰਦੇ ਰਹਿਣ ਵਾਲੇ ਪ੍ਰੰਤੂ ਮੂੰਹ ਤੇ ਉਸਤਤੀ
ਕਰਨ ਵਾਲੇ ਦੇ ਹਿਰਦੇ ਵਿਚ ਧਰਮ ਪ੍ਰਤੀ ਸ਼ਰਧਾ ਨਹੀਂ ਹੁੰਦੀ।

**186.** *பிறன்பழி கூறுவான் தன்பழி யுள்ளும்*
*திறன்தெரிந்து கூறப் படும்.*

ਜੋ ਵਿਅਕਤੀ ਦੂਜਿਆਂ ਦੇ ਅਉਗੁਣਾਂ ਨੂੰ ਉਹਨਾਂ ਦੀ ਗ਼ੈਰ ਹਾਜ਼ਰੀ ਵਿਚ
ਪ੍ਰਗਟ ਕਰਦਾ ਹੈ ਉਸ ਦੀਆਂ ਬੁਰਾਈਆਂ ਨੂੰ ਦੂਸਰੇ ਲੋਕ ਢੂੰਡ
ਕੇ ਸਾਹਮਣੇ ਲਿਆਉਣਗੇ।

**187.** *பகச்சொல்லிக் கேளிர்ப் பிரிப்பர் நகச்சொல்லி*
*நட்பாடல் தேற்றா தவர்.*

ਜੋ ਵਿਅਕਤੀ ਆਪਣੇ ਮਿੱਠੇ ਬਚਨਾਂ ਦੁਆਰਾ ਦੂਜਿਆਂ ਨੂੰ ਮਿੱਤਰ ਨਹੀਂ ਬਣਾ ਸਕਦਾ ਉਹ ਪਿੱਠ ਪਿੱਛੇ ਦੂਜਿਆਂ ਦੀ ਨਿੰਦਾ ਕਰਕੇ ਆਪਣੇ ਮਿੱਤ੍ਰਾਂ ਤੇ ਸਕੇ ਸਬੰਧੀਆਂ ਨੂੰ ਵੀ ਗੰਵਾ ਲੈਂਦਾ ਹੈ।

**188.** *துன்னியார் குற்றமும் தூற்றும் மரபினார்*
*என்னைகொல் ஏதிலார் மாட்டு.*

ਜੋ ਲੋਕ ਆਪਣੇ ਮਿੱਤ੍ਰਾਂ ਦੀਆਂ ਤ੍ਰੁਟੀਆਂ ਨੂੰ ਦੂਜਿਆਂ ਸਾਹਮਣੇ ਨਸ਼ਰ ਕਰਦੇ ਰਹਿੰਦੇ ਹਨ ਉਹ ਓਪਰੇ ਵਿਅਕਤੀਆਂ ਨੂੰ ਕਿਵੇਂ ਭੰਡਣਗੇ ਇਹ ਭਗਵਾਨ ਹੀ ਜਾਣੇ।

**189.** *அறன்நோக்கி ஆற்றுங்கொல் வையம் புறன்நோக்கிப்*
*புன்சொல் உரைப்பான் பொறை.*

ਕਿਸੇ ਦੀ ਪਿੱਠ ਪਿੱਛੇ ਉਸ ਦੀ ਨਿੰਦਾ ਕਰਨ ਵਾਲੇ ਦਾ ਭਾਰ ਇਹ ਧਰਤੀ ਕਿਉਂ ਸਹਿਣ ਕਰਦੀ ਹੈ ਇਸ ਲਈ ਕਿ ਇਹ ਵੀ ਧਰਤੀ ਦਾ ਧਰਮ ਹੈ।

**190.** *ஏதிலார் குற்றம்போல் தம்குற்றம் காண்கிற்பின்*
*தீதுஉண்டோ மன்னும் உயிர்க்கு.*

ਜੇ ਕੋਈ ਦੂਜਿਆਂ ਦੇ ਦੋਸ਼ ਦੇਖਣ ਵਾਂਗ ਹੀ ਆਪਣੇ ਦੋਸ਼ ਵੀ ਦੇਖੇ ਤਾਂ ਉਸ ਨੂੰ ਕੋਈ ਹਾਨੀ ਨਹੀਂ ਪਹੁੰਚਾ ਸਕਦਾ।

# 20

## பயனில சொல்லாமை

## ਫਜ਼ੂਲ ਗੱਲਾਂ

**191.** *பல்லார் முனியப் பயன்இல சொல்லுவான்*
*எல்லாரும் எள்ளப் படும்.*

ਜੋ ਵਿਅਕਤੀ ਆਪਣੀਆਂ ਫਜ਼ੂਲ ਗੱਲਾਂ ਰਾਹੀਂ ਦੂਜਿਆਂ ਨੂੰ ਅਪ੍ਰਸੰਨ ਕਰਦਾ ਰਹਿੰਦਾ ਹੈ ਉਹ ਸਭ ਲੋਕਾਂ ਦੇ ਤ੍ਰਿਸਕਾਰ ਦਾ ਪਾਤਰ ਬਣਦਾ ਹੈ।

**192.** *பயன்இல பல்லார்முன் சொல்லல் நயன்இல*
*நட்டார்கண் செய்தலின் தீது.*

ਲੋਕਾਂ ਸਾਹਮਣੇ ਫਜ਼ੂਲ ਗੱਲਾਂ ਕਰਨੀਆਂ
ਆਪਣੇ ਮਿੱਤਰਾਂ ਨਾਲ ਦੁਸ਼ਮਨੀ ਕਰਨ ਤੋਂ ਵੀ ਘ੍ਰਿਣਤ ਕਾਰਜ ਹੈ।

**193.** நயன்இலன் என்பது சொல்லும் பயன்இல
பாரித்து உரைக்கும் உரை.

ਨਿਰਾਰਥਕ ਤੇ ਫਜ਼ੂਲ ਗੱਲਾਂ ਕਰਨ ਵਾਲੇ ਵਿਅਕਤੀ ਨੂੰ
ਲੋਕ ਗੁਣਹੀਣ ਤੇ ਅਸਭਿ ਮੰਨਦੇ ਹਨ।

**194.** நயன்சாரா நன்மையின் நீக்கும் பயன்சாராப்
பண்பில்சொல் பல்லா ரகத்து.

ਸਭਾ ਵਿਚ ਨਿਰਾਰਥਕ ਤੇ ਅਸਭਿ ਗੱਲਾਂ ਕਰਨੀਆਂ
ਮਨੁੱਖ ਨੂੰ ਚੰਗਿਆਈਆਂ ਤੇ ਸਦ-ਗੁਣਾਂ ਤੋਂ ਦੂਰ ਕਰ ਦੇਂਦਾ ਹੈ।

**195.** சீர்மை சிறப்பொடு நீங்கும் பயன்இல
நீர்மை உடையார் சொலின்.

ਕੋਈ ਸੱਭਿਅ ਵਿਅਕਤੀ ਜੇ ਫਜ਼ੂਲ ਤੇ ਨਿਰਾਰਥਕ ਗੱਲਾਂ ਕਰੇ
ਤਾਂ ਉਸ ਦੀ ਕੀਰਤੀ ਮੰਦੀ ਪੈ ਜਾਂਦੀ ਹੈ।

**196.** பயன்இல்சொல் பாராட்டு வானை மகன்எனல்
மக்கட் பதடி எனல்.

ਵਿਅਰਥ ਤੇ ਅਰਥਹੀਣ ਗੱਲਾਂ ਕਰਨ ਵਾਲਾ ਵਿਅਕਤੀ
ਭੂਸੇ ਦੇ ਬਰਾਬਰ ਹੁੰਦਾ ਹੈ।

**197.** நயன்இல சொல்லினும் சொல்லுக சான்றோர்
பயன்இல சொல்லாமை நன்று.

ਸਿਆਣਾ ਵਿਅਕਤੀ ਜੇ ਕਦੇ ਅਨੁਚਿੱਤ ਗਲਾਂ ਕਰੇ ਤਾਂ ਸਹਿਣ ਕੀਤੀਆਂ
ਜਾ ਸਕਦੀਆਂ ਹਨ ਪ੍ਰੰਤੂ ਉਸ ਨੂੰ ਫਜ਼ੂਲ ਗੱਲਾਂ ਕਰਨੀਆਂ ਸੋਭਦੀਆਂ ਨਹੀਂ।

**198.** அரும்பயன் ஆயும் அறிவினார் சொல்லார்
பெரும்பயன் இல்லாத சொல்.

ਗੰਭੀਰ ਵਿਸ਼ਿਆਂ ਬਾਰੇ ਵਿਚਾਰ ਕਰਨ ਵਾਲੇ ਵਿਦਵਾਨ
ਵਿਸ਼ੇਸ਼ ਅਰਥ-ਰਹਿਤ ਤੇ ਫਜ਼ੂਲ ਗੱਲਾਂ ਨਹੀਂ ਕਰਦੇ।

**199.** பொருள்தீர்ந்த பொச்சாந்தும் சொல்லார் மருள்தீர்ந்த
மாசறு காட்சி யவர்.

ਸਪਸ਼ਟ ਮਨ ਤੇ ਸੂਖਮ ਦ੍ਰਿਸ਼ਟੀ ਵਾਲੇ ਲੋਕ
ਕਦੇ ਭੁੱਲ ਕੇ ਵੀ ਨਿਰਾਰਥਕ ਗੱਲਾਂ ਨਹੀਂ ਕਰਦੇ।

**200.** சொல்லுக சொல்லின் பயனுடைய சொல்லற்க
சொல்லின் பயனிலாச் சொல்.

ਬੋਲੋ ਤਾਂ ਉਪਯੋਗੀ ਬੋਲੋ। ਕਦੇ ਵੀ ਅਨਉਪਯੋਗੀ ਤੇ
ਫਜ਼ੂਲ ਗੱਲਾਂ ਨਾ ਕਰੋ।

# 21

## தீவினை அச்சம்

## ਪਾਪ ਤੋਂ ਭੈ

**201.** தீவினையார் அஞ்சார் விழுமியார் அஞ்சுவர்
தீவினை என்னும் செருக்கு.

ਸਦਾ ਦੁਸ਼ਟ ਕਰਮ ਕਰਨ ਵਾਲੇ ਲੋਕ ਦੁਸ਼ਟ ਕਰਮਾਂ ਤੋਂ ਨਹੀਂ ਡਰਦੇ
ਕੇਵਲ ਸਦਾਚਾਰੀ ਲੋਕ ਦੁਸ਼ਟ ਕਰਮਾਂ ਤੋਂ ਭੈ ਖਾਂਦੇ ਹਨ।

**202.** தீயவை தீய பயத்தலால் தீயவை
தீயினும் அஞ்சப் படும்.

ਕਿਉਂ ਜੋ ਬੁਰੇ ਕੰਮਾਂ ਦਾ ਫਲ ਬੁਰਾ ਹੀ ਹੁੰਦਾ ਹੈ
ਸੋ ਬੁਰੇ ਕੰਮਾਂ ਤੋਂ ਅਗਨੀ ਤੋਂ ਵੀ ਵਧੇਰੇ ਡਰਨਾ ਚਾਹੀਦਾ ਹੈ।

**203.** அறிவினுள் எல்லாம் தலையென்ப தீய
செறுவார்க்கும் செய்யா விடல்.

ਆਪਣੇ ਨਾਲ ਬੁਰਾਈ ਕਰਨ ਵਾਲੇ ਸ਼ਤਰੂ ਨਾਲ ਵੀ
ਬੁਰਾਈ ਨਾ ਕਰਨੀ ਸਭ ਤੋਂ ਵੱਡੀ ਸਿਆਣਪ ਹੈ।

**204.** மறந்தும் பிறன்கேடு சூழற்க சூழின்
அறம்சூழும் சூழ்ந்தவன் கேடு.

ਭੁਲ ਕੇ ਵੀ ਦੂਸਰੇ ਦਾ ਬੁਰਾ ਨਹੀਂ ਸੋਚਣਾ ਚਾਹੀਦਾ
ਕਿਉਂ ਜੋ ਕਪਟ ਕਰਨ ਵਾਲੇ ਨੂੰ ਧਰਮ ਨਸ਼ਟ ਕਰ ਦੇਂਦਾ ਹੈ।

**205.** இலன்என்று தீயவை செய்யற்க செய்யின்
இலன்ஆகும் மற்றும் பெயர்த்து.

ਗਰੀਬੀ ਨੂੰ ਆਧਾਰ ਬਣਾ ਕੇ ਕਿਸੇ ਬੁਰੇ ਕੰਮ ਵਿਚ ਨਹੀਂ ਪੈਣਾ ਚਾਹੀਦਾ
ਅਜਿਹਾ ਕਰਨ ਵਾਲਾ ਹੋਰ ਵਧੇਰੇ ਗਰੀਬੀ ਵਿਚ ਫੱਸ ਜਾਂਦਾ ਹੈ।

**206.** தீப்பால தான்பிறர்கண் செய்யற்க நோய்ப்பால
தன்னை அடல்வேண்டா தான்.

ਜੋ ਚਾਹੁੰਦਾ ਹੈ ਕਿ ਪਾਪ ਕਰਮ ਮੈਨੂੰ ਬਾਅਦ ਵਿਚ ਦੁਖੀ ਨਾ ਕਰਨ
ਉਹ ਦੂਜਿਆਂ ਪ੍ਰਤੀ ਵੀ ਪਾਪ ਕਰਮ ਨਾ ਕਰੇ।

**207.** எனைப்பகை உற்றாரும் உய்வர் வினைப்பகை
வீயாது பின்சென்று அடும்.

ਭੈੜੇ ਤੋਂ ਭੈੜੇ ਦੁਸ਼ਮਨ ਤੋਂ ਤਾਂ ਤੁਸੀਂ ਬਚ ਸਕਦੇ ਹੋ
ਪਰੰਤੂ ਪਾਪ ਕਰਮ ਹਮੇਸ਼ਾ ਤੁਹਾਡਾ ਪਿੱਛਾ ਕਰਕੇ ਤੁਹਾਡਾ ਸਰਵ-ਨਾਸ਼ ਕਰਨਗੇ।

**208.** தீயவை செய்தார் கெடுதல் நிழல்தன்னை
வீயாது அடிஉறைந் தற்று.

ਜਿਵੇਂ ਪਰਛਾਵਾਂ ਹਮੇਸ਼ਾ ਮਨੁੱਖ ਦੇ ਪਿੱਛੇ ਚਲਦਾ ਰਹਿੰਦਾ ਹੈ
ਉਵੇਂ ਹੀ ਪਾਪ ਕਰਮ ਕਰਨ ਵਾਲਿਆਂ ਦੇ ਪਿੱਛੇ ਪਤੱਨ ਪਰਛਾਵੇਂ ਵਾਂਗ
ਲਗਾ ਰਹਿੰਦਾ ਹੈ।

**209.** தன்னைத்தான் காதலன் ஆயின் எனைத்தொன்றும்
துன்னற்க தீவினைப் பால்.

ਜੇ ਤੁਸੀਂ ਆਪਣੇ ਆਪ ਨਾਲ ਪ੍ਰੇਮ ਕਰਦੇ ਹੋ
ਤਾਂ ਛੋਟੇ ਤੋਂ ਛੋਟਾ ਪਾਪ ਕਰਨ ਤੋਂ ਬਚੇ ਰਹੋ।

**210.** அருங்கேடன் என்பது அறிக மருங்கோடித்
தீவினை செய்யான் எனின்.

ਜੋ ਪਾਪ ਕਰਮਾਂ ਤੋਂ ਦੂਰ ਰਹਿ ਕੇ ਸੱਚ ਦੇ ਮਾਰਗ ਤੇ ਚਲਦਾ ਹੈ
ਉਹ ਵਿਨਾਸ਼ ਹੋਣ ਤੋਂ ਬਚਿਆ ਰਹਿੰਦਾ ਹੈ।

# 22

## ஒப்புரவறிதல்
## ਪਰਉਪਕਾਰ

**211.** கைம்மாறு வேண்டா கடப்பாடு மாரிமாட்டு
என்ஆற்றும் கொல்லோ உலகு.

ਪਰਉਪਕਾਰ ਕਰਨ ਉਪ੍ਰੰਤ ਇਵਜ਼ਾਨੇ ਦੀ ਤਾਂਘ ਨਾ ਰੱਖੋ
ਧਰਤੀ ਦੇ ਜੀਵ ਬੱਦਲਾਂ ਨੂੰ ਮੀਂਹ ਦੇ ਬਦਲੇ ਕੀਹ ਦੇਂਦੇ ਹਨ

212. தாளாற்றித் தந்த பொருள்எல்லாம் தக்கார்க்கு
வேளாண்மை செய்தல் பொருட்டு.

ਸੁੱਚੀ ਮਿਹਨਤ ਨਾਲ ਪੈਦਾ ਕੀਤਾ ਧੰਨ
ਵਾਸਤਵ ਵਿਚ ਲੋੜਵੰਦ ਲੋਕਾਂ ਲਈ ਹੀ ਹੁੰਦਾ ਹੈ।

213. புத்தேள் உலகத்தும் ஈண்டும் பெறல்அரிதே
ஒப்புரவின் நல்ல பிற.

ਪਰਉਪਕਾਰਤਾ ਦੇ ਸਮਾਨ ਉਤਮ ਗੁਣ ਨਾ ਇਸ ਸੰਸਾਰ ਵਿਚ ਹੈ
ਨਾ ਅਗਲੇ ਸੰਸਾਰ ਵਿੱਚ।

214. ஒத்தது அறிவான் உயிர்வாழ்வான் மற்றையான்
செத்தாருள் வைக்கப் படும்.

ਅਸਲੀ ਜਿਊਂਦਾ ਵਿਅਕਤੀ ਉਹੀ ਹੈ ਜੋ ਆਪਣੇ ਕਰਤਵਾਂ ਨੂੰ ਸਹੀ ਰੂਪ
ਵਿਚ ਜਾਣਦਾ ਹੈ ਜੋ ਨਹੀਂ ਜਾਣਦਾ ਉਹ ਮ੍ਰਿਤਕ ਸਮਾਨ ਹੀ ਹੁੰਦਾ ਹੈ।

215. ஊருணி நீர்நிறைந் தற்றே உலகவாம்
பேரறி வாளன் திரு.

ਪਰਉਪਕਾਰੀ ਵਿਅਕਤੀ ਦਾ ਧੰਨ ਪਿੰਡ ਦੇ ਉਸ ਸਰੋਵਰ ਵਾਂਗ
ਹੁੰਦਾ ਹੈ ਜੋ ਪਾਣੀ ਨਾਲ ਨਕਾਨਕ ਭਰਿਆ ਰਹਿੰਦਾ ਹੈ।

216. பயன்மரம் உள்ளூர்ப் பழுத்தற்றால் செல்வம்
நயன்உடை யான்கண் படின்.

ਪਰਉਪਕਾਰੀ ਵਿਅਕਤੀ ਦੀ ਸੰਗ੍ਰਹਿਤ ਸੰਪਤੀ
ਪਿੰਡ ਦੇ ਵਿਚਕਾਰ ਪੱਕੇ ਫ਼ਲਦਾਰ ਰੁੱਖ ਵਾਂਗ ਹੁੰਦੀ ਹੈ।

217. மருந்தாகித் தப்பா மரத்தற்றால் செல்வம்
பெருந்தகை யான்கண் படின்.

ਪਰਉਪਕਾਰੀ ਦਾਨੀ ਵਿਅਕਤੀ ਦੀ ਸੰਪਤੀ ਉਸ ਰੁੱਖ ਵਾਂਗ ਹੈ
ਜਿਸ ਦਾ ਹਰ ਭਾਗ ਸਫ਼ਲ ਦਵਾਈ ਵਾਂਗ ਸਭ ਨੂੰ ਲਾਭ ਪਹੁੰਚਾਂਦਾ ਹੈ।

218. இடன்இல் பருவத்தும் ஒப்புரவிற்கு ஒல்கார்
கடன்அறி காட்சி யவர்.

ਉਦਾਰ ਹਿਰਦੇ ਵਾਲੇ ਪਰਉਪਕਾਰੀ ਵਿਅਕਤੀ ਆਪਣੇ ਆਰਥਿਕ ਸੰਕਟ
ਵਿਚ ਵੀ ਦੂਜਿਆਂ ਦੀ ਸਹਾਇਤਾ ਕਰਨੋਂ ਨਹੀਂ ਰੁਕਦੇ।

**219.** நயன்உடையான் நல்கூர்ந்தான் ஆதல் செயும்நீர
செய்யாது அமைகலா வாறு.

ਪਰਉਪਕਾਰੀ ਵਿਅਕਤੀ ਆਪਣੀ ਧੰਨਹੀਣਤਾ ਤੇ ਅਫ਼ਸੋਸ ਨਹੀਂ ਕਰਦਾ
ਸਗੋਂ ਉਸ ਨੂੰ ਅਫ਼ਸੋਸ ਇਸ ਲਈ ਹੁੰਦਾ ਹੈ ਕਿ ਉਹ ਦੂਜਿਆਂ ਦਾ ਉਪਕਾਰ ਨਹੀਂ
ਕਰ ਸਕਦਾ।

**220.** ஒப்புரவி னால்வரும் கேடுஎனின் அஃதொருவன்
விற்றுக்கோள் தக்கது உடைத்து.

ਪਰਉਪਕਾਰ ਕਰਨ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ ਭਾਵੇਂ
ਇਸ ਲਈ ਸਾਨੂੰ ਆਪਣਾ ਆਪਾ ਹੀ ਕਿਉਂ ਨਾ ਵੇਚਣਾ ਪੈ ਜਾਵੇ।

# 23

## ஈகை

## ਦਾਨ

**221.** வறியார்க்குஒன்று ஈவதே ஈகைமற் றெல்லாம்
குறியெதிர்ப்பை நீரது உடைத்து.

ਦੀਨ ਦੁਖੀਆਂ ਨੂੰ ਦਿੱਤਾ ਹੋਇਆ ਦਾਨ ਹੀ ਅਸਲੀ ਦਾਨ ਹੈ।
ਹੋਰ ਸਭ ਦਾਨ ਇਵਜ਼ਾਨੇ ਦੀ ਭਾਵਨਾ ਨਾਲ ਕੀਤੇ ਜਾਂਦੇ ਹਨ।

**222.** நல்ஆறு எனினும் கொளல்தீது மேலுலகம்
இல்எனினும் ஈதலே நன்று.

ਦਾਨ ਲੈਣਾ ਚਾਹੇ ਮੁਕਤੀ-ਮਾਰਗ ਲਈ ਸਹਾਇਕ ਹੀ ਕਿਉਂ ਨਾ ਹੋਵੇ ਬੁਰਾ ਹੀ ਹੈ।
ਦਾਨ ਦੇਣ ਨਾਲ ਜੇ ਸਵਰਗ ਪ੍ਰਾਪਤ ਨਹੀਂ ਵੀ ਹੁੰਦਾ ਫਿਰ ਵੀ ਦਾਨ ਦੇਣਾ ਹੀ ਉੱਤਮ
ਹੈ।

**223.** இலன்என்னும் எவ்வம் உரையாமை ஈதல்
குலன்உடையான் கண்ணே உள.

ਭੱਦਰ ਪੁਰਸ਼ ਆਪਣੇ ਪਾਸ ਧੰਨ ਨਾ ਹੋਣ ਤੇ ਵੀ ਮੰਗਣ ਵਾਲੇ ਨੂੰ ਆਪਣੀ
ਅਸਮੱਥਾ ਨਹੀਂ ਜਤਲਾਉਂਦੇ ਸਗੋਂ ਯਥਾ ਸ਼ਕਤੀ ਦਾਨ ਦੇ ਦੇਂਦੇ ਹਨ।

**224.** இன்னாது இரக்கப் படுதல் இரந்தவர்
இன்முகம் காணும் அளவு.

ਮੰਗਦੇ ਵਿਅਕਤੀ ਨੂੰ ਦੇਖਣਾ ਦੁਖਦਾਇਕ ਹੁੰਦਾ ਹੈ ਓਦੋਂ ਤੱਕ
ਜਦ ਤੱਕ ਅਸੀਂ ਮੰਗਣ ਵਾਲੇ ਦੇ ਚਿਹਰੇ ਤੇ ਸੰਤੁਸ਼ਟਤਾ ਨਹੀਂ ਦੇਖਦੇ।

**225.** *ஆற்றுவார் ஆற்றல் பசிஆற்றல் அப்பசியை*
*மாற்றுவார் ஆற்றலின் பின்.*

ਤਪੱਸਵੀ ਭੁੱਖ ਸਹਿਣ ਕਰਨ ਦੀ ਸਮੱਥਾ ਰੱਖਦਾ ਹੈ।
ਦੂਜਿਆਂ ਦੀ ਭੁੱਖ ਮਿਟਾਣ ਕਾਰਨ ਦਾਨੀ ਦੀ ਮਹੱਤਤਾ ਤਪੱਸਵੀ ਤੋਂ ਵੀ ਵਧੇਰੇ ਹੈ।

**226.** *அற்றார் அழிபசி தீர்த்தல் அஃதுஒருவன்*
*பெற்றான் பொருள்வைப் புழி.*

ਗਰੀਬਾਂ ਦੀ ਤੀਬਰ ਭੁੱਖ ਮਿਟਾਣਾ ਹੀ
ਧੰਨਵਾਨਾਂ ਲਈ ਆਪਣੇ ਧੰਨ ਦਾ ਲਾਭਦਾਇਕ ਪ੍ਰਯੋਗ ਹੈ।

**227.** *பாத்தூண் மரீஇ யவனைப் பசிஎன்னும்*
*தீப்பிணி தீண்டல் அரிது.*

ਦੂਜਿਆਂ ਨਾਲ ਵੰਡ ਕੇ ਖਾਣ ਦੀ ਆਦਤ ਜਿਸ ਨੂੰ ਹੈ
ਉਸ ਨੂੰ ਕਦੇ ਵੀ ਭੁੱਖ-ਰੋਗ ਨਹੀਂ ਸਤਾਂਦਾ।

**228.** *ஈத்துஉவக்கும் இன்பம் அறியார்கொல் தாம்உடைமை*
*வைத்துஇழக்கும் வன்க ணவர்.*

ਜੋ ਲੋਕ ਕੰਜੂਸੀ ਕਰਕੇ ਧੰਨ ਜੋੜਦੇ ਹਨ ਤੇ ਅੰਤ ਨੂੰ ਸਭ ਕੁਝ ਗੰਵਾ ਦੇਂਦੇ ਹਨ
ਉਹ ਦਾਨ ਦੇ ਕੇ ਪ੍ਰਾਪਤ ਹੋਣ ਵਾਲੇ ਆਨੰਦ ਦਾ ਅਨੁਭਵ ਨਹੀਂ ਕਰ ਸਕਦੇ।

**229.** *இரத்தலின் இன்னாது மன்ற நிரப்பிய*
*தாமே தமியர் உணல்.*

ਭਿਖਿਆ ਮੰਗਣਾ ਵੱਡਾ ਦੁਖਦਾਇਕ ਕਾਰਜ ਹੈ ਪ੍ਰੰਤੂ ਦੂਜਿਆਂ ਨੂੰ ਦਿੱਤੇ ਬਿਨਾ
ਸੰਚਿਤ ਧੰਨ ਨੂੰ ਇਕੱਲਿਆਂ ਖਰਚ ਕਰਨਾ ਭਿਖਿਆ ਮੰਗਣ ਤੋਂ ਵੀ ਵਧੇਰੇ ਦੁਖਦਾਇਕ
ਹੈ।

**230.** *சாதலின் இன்னாதது இல்லை இனிதுஅதூஉம்*
*ஈதல் இயையாக் கடை.*

ਮੌਤ ਬਹੁਤ ਦੁਖਦਾਇਕ ਹੁੰਦੀ ਹੈ ਪ੍ਰੰਤੂ ਨਿਰਧੰਨ ਨੂੰ ਉਸ ਦੀ ਇੱਛਿਤ ਵਸਤੂ
ਨਾ ਦੇ ਸਕਣਾ ਮੌਤ ਤੋਂ ਵੀ ਵਧੇਰੇ ਦੁਖਾਂਤਿਕ ਹੁੰਦਾ ਹੈ।

# 24

## புகழ்

## ਯੱਸ਼

**231.** ஈதல் இசைபட வாழ்தல் அதுஅல்லது
ஊதியம் இல்லை உயிர்க்கு.

ਲੋੜਵੰਦਾਂ ਨੂੰ ਦਾਨ ਦੇ ਕੇ ਯੱਸ਼ ਖੱਟਣ ਨਾਲੋਂ ਵੱਡੀ
ਜੀਵਨ ਵਿਚਲੀ ਹੋਰ ਕੋਈ ਪ੍ਰਾਪਤੀ ਨਹੀਂ।

**232.** உரைப்பார் உரைப்பவை எல்லாம் இரப்பார்க்குஒன்று
ஈவார்மேல் நிற்கும் புகழ்.

ਜੋ ਵਿਅਕਤੀ ਲੋੜਵੰਦਾਂ ਨੂੰ ਉਦਾਰ ਦਿਲ ਨਾਲ ਦਾਨ ਦੇਂਦਾ ਹੈ
ਸਭ ਪਾਸੇ ਉਸ ਦਾ ਭਰਵਾਂ ਯੱਸ਼ ਹੁੰਦਾ ਹੈ।

**233.** ஒன்றா உலகத்து உயர்ந்த புகழல்லால்
பொன்றாது நிற்பதுஒன்று இல்.

ਇਸ ਨਾਸ਼ਮਾਨ ਜੱਗ ਵਿਚ ਦਾਨਸ਼ੀਲ ਵਿਅਕਤੀ ਦੀ ਕੀਰਤੀ
ਸਥਾਈ ਰਹਿੰਦੀ ਹੈ। ਇਸ ਤੋਂ ਇਲਾਵਾ ਇੱਥੇ ਸਭ ਕੁਝ ਨਾਸ਼ਮਾਨ ਹੈ।

**234.** நிலவரை நீள்புகழ் ஆற்றின் புலவரைப்
போற்றாது புத்தேள் உலகு.

ਇਸ ਸੰਸਾਰ ਵਿਚ ਯੱਸ਼ਮਈ ਕਰਮ ਕਰਨ ਵਾਲਿਆਂ ਦੀ ਕੀਰਤੀ ਸਥਾਈ ਰਹਿੰਦੀ ਹੈ
ਪ੍ਰਲੋਕ ਵਿਚ ਰਿਸ਼ੀਆਂ ਮੁਨੀਆਂ ਤੋਂ ਵੀ ਵੱਧ ਉਨ੍ਹਾਂ ਨੂੰ ਸਨਮਾਨ ਮਿਲਦਾ ਹੈ।

**235.** நத்தம்போல் கேடும் உளதுஆகும் சாக்காடும்
வித்தகர்க்கு அல்லால் அரிது.

ਉਦਾਰ ਹਿਰਦੇ ਵਾਲਿਆਂ ਦੀ ਕੀਰਤੀ ਅਟੱਲ ਰਹਿੰਦੀ ਹੈ ਉਹਨਾਂ ਲਈ ਮੌਤ ਵੀ ਜੀਵਨ
ਹੈ। ਨਿਰਧੰਨਤਾ ਵੀ ਉਹਨਾਂ ਦੇ ਯਸ਼ ਨੂੰ ਰੋਕ ਨਹੀਂ ਸਕਦੀ।

**236.** தோன்றின் புகழொடு தோன்றுக அஃதிலார்
தோன்றலின் தோன்றாமை நன்று.

ਜਨਮ ਲਿਆ ਹੈ ਤਾਂ (ਆਪਣੇ ਕਰਮਾਂ ਦੁਆਰਾ) ਯੱਸ਼ ਪ੍ਰਾਪਤ ਕਰੋ
ਨਹੀਂ ਤਾਂ ਜਨਮ ਨਾ ਲੈਣਾ ਹੀ ਚੰਗਾ ਹੈ।

**237.** புகழ்பட வாழாதார் தம்நோவார் தம்மை
இகழ்வாரை நோவது எவன்

ਜਿਨ੍ਹਾਂ ਨੇ ਯੱਸ਼ ਭਰਿਆ ਜੀਵਨ ਬਤੀਤ ਨਹੀਂ ਕੀਤਾ ਉਹ ਆਪਣੇ ਦੋਸ਼ਾਂ ਨੂੰ
ਕਿਉਂ ਨਹੀਂ ਦੇਖਦੇ ਅਤੇ ਆਪਣੇ ਨਿੰਦਕਾਂ ਨੂੰ ਬੁਰਾ ਭਲਾ ਕਿਉਂ ਕਹਿੰਦੇ ਹਨ

**238.** வசைஎன்ப வையத்தார்க்கு எல்லாம் இசைஎன்னும்
எச்சம் பெறாஅ விடின்.

ਬੁੱਧੀਮਾਨ ਮਨੁੱਖ ਜੇ (ਆਪਣੇ ਕਰਮਾਂ ਦੁਆਰਾ) ਆਪਣੇ ਪਿੱਛੇ ਯੱਸ਼
ਨਹੀਂ ਛੱਡ ਜਾਂਦਾ ਤਾਂ ਇਹ ਉਸ ਲਈ ਇਕ ਸ਼ਰਮਨਾਕ ਗਲ ਹੋਵੇਗੀ।

**239.** வசைஇலா வண்பயன் குன்றும் இசைஇலா
யாக்கை பொறுத்த நிலம்.

ਆਪਣੇ ਵਿਚ ਸਭ ਤੱਤਾਂ ਦੇ ਹੁੰਦਿਆਂ ਹੋਇਆਂ ਵੀ ਧਰਤੀ ਯਸ਼ਹੀਣ
ਦੇ ਭਾਰ ਨੂੰ ਉਠਾਣ ਵੇਲੇ ਉਪਜ ਦੇਣ ਵਿਚ ਸੁੰਗੜ ਜਾਵੇਗੀ।

**240.** வசைஒழிய வாழ்வாரே வாழ்வார் இசைஒழிய
வாழ்வாரே வாழா தவர்.

ਯੱਸ਼ ਭਰਪੂਰ ਜੀਵਨ ਹੀ ਅਸਲੀ ਜੀਵਨ ਹੈ।
ਜਿਨ੍ਹਾਂ ਨੇ ਜੀਵਨ ਵਿਚ ਯੱਸ਼ ਨਹੀਂ ਕਮਾਇਆ ਉਹਨਾਂ ਦਾ ਜੀਣਾ ਹੀ ਵਿਅਰਥ ਹੈ।

# 25

## அருள் உடைமை

## ਦਇਆ ਭਾਵਨਾ

**241.** அருட்செல்வம் செல்வத்துள் செல்வம் பொருட்செல்வம்
பூரியார் கண்ணும் உள.

ਦਇਆ ਭਾਵਨਾ ਸਭ ਜਾਇਦਾਦਾਂ ਵਿਚੋਂ ਉਤਮ ਜਾਇਦਾਦ ਹੈ।
ਧੰਨ ਦੌਲਤ ਤਾਂ ਨੀਚ ਲੋਕਾਂ ਪਾਸ ਵੀ ਹੋ ਸਕਦੀ ਹੈ।

**242.** நல்லாற்றால் நாடி அருளாள்க பல்லாற்றால்
தேரினும் அஃதே துணை.

ਸੱਚੇ ਮਾਰਗ ਤੇ ਚਲਦਿਆਂ ਸਭ ਜੀਵਾਂ ਉਪਰ ਦਇਆ ਦੀ ਭਾਵਨਾ ਰੱਖੋ।
ਸਭ ਧਰਮਾਂ ਵਿਚ ਦਇਆ ਭਾਵਨਾ ਨੂੰ ਮੁਕਤੀ ਦਾ ਮਾਰਗ ਮੰਨਿਆ ਗਿਆ ਹੈ।

**243.** *அருள்சேர்ந்த நெஞ்சினார்க்கு இல்லை இருள்சேர்ந்த*
*இன்னா உலகம் புகல்.*

ਜਿਨ੍ਹਾਂ ਦਿਲਾਂ ਵਿਚ ਦਇਆ ਦੀ ਭਾਵਨਾ ਭਰੀ ਹੁੰਦੀ ਹੈ
ਉਹ ਨਰਕ ਦੇ ਦੁਖਦਾਇਕ ਹਨੇਰੇ ਵਿਚ ਪੀੜਤ ਨਹੀਂ ਹੁੰਦੇ।

**244.** *மன்னுயிர் ஓம்பி அருள்ஆள்வாற்கு இல்லென்ப*
*தன்உயிர் அஞ்சும் வினை.*

ਜੋ ਹਿਰਦੇ ਸਭ ਜੀਵਾਂ ਪ੍ਰਤੀ ਕਰੁਣਾ ਤੇ ਦਇਆ ਭਾਵਨਾ ਨਾਲ ਭਰੇ ਹੁੰਦੇ ਹਨ
ਉਹਨਾਂ ਦੀ ਆਤਮਾ ਨੂੰ ਕੁਕਰਮਾਂ ਦਾ ਭੈ ਨਹੀਂ ਵਾਪਰਦਾ।

**245.** *அல்லல் அருள்ஆள்வார்க்கு இல்லை வளிவழங்கும்*
*மல்லல்மா ஞாலம் கரி.*

ਚੰਗੇ ਦਿਲ ਵਾਲੇ ਨੂੰ ਕਦੇ ਦੁਖ ਸੰਤਾਪ ਨਹੀਂ ਸਤਾਉਂਦਾ
ਇਸ ਵਿਸ਼ਾਲ ਧਰਤੀ ਉਤੇ ਚਲਦੀ ਹਵਾ ਇਸ ਚੀਜ਼ ਦੀ ਗਵਾਹੀ ਭਰਦੀ ਹੈ।

**246.** பொருள்நீங்கிப் பொச்சாந்தார் என்பர் *அருள்நீங்கி*
*அல்லவை செய்துஒழுகு வார்.*

ਜੋ ਲੋਕ ਦਇਆ ਤੇ ਕਰੁਣਾ ਨੂੰ ਤਿਆਗ ਕੇ ਅਧਰਮੀ ਜੀਵਨ ਵਿਚ ਗ਼ਲਤਾਨ ਰਹਿੰਦੇ ਹਨ
ਉਹਨਾਂ ਨੂੰ ਧੰਨ ਤੇ ਯੱਸ਼ ਦੀ ਪ੍ਰਾਪਤੀ ਨਹੀਂ ਹੁੰਦੀ।

**247.** *அருளில்லார்க்கு அவ்வுலகம் இல்லை பொருளில்லார்க்கு*
*இவ்வுலகம் இல்லாகி யாங்கு.*

ਜਿਵੇਂ ਇਸ ਲੋਕ ਵਿਚ ਨਿਰਧੰਨਾ ਦਾ ਕੋਈ ਸਥਾਨ ਨਹੀਂ
ਉਵੇਂ ਹੀ ਪਰਲੋਕ ਵਿਚ ਦਇਆਹੀਨ ਲੋਕਾਂ ਦਾ ਕੋਈ ਸਥਾਨ ਨਹੀਂ।

**248.** *பொருள்அற்றார் பூப்பர் ஒருகால் அருள்அற்றார்*
*அற்றார்மற்று ஆதல் அரிது.*

ਨਿਰਧੰਨ ਲੋਕ ਕਦੇ ਫਿਰ ਵੀ ਧੰਨਵਾਨ ਹੋ ਸਕਦੇ ਹਨ
ਪ੍ਰੰਤੂ ਦਇਆਹੀਨ ਤੇ ਤਰਸ ਰਹਿਤ ਲੋਕਾਂ ਦੀ ਸਥਿਤੀ ਵਿਚ ਸੁਧਾਰ ਨਹੀਂ ਆ ਸਕਦਾ।

**249.** *தெருளாதான் மெய்ப்பொருள் கண்டற்றால் தேரின்*
*அருளாதான் செய்யும் அறம்.*

ਦਇਆਹੀਨ ਵਿਅਕਤੀ ਦਾ ਧਾਰਮਿਕ ਕਾਰਜ ਓਹੋ ਜਿਹਾ ਹੀ ਹੈ ਜਿਵੇਂ ਇਕ
ਵਿਵੇਕਹੀਨ ਵਿਅਕਤੀ ਦੁਆਰਾ ਪਰਮ ਸੱਚ ਦੀ ਗਿਆਨ-ਪ੍ਰਾਪਤੀ।

250. வலியார்முன் தன்னை நினைக்க தான் தன்னின்
மெலியார்மேல் செல்லும் இடத்து.

ਆਪਣੇ ਤੋਂ ਕਮਜ਼ੋਰ ਵਿਅਕਤੀ ਉਤੇ ਪ੍ਰਹਾਰ ਕਰਨ ਵੇਲੇ ਸੋਚੋ
ਕਿ ਤੁਹਾਡੇ ਤੋਂ ਬਲਵਾਨ ਵਿਅਕਤੀ ਸਾਹਮਣੇ ਤੁਹਾਡੀ ਕੀ ਸਥਿਤੀ ਹੋਵੇਗੀ।

## 26

## புலால் மறுத்தல்
## ਮਾਸ ਖਾਣ ਦੀ ਨਿਖੇਧੀ

251. தன்ஊன் பெருக்கற்குத் தான்பிறிது ஊன்உண்பான்
எங்ஙனம் ஆளும் அருள்

ਆਪਣਾ ਮਾਸ ਵਧਾਉਣ ਲਈ ਦੂਸਰੇ ਜੀਵਾਂ ਦਾ ਮਾਸ
ਖਾਣ ਵਾਲੇ ਵਿੱਚ ਦਇਆ ਭਾਵਨਾ ਕਿਵੇਂ ਹੋ ਸਕਦੀ ਹੈ

252. பொருள்ஆட்சி போற்றாதார்க்கு இல்லை அருளாட்சி
ஆங்கில்லை ஊன்தின் பவர்க்கு.

ਜਿਵੇਂ ਫਜ਼ੂਲ ਖਰਚ ਕਰਨ ਵਾਲੇ ਪਾਸ ਧੰਨ ਇਕੱਠਾ ਹੋਣਾ ਸੰਭਵ ਨਹੀਂ ਹੈ
ਉਵੇਂ ਹੀ ਮਾਸ ਖਾਣ ਵਾਲੇ ਦੇ ਹਿਰਦੇ ਵਿਚ ਦਇਆ ਭਾਵ ਹੋਣਾ ਸੰਭਵ ਨਹੀਂ ਹੈ।

253. படைகொண்டார் நெஞ்சம்போல் நன்றுஊக்காது ஒன்றன்
உடல்சுவை உண்டார் மனம்.

ਮਾਰੂ ਹਥਿਆਰ ਰੱਖਣ ਵਾਲੇ ਦਾ ਮਨ ਹਿੰਸਕ ਰੁਚੀਆਂ ਵਾਲਾ ਹੁੰਦਾ ਹੈ
ਇਵੇਂ ਹੀ ਦੂਸਰਿਆਂ ਜੀਵਾਂ ਦਾ ਮਾਸ ਖਾਣ ਵਾਲੇ ਦਾ ਮਨ ਦਇਆ ਹੀਨ ਹੁੰਦਾ ਹੈ।

254. அருளல்லது யாதெனின் கொல்லாமை கோறல்
பொருளல்லது அவ்வூன் தினல்.

ਜੀਵ ਹਤਿਆ ਕਰਨੀ ਵੱਡਾ ਅਧਰਮ ਹੈ ਆਪ ਨਾ ਮਾਰਨ ਦਾ ਪਖੰਡ ਕਰਕੇ
ਦੂਜਿਆਂ ਦੁਆਰਾ ਮਾਰਿਆ ਮਾਸ ਖਾਣਾ ਤਾਂ ਉਸ ਤੋਂ ਵੀ ਵੱਡਾ ਅਧਰਮ ਹੈ।

255. உண்ணாமை உள்ளது உயிர்நிலை ஊன்உண்ண
அண்ணாத்தல் செய்யாது அளறு.

ਮਾਸ ਨਾ ਖਾਣਾ ਆਯੂ ਨੂੰ ਲੰਮੀ ਕਰਨ ਵਿਚ ਸਹਾਇਕ ਹੁੰਦਾ ਹੈ
ਇਕ ਵਾਰੀ ਨਰਕ ਦੇ ਦੁਆਰ ਵਿਚ ਪੈ ਜਾਣ ਵਾਲਾ ਮਾਸਾਹਾਰੀ ਦੁਬਾਰਾ ਨਹੀਂ
ਉਭਰ ਸਕਦਾ।

**256.** தினல்பொருட்டால் கொல்லாது உலகுஎனின் யாரும்
விலைப்பொருட்டால் ஊன்தருவார் இல்.

ਜੇ ਲੋਕ ਮਾਸ ਖਾਣਾ ਹੀ ਛੱਡ ਦੇਣ ਤਾਂ ਕੋਈ ਵੀ ਵਿਅਕਤੀ
ਪੈਸਾ ਕਮਾਣ ਲਈ ਮਾਸ ਨਹੀਂ ਵੇਚੇਗਾ।

**257.** உண்ணாமை வேண்டும் புலாஅல் பிறிதுஒன்றன்
புண்அது உணர்வார்ப் பெறின்.

ਜੇ ਮਾਸਾਹਾਰੀ ਨੂੰ ਇਹ ਅਨੁਭਵ ਹੋ ਜਾਏ ਕਿ ਮਾਸ ਕਿਸੇ ਦੂਸਰੇ ਜੀਵ ਦੇ ਸੰਤਾਪ
ਤੇ ਪੀੜਾ ਦਾ ਸਿੱਟਾ ਹੈ ਤਾਂ ਉਹ ਕਦੇ ਵੀ ਮਾਸ ਨਾ ਖਾਏ।

**258.** செயிரின் தலைப்பிரிந்த காட்சியார் உண்ணார்
உயிரின் தலைப்பிரிந்த ஊன்.

ਭ੍ਰਮ ਜਾਲ (ਮਾਇਆ ਜਾਲ) ਤੋਂ ਰਹਿਤ ਲੋਕ ਕਦੇ ਮਾਸ ਨਹੀਂ ਖਾਣਗੇ
ਕਿਉਂ ਜੋ ਉਹਨਾਂ ਨੂੰ ਗਿਆਨ ਹੁੰਦਾ ਹੈ ਕਿ ਮਾਸ ਕਿਸੇ ਮਰੇ ਹੋਏ ਜੀਵ ਦਾ ਅੰਸ਼ ਮਾਤ੍ਰ ਹੈ।

**259.** அவிசொரிந்து ஆயிரம் வேட்டலின் ஒன்றன்
உயிர்செகுத்து உண்ணாமை நன்று.

ਕਿਸੇ ਜੀਵ ਨੂੰ ਨਾ ਮਾਰਨਾ ਤੇ ਮਾਸ ਨਾ ਖਾਣਾ ਯੱਗ ਕੁੰਡ ਵਿਚ ਸ਼ੁੱਧ ਘਿਉ
ਦੀਆਂ ਸੈਂਕੜੇ ਆਹੂਤੀਆਂ ਦੇਣ ਨਾਲੋਂ ਕਿਤੇ ਚੰਗਾ ਹੈ।

**260.** கொல்லான் புலாலை மறுத்தானைக் கைகூப்பி
எல்லா உயிரும் தொழும்.

ਜੋ ਜੀਵ-ਹੱਤਿਆ ਨਹੀਂ ਕਰਦਾ ਤੇ ਮਾਸ ਨਹੀਂ ਖਾਂਦਾ
ਉਸ ਨੂੰ ਸੰਸਾਰ ਦੇ ਸਭ ਜੀਵ ਹੱਥ ਜੋੜ ਕੇ ਨਮਸਕਾਰ ਕਰਦੇ ਹਨ।

# 27

## தவம்

## ਤਪੱਸਿਆ

**261.** உற்றநோய் நோன்றல் உயிர்க்குஉறுகண் செய்யாமை
அற்றே தவத்திற்கு உரு.

ਆਪਣੇ ਉੱਤੇ ਆਏ ਕਸ਼ਟਾਂ ਨੂੰ ਸ਼ਾਂਤ ਭਾਵ ਨਾਲ ਸਹਿਣ ਕਰਨਾ ਤੇ
ਦੂਜਿਆਂ ਨੂੰ ਦੁਖ ਨਾ ਦੇਣਾ ਹੀ ਤਪੱਸਿਆ ਦਾ ਇਕ ਸਰੂਪ ਹੈ।

**262.** தவமும் தவமுடையார்க்கு ஆகும் அவம்அதனை
அஃதிலார் மேற்கொள் வது.

ਜਿਨ੍ਹਾਂ ਦੇ ਦਿਲ ਵਿਚ ਪੂਰਵ ਜਨਮ ਤੋਂ ਹੀ ਤਪੱਸਵੀ ਪ੍ਰਵ੍ਰਿਤੀ ਹੋਵੇ
ਉਹ ਹੀ ਤੱਪ ਦੇ ਮਾਰਗ ਤੇ ਚਲ ਸਕਦੇ ਹਨ। ਹੋਰਨਾਂ ਵਲੋਂ ਤਪੱਸਿਆ ਕਰਨਾ
ਵਿਅਰਥ ਯਤਨ ਮਾਤ੍ਰ ਹੈ।

**263.** துறந்தார்க்குத் துப்புரவு வேண்டி மறந்தார்கொல்
மற்றை யவர்கள் தவம்

ਸ਼ਾਇਦ ਤਪੱਸਵੀਆਂ ਨੂੰ ਆਹਾਰ ਆਦਿਕ ਦੇਣ ਖਾਤਰ ਹੀ
ਗ੍ਰਹਿਸਥੀ ਤਪੱਸਿਆ ਕਰਨਾ ਭੁੱਲ ਗਏ

**264.** ஒன்னார்த் தெறலும் உவந்தாரை ஆக்கலும்
எண்ணின் தவத்தான் வரும்.

ਤਪੱਸਵੀਆਂ ਅੰਦਰ ਤਪੱਸਿਆ ਆਤਮ ਸ਼ਕਤੀ ਭਰ ਦੇਂਦੀ ਹੈ
ਜੇ ਉਹ ਚਾਹੁਣ ਤਾਂ ਉਹਨਾਂ ਦੇ ਦੁਸ਼ਮਣਾ ਦਾ ਨਾਸ ਤੇ ਸੱਜਨਾਂ ਦਾ
ਵਿਕਾਸ ਹੋ ਸਕਦਾ ਹੈ।

**265.** வேண்டிய வேண்டியாங்கு எய்தலால் செய்தவம்
ஈண்டு முயலப் படும்.

ਤੱਪ ਨਾਲ ਵਾਂਛਿਤ ਵਸਤੂਆਂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ (ਅਗਲੇ
ਜੀਵਨ ਵਿਚ) ਇਸੇ ਲਈ ਲੋਕ ਇਸ ਜੀਵਨ ਵਿਚ ਤਪੱਸਿਆ ਕਰਦੇ ਹਨ।

**266.** தவஞ்செய்வார் தம்கருமம் செய்வார்மற்று அல்லார்
அவஞ்செய்வார் ஆசையுள் பட்டு.

ਜੋ ਤੱਪ ਕਰਦੇ ਹਨ ਆਪਣੇ ਅਸਲੀ ਕਰਤੱਵ ਦੀ ਪਾਲਣਾ ਕਰਦੇ ਹਨ
ਬਾਕੀ ਸਾਰੇ ਖਾਹਿਸ਼ਾਂ ਦੇ ਜਾਲ ਵਿਚ ਫਸ ਕੇ ਆਪਣੀ ਹਾਨੀ ਕਰਦੇ ਹਨ।

**267.** சுடச்சுடரும் பொன்போல் ஒளிவிடும் துன்பம்
சுடச்சுட நோற்கிற் பவர்க்கு.

ਜਿਵੇਂ ਅਗਨੀ ਵਿਚ ਤਪ ਕੇ ਸੋਨਾ ਕੁੰਦਨ ਬਣ ਜਾਂਦਾ ਹੈ
ਇਵੇਂ ਹੀ ਤਪਸਵੀ ਦੀ ਆਤਮਾ ਤੱਪ ਤੇ ਸੰਜਮ ਦੀ ਅਗਨੀ ਵਿਚ ਤਪ ਕੇ
ਨਿਰਮਲ ਹੋ ਕੇ ਗਿਆਨ ਦੇ ਪ੍ਰਕਾਸ਼ ਨਾਲ ਚਮਕ ਉੱਠਦੀ ਹੈ।

**268.** தன்உயிர் தான்அறப் பெற்றானை ஏனைய
மன்னுயிர் எல்லாம் தொழும்.

ਸੰਜਮ ਦੁਆਰਾ ਆਤਮਾ ਉਤੇ ਵਿਜੇ ਪ੍ਰਾਪਤ ਕਰ ਲੈਣ
ਵਾਲਿਆਂ ਦੀ ਸਾਰਾ ਸੰਸਾਰ ਪੂਜਾ ਕਰਦਾ ਹੈ।

**269.** கூற்றம் குதித்தலும் கைகூடும் நோற்றலின்
ஆற்றல் தலைப்பட் டவர்க்கு.

ਜਿਸ ਵਿਅਕਤੀ ਨੇ ਤਪੱਸਿਆ ਦੁਆਰਾ ਦਿਵਯ ਸ਼ਕਤੀਆਂ ਪ੍ਰਾਪਤ ਕਰ
ਲਈਆਂ ਹਨ ਉਹ ਯਮਰਾਜ ਉਤੇ ਵੀ ਵਿਜੈ ਪਾਪਤ ਕਰ ਲੈਂਦਾ ਹੈ।

**270.** இலர்பலர் ஆகிய காரணம் நோற்பார்
சிலர்பலர் நோலா தவர்.

ਇਸ ਧਰਤੀ ਤੇ ਵਧੇਰੇ ਲੋਕ ਤਪ-ਹੀਣ ਹਨ ਤੇ ਕੋਈ ਵਿਰਲਾ ਹੀ ਤੱਪ
ਕਰਦਾ ਹੈ ਇਸੇ ਲਈ ਇਥੇ ਸੁਖੀਆਂ ਨਾਲੋਂ ਦੁਖੀਆਂ ਦੀ ਸੰਖਿਆ
ਕਿਤੇ ਵਧੇਰੇ ਹੈ।

## 28

### கூடா ஒழுக்கம்

### ਦੁਰਾਚਾਰਿਤਾ

**271.** வஞ்ச மனத்தான் படிற்றொழுக்கம் பூதங்கள்
ஐந்தும் அகத்தே நகும்.

ਕਪਟ ਵਿਅਕਤੀ ਦਾ ਕਪਟਤਾ ਭਰਿਆ ਆਚਰਣ ਦੇਖ ਕੇ
ਉਸ ਦੇ ਅੰਦਰਲੇ ਪੰਚਭੂਤ ਉਸ ਉਪਰ ਹੱਸਦੇ ਹਨ।

**272.** வானுயர் தோற்றம் எவன்செய்யும் தன்நெஞ்சம்
தான்அறி குற்றப் படின்

ਜੇ ਮਨ ਅੰਦਰਲੇ ਪਾਪਾਂ ਦੇ ਯਥਾਰਥ ਨੂੰ ਜਾਣਦਾ ਹੈ
ਤਾਂ ਦੂਸਰਿਆਂ ਦੇ ਸਾਹਮਣੇ ਆਪਣੇ ਆਪ ਨੂੰ ਆਕਾਸ਼ ਤੱਕ ਉਚਾ
ਤੇ ਪਵਿੱਤਰ ਦਰਸਾਉਣ ਦਾ ਕੀ ਲਾਭ

**273.** வலிஇல் நிலைமையான் வல்லுருவம் பெற்றம்
புலியின்தோல் போர்த்துமேய்ந் தற்று.

ਮਾਨਸਿਕ ਰੂਪ ਤੋਂ ਕਮਜ਼ੋਰ ਵਿਅਕਤੀ ਦੁਆਰਾ ਸ਼ਕਤੀਸ਼ਾਲੀ ਤਪੱਸਵੀ ਦਾ
ਵੇਸ ਧਾਰਣ ਕਰਕੇ ਦੂਜਿਆਂ ਨੂੰ ਠਗਣਾ ਉਵੇਂ ਹੀ ਹੈ ਜਿਵੇਂ ਕੋਈ ਗਊ ਸ਼ੇਰ
ਦੀ ਖੱਲ ਪਾ ਕੇ ਘਾਹ ਨੂੰ ਚਰ ਲਵੇ।

**274.** தவம்மறைந்து அல்லவை செய்தல் புதல்மறைந்து
வேட்டுவன் புள்சிமிழ்த் தற்று.

ਤਪੱਸਵੀ ਦਾ ਰੂਪ ਧਾਰ ਕੇ ਦੁਰਾਚਾਰ ਕਰਨਾ ਉਵੇਂ ਹੀ ਹੈ
ਜਿਵੇਂ ਕੋਈ ਸ਼ਿਕਾਰੀ ਝਾੜੀ ਓਹਲੇ ਲੁਕ ਕੇ ਪੰਛੀਆਂ ਨੂੰ ਪਕੜਦਾ ਹੈ।

**275.** பற்றுஅற்றேம் என்பார் படிற்றொழுக்கம் எற்றுஎற்றுஎன்று
ஏதம் பலவும் தரும்.

ਤਿਆਗ ਤੇ ਵੈਰਾਗ ਦਾ ਢੌਂਗ ਰਚ ਕੇ ਮੱਕਾਰੀ ਕਰਨ ਵਾਲਾ ਉਸ ਵੇਲੇ ਆਪਣੇ
ਮਨੋਰਥ ਵਿਚ ਸਫ਼ਲ ਹੋਣ ਤੇ ਵੀ ਬਾਅਦ ਵਿਚ ਪਛਤਾਂਦਾ ਹੈ ਕਿ ਹਾਇ ਮੈਂ
ਇਹ ਕੀ ਕਰ ਬੈਠਾ!

**276.** நெஞ்சில் துறவார் துறந்தார்போல் வஞ்சித்து
வாழ்வாரின் வன்கணார் இல்.

ਜਿਨ੍ਹਾਂ ਦੇ ਅੰਦਰ ਵੈਰਾਗ ਭਾਵਨਾ ਨਹੀਂ ਪ੍ਰੰਤੂ ਬਾਹਰੋਂ ਸਨਿਆਸੀ ਭੇਖ ਧਾਰ ਕੇ
ਲੋਕਾਂ ਨੂੰ ਠੱਗਦੇ ਹਨ ਉਹਨਾਂ ਵਰਗਾ ਨਿਰਦਈ ਕੋਈ ਨਹੀਂ।

**277.** புறங்குன்றி கண்டனைய ரேனும் அகங்குன்றி
மூக்கில் கரியார் உடைத்து.

ਸੰਸਾਰ ਵਿਚ ਅਜਿਹੇ ਲੋਕ ਵੀ ਹੁੰਦੇ ਹਨ ਜੋ ਬਾਹਰੋਂ ਦੇਖਣ ਨੂੰ ਜੰਗਲੀ ਬੇਰ ਵਾਂਗ
ਸੁੰਦਰ ਪਰ ਅੰਦਰੋਂ ਬੇਰ ਦੇ ਮੂੰਹ ਵਾਂਗ ਕਾਲੇ ਹੁੰਦੇ ਹਨ।

**278.** மனத்தது மாசுஆக மாண்டார்நீ ராடி
மறைந்துஒழுகு மாந்தர் பலர்.

ਦਿਲ ਦੀ ਮੈਲ ਨੂੰ ਲੁਕਾਉਣ ਲਈ ਕਈ ਪਾਖੰਡੀ ਲੋਕ ਤੀਰਥ ਇਸ਼ਨਾਨ
ਕਰਕੇ ਆਪਣੇ ਆਪ ਨੂੰ ਪਵਿੱਤਰ ਦਿਖਾਣ ਦਾ ਯਤਨ ਕਰਦੇ ਹਨ।

**279.** கணைகொடிது யாழ்கோடு செவ்விது ஆங் கன்ன
வினைபடு பாலால் கொளல்.

ਤੀਰ ਸਿੱਧਾ ਹੋਣ ਤੇ ਵੀ ਜਾਨ-ਲੇਵਾ ਹੁੰਦਾ ਹੈ ਪ੍ਰੰਤੂ ਵੀਣਾ ਟੇਢੀ ਹੋਣ ਤੇ ਵੀ
ਆਪਣੀ ਮਧੁਰ ਧੁਨੀ ਦੁਆਰਾ ਮਨ ਨੂੰ ਮੁਗਧ ਕਰਦੀ ਹੈ। ਇਵੇਂ ਹੀ ਭਲੇ ਬੁਰੇ
ਦੀ ਪਹਿਚਾਣ ਮਾਨਵ ਦੇ ਬਾਹਰਲੇ ਸਰੂਪ ਨਾਲੋਂ ਉਸਦੇ ਕਰਤੱਵਾਂ ਦੁਆਰਾ ਕਰਨੀ
ਚਾਹੀਦੀ ਹੈ।

**280.** மழித்தலும் நீட்டலும் வேண்டா உலகம்
பழித்தது ஒழித்து விடின்.

ਜੋ ਸਨਿਆਸੀ ਨਿੰਦਨੀਯ ਕੰਮਾਂ ਤੋਂ ਆਪਣੇ ਆਪ ਨੂੰ ਦੂਰ ਕਰ ਲਵੇ ਤਾਂ ਉਸ ਨੂੰ
ਕੇਸਾਂ ਦਾ ਮੁੰਡਣ ਕਰਨ ਜਾਂ ਦਾੜ੍ਹੀ ਤੇ ਸਿਰ ਦੀਆਂ ਜਟਾਂ ਵਧਾਉਣ ਦੀ
ਕੋਈ ਆਵਸ਼ੱਕਤਾ ਨਹੀਂ।

# 29

## கள்ளாமை

## ਛੱਲ ਕਪਟ ਦਾ ਤਿਆਗ

**281.** *எள்ளாமை வேண்டுவான் என்பான் எனைத்துஒன்றும்*
*கள்ளாமை காக்கதன் நெஞ்சு.*

ਜੋ ਵਿਅਕਤੀ ਅਪਮਾਨ ਤੋਂ ਬਚਣਾ ਚਾਹੁੰਦਾ ਹੈ ਉਸ ਨੂੰ ਕਿਸੇ ਦੀ ਵਸਤੂ ਨੂੰ
ਛੱਲ ਕਪਟ ਦੁਆਰਾ ਹਥਿਆਉਣ ਦਾ ਵਿਚਾਰ ਮਨ ਵਿਚ ਨਹੀਂ ਲਿਆਉਣਾ ਚਾਹੀਦਾ।

**282.** *உள்ளத்தால் உள்ளலும் தீதே பிறன்பொருளைக்*
*கள்ளத்தால் கள்வேம் எனல்.*

ਮਨ ਵਿਚ ਬੁਰੇ ਵਿਚਾਰ ਲਿਆਉਣਾ ਵੀ ਪਾਪ ਹੈ। ਸੋ ਦੂਸਰੇ ਦੀ ਵਸਤੂ ਨੂੰ
ਛੱਲ ਕਪਟ ਦੁਆਰਾ ਪ੍ਰਾਪਤ ਕਰਨ ਦਾ ਵਿਚਾਰ ਵੀ ਮਨ ਵਿਚ ਨਹੀਂ ਲਿਆਉਣਾ
ਚਾਹੀਦਾ।

**283.** *களவினால் ஆகிய ஆக்கம் அளவுஇறந்து*
*ஆவது போலக் கெடும்.*

ਛੱਲ ਕਪਟ ਦੁਆਰਾ ਕਮਾਈ ਹੋਈ ਸੰਪਤੀ ਆਰੰਭ ਵਿਚ ਭਾਵੇਂ ਵਿਕਾਸਸ਼ੀਲ ਦਿਖਾਈ ਦੇਵੇ
ਅੰਤ ਵਿਚ ਉਤਨੀ ਹੀ ਤੇਜ਼ੀ ਨਾਲ ਸਰਵ-ਨਾਸ਼ ਕਰਦੀ ਹੈ।

**284.** *களவின்கண் கன்றிய காதல் விளைவின்கண்*
*வீயா விழுமம் தரும்.*

ਧੋਖੇ ਤੇ ਠੱਗੀ ਨਾਲ ਇਕੱਠੀ ਕੀਤੀ ਸੰਪਤੀ ਫਲ ਪ੍ਰਾਪਤੀ ਵੇਲੇ
ਅਨੰਤ ਦੁਖ ਤੇ ਕਸ਼ਟ ਦੇਂਦੀ ਹੈ।

**285.** *அருள்கருதி அன்புடையர் ஆதல் பொருள்கருதிப்*
*பொச்சாப்புப் பார்ப்பார்கண் இல்.*

ਜੋ ਵਿਅਕਤੀ ਦੂਸਰੇ ਨੂੰ ਅਸਾਵਧਾਨ ਦੇਖ ਕੇ ਉਸ ਦੀ ਸੰਪਤੀ
ਹੜੱਪ ਕਰਨ ਦੀ ਲਾਲਸਾ ਰੱਖਦੇ ਹਨ ਉਹ ਪਿਅਰ ਤੇ ਹਮਦਰਦੀ ਤੋਂ ਸੱਖਣੇ ਹੁੰਦੇ ਹਨ।

**286.** *அளவின்கண் நின்றுஒழுகல் ஆற்றார் களவின்கண்*
*கன்றிய காத லவர்.*

ਜਿਨ੍ਹਾਂ ਨੂੰ ਕਪਟ ਦੁਆਰਾ ਧੰਨ ਇਕੱਠਾ ਕਰਨ ਦੀ ਲੱਤ ਲੱਗੀ ਹੁੰਦੀ ਹੈ
ਉਹ ਧਰਮ ਦੇ ਸਿੱਧੇ ਮਾਰਗ ਉੱਤੇ ਕਿਵੇਂ ਚੱਲ ਸਕਦੇ ਹਨ!

**287.** களவுஎன்னும் காரறி வாண்மை அளவுஎன்னும்
ஆற்றல் புரிந்தார்கண் இல்.

ਜਿਸ ਵਿਅਕਤੀ ਦੇ ਮਨ ਵਿਚ ਸਿੱਧੇ ਤੇ ਸੱਚੇ ਮਾਰਗ ਉਤੇ ਚੱਲਣ ਦੀ ਲਾਲਸਾ
ਹੁੰਦੀ ਹੈ ਉਸ ਅੰਦਰ ਛੱਲ ਤੇ ਕਪਟ ਲੇਸ ਮਾਤਰ ਵੀ ਨਹੀਂ ਹੁੰਦਾ।

**288.** அளவுஅறிந்தார் நெஞ்சத்து அறம்போல நிற்கும்
களவுஅறிந்தார் நெஞ்சில் கரவு.

ਛੱਲੀਆਂ ਕਪਟੀਆਂ ਦੇ ਮਨ ਵਿਚ ਛੱਲ ਕਪਟ ਦਾ ਵਾਸਾ ਹੁੰਦਾ ਹੈ
ਤੇ ਸੱਚੇ ਮਾਰਗ ਉਤੇ ਚੱਲਣ ਵਾਲਿਆਂ ਦੇ ਮਨ ਵਿਚ ਧਰਮ ਦਾ ਵਸੇਬਾ ਹੁੰਦਾ ਹੈ।

**289.** அளவுஅல்ல செய்தாங்கே வீவர் களவல்ல
மற்றைய தேற்றா தவர்.

ਜੋ ਛੱਲ ਤੇ ਕਪਟ ਤੋਂ ਬਿਨਾਂ ਹੋਰ ਕੁਝ ਨਹੀਂ ਜਾਣਦੇ
ਉਹਨਾਂ ਦਾ ਅੰਤ ਵੀ ਇਹਨਾਂ ਪਾਪ-ਕਰਤਵਾਂ ਦੇ ਫਲ-ਸਰੂਪ ਹੀ ਹੁੰਦਾ ਹੈ।

**290.** கள்வார்க்குத் தள்ளும் உயிர்நிலை கள்வார்க்குத்
தள்ளாது புத்தே ளுலகு.

ਛੱਲ ਤੇ ਕਪਟ ਦੁਆਰਾ ਜੀਵਨ ਬਿਤਾਣ ਵਾਲਿਆਂ ਨੂੰ ਉਹਨਾਂ ਦਾ ਆਪਣਾ
ਸਰੀਰ ਵੀ ਧੋਖਾ ਦੇਂਦਾ ਹੈ ਪ੍ਰੰਤੂ ਸੱਚੇ ਮਾਰਗ ਤੇ ਚੱਲਣ ਵਾਲਿਆਂ ਦਾ
ਸਵਰਗ ਵਿਚ ਦੇਵਤੇ ਵੀ ਸੁਆਗਤ ਕਰਦੇ ਹਨ।

# 30

## வாய்மை

## ਸੱਚਾਈ

**291.** வாய்மை எனப்படுவது யாதுஎனின் யாதுஒன்றும்
தீமை இலாத சொலல்.

ਸਚਾਈ ਕੀ ਹੈ ਕਿਸੇ ਪ੍ਰਤੀ ਲੇਸ ਮਾਤ੍ ਵੀ ਦੁਸ਼ਟਤਾ ਭਰੇ ਸ਼ਬਦ ਨਾ
ਬੋਲਣਾ ਹੀ ਸੱਚਾਈ ਹੈ।

**292.** பொய்ம்மையும் வாய்மை இடத்த புரைதீர்ந்த
நன்மை பயக்கும் எனின்.

ਜੇ ਅਸਤਿ ਸ਼ਬਦਾਂ ਦੁਆਰਾ ਕਿਸੇ ਦਾ ਕਲਿਆਣ ਹੁੰਦਾ ਹੋਵੇ
ਤਾਂ ਉਹ ਅਸਤਿ ਸ਼ਬਦ ਵੀ ਸਤਿ ਦੇ ਸਮਾਨ ਹਨ।

**293.** தன்நெஞ்சு அறிவது பொய்யற்க பொய்த்தபின்
தன்நெஞ்சே தன்னைச் சுடும்.

ਕੋਈ ਵਿਅਕਤੀ ਜਾਣ ਬੁਝ ਕੇ ਝੂਠ ਨਾ ਬੋਲੇ ਕਿਉਂ ਜੋ ਬਾਅਦ ਵਿਚ ਉਸ ਦਾ
ਆਪਣਾ ਮਨ ਹੀ (ਆਪਣੇ ਅਪਰਾਧ ਨੂੰ ਯਾਦ ਕਰਕੇ) ਉਸ ਨੂੰ ਸਾੜੇਗਾ।

**294.** உள்ளத்தால் பொய்யாது ஒழுகின் உலகத்தார்
உள்ளத்துள் எல்லாம் உளன்.

ਜੋ ਵਿਅਕਤੀ ਆਪਣੇ ਆਪ ਨੂੰ ਝੂਠ ਬੋਲਣ ਤੋਂ ਮੁਕਤ ਰੱਖਦਾ ਹੈ
ਉਸ ਦਾ ਨਿਵਾਸ ਸਭਨਾਂ ਦੇ ਹਿਰਦਿਆਂ ਵਿਚ ਹੁੰਦਾ ਹੈ।

**295.** மனத்தொடு வாய்மை மொழியின் தவத்தொடு
தானம்செய் வாரின் தலை.

ਮਨ ਤੇ ਬਚਨਾਂ ਦੁਆਰਾ ਸੱਚ ਬੋਲਣ ਵਾਲਾ ਵਿਅਕਤੀ
ਦਾਨੀਆਂ ਤੇ ਤਪੱਸਵੀਆਂ ਤੋਂ ਵੀ ਸ੍ਰੇਸ਼ਟ ਹੁੰਦਾ ਹੈ।

**296.** பொய்யாமை அன்ன புகழ்இல்லை எய்யாமை
எல்லா அறமும் தரும்.

ਸੱਚ ਬੋਲਣ ਦੇ ਬਰਾਬਰ ਹੋਰ ਕੋਈ ਵੀ ਉੱਤਮ ਗੁਣ ਨਹੀਂ ਹੈ
ਅਜਿਹੇ ਵਿਅਕਤੀ ਨੂੰ ਆਪਣੇ ਸਰੀਰ ਨੂੰ ਹੋਰ ਕੋਈ ਕਸ਼ਟ ਦੇਣ ਦੀ ਆਵਸ਼ੱਕਤਾ
ਨਹੀਂ ਸਭ ਪੁੰਨ ਉਸ ਨੂੰ ਸੁਤੇਸਿੱਧ ਪ੍ਰਾਪਤ ਹੋ ਜਾਂਦੇ ਹਨ।

**297.** பொய்யாமை பொய்யாமை ஆற்றின் அறம்பிற
செய்யாமை செய்யாமை நன்று.

ਝੂਠ ਨਾ ਬੋਲੋ ਝੂਠ ਨਾ ਬੋਲੋ – ਇਸ ਨਿਯਮ ਦੇ ਪਾਲਣ ਕਰਨ
ਨਾਲ ਹੋਰ ਸਦਾਚਾਰਾਂ ਦੀ ਆਵਸ਼ੱਕਤਾ ਨਹੀਂ ਰਹਿੰਦੀ।

**298.** புறம்தூய்மை நீரான் அமையும் அகம்தூய்மை
வாய்மையால் காணப் படும்.

ਬਾਹਰੋਂ ਸਰੀਰ ਦੀ ਸ਼ੁੱਧੀ ਜਲ ਨਾਲ ਹੁੰਦੀ ਹੈ
ਪ੍ਰੰਤੂ ਅੰਤਹਕਰਣ ਦੀ ਸ਼ੁੱਧੀ ਸੱਚ ਬੋਲਣ ਨਾਲ ਹੀ ਸੰਭਵ ਹੈ।

**299.** எல்லா விளக்கும் விளக்கல்ல சான்றோர்க்குப்
பொய்யா விளக்கே விளக்கு.

(ਬਾਹਰਲੇ ਹਨੇਰੇ ਨੂੰ ਮਿਟਾਣ ਵਾਲੇ) ਸਾਰੇ ਦੀਵੇ ਅਸਲੀ ਦੀਵੇ ਨਹੀਂ ਹਨ।
ਵਾਸਤਵ ਵਿਚ (ਅੰਦਰਲੇ ਹਨੇਰੇ ਨੂੰ ਮਿਟਾਉਣ ਵਾਲੇ) ਸੱਚੇ ਬਚਨ ਹੀ ਅਸਲੀ
ਦੀਵੇ ਹਨ।

**300.** *யாம்மெய்யாக் கண்டவற்றுள் இல்லை எனைத்தொன்றும்*
*வாய்மையின் நல்ல பிற.*

ਸੰਸਾਰ ਵਿਚ ਜੋ ਵੀ ਉੱਤਮ ਤੇ ਵਧੀਆ ਪਦਾਰਥ ਹਨ
ਉਹਨਾਂ ਵਿੱਚੋਂ ਸੱਚ ਬੋਲਣ ਤੋਂ ਸ੍ਰੇਸ਼ਟ ਹੋਰ ਕੋਈ ਨਹੀਂ ਹੈ।

# 31

## வெகுளாமை

## ਕ੍ਰੋਧ ਨਾ ਕਰਨਾ

**301.** *செல்இடத்துக் காப்பான் சினம்காப்பான் அல்இடத்துக்*
*காக்கின்என் காவாக்கால் என்.*

ਆਪਣੇ ਤੋਂ ਕਮਜ਼ੋਰ ਉਤੇ ਕ੍ਰੋਧ ਨਾ ਕਰਨਾ ਹੀ ਕ੍ਰੋਧ ਨੂੰ ਵਸੀਕਾਰ ਕਰਨਾ ਹੈ।
ਆਪਣੇ ਤੋਂ ਤਕੜੇ ਉਤੇ ਕ੍ਰੋਧ ਨਾ ਕਰਨਾ ਕ੍ਰੋਧ ਦਾ ਵਸੀਕਾਰ ਨਹੀਂ ਮੰਨਿਆ ਜਾ ਸਕਦਾ।

**302.** *செல்லா இடத்துச் சினம்தீது செல்லிடத்தும்*
*இல்அதனின் தீய பிற.*

ਆਪਣੇ ਤੋਂ ਤਕੜੇ ਉਤੇ ਕ੍ਰੋਧ ਕਰਨਾ ਬੁਰਾ ਹੈ ਕਿਉਂ ਜੋ ਇਹ ਆਪਣੇ ਲਈ ਦੁਖਦਾਈ
ਹੁੰਦਾ ਹੈ ਪ੍ਰੰਤੂ ਆਪਣੇ ਤੋਂ ਕਮਜ਼ੋਰ ਉਤੇ ਕ੍ਰੋਧ ਕਰਨਾ ਹੋਰ ਵੀ ਬੁਰਾ ਹੈ।

**303.** *மறத்தல் வெகுளியை யார்மாட்டும் தீய*
*பிறத்தல் அதனான் வரும்.*

ਕਿਸੇ ਉਤੇ ਵੀ ਕ੍ਰੋਧ ਕਰਨਾ ਭੁੱਲ ਜਾਣ ਵਿਚ ਹੀ ਸਿਆਣਪ ਹੈ
ਕਿਉਂ ਜੋ ਇਸ ਵਿਚੋਂ ਕਈ ਤਰ੍ਹਾਂ ਦੇ ਦੁਖਦਾਈ ਸਿੱਟੇ ਨਿਕਲਦੇ ਹਨ।

**304.** *நகையும் உவகையும் கொல்லும் சினத்தின்*
*பகையும் உளவோ பிற.*

ਕ੍ਰੋਧ ਮੂੰਹ ਦੇ ਹਾਸੇ ਤੇ ਅੰਦਰਲੇ ਆਨੰਦ ਨੂੰ ਉਡਾ ਦੇਂਦਾ ਹੈ
ਸੋ ਅਜਿਹੇ ਨਾਸ਼ਕਾਰੀ ਕ੍ਰੋਧ ਤੋਂ ਵੱਧ ਮਨੁੱਖ ਦਾ ਹੋਰ ਕੋਈ ਦੁਸ਼ਮਨ ਨਹੀਂ।

**305.** *தன்னைத்தான் காக்கின் சினம்காக்க காவாக்கால்*
*தன்னையே கொல்லும் சினம்.*

ਮਨੁੱਖ ਜੇ ਆਪਣੇ ਆਪ ਨੂੰ ਬਚਾਣਾ ਚਾਹੁੰਦਾ ਹੈ ਤਾਂ ਕ੍ਰੋਧ ਨੂੰ ਵੱਸ ਵਿਚ ਕਰੇ
ਨਹੀਂ ਤਾਂ ਕ੍ਰੋਧ ਉਸ ਦਾ ਨਾਸ ਕਰ ਦੇਵੇਗਾ।

**306.** *சினம்என்னும் சேர்ந்தாரைக் கொல்லி இனம்என்னும்*
*ஏமப் புணையைச் சுடும்.*

ਕ੍ਰੋਧ ਜਿਸ ਨੂੰ ਵੀ ਵਾਪਰਦਾ ਹੈ ਉਸ ਦਾ ਵਿਨਾਸ਼ ਕਰ ਦੇਂਦਾ ਹੈ
ਨਾਲ ਹੀ ਉਸ ਦੇ ਇਸ਼ਟ-ਬੰਧੂਆਂ ਨੂੰ ਵੀ ਸਾੜਦਾ ਹੈ।

**307.** *சினத்தைப் பொருள்என்று கொண்டவன் கேடு*
*நிலத்தறைந்தான் கைபிழையா தற்று.*

ਕ੍ਰੋਧ ਨੂੰ ਲਾਭਕਾਰੀ ਸਮਝ ਕੇ ਜੋ ਇਸ ਨੂੰ ਅਪਣਾਂਦਾ ਹੈ ਉਹ ਇਸ ਨੂੰ ਕਸ਼ਟਕਾਰੀ ਹੀ ਪਾਉਂਦਾ ਹੈ। ਇਹ ਧਰਤੀ ਉਤੇ ਘਸੁੰਨ ਮਾਰਨ ਦੇ ਤੁੱਲ ਹੈ ਜਿਸ ਨਾਲ ਚੋਟ ਆਪਣੇ ਹੱਥ ਨੂੰ ਹੀ ਲਗਦੀ ਹੈ।

**308.** *இணர்எரி தோய்வுஅன்ன இன்னா செயினும்*
*புணரின் வெகுளாமை நன்று.*

ਚਾਹੇ ਕੋਈ ਕਿੰਨਾ ਹੀ ਬੁਰਾ ਕਰ ਲਵੇ ਤੁਹਾਨੂੰ ਅੱਗ ਦੀਆਂ ਲਪਟਾਂ ਵਿਚ ਸਾੜਣ ਬਰਾਬਰ ਦੁੱਖ ਪਹੁੰਚਾਏ ਫਿਰ ਵੀ ਕ੍ਰੋਧ ਨੂੰ ਵੱਸ ਵਿਚ ਰਖਣਾ ਉੱਤਮ ਕਾਰਜ ਹੈ।

**309.** *உள்ளியது எல்லாம் உடன்எய்தும் உள்ளத்தால்*
*உள்ளான் வெகுளி எனின்.*

ਜੋ ਵਿਅਕਤੀ ਆਪਣੇ ਮਨ ਵਿਚੋਂ ਕ੍ਰੋਧ ਨੂੰ ਕਢ ਦੇਵੇ ਉਸ ਨੂੰ ਸਭ
ਮਨ ਚਾਹੀਆਂ ਵਸਤਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

**310.** *இறந்தார் இறந்தார் அனையர் சினத்தைத்*
*துறந்தார் துறந்தார் துணை.*

ਜੋ ਵਿਅਕਤੀ ਕ੍ਰੋਧ-ਵੱਸ ਰਹਿੰਦੇ ਹਨ ਉਹ ਮਿਰੱਤਕ ਦੇ ਸਮਾਨ ਹਨ
ਅਤੇ ਜੋ ਕ੍ਰੋਧ ਨੂੰ ਤਿਆਗ ਦੇਂਦੇ ਹਨ ਉਹ ਸਾਧੂ ਸੰਤਾਂ ਦੇ ਬਰਾਬਰ ਹਨ।

# 32

## இன்னா செய்யாமை

## ਬੁਰਾ ਨਾ ਕਰਨਾ

**311.** *சிறப்புஈனும் செல்வம் பெறினும் பிறர்க்குஇன்னா*
*செய்யாமை மாசுஅற்றார் கோள்.*

ਧੰਨ ਸੰਪਤੀ ਮਿਲਣ ਦੀ ਸੰਭਾਵਨਾ ਤੇ ਵੀ ਭਲੇ ਪੁਰਸ਼ ਕਦੇ
ਕਿਸੇ ਦਾ ਬੁਰਾ ਕਰਕੇ ਦਿਲ ਨਹੀਂ ਦੁਖਾਂਦੇ।

**312.** கறுத்துஇன்னா செய்தவக் கண்ணும் மறுத்துஇன்னா
செய்யாமை மாசுஅற்றார் கோள்.

ਵੱਡੀ ਤੋਂ ਵੱਡੀ ਪੀੜ ਪਹੁੰਚਾਣ ਵਾਲੇ ਸ਼ਤਰੂਆਂ ਦਾ ਵੀ ਬਦਲਾ ਲੈਣ ਦੀ ਭਾਵਨਾ ਨਾਲ
ਬੁਰਾ ਕਰਨਾ ਭਲੇ ਪੁਰਸ਼ਾਂ ਦਾ ਕਰਤਵ ਨਹੀਂ।

**313.** செய்யாமல் செற்றார்க்கும் இன்னாத செய்தபின்
உய்யா விழுமம் தரும்.

ਬਿਨਾ ਕਿਸੇ ਉਕਸਾਹਟ ਦੇ ਜੇ ਕੋਈ ਤੁਹਾਡਾ ਬੁਰਾ ਕਰਦਾ ਹੈ ਤੁਹਾਨੂੰ ਫਿਰ ਵੀ
ਬਦਲੇ ਦੀ ਭਾਵਨਾ ਨਾਲ ਉਸ ਦਾ ਬੁਰਾ ਨਹੀਂ ਕਰਨਾ ਚਾਹੀਦਾ ਉਹ ਆਪ ਹੀ
ਆਪਣੇ ਬੁਰੇ ਕਰਮਾਂ ਕਾਰਨ ਦੁੱਖ ਭੋਗੇਗਾ।

**314.** இன்னாசெய் தாரை ஒறுத்தல் அவர்நாண
நன்னயம் செய்து விடல்.

ਬੁਰਾ ਕਰਨ ਵਾਲੇ ਨੂੰ ਖਿਮਾ ਕਰਕੇ ਉਸ ਦੀ ਭਲਾਈ ਕਰ ਦੇਣ ਨਾਲ ਉਹ ਸ਼ਰਮਿੰਦਾ
ਹੋ ਜਾਂਦਾ ਹੈ। ਫਿਰ ਉਸ ਵਲੋਂ ਕੀਤੀ ਬੁਰਾਈ ਤੇ ਤੁਹਾਡੇ ਵਲੋਂ ਕੀਤੀ ਖਿਮਾਂ ਦੋਨਾਂ
ਨੂੰ ਭੁੱਲ ਜਾਣਾ ਚਾਹੀਦਾ ਹੈ।

**315.** அறிவினான் ஆகுவது உண்டோ பிறிதின்நோய்
தம்நோய்போல் போற்றாக் கடை.

ਦੂਜਿਆਂ ਦੇ ਦੁੱਖ ਨੂੰ ਆਪਣੇ ਦੁੱਖ ਦੇ ਸਮਾਨ ਮੰਨ ਕੇ ਉਸ ਦੀ ਰੱਖਿਆ
ਨਾ ਕੀਤੀ ਤਾਂ ਤੁਹਾਡੀ ਬੁੱਧੀ ਤੇ ਗਿਆਨ ਕਿਸ ਕੰਮ

**316.** இன்னா எனத்தான் உணர்ந்தவை துன்னாமை
வேண்டும் பிறன்கண் செயல்.

ਜੋ ਕੰਮ ਤੁਸੀਂ ਆਪਣੇ ਲਈ ਭੈੜੇ ਸਮਝਦੇ ਹੋ ਉਹ
ਦੂਜਿਆਂ ਲਈ ਵੀ ਨਹੀਂ ਕਰਨੇ ਚਾਹੀਦੇ।

**317.** எனைத்தானும் எஞ்ஞான்றும் யார்க்கும் மனத்தான்ஆம்
மாணாசெய் யாமை தலை.

ਕਿਸੇ ਵੀ ਜੀਵ ਪ੍ਰਤੀ ਕਿਸੇ ਵੀ ਸਮੇਂ ਛੋਟੇ ਤੋਂ ਛੋਟਾ ਬੁਰਾ ਕਰਮ
ਨਾ ਸੋਚਣਾ ਸਭ ਤੋਂ ਸ਼੍ਰੇਸ਼ਟ ਚੰਗਿਆਈ ਹੈ।

**318.** தன்உயிர்க்கு இன்னாமை தானறிவான் என்கொலோ
மன்னுயிர்க்கு இன்னா செயல்.

ਦੂਜਿਆਂ ਦੀ ਪੀੜਾ ਨੂੰ ਜੋ ਆਪਣੀ ਪੀੜਾ ਸਮਝ ਲੈਂਦਾ ਹੈ
ਉਹ ਦੂਜਿਆਂ ਨੂੰ ਪੀੜਤ ਕਿਵੇਂ ਕਰੇਗਾ.

**319.** பிறர்க்குஇன்னா முற்பகல் செய்யின் தமக்குஇன்னா
பிற்பகல் தாமே வரும்.

ਜੇ ਕੋਈ ਆਪਣੇ ਗੁਆਂਢੀ ਨੂੰ ਸਵੇਰ ਵੇਲੇ ਹਾਨੀ ਪਹੁੰਚਾਏਗਾ
ਤਾਂ ਸ਼ਾਮ ਵੇਲੇ ਉਸ ਤੋਂ ਵੀ ਵਧੇਰੇ ਹਾਨੀ ਤੁਹਾਡੇ ਸਾਹਮਣੇ ਆ ਜਾਵੇਗੀ।

**320.** நோய்எல்லாம் நோய்செய்தார் மேலவாம் நோய்செய்யார்
நோயின்மை வேண்டு பவர்.

ਜੋ ਦੂਜਿਆਂ ਪ੍ਰਤੀ ਬੁਰਾ ਕਰੇਗਾ ਉਸ ਨੂੰ ਆਪ ਦੁੱਖ ਭੋਗਣਾ ਪਵੇਗਾ।
ਸੋ ਤੁਸੀਂ ਦੁੱਖਾਂ ਤੋਂ ਬਚੇ ਰਹਿਣਾ ਚਾਹੁੰਦੇ ਹੋ ਤਾਂ ਦੂਜਿਆਂ ਪ੍ਰਤੀ ਕਦੇ ਬੁਰਾ ਨਾ ਕਰੋ।

# 33

## கொல்லாமை

## ਅਹਿੰਸਾ

**321.** அறவினை யாதெனில் கொல்லாமை கோறல்
பிறவினை எல்லாம் தரும்.

ਜੇ ਕੋਈ ਪੁੱਛੇ ਕਿ ਸਭ ਤੋਂ ਉੱਤਮ ਧਰਮ ਕੀਹ ਹੈ ਤਾਂ ਉੱਤਰ ਹੈ ਅਹਿੰਸਾ।
ਕਿਸੇ ਵੀ ਜੀਵ ਨੂੰ ਨਾ ਮਾਰਨਾ ਅਹਿੰਸਾ ਹੈ ਕਿਉਂ ਜੋ ਹਿੰਸਾ ਸਭ ਪਾਪਾਂ ਦੀ ਜਨਮਦਾਤੀ ਹੈ।

**322.** பகுத்துஉண்டு பல்லுயிர் ஓம்புதல் நூலோர்
தொகுத்தவற்றுள் எல்லாம் தலை.

ਸਭ ਗ੍ਰੰਥਾਂ ਨੇ ਵੰਡ ਕੇ ਖਾਣਾ ਤੇ ਜੀਵ ਮਾਤ੍ਰ ਦੀ ਰੱਖਿਆ ਕਰਨਾ
ਸਭ ਤੋਂ ਉੱਤਮ ਸਦਾਚਾਰ ਦਸਿਆ ਹੈ।

**323.** ஒன்றாக நல்லது கொல்லாமை மற்றுஅதன்
பின்சாரப் பொய்யாமை நன்று.

ਜੀਵ ਹੱਤਿਆ ਨਾ ਕਰਨਾ ਸਭ ਤੋਂ ਸ੍ਰੇਸ਼ਟ ਸਦਾਚਾਰ ਹੈ। ਇਸ ਤੋਂ ਬਾਅਦ
ਝੂਠ ਨਾ ਬੋਲਣਾ ਇਕ ਸ੍ਰੇਸ਼ਟ ਸਦਾਚਾਰ ਮੰਨਿਆ ਗਿਆ ਹੈ।

**324.** நல்லாறு எனப்படுவது யாதெனின் யாதொன்றும்
கொல்லாமை சூழும் நெறி.

ਜੇ ਕੋਈ ਪੁੱਛੇ ਕਿ ਸਭ ਤੋਂ ਉੱਤਮ ਮਾਰਗ ਕਿਹੜਾ ਹੈ ਤਾਂ ਉੱਤਰ ਹੈ ਉਹ ਮਾਰਗ
ਜੋ ਸਾਨੂੰ ਸਭ ਜੀਵਾਂ ਦੀ ਰੱਖਿਆ ਕਰਨਾ ਸਿਖਾਵੇ।

**325.** நிலைஅஞ்சி நீத்தாருள் எல்லாம் கொலைஅஞ்சிக்
கொல்லாமை சூழ்வான் தலை.

ਸੰਸਾਰ ਦੀ ਅਸਥਿਰਤਾ ਤੋਂ ਡਰ ਕੇ ਸੰਨਿਆਸ ਲੈਣ ਵਾਲਿਆਂ ਨਾਲੋਂ
ਹੱਤਿਆਂ ਤੋਂ ਡਰ ਕੇ ਅਹਿੰਸਾ ਨੂੰ ਧਰਮ ਮੰਨ ਕੇ ਚਲਣ ਵਾਲਾ ਵਧੇਰੇ ਸ਼੍ਰੇਸ਼ਟ ਹੈ।

**326.** கொல்லாமை மேற்கொண்டு ஒழுகுவான் வாழ்நாள்மேல்
செல்லாது உயிருண்ணும் கூற்று.

ਜੋ ਕਿਸੇ ਵੀ ਜੀਵ ਨੂੰ ਨਾ ਮਰਾਨ ਦੇ ਸੰਕਲਪ ਉਤੇ ਚਲਦਾ ਹੈ
ਯਮਰਾਜ ਵੀ ਉਸ ਨੂੰ ਕੁਝ ਕਹਿਣ ਤੋਂ ਅਸਮ੍ਰਥ ਹੁੰਦਾ ਹੈ।

**327.** தன்உயிர் நீப்பினும் செய்யற்க தான்பிறிது
இன்னுயிர் நீக்கும் வினை.

ਭਾਵੇਂ ਆਪਣੀ ਜਾਨ ਹੀ ਦੇਣੀ ਪਵੇ ਦੂਸਰਿਆਂ ਦੀ ਜਾਨ ਲੈਣ
ਵਾਲਾ ਕੰਮ ਨਹੀਂ ਕਰਨਾ ਚਾਹੀਦਾ।

**328.** நன்றாகும் ஆக்கம் பெரிதெனினும் சான்றோர்க்குக்
கொன்றாகும் ஆக்கம் கடை.

ਕਿਸੇ ਦੀ ਜਾਨ ਲੈਣ ਨਾਲ ਚਾਹੇ ਕਿੰਨਾ ਹੀ ਲਾਭ ਪਹੁੰਚੇ
ਸਿਆਣੇ ਲੋਕ ਇਸ ਨੂੰ ਬੁਰਾ ਹੀ ਮੰਨਦੇ ਹਨ।

**329.** கொலைவினையர் ஆகிய மாக்கள் புலைவினையர்
புன்மை தெரிவா ரகத்து.

ਜੋ ਲੋਕ ਆਪਣੇ ਜੀਵਨ-ਨਿਰਬਾਹ ਲਈ ਹੱਤਿਆ ਨੂੰ ਆਪਣਾ ਪੇਸ਼ਾ ਬਣਾਦੇ ਹਨ
ਸਮਝਦਾਰ ਲੋਕ ਉਹਨਾਂ ਨੂੰ ਅਤਿ ਨੀਚ ਤੇ ਪਾਪੀ ਮੰਨਦੇ ਹਨ।

**330.** உயிர்உடம்பின் நீக்கியார் என்ப செயிர்உடம்பின்
செல்லாத்தீ வாழ்க்கை யவர்.

ਸਿਆਣੇ ਲੋਕ ਕਹਿੰਦੇ ਹਨ ਕਿ ਜੋ ਲੋਕ ਅਸਾਧ ਰੋਗਾਂ ਤੋਂ ਪੀੜਤ ਹਨ ਅਤੇ ਲਗਾਤਾਰ
ਗਰੀਬੀ ਦੀ ਅਵਸਥਾ ਵਿਚ ਰਹਿੰਦੇ ਹਨ ਉਹਨਾਂ ਨੇ ਪੂਰਬਲੇ ਜਨਮ ਦੂਜੇ
ਪ੍ਰਾਣੀਆਂਦੀ ਨਿਰਦਇਤਾ ਪੂਰਬਕ ਹੱਤਿਆ ਕੀਤੀ ਹੋਵੇਗੀ।

# 34

## நிலையாமை

## ਅਸਥਿਰਤਾ

**331.** நில்லாத வற்றை நிலையின என்றுஉணரும்
புல்லறி வாண்மை கடை.

ਧੰਨ ਸੰਪਦਾ ਸਰੀਰ ਆਦਿਕ ਅਸਥਿਰ ਵਸਤੂਆਂ ਨੂੰ ਸਥਿਰ ਮੰਨਣਾ
ਸਿਆਣਿਆਂ ਅਨੁਸਾਰ ਇਕ ਬਹੁਤ ਵਡੀ ਭੁੱਲ ਹੈ।

**332.** கூத்தாட்டு அவைக்குழாத் தற்றே பெருஞ்செல்வம்
போக்கும் அதுவிளிந் தற்று.

ਧੰਨ ਸੰਪਦਾ ਦਾ ਇਕੱਠਾ ਹੋਣਾ ਤਮਾਸ਼ਾ ਦੇਖਣ ਆਈ ਹੋਈ ਭੀੜ ਵਾਂਗ
ਹੁੰਦਾ ਹੈ। ਧੰਨ ਸੰਪਦਾ ਦਾ ਜਾਣਾ ਵੀ ਤਮਾਸ਼ਾ ਖਤਮ ਹੁੰਦੇ ਹੀ ਭੀੜ ਦੇ ਖਿੰਡ ਜਾਣ
ਵਾਂਗ ਹੁੰਦਾ ਹੈ।

**333.** அற்கா இயல்பிற்றுச் செல்வம் அதுபெற்றால்
அற்குப ஆங்கே செயல்.

ਧੰਨ ਵਿਚ ਅਸਥਿਰਤਾ ਦਾ ਸੁਭਾ ਹੁੰਦਾ ਹੈ। ਸੋ ਜੇ ਧੰਨ ਪ੍ਰਾਪਤ ਹੋਵੇ ਤਾਂ ਤੁਰੰਤ
ਉਸ ਦਾ ਉਪਯੋਗ ਸਥਿਰ ਕਰਮਾਂ ਵਿਚ ਕਰਨਾ ਹੀ ਸਿਆਣਪ ਹੈ।

**334.** நாள்என ஒன்றுபோல் காட்டி உயிர்ஈரும்
வாள்அது உணர்வார்ப் பெறின்.

ਅਗਿਆਨੀਆਂ ਨੂੰ ਸਮਾਂ ਸਥਾਈ ਅਨੁਭਵ ਹੁੰਦਾ ਹੈ ਪ੍ਰੰਤੂ ਗਿਆਨਵਾਨ
ਅਨੁਸਾਰ ਇਹ ਇਕ ਆਰਾ ਹੁੰਦਾ ਹੈ ਜੋ ਸਾਡੇ ਜੀਵਨ ਨੂੰ ਕੱਟਦਾ ਜਾਂਦਾ ਹੈ।

**335.** நாச்செற்று விக்குள்மேல் வாராமுன் நல்வினை
மேற்சென்று செய்யப் படும்.

ਜੀਭ ਦੇ ਬੋਲਣੋ ਬੰਦ ਹੋਣ ਤੇ ਸਵਾਸ ਦੀ ਆਖਰੀ ਹਿਚਕੀ ਤੋਂ ਪਹਿਲਾਂ
ਜਿੰਨਾਂ ਹੋ ਸਕੇ ਚੰਗੇ ਕੰਮ ਕਰ ਲੈਣੇ ਚਾਹੀਦੇ ਹਨ।

**336.** நெருநல் உளன்ஒருவன் இன்றுஇல்லை என்னும்
பெருமை உடைத்துஇவ் வுலகு.

ਇਸ ਨਾਸ਼ਵਾਨ ਸੰਸਾਰ ਦੀ ਅਦਭੁੱਤਤਾ ਇਸੇ ਵਿਚ ਹੈ ਕਿ
ਜੋ ਕਲ ਸੀ ਉਹ ਅਜ ਨਹੀਂ ਹੈ।

**337.** ஒருபொழுதும் வாழ்வது அறியார் கருதுப
கோடியும் அல்ல பல.

ਸਾਨੂੰ ਅਗਲੇ ਛਿਨ ਦਾ ਤਾਂ ਪਤਾ ਨਹੀਂ ਪ੍ਰੰਤੂ ਮਨ ਵਿਚ
ਅਸੀਂ ਬੇਅੰਤ ਕਲਪਨਾਵਾਂ ਕਲਪਦੇ ਰਹਿੰਦੇ ਹਾਂ।

**338.** குடம்பை தனித்துஒழியப் புள்பறந் தற்றே
உடம்போடு உயிரிடை நட்பு.

ਆਤਮਾ ਦਾ ਸਰੀਰ ਨਾਲ ਸੰਬੰਧ ਇਤਨਾ ਹੀ ਹੈ ਜਿਵੇਂ ਕਿ ਪੰਛੀ
ਖੰਭ ਨਿਕਲਦੇ ਸਾਰ ਅੰਡੇ ਦੇ ਖੋਲ ਨੂੰ ਤਿਆਗ ਕੇ ਉੱਡ ਜਾਂਦਾ ਹੈ।

**339.** உறங்கு வதுபோலும் சாக்காடு உறங்கி
விழிப்பது போலும் பிறப்பு.

ਮੌਤ ਨੀਂਦ ਵਾਂਗ ਹੈ ਅਤੇ ਜਨਮ ਨੀਂਦ ਤੋਂ ਜਾਗਣ ਵਾਂਗ ਹੈ।

**340.** புக்கில் அமைந்தின்று கொல்லோ உடம்பினுள்
துச்சில் இருந்த உயிர்க்கு.

ਜਾਪਦਾ ਹੈ ਕਿ ਆਤਮਾ ਜੋ ਇਸ ਅਸਥਾਈ ਸਰੀਰ ਵਿਚ ਨਿਵਾਸ ਕਰਦੀ ਹੈ
ਦਾ ਕੋਈ ਸਥਾਈ ਘਰ ਨਹੀਂ ਹੈ।

# 35

## துறவு

## ਸੰਨਿਆਸ

**341.** யாதனின் யாதனின் நீங்கியான் நோதல்
அதனின் அதனின் இலன்.

ਜਿੰਨ੍ਹਾਂ ਜਿੰਨ੍ਹਾਂ ਚੀਜਾਂ ਤੋਂ ਮਨੁਖ ਬੰਧਨ-ਮੁਕਤ ਹੋ ਜਾਂਦਾ ਹੈ
ਉਹਨਾਂ ਉਹਨਾਂ ਚੀਜਾਂ ਦੇ ਦੁੱਖਾਂ ਤੋਂ ਉਸ ਦੀ ਨਿਰਵਿਰਤੀ ਹੋ ਜਾਂਦੀ ਹੈ।

**342.** வேண்டின்உண் டாகத் துறக்க துறந்தபின்
ஈண்டுஇயற் பால பல.

ਸੁੱਖ ਦੀ ਇੱਛਿਆ ਹੋਵੇ ਤਾਂ ਸਭ ਵਸਤਾਂ ਦੇ ਹੁੰਦਆਂ ਹੋਇਆਂ ਵੀ
ਉਹਨਾਂ ਤੋਂ ਮੁਕਤੀ ਪ੍ਰਾਪਤ ਕਰੋ (ਉਹਨਾਂ ਵਿਚ ਖੱਚਤ ਨਾ ਹੋਵੇ)

**343.** அடல்வேண்டும் ஐந்தன் புலத்தை விடல்வேண்டும்
வேண்டிய எல்லாம் ஒருங்கு.

ਪੰਜ ਇੰਦਰੀਆਂ ਦੀਆਂ ਵਾਸ਼ਨਾਵਾਂ ਨੂੰ ਮਾਰ ਕੇ ਉਹਨਾਂ ਨੂੰ ਜਿੱਤ ਲੈਣਾ ਚਾਹੀਦਾ ਹੈ। ਹਰ ਚੀਜ਼ ਜਿਸ ਵਿਚੋਂ ਤੁਹਾਨੂੰ ਖੁਸ਼ੀ ਪ੍ਰਾਪਤ ਹੁੰਦੀ ਹੈ ਨੂੰ ਵੀ ਪੂਰੀ ਤਰ੍ਹਾਂ ਤਿਆਗ ਦੇਣਾ ਚਾਹੀਦਾ ਹੈ।

**344.** இயல்பாகும் நோன்பிற்குஒன்று இன்மை உடைமை
மயலாகும் மற்றும் பெயர்த்து.

ਸੰਸਾਰਕ ਵਸਤਾਂ ਦਾ ਮੋਹ ਤਿਆਗ ਕੇ ਉਹਨਾਂ ਨੂੰ ਇਕੱਠਾ ਕਰਨਾ ਜਾਂ ਉਹਨਾਂ ਦੀ ਮਲਕੀਅਤ ਦੀ ਭਾਵਨਾ ਨੂੰ ਤਜਣਾ ਹੀ ਸੰਨਿਆਸ ਹੈ ਤੇ ਇਹਨਾਂ ਵਸਤਾਂ ਵਿਚ ਬੰਧਨ-ਯੁੱਕਤ ਹੋਣਾ ਸੰਨਿਆਸ ਦੀ ਥਾਂ ਵਾਸ਼ਨਾਵਾਂ ਵਿਚ ਬੱਝਣਾ ਹੈ।

**345.** மற்றும் தொடர்ப்பாடு எவன்கொல் பிறப்புஅறுக்கல்
உற்றார்க்கு உடம்பும் மிகை.

ਜਨਮ ਮਰਨ ਦੇ ਦੁੱਖ ਤੋਂ ਮੁਕਤੀ ਚਾਹੁੰਣ ਵਾਲਿਆਂ ਲਈ ਇਹ ਸਰੀਰ ਹੀ ਇਕ ਭਾਰਾ ਤੇ ਵਾਧੂ ਬੰਧਨ ਹੈ। ਫਿਰ ਹੋਰ ਬੰਧਨ ਕਿਉਂ ਸਹੇੜਦੇ ਹੋ।

**346.** யான்எனது என்னும் செருக்குஅறுப்பான் வானோர்க்கு
உயர்ந்த உலகம் புகும்.

ਜੋ 'ਮੈਂ' ਤੇ 'ਮੇਰਾ' ਦੀ ਅਹੰ ਭਾਵਨਾ ਨੂੰ ਮਾਰਨ ਵਿਚ ਸਮ੍ਰੱਥ ਹੈ ਉਹ ਦੇਵਤਾਵਾਂ ਤੋਂ ਵੀ ਸ੍ਰੇਸ਼ਟ ਸਥਾਨ ਪ੍ਰਾਪਤ ਕਰੇਗਾ।

**347.** பற்றி விடாஅ இடும்பைகள் பற்றினைப்
பற்றி விடாஅ தவர்க்கு.

ਜੋ ਸੰਸਾਰ ਦੇ ਬੰਧਨਾ ਤੋਂ ਆਪਣੇ ਆਪ ਨੂੰ ਮੁਕਤ ਨਹੀਂ ਕਰਦੇ ਉਨ੍ਹਾਂ ਨੂੰ ਵੱਖ-ਵੱਖ ਪ੍ਰਕਾਰ ਦੇ ਦੁੱਖ ਕਦੇ ਛੱਡਦੇ ਨਹੀਂ।

**348.** தலைப்பட்டார் தீரத் துறந்தார் மயங்கி
வலைப்பட்டார் மற்றை யவர்.

ਜਿਨ੍ਹਾਂ ਨੇ ਪੂਰਨ ਰੂਪ ਵਿਚ ਇਛਿਆਵਾਂ ਦਾ ਤਿਆਗ ਕਰ ਲਿਆ ਹੋਵੇ ਉਹ ਸ੍ਰੇਸ਼ਟ ਹਨ ਬਾਕੀ ਸਭ ਅਗਿਆਨ ਦੇ ਜਾਲ ਵਿਚ ਫਸੇ ਰਹਿੰਦੇ ਹਨ।

**349.** பற்றற்ற கண்ணே பிறப்புஅறுக்கும் மற்று
நிலையாமை காணப் படும்.

ਜਿਸ ਪਲ ਇੱਛਿਆਵਾਂ ਤਾਂ ਤਿਆਗ ਸੰਪੂਰਨ ਹੁੰਦਾ ਹੈ ਜਨਮ-ਬੰਧਨ ਕੱਟ ਜਾਂਦਾ ਹੈ।
ਜਦ ਤੱਕ ਇਹ ਸਥਿਤੀ ਨਹੀਂ ਆਉਂਦੀ ਭ੍ਰਮ ਜਾਲ ਵਿਚ ਭ੍ਰਮਣ ਜਾਰੀ ਰਹਿੰਦਾ ਹੈ।

**350.** *பற்றுக பற்றற்றான் பற்றினை அப்பற்றைப்*
*பற்றுக பற்று விடற்கு.*

ਪੂਰਨ ਰੂਪ ਵਿਚ ਬੰਧਨ-ਮੁਕਤ ਪ੍ਰਮੇਸ਼ਵਰ ਨਾਲ ਆਪਣਾ ਬੰਧਨ ਸਥਾਪਿਤ ਕਰੋ।
ਹੋਰ ਬੰਧਨਾਂ ਤੋਂ ਮੁਕਤ ਹੋਣ ਖਾਤਰ ਇਸ ਬੰਧਨ ਨਾਲ ਹੀ ਬੰਧੇ ਰਹੋ।

# 36

## மெய் உணர்தல்

## ਤਤ੍ਵ ਗਿਆਨ

**351.** *பொருள்அல்ல வற்றைப் பொருள்என்று உணரும்*
*மருளான்ஆம் மாணாப் பிறப்பு.*

ਅਸਥਾਈ ਵਸਤੂਆਂ ਨੂੰ ਸਥਾਈ ਮੰਨਣ ਦੇ ਭ੍ਰਮ-ਜਾਲ ਵਿਚ
ਫਸੇ ਰਹਿਣ ਕਾਰਨ ਜੀਵ ਜਨਮ-ਮਰਨ ਦੇ ਦੁੱਖਾਂ ਵਿਚ ਫਸਿਆ ਰਹਿੰਦਾ ਹੈ।

**352.** *இருள்நீங்கி இன்பம் பயக்கும் மருள்நீங்கி*
*மாசுஅறு காட்சி யவர்க்கு.*

ਜਿਸ ਦੀ ਦ੍ਰਿਸ਼ਟੀ ਨਿਰਮਲ ਤੇ ਭ੍ਰਮ-ਰਹਿਤ ਹੁੰਦੀ ਹੈ ਉਸ ਦੇ ਲਈ
ਅਗਿਆਨ ਦਾ ਅੰਧਕਾਰ ਹੱਟ ਜਾਂਦਾ ਹੈ ਤੇ ਉਸ ਨੂੰ ਸਥਾਈ ਆਨੰਦ
ਪ੍ਰਾਪਤ ਹੁੰਦਾ ਹੈ।

**353.** *ஐயத்தின் நீங்கித் தெளிந்தார்க்கு வையத்தின்*
*வானம் நணியது உடைத்து.*

ਭ੍ਰਮ-ਮੁਕਤ ਤੇ ਤਤ੍ਵ-ਗਿਆਨ ਪ੍ਰਾਪਤ ਵਿਅਕਤੀ
ਧਰਤੀ ਤੇ ਰਹਿੰਦੇ ਹੋਏ ਵੀ ਸੁਅਰਗ ਦੇ ਨੇੜੇ ਹੁੰਦੇ ਹਨ।

**354.** *ஐயுணர்வு எய்தியக் கண்ணும் பயம்இன்றே*
*மெய்உணர்வு இல்லா தவர்க்கு.*

ਪੰਜ ਇੰਦ੍ਰੀਆਂ ਦੁਆਰਾ ਪ੍ਰਾਪਤ ਗਿਆਨ ਉੱਤੇ ਅਧਿਕਾਰ ਹੁੰਦੇ ਹੋਏ ਵੀ
ਜੇ ਉਹਨਾਂ ਵਸਤੂਆਂ ਦੀ ਸਤਿ ਪ੍ਰਕ੍ਰਿਤੀ ਦਾ ਗਿਆਨ ਨਾ ਹੋਵੇ ਤਾਂ
ਇੰਦ੍ਰੀਆਂ ਦੇ ਗਿਆਨ ਦਾ ਕੋਈ ਲਾਭ ਨਹੀਂ।

355. எப்பொருள் எத்தன்மைத்து ஆயினும் அப்பொருள்
மெய்ப்பொருள் காண்பது அறிவு.

ਕਿਸੇ ਵਸਤੂ ਦਾ ਆਕਾਰ ਤੇ ਰੂਪ ਭਾਵੇਂ ਕੁਝ ਵੀ ਹੋਵੇ ਉਸ ਦੇ ਪਿੱਛੇ
ਜੋ ਸਚਾਈ ਹੈ ਉਸ ਨੂੰ ਜਾਣ ਲੈਣਾ ਹੀ ਸੱਚਾ ਗਿਆਨ ਹੈ।

356. கற்றீண்டு மெய்ப்பொருள் கண்டார் தலைப்படுவர்
மற்றீண்டு வாரா நெறி.

ਜਿਨ੍ਹਾਂ ਲੋਕਾਂ ਨੇ ਇਸ ਸੰਸਾਰ ਵਿਚਲੀਆਂ ਸਿੱਖਣ ਯੋਗ ਗੱਲਾਂ ਨੂੰ ਸਿੱਖ ਕੇ
ਯਥਾਰਥ ਗਿਆਨ ਪ੍ਰਾਪਤ ਕਰ ਲਿਆ ਉਹ ਜਨਮ ਮਰਨ ਦੇ ਚੱਕਰ ਤੋਂ ਛੁੱਟ ਜਾਂਦੇ ਹਨ।

357. ஓர்த்துஉள்ளம் உள்ளது உணரின் ஒருதலையாப்
பேர்த்துஉள்ள வேண்டா பிறப்பு.

ਜਿਨ੍ਹਾਂ ਨੇ ਅਸਲੀਅਤ (ਤਤ੍ਵ-ਗਿਆਨ) ਦੀ ਖੋਜ ਕਰਕੇ ਉਸ ਨੂੰ ਗ੍ਰਹਿਣ ਕਰ ਲਿਆ
ਉਹ ਪੁਨਰ ਜਨਮ ਮਰਨ ਦੇ ਚੱਕਰ ਤੋਂ ਬੱਚ ਜਾਂਦੇ ਹਨ।

358. பிறப்புஎன்னும் பேதைமை நீங்கச் சிறப்புஎன்னும்
செம்பொருள் காண்பது அறிவு.

ਦੁੱਖਾਂ ਭਰਪੂਰ ਜਨਮ ਦੇ ਕਾਰਨ-ਅਗਿਆਨਤਾ ਨੂੰ ਦੂਰ ਕਰਨ ਲਈ ਮੁਕਤੀ-ਮਾਰਗ
ਉਤੇ ਚਲਾਣ ਵਾਲੇ ਸਤਿ-ਸਰੂਪ ਨੂੰ ਪਹਿਚਾਣ ਲੈਣਾ ਚਾਹੀਦਾ ਹੈ।

359. சார்புஉணர்ந்து சார்பு கெடஒழுகின் மற்றழித்துச்
சார்தரா சார்தரும் நோய்.

ਹੋਰ ਸਾਰੇ ਆਸਰਿਆਂ ਦਾ ਤਿਆਗ ਕਰਕੇ ਜੇ ਅਸੀਂ ਸਤਿ ਸਰੂਪ ਦਾ ਆਸਰਾ
ਗ੍ਰਹਿਣ ਕਰ ਲਈਏ ਤਾਂ ਜਨਮ ਮਰਨ ਦੇ ਸਾਰੇ ਦੁੱਖਾਂ ਤੋਂ ਮੁਕਤ ਹੋ ਸਕਦੇ ਹਾਂ।

360. காமம் வெகுளி மயக்கம் இவைமூன்றன்
நாமம் கெடக்கெடும் நோய்.

ਕਾਮ ਕ੍ਰੋਧ ਤੇ ਮੋਹ ਇਹਨਾਂ ਤਿੰਨਾਂ ਦਾ ਨਾਮ ਵੀ ਮਨ ਤੋਂ ਦੂਰ ਕਰ ਲੈਣ ਨਾਲ
ਜਨਮ ਮਰਨ ਦੇ ਸਭ ਕਲੇਸ਼ਾਂ ਦਾ ਆਪਣੇ ਆਪ ਨਾਸ ਹੋ ਜਾਂਦਾ ਹੈ।

DR. T.P.M. LIBRARY
MADURAI KAMARAJ UNIVERSITY
299142

# 37

## அவா அறுத்தல்

## ਤ੍ਰਿਸ਼ਨਾਵਾਂ ਦਾ ਤਿਆਗ

**361.** அவாஎன்ப எல்லா உயிர்க்குமஎஞ் ஞான்றும்
தவாஅப் பிறப்புஈனும் வித்து.

ਤ੍ਰਿਸ਼ਨਾ ਇਕ ਉਹ ਬੀਜ ਹੈ ਜੋ ਸਭ ਕਾਲਾਂ ਵਿਚ ਸਭ ਜੀਵਾਂ ਨੂੰ
ਵਾਪਰ ਕੇ ਜਨਮ ਮਰਨ ਦੇ ਚੱਕਰ ਵਿਚ ਪਾਉਂਦੀ ਆਈ ਹੈ।

**362.** வேண்டுங்கால் வேண்டும் பிறவாமை மற்றுஅது
வேண்டாமை வேண்ட வரும்.

ਜੇ ਇੱਛਿਆ ਰਖਣੀ ਹੀ ਹੈ ਤਾਂ ਪੁਨਰ ਜਨਮ ਤੋਂ ਛੁਟਕਾਰੇ ਦੀ ਇੱਛਿਆ ਰਖੋ।
ਨਿਸ਼ਕਾਮ ਭਾਵ ਦੀ ਇੱਛਿਆ ਕਰਨ ਤੇ ਜਨਮ ਮਰਨ ਦੇ ਚੱਕਰ ਤੋਂ ਮੁਕਤੀ ਸੰਭਵ ਹੈ।

**363.** வேண்டாமை அன்ன விழுச்செல்வம் ஈண்டில்லை
யாண்டும் அஃதுஒப்பது இல்.

ਨਿਸ਼ਕਾਮ ਭਾਵਨਾ ਤੋਂ ਵਧ ਕੇ ਸ੍ਰੇਸ਼ਟ ਸੰਪਤੀ ਇਸ ਸੰਸਾਰ ਵਿਚ ਕੋਈ ਨਹੀਂ ਹੈ।
ਇਥੋਂ ਤੀਕ ਕਿ ਪਰਲੋਕ ਵਿਚ ਵੀ ਇਸ ਦੇ ਬਰਾਬਰ ਉੱਤਮ ਸੰਪਤੀ ਹੋਰ ਕੋਈ ਨਹੀਂ।

**364.** தூஉய்மை என்பது அவாவின்மை மற்றுஅது
வாஅய்மை வேண்ட வரும்.

ਨਿਸ਼ਕਾਮ ਭਾਵਨਾ ਤੋਂ ਮਾਨਸਿਕ ਪਵਿੱਤ੍ਰਤਾ ਮਿਲਦੀ ਹੈ। ਮੁਕਤੀ ਦਾ ਆਨੰਦ ਇਹੀ ਹੈ।
ਇਹ ਪਰਮ-ਸਤਿ ਦੀ ਅਭਿਲਾਸ਼ਾ ਕਰਨ ਤੇ ਪ੍ਰਾਪਤ ਹੁੰਦੀ ਹੈ।

**365.** அற்றவர் என்பார் அவாஅற்றார் மற்றையார்
அற்றாக அற்றது இலர்.

ਤ੍ਰਿਸ਼ਨਾਵਾਂ ਦਾ ਤਿਆਗ ਕਰਨ ਵਾਲੇ ਵਿਅਕਤੀ ਹੀ ਸਹੀ ਅਰਥਾਂ ਵਿਚ ਪੁਰਸ਼ ਹੁੰਦੇ ਹਨ।
ਤ੍ਰਿਸ਼ਨਾਵਾਂ ਤਿਆਗ ਦੇ ਅਭਾਵ ਵਿਚ ਹੋਰ ਤਿਆਗ ਵਿਅਰਥ ਹਨ।

**366.** அஞ்சுவது ஓரும் அறனே ஒருவனை
வஞ்சிப்பது ஓரும் அவா.

ਸਨਿਆਸੀ ਦਾ ਇਹ ਇਕ ਮੁੱਖ ਧਰਮ ਹੈ ਕਿ ਉਹ ਤ੍ਰਿਸ਼ਨਾਵਾਂ ਤੋਂ ਭੈ ਖਾਏ
ਕਿਉਂ ਜੋ ਇਸ ਵਿਚ ਮਹਾਨ ਠੱਗਨ-ਸ਼ਕਤੀ ਹੁੰਦੀ ਹੈ। (ਜੋ ਕਿ ਉਸ ਦੀ ਕੀਤੀ ਕਮਾਈ ਨੂੰ
ਨਸ਼ਟ ਕਰ ਦੇਂਦੀ ਹੈ।)

**367.** அவாவினை ஆற்ற அறுப்பின் தவாவினை
தான்வேண்டும் ஆற்றான் வரும்.

ਤ੍ਰਿਸ਼ਨਾਵਾਂ ਦਾ ਪੂਰਨ ਰੂਪ ਵਿਚ ਦਮਨ ਕਰਨ ਨਾਲ ਇੱਛਤ ਮੁਕਤੀ-ਪਦ ਦੀ ਪ੍ਰਾਪਤੀ ਆਪਣੇ ਆਪ ਹੋ ਜਾਏਗੀ।

**368.** அவாஇல்லார்க்கு இல்லாகும் துன்பம் அஃதுஉண்டேல்
தவாஅது மேன்மேல் வரும்.

ਤ੍ਰਿਸ਼ਨਾਵਾਂ ਰਹਿਤ ਵਿਅਕਤੀਆਂ ਨੂੰ ਕੋਈ ਦੁੱਖ ਕਲੇਸ਼ ਨਹੀਂ ਵਾਪਰਦਾ ਪ੍ਰੰਤੂ ਤ੍ਰਿਸ਼ਨਾਵਾਂ ਵਿਚ ਜਕੜੇ ਰਹਿਣ ਤੇ ਭਾਂਤ-2 ਦੇ ਦੁੱਖ ਸਤਾਂਦੇ ਰਹਿੰਦੇ ਹਨ।

**369.** இன்பம் இடையறாது ஈண்டும் அவாவென்னும்
துன்பத்துள் துன்பம் கெடின்.

ਤ੍ਰਿਸ਼ਨਾ ਸਭ ਦੁੱਖਾਂ ਵਿਚੋਂ ਮਹਾਨ ਦੁੱਖ ਹੈ। ਜੇ ਇਸ ਦਾ ਦਮਨ ਕਰ ਲਿਆ ਜਾਏ ਤਾਂ ਇਸੇ ਜੀਵਨ ਵਿਚ ਮੁਕਤੀ ਦਾ ਆਨੰਦ ਪ੍ਰਾਪਤ ਹੋ ਜਾਂਦਾ ਹੈ।

**370.** ஆரா இயற்கை அவாநீப்பின் அந்நிலையே
பேரா இயற்கை தரும்.

ਕਦੇ ਨਾ ਤ੍ਰਿਪਤ ਹੋਣ ਵਾਲੀ ਤ੍ਰਿਸ਼ਨਾ ਦਾ ਜੇ ਇਕ ਵਾਰ ਦਮਨ ਹੋ ਜਾਏ ਤਾਂ ਸਥਾਈ ਆਨੰਦ ਦੀ ਅਵਸਥਾ ਪ੍ਰਾਪਤ ਹੋ ਸਕਦੀ ਹੈ।

# 38

## ஊழ்

## ਭਾਗ (ਕਿਸਮਤ)

**371.** ஆகுஊழால் தோன்றும் அசைவின்மை கைப்பொருள்
போகுஊழால் தோன்றும் மடி.

ਸੁਭਾਗ ਉਦੈ ਹੋਣ ਤੇ ਪ੍ਰੀਸ਼ਰਮ ਕਰਨ ਦੀ ਲਗਨ ਉਤਪੰਨ ਹੁੰਦੀ ਹੈ।
ਦੁਰਭਾਗ ਆਉਣ ਤੇ ਵਿਅਕਤੀ ਆਲਸੀ ਤੇ ਸੁਸਤ ਹੋ ਜਾਂਦਾ ਹੈ।

**372.** பேதைப் படுக்கும் இழவுஊழ் அறிவகற்றும்
ஆகல்ஊழ் உற்றக் கடை.

ਦੁਰਭਾਗ ਬੁੱਧੀ ਨੂੰ ਖੁੰਢੀ ਕਰ ਦੇਂਦਾ ਹੈ ਜਦ ਕਿ ਸੁਭਾਗ ਬੁੱਧੀ ਨੂੰ ਪ੍ਰਚੰਡ ਕਰਕੇ ਮਨੁੱਖ ਨੂੰ ਉੱਨਤੀ ਦੇ ਮਾਰਗ ਤੇ ਲੈ ਜਾਂਦਾ ਹੈ।

**373.** நுண்ணிய நூல்பல கற்பினும் மற்றும்தன்
உண்மை அறிவே மிகும்.

ਮਨੁਖ ਚਾਹੇ ਜਿਤਨੀ ਮਰਜ਼ੀ ਵਿਦਿਆ ਹਾਸਲ ਕਰ ਲਵੇ ਜਾਂ ਸਾਸ਼ਤ੍ਰਾਂ ਦਾ ਗੰਭੀਰ ਅਧਿਅਨ ਕਰ ਲਵੇ ਉਸ ਦੀ ਬੁੱਧੀ ਦੀ ਪ੍ਰਧਾਨਤਾ ਭਾਗ ਅਨੁਕੂਲ ਹੀ ਰਹਿੰਦੀ ਹੈ।

**374.** இருவேறு உலகத்து இயற்கை திருவேறு
தெள்ளியர் ஆதலும் வேறு.

ਪੂਰਬਲੇ ਕਰਮਾਂ ਦੇ ਭਾਗ ਅਨੁਸਾਰ ਸੰਸਾਰ ਵਿਚ ਦੋ ਪ੍ਰਕਾਰ ਦੀ ਪ੍ਰਵ੍ਰਿਤੀ ਪਾਈ ਜਾਂਦੀ ਹੈ। ਕੁਝ ਲੋਕ ਧੰਨ-ਸੰਪਤੀ ਦੀ ਇਕੱਠੀ ਕਰਨ ਵਿਚ ਲਗੇ ਰਹਿੰਦੇ ਹਨ ਤੇ ਦੂਸਰੇ ਸਦ-ਗਿਆਨ ਨੂੰ ਪ੍ਰਾਪਤ ਕਰਨ ਵਿਚ ਖੱਚਤ ਰਹਿੰਦੇ ਹਨ।

**375.** நல்லவை எல்லாஅம் தீயவாம் தீயவும்
நல்லவாம் செல்வம் செயற்கு.

ਭਾਗ ਪ੍ਰਤੀਕੂਲ ਹੋਣ ਤੇ ਚੰਗੇ ਤੋਂ ਚੰਗਾ ਯਤਨ ਵੀ ਵਿਅਰਥ ਹੋ ਜਾਂਦਾ ਹੈ। ਜਦ ਕਿ ਭਾਗ ਦੇ ਅਨੁਕੂਲ ਹੋਣ ਤੇ ਸਾਧਾਰਣ ਕੀਤਾ ਉੱਦਮ ਵੀ ਸਹਿਜੇ ਹੀ ਸਫ਼ਲਤਾ ਪ੍ਰਦਾਨ ਕਰ ਦੇਂਦਾ ਹੈ।

**376.** பரியினும் ஆகாவாம் பால்அல்ல உய்த்துச்
சொரியினும் போகா தம.

ਭਾਗ ਪ੍ਰਤੀਕੂਲ ਹੋਣ ਤਾਂ ਲੱਖ ਯਤਨ ਕਰਨ ਤੇ ਵੀ ਸੰਪਦਾ ਹਥੋਂ ਨਿਕਲ ਜਾਂਦੀ ਹੈ ਪ੍ਰੰਤੂ ਭਾਗ ਅਨੁਕੂਲ ਹੋਣ ਤਾਂ ਸੰਪਤੀ ਨੂੰ ਕਿਤੇ ਸੁੱਟ ਵੀ ਆਈਏ ਫਿਰ ਵੀ ਉਹ ਦੂਗਣੀ ਚੌਗੁਣੀ ਹੋ ਕੇ ਵਾਪਸ ਆ ਜਾਂਦੀ ਹੈ।

**377.** வகுத்தான் வகுத்த வகையல்லால் கோடி
தொகுத்தார்க்கும் துய்த்தல் அரிது.

ਜੇ ਭਾਗਾਂ ਵਿਚ ਨਹੀਂ ਤਾਂ ਕਰੋੜਾਂ ਦੀ ਜਾਇਦਾਦ ਦਾ ਸੁਆਮੀ ਹੋਣ ਤੇ ਵੀ ਉਸ ਨੂੰ ਭੋਗ ਨਹੀਂ ਸਕਦਾ। ਧੰਨ ਤੇ ਸੁਖ ਉਤਨਾ ਹੀ ਕੋਈ ਭੋਗ ਸਕਦਾ ਹੈ ਜਿਤਨਾ ਉਸ ਦੇ ਭਾਗਾਂ ਵਿਚ ਲਿਖਿਆ ਹੈ।

**378.** துறப்பார்மன் துப்புர வில்லார் உறற்பால
ஊட்டா கழியும் எனின்.

ਗਰੀਬ ਨਿਰਧੰਨ ਲੋਕ ਆਪਣੀਆਂ ਤ੍ਰਿਸ਼ਨਾਵਾਂ ਦਾ ਤਿਆਗ ਕਰਕੇ ਸਨਿਆਸ ਗ੍ਰਹਿਣ ਕਰ ਲੈਂਦੇ ਜੇ ਉਹਨਾਂ ਦੇ ਭਾਗ ਵਿਚ ਨਿਰਧੰਨਤਾ ਦਾ ਦੁੱਖ ਭੋਗਣਾ ਨਾ ਲਿਖਿਆ ਹੁੰਦਾ।

**379.** நன்றுஆம்கால் நல்லவாக் காண்பவர் அன்றுஆம்கால்
அல்லற் படுவது எவன்

ਸੁਭਾਗ ਦੇ ਸਮੇਂ ਜਿਹੜੇ ਲੋਕ ਆਨੰਦ ਮਾਣਦੇ ਹਨ
ਦੁਰਭਾਗ ਦੇ ਸਮੇਂ ਦੁਖੀ ਕਿਉਂ ਹੁੰਦੇ ਹਨ

**380.** ஊழின் பெருவலி யாவுள மற்றொன்று
சூழினும் தான்முந் துறும்.

ਭਾਗਾਂ ਤੋਂ ਵਧ ਕੇ ਹੋਰ ਕਿਹੜੀ ਸ਼ਕਤੀ ਹੈ ?
ਕੋਈ ਦੂਜੀ ਸ਼ਕਤੀ ਇਸ ਨੂੰ ਰੋਕਣ ਦਾ ਯਤਨ ਵੀ ਕਰੇ ਇਹ
ਸ਼ਕਤੀਸ਼ਾਲੀ ਹੋਣ ਕਰਕੇ ਅਗੇ ਆ ਜਾਂਦੀ ਹੈ।

# 39

## இறைமாட்சி

## ਸ਼ਾਸਨ

**381.** படைகுடி கூழ்அமைச்சு நட்புஅரண் ஆறும்
உடையான் அரசருள் ஏறு.

ਜਿਸ ਵਿਅਕਤੀ ਪਾਸ ਸੈਨਾ ਪਰਜਾ ਖਜ਼ਾਨਾ ਮੰਤ੍ਰੀ ਮਿੱਤਰ ਤੇ ਕਿਲ੍ਹਾ ਹੈ
ਉਹ ਰਾਜਿਆਂ ਵਿਚ ਸ਼ੇਰ ਹੈ।

**382.** அஞ்சாமை ஈகை அறிவுஊக்கம் இந்நான்கும்
எஞ்சாமை வேந்தற்கு இயல்பு.

ਨਿਰਭੈਤਾ ਉਦਾਰਤਾ ਬੁਧੀਮਾਨਤਾ ਤੇ ਉਤਸ਼ਾਹ ਇਹ ਚਾਰੋਂ ਰਾਜੇ
ਦੀਆਂ ਪ੍ਰਕਿਰਤੀਆਂ ਹਨ।

**383.** தூங்காமை கல்வி துணிவுடைமை இம்மூன்றும்
நீங்கா நிலன்ஆள் பவர்க்கு.

ਸਾਵਧਾਨੀ ਗਿਆਨ ਤੇ ਬਹਾਦਰੀ ਇਹ ਤਿੰਨੋਂ ਗੁਣ
ਧਰਤੀ ਉਤੇ ਰਾਜ ਕਰਨ ਵਾਲੇ ਹਾਕਮ ਪਾਸ ਹੋਣੇ ਚਾਹੀਦੇ ਹਨ।

**384.** அறன்இழுக்காது அல்லவை நீக்கி மறன்இழுக்கா
மானம் உடையது அரசு.

ਸੁਯੋਗ ਹਾਕਮ ਦਾ ਲੱਛਣ ਇਹੀ ਹੈ ਕਿ ਉਹ ਧਰਮ ਮਾਰਗ ਉਤੇ ਚਲਦਾ ਹੋਇਆ ਅਧਰਮ ਤੋਂ ਪਰ੍ਹੇ ਰਹਿੰਦੇ ਹੋਏ ਮਰਯਾਦਾ ਦੀ ਵੀਰਤਾ ਪੂਰਬਕ ਰਖਿਆ ਕਰੇ।

**385.** இயற்றலும் ஈட்டலும் காத்தலும் காத்த
வகுத்தலும் வல்லது அரசு.

ਰਾਜਾ ਉਹੀ ਹੈ ਜੋ ਧੰਨ ਦੇ ਸਭ ਸ੍ਰੋਤਾਂ ਤੋਂ ਧੰਨ ਪ੍ਰਾਪਤ ਕਰਦਾ ਹੈ ਉਸ ਦੀ ਸੁਰਖਿਆ ਕਰਦਾ ਹੈ ਤੇ ਲੋਕ-ਕਲਿਆਣ ਸੰਬੰਧੀ ਉਸ ਦਾ ਉਚਿੱਤ ਖਰਚ ਕਰਦਾ ਹੈ।

**386.** காட்சிக்கு எளியன் கடுஞ்சொல்லன் அல்லனேல்
மீக்கூறும் மன்னன் நிலம்.

ਜੇ ਰਾਜੇ ਤਕ ਆਮ ਪਰਜਾ ਦੀ ਸੌਖੀ ਪਹੁੰਚ ਹੋਵੇ ਉਹ ਬੋਲਣ ਵਿਚ ਮਿੱਠਾ ਹੋਵੇ ਤਾਂ ਸਭ ਲੋਕ ਅਜਿਹੇ ਰਾਜੇ ਦੀ ਪ੍ਰਸੰਸਾ ਕਰਦੇ ਹਨ।

**387.** இன்சொலால் ஈத்துஅளிக்க வல்லார்க்குத் தன்சொலால்
தான்கண் டனைத்துஇவ் வுலகு.

ਜੋ ਰਾਜਾ ਮਿੱਠੇ ਬਚਨ ਬੋਲਦਾ ਹੈ ਤੇ ਪਰਜਾ ਦੀ ਨਿਆਇ ਪੂਰਬਕ ਰਾਖੀ ਕਰਦਾ ਹੈ ਪਰਜਾ ਉਸ ਦੀ ਉਸਤਤੀ ਕਰਦੀ ਤੇ ਖੁਸ਼ੀ-2 ਉਸ ਦੀ ਅਧੀਨਗੀ ਕਬੂਲਦੀ ਹੈ।

**388.** முறைசெய்து காப்பாற்றும் மன்னவன் மக்கட்கு
இறைஎன்று வைக்கப் படும்.

ਜੋ ਰਾਜਾ ਆਪਣੇ ਕਰਤਵਾਂ ਦਾ ਪਾਲਣ ਕਰਦਾ ਤੇ ਪਰਜਾ ਦੀ ਰਾਖੀ ਕਰਦਾ ਹੈ ਪਰਜਾ ਉਸ ਨੂੰ ਭਗਵਾਨ ਸਰੂਪ ਮੰਨਦੀ ਤੇ ਇੱਜ਼ਤ ਕਰਦੀ ਹੈ।

**389.** செவிகைப்பச் சொற்பொறுக்கும் பண்புடை வேந்தன்
கவிகைக்கீழ்த் தங்கும் உலகு.

ਕੰਨਾਂ ਨੂੰ ਕੌੜੇ ਲਗਣ ਵਾਲੇ ਬਚਨਾਂ ਨੂੰ ਸੁਣ ਕੇ ਸਹਿਣ ਕਰਨ ਦੀ ਸ਼ਕਤੀ ਵਾਲੇ ਸ਼ਾਸਕ ਦੀ ਛਤਰ ਛਾਇਆ ਹੇਠਾਂ ਪਰਜਾ ਖੁਸ਼ੀ ਖੁਸ਼ੀ ਰਹਿੰਦੀ ਹੈ।

**390.** கொடைஅளி செங்கோல் குடிஓம்பல் நான்கும்
உடையான்ஆம் வேந்தர்க்கு ஒளி.

ਰਾਜਿਆਂ ਵਿਚ ਉਹੀ ਦੀਪਕ ਸਮਾਨ ਰਾਜਾ ਮੰਨਿਆ ਜਾਂਦਾ ਹੈ ਜੋ ਦਾਨ ਦਇਆ ਧਰਮ ਨੀਤੀ ਤੇ ਪਰਜਾ ਦੀ ਰਖਵਾਲੀ ਦੇ ਗੁਣਾਂ ਦਾ ਧਾਰਨੀ ਹੁੰਦਾ ਹੈ।

# 40

## கல்வி

## ਸਿੱਖਿਆ (ਵਿੱਦਿਆ)

**391.** *கற்க கசடறக் கற்பவை கற்றபின்*
*நிற்க அதற்குத் தக.*

ਸਿੱਖਣ ਯੋਗ ਗ੍ਰੰਥਾਂ ਦਾ ਸੰਸੇ-ਰਹਿਤ ਯੁਕਤੀ ਨਾਲ ਅਧਿਅਨ ਕਰ ਲੈਣਾ ਚਾਹੀਦਾ ਹੈ।
ਫਿਰ ਉਸ ਵਿਚਲੀਆਂ ਸਿੱਖਿਆਵਾਂ ਦੇ ਅਨੁਕੂਲ ਜੀਵਨ ਨੂੰ ਵੀ ਢਾਲਣਾ ਚਾਹੀਦਾ ਹੈ।

**392.** *எண்என்ப ஏனை எழுத்தென்ப இவ்விரண்டும்*
*கண்என்ப வாழும் உயிர்க்கு.*

ਅੰਕ ਵਿਦਿਆ (ਗਣਿਤ)ਤੇ ਅੱਖਰ ਵਿਦਿਆ ਸੰਸਾਰ ਵਿਚ ਵਿਚਰਣ ਵਾਲੇ
ਲੋਕਾਂ ਦੀਆਂ ਅੱਖਾਂ ਹੁੰਦੀਆਂ ਹਨ।

**393.** *கண்உடையர் என்பவர் கற்றோர் முகத்துஇரண்டு*
*புண்உடையர் கல்லா தவர்.*

ਜੋ ਪੜ੍ਹੇ ਲਿਖੇ ਹਨ ਉਹ ਹੀ ਸਹੀ ਅਰਥਾਂ ਵਿਚ ਅੱਖਾਂ ਵਾਲੇ ਹਨ।
ਅਨਪੜ੍ਹ ਲੋਕ ਤਾਂ ਚੇਹਰੇ ਉਤੇ ਦੋ ਘਾਉ (ਜ਼ਖ਼ਮ) ਲਈ ਫਿਰਦੇ ਹਨ।

**394.** *உவப்பத் தலைக்கூடி உள்ளப் பிரிதல்*
*அனைத்தே புலவர் தொழில்.*

ਵਿਦਵਾਨ ਲੋਕਾਂ ਨੂੰ ਮਿਲਣ ਤੇ ਆਨੰਦ ਮਿਲਦਾ ਹੈ ਉਹਨਾਂ ਤੋਂ ਜੁਦਾ ਹੋਣ ਵੇਲੇ
ਪੁਨਰ ਮਿਲਣ ਦੀ ਜਗਿਆਸਾ ਸਾਡੇ ਅੰਦਰ ਉਤਪੰਨ ਹੁੰਦੀ ਹੈ।

**395.** *உடையார்முன் இல்லார்போல் ஏக்கற்றும் கற்றார்*
*கடையரே கல்லா தவர்.*

ਵਿਦਵਾਨਾਂ ਦੇ ਸਾਹਮਣੇ ਅਸਿਖਸ਼ਤ ਲੋਕ ਉਸੇ ਤਰ੍ਹਾਂ ਖੜ੍ਹੇ ਰਹਿੰਦੇ ਹਨ ਜਿਵੇਂ
ਧੰਨਵਾਨਾਂ ਦੇ ਸਾਹਮਣੇ ਨਿਰਧੰਨ। ਜੋ ਸਿਖਿਆ ਤੋਂ ਵੰਚਿਤ ਰਹਿੰਦੇ ਹਨ
ਉਹ ਗੁਣਹੀਣ ਹੁੰਦੇ ਹਨ।

**396.** *தொட்டனைத்து ஊறும் மணற்கேணி மாந்தர்க்குக்*
*கற்றனைத்து ஊறும் அறிவு.*

ਜਿਵੇਂ ਖੂਹ ਵਿਚੋਂ ਪਾਣੀ ਉਤਨਾ ਹੀ ਵਧੇਰੇ ਨਿਕਲੇਗਾ ਜਿਤਨਾ ਉਸ ਵਿਚਲੀ ਰੇਤ ਨੂੰ ਡੂੰਘਾ ਪੁੱਟਿਆ ਜਾਵੇਗਾ। ਇਵੇਂ ਹੀ ਇਕ ਵਿਦਵਾਨ ਪਾਸੋਂ ਉਤਨੀ ਹੀ ਗੰਭੀਰ ਵਿਦਿਆ ਮਿਲੇਗੀ ਜਿਤਨਾ ਗੰਭੀਰ ਉਸ ਦਾ ਅਧਿਅਨ ਹੋਵੇਗਾ।

**397.** *யாதானும் நாடாமால் ஊராமால் என்ஒருவன்*
*சாந்துணையும் கல்லாத வாறு.*

ਵਿਦਵਾਨ ਲਈ ਸਾਰਾ ਸੰਸਾਰ ਤੇ ਇਸ ਵਿਚਲੇ ਸਾਰੇ ਨਗਰ ਉਸ ਦੇ ਆਪਣੇ ਬਣ ਜਾਂਦੇ ਹਨ। ਫਿਰ ਕੋਈ ਵਿਅਕਤੀ ਆਪਣੇ ਆਖਰੀ ਦਮ ਤਕ ਅਸਿਖਸ਼ਤ ਕਿਉਂ ਰਹਿੰਦੇ ਹਨ ?

**398.** *ஒருமைக்கண் தான்கற்ற கல்வி ஒருவற்கு*
*எழுமையும் ஏமாப்பு உடைத்து.*

ਇਕ ਜਨਮ ਵਿਚ ਪ੍ਰਾਪਤ ਕੀਤੀ ਵਿਦਿਆ ਆਉਣ ਵਾਲੇ ਕਈ ਜਨਮਾਂ ਤਕ ਸੁਖ ਤੇ ਆਨੰਦ ਪ੍ਰਦਾਨ ਕਰਦੀ ਹੈ।

**399.** *தாம்இன் புறுவது உலகுஇன் புறக்கண்டு*
*காமுறுவர் கற்றறிந் தார்.*

ਵਿਦਵਾਨ ਲੋਕ ਇਹ ਦੇਖ ਕੇ ਪ੍ਰਸੰਨ ਹੁੰਦੇ ਹਨ ਕਿ ਵਿਦਿਆ ਨਾਲ ਆਪ ਨੂੰ ਤਾਂ ਸੁਖ ਮਿਲਣਾ ਹੀ ਹੈ ਦੂਸਰੇ ਲੋਕਾਂ ਨੂੰ ਵੀ ਲਾਭ ਮਿਲਦਾ ਹੈ। ਸੋ ਵਿਦਵਾਨ ਵਧ ਤੋਂ ਵਧ ਵਿਦਿਆ ਪ੍ਰਾਪਤੀ ਦਾ ਯਤਨ ਕਰਦੇ ਹਨ।

**400.** கேடுஇல் விழுச்செல்வம் கல்வி ஒருவற்கு
*மாடுஅல்ல மற்றை யவை.*

ਸਿਖਿਆ ਸਹੀ ਅਰਥਾਂ ਵਿਚ ਇਕ ਅਵਿਨਾਸ਼ੀ ਜਾਇਦਾਦ ਹੁੰਦੀ ਹੈ ਹੋਰ ਸਭ ਸੰਪਦਾ ਨਾਸ਼ਮਾਨ ਹੁੰਦੀ ਹੈ।

# 41

## கல்லாமை

## ਅਨਪੜ੍ਹ

**401.** *அரங்குஇன்றி வட்டுஆடி யற்றே நிரம்பிய*
*நூல்இன்றிக் கோட்டி கொளல்.*

ਵਿਦਵਾਨਾਂ ਵਿਚ ਅਨਪੜ੍ਹ ਦਾ ਬੋਲਣ ਦਾ ਯਤਨ ਕਰਨਾ ਉਵੇਂ ਹੀ ਨਿਰਾਰਥਕ ਹੈ ਜਿਵੇਂ ਬਿਸਾਤ ਬਿਨ ਸ਼ਤਰੰਜ ਖੇਲਣਾ।

**402.** கல்லாதான் சொற்கா முறுதல் முலைஇரண்டும்
இல்லாதாள் பெண்காமுற் றற்று.

ਵਿਦਵਾਨਾਂ ਦੀ ਸਭਾ ਵਿਚ ਅਨਪੜ੍ਹ ਵਿਅਕਤੀ ਵਲੋਂ ਭਾਸ਼ਨ ਦੇਣ ਦੀ
ਕੋਸ਼ਿਸ ਉਵੇਂ ਹੀ ਹੈ ਜਿਵੇਂ ਉਭਰੀਆਂ ਛਾਤੀਆਂ ਰਹਿਤ ਕਿਸੇ ਇਸਤਰੀ ਦਾ
ਕਿਸੇ ਆਦਮੀ ਨੂੰ ਪ੍ਰੇਮ ਲਈ ਉਕਸਾਣਾ।

**403.** கல்லா தவரும் நனிநல்லர் கற்றார்முன்
சொல்லாது இருக்கப் பெறின்.

ਜੇ ਕੋਈ ਅਨਪੜ੍ਹ ਵਿਅਕਤੀ ਵਿਦਵਾਨਾ ਦੀ ਸਭਾ ਵਿਚ ਨਾ ਬੋਲੇ ਤੇ ਚੁੱਪ ਰਹੇ
ਤਾਂ ਉਸ ਦੀ ਗਿਣਤੀ ਵਿਦਵਾਨਾਂ ਵਿਚ ਹੋਵੇਗੀ।

**404.** கல்லாதான் ஒட்பம் கழியநன்று ஆயினும்
கொள்ளார் அறிவுஉடை யார்.

ਜੇ ਕੋਈ ਅਨਪੜ੍ਹ ਸਹਿਜ ਸੁਭਾਇ ਕੋਈ ਤਰਕ-ਸ਼ੀਲ ਗਲ ਵੀ
ਕਰ ਲਵੇ ਤਾਂ ਵੀ ਵਿਦਵਾਨ ਲੋਕ ਉਸ ਦੀ ਗਲ ਵਲ ਕੋਈ ਵਿਸ਼ੇਸ਼ ਧਿਆਨ ਨਹੀਂ ਦੇਣਗੇ।

**405.** கல்லா ஒருவன் தகைமை தலைப்பெய்து
சொல்லாடச் சோர்வு படும்.

ਜਦ ਕੋਈ ਮੂਰਖ ਵਿਅਕਤੀ ਵਿਦਵਾਨਾਂ ਵਿਚ ਗਲ ਕਰਨ ਲਗਦਾ ਹੈ ਤਾਂ
ਛੇਤੀ ਹੀ ਉਸ ਦੀ ਜਾਣਕਾਰੀ ਦਾ ਭਾਂਡਾ ਫੁੱਟ ਜਾਂਦਾ ਹੈ।

**406.** உளர்என்னும் மாத்திரையர் அல்லால் பயவாக்
களர்அனையர் கல்லா தவர்.

ਅਨਪੜ੍ਹ ਲੋਕ ਬੰਜਰ ਜ਼ਮੀਨ ਵਾਂਗ ਹੁੰਦੇ ਹਨ ਜਿਥੇ ਕੁਝ ਵੀ ਪੈਦਾ ਨਹੀਂ ਹੁੰਦਾ।
ਉਹਨਾਂ ਲਈ ਇਹ ਕਹਿਣਾ ਕਾਫ਼ੀ ਹੈ ਕਿ ਉਹ ਵੀ ਜਿਊਂਦੇ ਹਨ।

**407.** நுண்மாண் நுழைபுலம் இல்லான் எழில்நலம்
மண்மாண் புனைபாவை யற்று.

ਸੂਖਮ ਸ੍ਰੇਸ਼ਟ ਤੇ ਤੀਬਰ ਬੁੱਧੀ-ਰਹਿਤ ਪ੍ਰੰਤੂ ਦੇਖਣ ਨੂੰ ਸੁੰਦਰ ਵਿਅਕਤੀ
ਮਿੱਟੀ ਦੀ ਬਣੀ ਸੁੰਦਰ ਮੂਰਤੀ ਵਾਂਗ ਹੈ।

**408.** நல்லார்கண் பட்ட வறுமையின் இன்னாதே
கல்லார்கண் பட்ட திரு.

ਅਨਪੜ੍ਹ ਪਾਸ ਧੰਨ ਦੌਲਤ, ਵਿਦਵਾਨਾਂ ਦੀ ਦ੍ਰਿਦਰਤਾ ਤੋਂ
ਵਧੀਕ ਦੁਖਦਾਇਕ ਹੁੰਦੀ ਹੈ।

**409.** மேல்பிறந்தார் ஆயினும் கல்லாதார் கீழ்ப்பிறந்தும்
கற்றார் அனைத்திலர் பாடு.

ਉੱਚ-ਕੁਲ ਵਿਚ ਪੈਦਾ ਹੋਣ ਤੇ ਵੀ ਅਨਪੜ੍ਹ ਵਿਅਕਤੀ ਸ੍ਰੇਸ਼ਟਤਾ ਦੇ
ਪਖੋਂ ਨੀਚ ਕੁਲ ਵਿਚ ਪੈਦਾ ਹੋਏ ਵਿਦਵਾਨ ਦੀ ਬਰਾਬਰੀ ਨਹੀਂ ਕਰ ਸਕਦਾ।

**410.** விலங்கொடு மக்கள் அனையர் இலங்குநூல்
கற்றாரோடு ஏனை யவர்.

ਵਿਦਿਆ ਦੇ ਪ੍ਰਕਾਸ਼ ਨਾਲ ਪ੍ਰਕਾਸ਼ਿਤ ਵਿਦਵਾਨਾਂ ਦੇ ਸਾਹਮਣੇ ਅਨਪੜ੍ਹ ਦੀ
ਉਹੀ ਸਥਿਤੀ ਹੁੰਦੀ ਹੈ ਜੋ ਮਨੁੱਖਾਂ ਦੇ ਸਾਹਮਣੇ ਪਸ਼ੂਆਂ ਦੀ ਹੁੰਦੀ ਹੈ।

# 42

## கேள்வி

## ਸੁਣਨਾ

**411.** செல்வத்துள் செல்வம் செவிச்செல்வம் அச்செல்வம்
செல்வத்துள் எல்லாம் தலை.

ਸੁਣਨ ਸ਼ਕਤੀ ਸਭ ਸੰਪਤੀਆਂ ਵਿਚੋਂ ਸ੍ਰੇਸ਼ਟ ਸੰਪਤੀ ਹੈ।
ਹੋਰ ਸਭ ਸੰਪਤੀਆਂ ਦੇ ਟਾਕਰੇ ਤੇ ਇਹ ਵਿਸ਼ਿਸ਼ਟ ਹੈ।

**412.** செவிக்குணவு இல்லாத போழ்து சிறிது
வயிற்றுக்கும் ஈயப் படும்.

ਜਦ ਕੰਨਾਂ ਲਈ ਉੱਤਮ ਭੋਜਨ (ਉੱਤਮ ਵਿਦਵਾਨਾਂ ਦੇ ਬਚਨ) ਨਾ ਰਹੇ ਤਾਂ
ਪੇਟ ਦੇ ਆਹਾਰ ਵਲ ਧਿਆਨ ਦੇਣਾ ਚਾਹੀਦਾ ਹੈ (ਕੰਨਾਂ ਖਾਤਰ ਸਰੀਰ
ਨੂੰ ਬਣਾਏ ਰਖਣ ਲਈ।)

**413.** செவிஉணவிற் கேள்வி யுடையார் அவிஉணவின்
ஆன்றாரோடு ஒப்பர் நிலத்து.

ਜੋ ਲੋਕ ਚੰਗੇ ਵਿਅਕਤੀਆਂ ਦੇ ਮੂੰਹੋਂ ਗਿਆਨ ਦੀਆਂ ਗਲਾਂ ਸੁਣਨ
ਲਈ ਤਤਪਰ ਰਹਿੰਦੇ ਹਨ ਉਹ ਧਰਤੀ ਉਤੇ ਦੇਵਤਿਆਂ ਦੇ ਬਰਾਬਰ ਹੁੰਦੇ ਹਨ।

**414.** கற்றிலன் ஆயினும் கேட்க அஃதொருவற்கு
ஒற்கத்தின் ஊற்றாம் துணை.

ਉੱਤਮ ਗ੍ਰੰਥਾਂ ਨੂੰ ਜੇ ਆਪ ਨਾ ਪੜ੍ਹ ਸਕੋ ਤਾਂ ਵਿਦਵਾਨਾਂ ਦੇ ਮੂੰਹੋਂ ਉਹਨਾਂ ਨੂੰ
ਸੁਣਨਾ ਚਾਹੀਦਾ ਹੈ। ਇਹ ਗਿਆਨ ਸੰਕਟ ਦੇ ਦਿਨਾਂ ਵਿਚ ਸਹਾਰਾ ਦੇਂਦਾ ਹੈ।

**415.** இழுக்கல் உடையுழி ஊற்றுக்கோல் அற்றே
ஒழுக்கம் உடையார்வாய்ச் சொல்.

ਸਦਾਚਾਰੀਆਂ ਦੇ ਮੂੰਹ ਚੋਂ ਨਿਕਲੇ ਬਚਨ ਤਿਲਕਵੀਂ ਧਰਤੀ ਉਤੇ ਚਲਦੇ ਸਮੇਂ
ਮਜ਼ਬੂਤ ਲਾਠੀ ਵਾਂਗ ਸਹਾਰਾ ਦੇਂਦੇ ਹਨ।

**416.** எனைத்தானும் நல்லவை கேட்க அனைத்தானும்
ஆன்ற பெருமை தரும்.

ਚੰਗੀਆਂ ਗਲਾਂ ਭਾਵੇਂ ਥੋੜੀਆਂ ਕੁ ਹੀ ਸੁਣਨ ਨੂੰ ਮਿਲਣ ਸੁਣ ਲੈਣੀਆਂ
ਚਾਹੀਦੀਆਂ ਹਨ। ਜੀਵਨ ਨੂੰ ਥੋੜੀਆਂ ਗਲਾਂ ਵੀ ਲਾਭ ਦੇਣਗੀਆਂ।

**417.** பிழைத்துஉணர்ந்தும் பேதைமை சொல்லார் இழைத்துணர்ந்து
ஈண்டிய கேள்வி யவர்.

ਜੋ ਧਿਆਨ ਪੂਰਬਕ ਸੁਣਦੇ ਤੇ ਤੀਖਣ ਬੁਧੀ ਦੁਆਰਾ ਗ੍ਰਹਿਣ ਕਰਦੇ ਹਨ
ਉਹ ਭੁਲ ਕੇ ਵੀ ਕਦੇ ਮੂਰਖਤਾ ਭਰਪੂਰ ਗਲ ਨਹੀਂ ਕਰਨਗੇ।

**418.** கேட்பினும் கேளாத் தகையவே கேள்வியால்
தோட்கப் படாத செவி.

ਜਿਨ੍ਹਾਂ ਕੰਨਾਂ ਨੇ ਗਿਆਨ ਤੇ ਸਿਖਿਆ ਦੀਆਂ ਗਲਾਂ ਨੂੰ ਸੁਣਿਆਂ ਨਾ ਹੋਵੇ
ਉਹ ਕੰਨ ਸੁਣਨ ਦੀ ਸ਼ਕਤੀ ਰਖਦਿਆਂ ਹੋਇਆਂ ਵੀ ਬੋਲੇ ਹਨ।

**419.** நுணங்கிய கேள்வியர் அல்லார் வணங்கிய
வாயினர் ஆதல் அரிது.

ਜਿਨ੍ਹਾਂ ਲੋਕਾਂ ਨੇ ਗਿਆਨ ਤੇ ਉਪਦੇਸ਼ ਦੀਆਂ ਗਲਾਂ ਵਲ ਕੰਨ ਨਹੀਂ ਕੀਤੇ
ਉਹਨਾਂ ਦੇ ਮੂੰਹ ਤੋਂ ਚੰਗੀਆਂ ਤੇ ਨਿਮ੍ਰਤਾ ਭਰਪੂਰ ਗਲਾਂ ਦਾ ਨਿਕਲਣਾ ਸੰਭਵ ਨਹੀਂ।

**420.** செவியின் சுவையுணரா வாயுணர்வின் மாக்கள்
அவியினும் வாழினும் என்

ਜਿਨ੍ਹਾਂ ਵਿਅਕਤੀਆਂ ਨੇ ਕੰਨਾਂ ਦੁਆਰਾ ਗਿਆਨ ਅੰਮ੍ਰਿਤ ਨਹੀਂ ਪੀਤਾ
ਤੇ ਕੇਵਲ ਜੀਭ ਦੇ ਸੁਆਦਾਂ ਵਿਚ ਹੀ ਭਟਕਦੇ ਰਹੇ ਹਨ ਉਹਨਾਂ ਦੇ ਜੀਣ
ਜਾਂ ਮਰਨ ਵਿਚ ਕੋਈ ਅੰਤਰ ਨਹੀਂ।

# 43

## அறிவு உடைமை

## ਬੁੱਧੀਮਾਨਤਾ

**421.** அறிவற்றம் காக்கும் கருவி செறுவார்க்கும்
உள்ளழிக்கல் ஆகா அரண்.

ਬੁੱਧੀਮਾਨਤਾ ਸੰਤਾਪਾਂ ਤੋਂ ਬਚਾਣ ਵਾਲਾ ਇਕ ਵਧੀਆ ਹਥਿਆਰ ਹੈ।
ਇਹ ਇਕ ਅੰਦਰੂਨੀ ਕਿਲ੍ਹਾ ਹੈ ਜਿਸ ਨੂੰ ਸ਼ਤਰੂ ਨਸ਼ਟ ਨਹੀਂ ਕਰ ਸਕਦਾ।

**422.** சென்ற இடத்தால் செலவிடா தீதுஒரீஇ
நன்றின்பால் உய்ப்பது அறிவு.

ਭਟੱਕਣ ਵਾਲੇ ਮਨ ਤੇ ਇੰਦ੍ਰੀਆਂ ਨੂੰ ਵੱਸ ਵਿਚ ਲਿਆਉਣ ਦੀ ਸਮ੍ਰੱਥਾ ਬੁੱਧੀ
ਵਿਚ ਹੈ। ਬੁੱਧੀ ਵਿਅਕਤੀ ਨੂੰ ਬੁਰੇ ਮਾਰਗ ਤੋਂ ਰੋਕਦੀ ਤੇ ਚੰਗੇ ਮਾਰਗ ਤੇ ਲੈ ਆਉਂਦੀ ਹੈ।

**423.** எப்பொருள் யார்யார்வாய்க் கேட்பினும் அப்பொருள்
மெய்ப்பொருள் காண்பது அறிவு.

ਕੋਈ ਗਲ ਚਾਹੇ ਕਿਸੇ ਦੇ ਮੂੰਹੋਂ ਸੁਣੋਂ (ਉਸ ਨੂੰ ਉਸੇ ਰੂਪ ਵਿਚ ਨਾ ਮੰਨ ਕੇ) ਉਸ ਵਿਚੋਂ
ਸਤਿ ਵਸਤੂ ਨੂੰ ਸਮਝਣਾ ਹੀ ਬੁੱਧੀ ਦਾ ਕਰਤਵ ਹੈ।

**424.** எண்பொருள வாகச் செலச்சொல்லித் தான்பிறர்வாய்
நுண்பொருள் காண்பது அறிவு.

ਆਪਣੇ ਵਿਚਾਰਾਂ ਨੂੰ ਸਮਝਣ ਯੋਗ ਤੇ ਸਰਲ ਰੂਪ ਵਿਚ ਪ੍ਰਗਟਾਣਾ
ਤੇ ਦੂਸਰਿਆਂ ਦੇ ਵਿਚਾਰਾਂ ਵਿਚ ਲੁਕੇ ਸੂਖਮ ਅਰਥ ਨੂੰ ਸਮਝਣਾ ਬੁੱਧੀਮਾਨਤਾ ਹੈ।

**425.** உலகம் தழீஇயது ஒட்பம் மலர்தலும்
கூம்பலும் இல்லது அறிவு.

ਸਿਆਣੇ ਬੰਦਿਆਂ ਦੀ ਮਿੱਤ੍ਰਤਾ ਵਿਚ ਬੁਧੀਮਾਨਤਾ ਹੁੰਦੀ ਹੈ।
ਇਹ ਮਿੱਤ੍ਰਤਾ ਕਦੇ ਘੱਟਦੀ ਵਧਦੀ ਨਹੀਂ ਸਗੋਂ ਹਮੇਸ਼ਾ ਇਕ ਰਸ ਰਹਿੰਦੀ ਹੈ।

**426.** எவ்வது உறைவது உலகம் உலகத்தோடு
அவ்வது உறைவது அறிவு.

ਸੰਸਾਰ ਦੀ ਗਤੀ ਅਨੁਸਾਰ ਆਪਣੇ ਆਪ ਨੂੰ ਚਲਾਣ ਵਿਚ ਹੀ ਬੁੱਧੀਮਾਨਤਾ ਹੈ।

**427.** அறிவுடையார் ஆவது அறிவார் அறிவிலார்
அஃதுஅறி கல்லா தவர்.

ਬੁੱਧੀਮਾਨ ਲੋਕ ਭਵਿੱਖ ਦਾ ਗਿਆਨ ਰਖਦੇ ਹਨ।
ਬੁਧੀਹੀਣ ਲੋਕ ਭਵਿੱਖ ਬਾਰੇ ਅਗਿਆਤ ਰਹਿੰਦੇ ਹਨ।

**428.** அஞ்சுவது அஞ்சாமை பேதைமை அஞ்சுவது
அஞ்சல் அறிவார் தொழில்.

ਜਿਸ ਤੋਂ ਡਰਨਾ ਚਾਹੀਦਾ ਹੈ ਉਸ ਤੋਂ ਨਾ ਡਰਨਾ ਬੁੱਧੀ-ਹੀਣਤਾ ਹੈਂ।
ਬੁੱਧੀਮਾਨ ਲੋਕ ਅਜਿਹੀਆਂ ਡਰਾਉਣੀਆਂ ਗਲਾਂ ਤੋਂ ਸੁਚੇਤ ਤੇ ਸਾਵਧਾਨ ਰਹਿੰਦੇ ਹਨ।

**429.** எதிரதாக் காக்கும் அறிவினார்க்கு இல்லை
அதிர வருவதோர் நோய்.

ਜੋ ਭਵਿੱਖ ਵਿਚ ਆਉਣ ਵਾਲੀਆਂ ਬਿਪਤਾਵਾਂ ਦਾ ਅਨੁਮਾਨ ਲਗਾ ਕੇ ਬਚਾਓ ਦਾ
ਉਪਰਾਲਾ ਕਰ ਲੈਂਦੇ ਹਨ ਉਹਨਾਂ ਉਤੇ ਮੁਸੀਬਤਾਂ ਦੇ ਪਹਾੜ ਨਹੀਂ ਟੁੱਟਦੇ।

**430.** அறிவுடையார் எல்லாம் உடையார் அறிவிலார்
என்னுடைய ரேனும் இலர்.

ਬੁੱਧੀਮਾਨ ਪਾਸ ਕੁਝ ਨਾ ਹੁੰਦਿਆਂ ਵੀ ਸਭ ਕੁਝ ਹੁੰਦਾ ਹੈ
ਪ੍ਰੰਤੂ ਬੁੱਧੀ-ਹੀਣ ਪਾਸ ਸਭ ਕੁਝ ਹੁੰਦਿਆਂ ਵੀ ਕੁਝ ਨਾ ਹੋਣ ਦੇ ਬਰਾਬਰ ਹੁੰਦਾ ਹੈ।

# 44

## குற்றம் கடிதல்

## ਦੋਸ਼-ਨਿਵਾਰਣ

**431.** செருக்கும் சினமும் சிறுமையும் இல்லார்
பெருக்கம் பெருமித நீர்த்து.

ਅਭਿਮਾਨ ਕ੍ਰੋਧ ਤੇ ਵਾਸ਼ਨਾ ਤੋਂ ਮੁਕਤ ਸ਼ਾਸਕ ਹਮੇਸ਼ਾ
ਸਰਵ-ਸ੍ਰੇਸ਼ਟ ਹੁੰਦੇ ਹਨ।

**432.** இவறலும் மாண்புஇறந்த மானமும் மாணா
உவகையும் ஏதம் இறைக்கு.

ਕੰਜੂਸੀ ਹੰਕਾਰ ਤੇ ਅਨੁਚਿਤ ਆਨੰਦ ਮਾਨਣ ਦੀ ਰੁਚੀ
ਇਹ ਤਿੰਨੋਂ ਅਵਗੁਣ ਇਕ ਸ਼ਾਸਕ ਲਈ ਕਲੰਕ ਹਨ।

**433.** திணைத்துணையாம் குற்றம் வரினும் பனைத்துணையாக்
கொள்வர் பழிநாணு வார்.

ਬਦਨਾਮੀ ਤੋਂ ਡਰਨ ਵਾਲੇ ਲੋਕ ਆਪਣੇ ਵਲੋਂ ਇਕ ਤਿਲ ਜਿੰਨਾ
ਅਪਰਾਧ ਹੋਣ ਤੇ ਵੀ ਉਸ ਨੂੰ ਖਜੂਰ (ਦੇ ਰੁੱਖ) ਜਿਤਨਾ ਵੱਡਾ ਸਮਝਦੇ ਹਨ।

**434.** குற்றமே காக்க பொருளாக குற்றமே
அற்றம் தரூஉம் பகை.

ਦੋਸ਼ਾਂ ਤੇ ਅਵਗੁਣਾਂ ਤੋਂ ਹਮੇਸ਼ਾ ਸੁਚੇਤ ਰਹਿਣਾ ਚਾਹੀਦਾ ਹੈ
ਕਿਉਂ ਜੋ ਇਹ ਅਪਮਾਨ ਜਨਕ ਸ਼ਤਰੂ ਹਨ।

**435.** வருமுன்னர்க் காவாதான் வாழ்க்கை எரிமுன்னர்
வைத்தூறு போலக் கெடும்.

ਜੋ ਵਿਅਕਤੀ ਸਮੇਂ ਸਿਰ ਆਪਣੇ ਦੋਸ਼ਾਂ ਤੋਂ ਬਚਣ ਦਾ ਉਪਰਾਲਾ ਨਹੀਂ ਕਰਦੇ
ਉਹ ਅੱਗ ਦੇ ਨੇੜੇ ਪਏ ਭੂਸੇ ਦੇ ਢੇਰ ਵਾਂਗ ਨਸ਼ਟ ਹੋ ਜਾਂਦੇ ਹਨ।

**436.** தன்குற்றம் நீக்கிப் பிறர்குற்றம் காண்கிற்பின்
என்குற்ற மாகும் இறைக்கு.

ਜੋ ਸ਼ਾਸਕ ਦੂਜਿਆਂ ਦੇ ਦੋਸ਼ਾਂ ਉਤੇ ਵਿਚਾਰ ਕਰਨ ਤੋਂ ਪਹਿਲਾਂ ਆਪਣੇ
ਦੋਸ਼ਾਂ ਨੂੰ ਦੂਰ ਕਰ ਲਵੇ ਉਹ ਹਮੇਸ਼ਾ ਨਿਰਦੋਸ਼ ਰਹਿੰਦਾ ਹੈ।

**437.** செயற்பால செய்யாது இவறியான் செல்வம்
உயற்பாலது அன்றிக் கெடும்.

ਜੋ ਲੋਭੀ ਸ਼ਾਸਕ ਉਚਿੱਤ ਕੰਮਾਂ ਤੇ ਧੰਨ ਨਹੀਂ ਖਰਚਦਾ ਉਸ ਦਾ
ਧੰਨ ਵਧਣ ਦੀ ਥਾਂ ਦੇਖਦੇ ਹੀ ਦੇਖਦੇ ਨਸ਼ਟ ਹੋ ਜਾਂਦਾ ਹੈ।

**438.** பற்றுள்ளம் என்னும் இவறன்மை எற்றுள்ளும்
எண்ணப் படுவதொன்று அன்று.

ਇਕ ਲੋਭੀ ਵਿਅਕਤੀ ਦੀ ਮੁੱਠੀ ਬੰਦ ਰਖਣ ਵਾਲੀ ਕੰਜੂਸੀ
ਇਕ ਸਾਧਾਰਣ ਦੋਸ਼ ਨਹੀਂ ਸਗੋਂ ਇਕ ਮਹਾਂ ਦੋਸ਼ ਹੈ।

**439.** வியவற்க எஞ்ஞான்றும் தன்னை நயவற்க
நன்றி பயவா வினை.

ਚਾਪਲੂਸੀ ਤੋਂ ਹਮੇਸ਼ਾ ਬਚਣਾ ਚਾਹੀਦਾ ਹੈ।
ਨਿਰਾਰਥਕ ਕੰਮਾਂ ਤੋਂ ਵੀ ਪ੍ਰਹੇਜ਼ ਕਰਨਾ ਚਾਹੀਦਾ ਹੈ।

**440.** காதல காதல் அறியாமை உய்க்கிற்பின்
ஏதில ஏதிலார் நூல்.

ਸ਼ਾਸਕ ਨੂੰ ਆਪਣੀ ਇੱਛਤ ਵਸਤੂ ਦਾ ਪ੍ਰਗਟਾਵਾ ਦੂਜਿਆਂ ਪ੍ਰਤੀ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਕਰਨ ਨਾਲ ਸ਼ਤਰੂ ਦੀਆਂ ਚਾਲਾਂ ਅਸਫ਼ਲ ਹੋ ਜਾਣਗੀਆਂ।

# 45

## பெரியாரைத் துணைக்கோடல்

## ਸ੍ਰੇਸ਼ਟ ਤੇ ਗੁਣੀ ਵਿਅਕਤੀਆਂ ਦੀ ਮਿੱਤ੍ਰਤਾ

**441.** அறன்அறிந்து மூத்த அறிவுடையார் கேண்மை
திறன்அறிந்து தேர்ந்து கொளல்.

ਸ਼ਾਸਕ ਨੂੰ ਚਾਹੀਦਾ ਹੈ ਕਿ ਉਹ ਸ੍ਰੇਸ਼ਟ ਤੇ ਗੁਣੀ ਵਿਅਕਤੀਆਂ ਦੀ ਮਿੱਤ੍ਰਤਾ ਦਾ ਆਦਰ ਕਰੇ ਅਤੇ ਉਹਨਾਂ ਦੇ ਸਲਾਹ ਮਸ਼ਵਰੇ ਤੋਂ ਲਾਭ ਉਠਾਏ।

**442.** உற்றநோய் நீக்கி உறாஅமை முன்காக்கும்
பெற்றியார்ப் பேணிக் கொளல்.

ਸ਼ਾਸਕ ਨੂੰ ਪ੍ਰਬੀਨ ਤੇ ਬੁਧੀਮਾਨ ਵਿਅਕਤੀਆਂ ਦੇ ਸਲਾਹ ਮਸ਼ਵਰੇ ਦਾ ਸਤਿਕਾਰ ਕਰਨਾ ਚਾਹੀਦਾ ਹੈ ਜਿਸ ਨਾਲ ਉਹ ਆਏ ਸੰਕਟਾਂ ਤੋਂ ਬਚ ਸਕੇ ਤੇ ਭਵਿੱਖ ਵਿਚ ਆਉਣ ਵਾਲੀਆਂ ਸਮਸਿਆਵਾਂ ਤੋਂ ਦੂਰ ਰਹਿ ਸਕੇ।

**443.** அரியவற்றுள் எல்லாம் அரிதே பெரியாரைப்
பேணித் தமராக் கொளல்.

ਸ੍ਰੇਸ਼ਟ ਵਿਅਕਤੀਆਂ ਦਾ ਸਨਮਾਨ ਕਰਕੇ ਉਹਨਾਂ ਨੂੰ ਆਪਣਾ ਹਿਤੈਸ਼ੀ ਬਣਾ ਲੈਣਾ ਸੰਸਾਰ ਦੀਆਂ ਦੁਰਲੱਭ ਖੂਬੀਆਂ ਵਿਚੋਂ ਸ੍ਰੇਸ਼ਟ ਹੈ।

**444.** தம்மின் பெரியார் தமரா ஒழுகுதல்
வன்மையுள் எல்லாம் தலை.

ਬੁੱਧੀ ਤੇ ਯੋਗਤਾ ਵਿਚ ਆਪਣੇ ਤੋਂ ਸ੍ਰੇਸ਼ਟ ਵਿਅਕਤੀਆਂ ਨੂੰ ਆਪਣੇ ਮਿੱਤਰ ਤੇ ਹਿਤੈਸ਼ੀ ਬਣਾ ਕੇ ਰਖਣਾ ਸ਼ਾਸਕ ਲਈ ਸਭ ਤੋਂ ਵਡੀ ਸ਼ਕਤੀ ਹੈ।

**445.** சூழ்வார்கண் ணாக ஒழுகலான் மன்னவன்
சூழ்வாரைச் சூழ்ந்து கொளல்.

ਮੰਤ੍ਰੀ ਸ਼ਾਸਕ ਦੀਆਂ ਅੱਖਾਂ ਹੁੰਦੇ ਹਨ ਸੋ ਉਹਨਾਂ ਦੀ ਨਿਯੁੱਕਤੀ ਤੋਂ ਪਹਿਲਾਂ ਉਹਨਾਂ ਦੀ ਯੋਗਤਾ ਤੇ ਗੁਣਾਂ ਦੀ ਚੰਗੀ ਤਰ੍ਹਾਂ ਪਰਖ ਕਰ ਲੈਣੀ ਚਾਹੀਦੀ ਹੈ।

**446.** *தக்கார் இனத்தனாய்த் தான்ஒழுக வல்லானைச்*
*செற்றார் செயக்கிடந்தது இல்.*

ਜਿਸ ਸ਼ਾਸਕ ਪਾਸ ਸੁਯੋਗ ਤੇ ਵਿਸ਼ਵਾਸ਼ ਯੋਗ ਮੰਤ੍ਰੀ ਹਨ ਅਤੇ ਉਹ ਉਹਨਾਂ ਦੀ ਸਲਾਹ ਅਨੁਸਾਰ ਚਲਦਾ ਹੈ ਉਸ ਨੂੰ ਉਸ ਦੇ ਦੁਸ਼ਮਨਾਂ ਦੁਆਰਾ ਕੋਈ ਨੁਕਸਾਨ ਨਹੀਂ ਪਹੁੰਚ ਸਕਦਾ।

**447.** *இடிக்கும் துணையாரை ஆள்வாரை யாரே*
*கெடுக்கும் தகைமை யவர்*

ਜਿਸ ਸ਼ਾਸਕ ਨੂੰ ਉਸ ਦੇ ਮੰਤ੍ਰੀਆਂ ਵਲੋਂ ਸਮੇਂ ਸਮੇਂ ਠੀਕ ਸਲਾਹ ਮਸ਼ਵਰਾ ਮਿਲਦਾ ਰਹੇ ਬਲਵਾਨ ਸ਼ਤਰੂ ਵੀ ਉਸ ਦਾ ਕੁਝ ਨਹੀਂ ਵਿਗਾੜ ਸਕਦੇ।

**448.** *இடிப்பாரை இல்லாத ஏமரா மன்னன்*
*கெடுப்பார் இலானும் கெடும்.*

ਸੁਚੇਤ ਕਰਨ ਵਾਲੇ ਆਲੋਚਕ-ਮਿੱਤਰ ਤੇ ਮੰਤ੍ਰੀ ਜਿਸ ਸ਼ਾਸਕ ਦੇ ਪਾਸ ਨਹੀਂ ਹਨ ਉਹ ਸ਼ਾਸਕ ਆਪਣੇ ਆਪ ਅਧੋਗਤੀ ਵਲ ਚਲਾ ਜਾਂਦਾ ਹੈ ਉਸ ਨੂੰ ਨਸ਼ਟ ਕਰਨ ਲਈ ਕਿਸੇ ਬਾਹਰਲੇ ਸ਼ਤਰੂ ਦੀ ਆਵੱਸ਼ਕਤਾ ਨਹੀਂ।

**449.** *முதல்இலார்க்கு ஊதியம் இல்லை மதலையாம்*
*சார்புஇலார்க்கு இல்லை நிலை.*

ਜਿਵੇਂ ਜਿਸ ਦੇ ਪਾਸ ਪੂੰਜੀ ਨਹੀਂ ਹੁੰਦੀ ਉਸ ਨੂੰ ਕੋਈ ਲਾਭ ਨਹੀਂ ਮਿਲ ਸਕਦਾ ਇਸੇ ਤਰ੍ਹਾਂ ਚੰਗੇ ਮਿਤ੍ਰਾਂ ਤੇ ਸਲਾਹਕਾਰਾਂ ਤੋਂ ਬਿਨਾਂ ਕੋਈ ਸ਼ਾਸਕ ਕਦੇ ਸਥਿਰਤਾ ਪ੍ਰਾਪਤ ਨਹੀਂ ਕਰ ਸਕਦਾ।

**450.** *பல்லார் பகைகொளலின் பத்தடுத்த தீமைத்தே*
*நல்லார் தொடர்கை விடல்.*

ਚੰਗੇ ਸਿਆਣੇ ਮੰਤ੍ਰੀਆਂ ਤੇ ਮਿੱਤ੍ਰਾਂ ਨੂੰ ਨਾ ਗੌਲਣਾ ਅਨੇਕ ਸ਼ਤਰੂਆਂ ਦਾ ਵੈਰ ਵਿਰੋਧ ਸਹੇੜਣ ਤੋਂ ਦਸ ਗੁਣਾਂ ਵਧੇਰੇ ਹਾਨੀਕਾਰਕ ਹੈ।

# 46

## சிற்றினம் சேராமை
## ਕੁਸੰਗਤ ਨਾ ਕਰਨਾ

**451.** *சிற்றினம் அஞ்சும் பெருமை சிறுமைதான்*
*சுற்றமாச் சூழ்ந்து விடும்.*

ਸ੍ਰੇਸ਼ਟ ਲੋਕ ਕੁਸੰਗਤ ਤੋਂ ਡਰਦੇ ਹਨ ਪ੍ਰੰਤੂ ਨੀਚ ਲੋਕ
ਦੁਰਜਨਾਂ ਦੀ ਸੰਗਤ ਵਿਚ ਪ੍ਰਸੰਨ ਹੁੰਦੇ ਹਨ।

**452.** *நிலத்துஇயல்பால் நீர்திரிந்து அற்றாகும் மாந்தர்க்கு*
*இனத்துஇயல்பது ஆகும் அறிவு.*

ਜਿਵੇਂ ਭੂਮੀ ਦੀ ਪ੍ਰਕਿਰਤੀ ਅਨੁਸਾਰ (ਉਸ ਵਿਚ ਵਗਣ ਵਾਲੇ) ਜਲ ਵਿਚ ਪ੍ਰੀਵਰਤਨ
ਆ ਜਾਂਦਾ ਹੈ
ਇਵੇਂ ਹੀ ਮਨੁੱਖ ਵੀ ਆਪਣੀ ਸੰਗਤ ਦੇ ਗੁਣਾਂ ਅਨੁਸਾਰ ਪ੍ਰੀਵਰਤਿਤ ਹੁੰਦਾ ਹੈ।

**453.** *மனத்தான்ஆம் மாந்தர்க்கு உணர்ச்சி இனத்தான்ஆம்*
*இன்னான் எனப்படும் சொல்.*

ਮਨੁੱਖ ਦੇ ਮਨ ਦੇ ਅਨੁਸਾਰ ਹੀ ਉਸ ਦੀ ਮੱਤ ਬਣਦੀ ਹੈ ਪ੍ਰੰਤੂ ਉਸ ਦਾ ਚ੍ਰਿੱਤਰ
ਆਪਣੇ ਮਿੱਤ੍ਰਾਂ ਤੇ ਸਾਥੀਆਂ ਤੋਂ ਪ੍ਰਭਾਵਿਤ ਹੁੰਦਾ ਹੈ।

**454.** *மனத்து உளதுபோலக் காட்டி ஒருவற்கு*
*இனத்துஉள தாகும் அறிவு.*

ਪ੍ਰਤੀਤ ਹੁੰਦਾ ਹੈ ਕਿ ਮਨੁੱਖ ਦੀ ਮੱਤ ਉਸ ਦੇ ਮਨ ਦੇ ਅਨੁਸਾਰ ਬਣਦੀ ਹੈ।
ਪ੍ਰੰਤੂ ਵਾਸਤਵ ਵਿਚ ਸੰਗੀਆਂ ਸਾਥੀਆਂ ਦੇ ਪ੍ਰਭਾਵ ਅਨੁਸਾਰ ਇਹ ਆਪਣਾ
ਅਸਲੀ ਰੂਪ ਗੰਵਾ ਲੈਂਦੀ ਹੈ।

**455.** *மனம்தூய்மை செய்வினை தூய்மை இரண்டும்*
*இனந்தூய்மை தூவா வரும்.*

ਮਨ ਦੀ ਸ਼ੁੱਧਤਾ ਤੇ ਆਚਰਣ ਦੀ ਪਵਿਤ੍ਰਤਾ ਦੋਨੋਂ ਹੀ
ਪਾਵਨ ਸਤਿਸੰਗ ਤੋਂ ਉਤਪੰਨ ਹੁੰਦੇ ਹਨ।

**456.** *மனம்தூயார்க்கு எச்சம்நன் றாகும் இனம்தூயார்க்கு*
*இல்லைநன்று ஆகா வினை.*

ਪਵਿੱਤਰ ਮਨ ਵਾਲਿਆਂ ਦੀ ਸੰਤਾਨ ਵੀ ਚੰਗੀ ਹੁੰਦੀ ਹੈ ਅਤੇ
ਉੱਤਮ ਸਤਿਸੰਗ ਵਾਲਿਆਂ ਤੋਂ ਕੋਈ ਵੀ ਅਸ਼ੁਭ ਕਾਰਜ ਨਹੀਂ ਹੁੰਦਾ।

**457.** மனநலம் மன்னுயிர்க்கு ஆக்கம் இனநலம்
எல்லாப் புகழும் தரும்.

ਮਨ ਦੀ ਪਵਿੱਤ੍ਰਤਾ ਨਾਲ ਸੰਪਤੀ ਵਿਚ ਵਾਧਾ ਹੁੰਦਾ ਹੈ ਤੇ ਚੰਗੇ
ਲੋਕਾਂ ਦੀ ਸੰਗਤ ਨਾਲ ਗੌਰਵ ਤੇ ਯੱਸ਼ ਵਿਚ ਵਾਧਾ ਹੁੰਦਾ ਹੈ।

**458.** மனநலம் நன்குஉடைய ராயினும் சான்றோர்க்கு
இனநலம் ஏமாப்பு உடைத்து.

ਮਨ ਪੂਰਨ ਭਾਂਤ ਪਵਿੱਤਰ ਹੋਣ ਤੇ ਵੀ ਸਤਿਸੰਗਤ ਬੁਧੀਮਾਨ ਲਈ
ਵਿਸ਼ੇਸ਼ ਰੂਪ ਵਿਚ ਸਹਾਇਕ ਹੁੰਦੀ ਹੈ।

**459.** மனநலத்தின் ஆகும் மறுமைமற் றஃதும்
இனநலத்தின் ஏமாப் புடைத்து.

ਮਨ ਦੀ ਪਵਿੱਤ੍ਰਤਾ ਨਾਲ ਸਾਡਾ ਭਵਿੱਖ ਆਨੰਦਮਈ ਬਣਦਾ ਹੈ ਤੇ
ਉੱਤਮ ਲੋਕਾਂ ਦੀ ਸੰਗਤ ਉਸ ਆਨੰਦ ਵਿਚ ਹੋਰ ਵਾਧਾ ਕਰਦੀ ਹੈ।

**460.** நல்லினத்தின் ஊங்கும் துணையில்லை தீயினத்தின்
அல்லற் படுப்பதூஉம் இல்.

ਸਤਿਸੰਗਤ ਤੋਂ ਵਧ ਕੇ ਵਧੀਆ ਸਹਾਇਕ ਹੋਰ ਕੋਈ ਨਹੀਂ।
ਕੁਸੰਗਤ ਤੋਂ ਵਧ ਕੇ ਦੁਖਦਾਇਕ ਸ਼ਤਰੂ ਵੀ ਹੋਰ ਕੋਈ ਨਹੀਂ।

# 47

## தெரிந்து செயல்வகை
## ਸੋਚ ਸਮਝ ਕੇ ਕੰਮ ਕਰਨਾ

**461.** அழிவதூஉம் ஆவதூஉம் ஆகி வழிபயக்கும்
ஊதியமும் சூழ்ந்து செயல்.

ਕੋਈ ਵੀ ਕੰਮ ਕਰਨ ਤੋਂ ਪਹਿਲਾਂ ਉਸ ਦੇ ਸਾਰੇ ਪੱਖਾਂ ਬਾਰੇ-ਜਿਵੇਂ ਉਸ ਤੋਂ
ਹੋਣ ਵਾਲਾ ਲਾਭ ਹਾਨੀ ਤੇ ਉਪਲੱਭਦੀ ਆਦਿਕ ਸੰਬੰਧੀ ਵਿਚਾਰ ਕਰਨ
ਤੋਂ ਬਾਅਦ ਹੀ ਕੰਮ ਸ਼ੁਰੂ ਕਰੋ।

**462.** தெரிந்த இனத்தொடு தேர்ந்துஎண்ணிச் செய்வார்க்கு
அரும்பொருள் யாதொன்றும் இல்.

ਜੋ ਵਿਅਕਤੀ ਆਪਣੇ ਸਿਆਣੇ ਮਿੱਤ੍ਰਾਂ ਦੀ ਸਲਾਹ ਮਸ਼ਵਰੇ ਅਨੁਸਾਰ ਤੇ
ਆਪਣੇ ਵਿਵੇਕ ਅਨੁਸਾਰ ਕੰਮ ਕਰਦਾ ਹੈ ਇਸ ਸੰਸਾਰ ਵਿਚ ਉਸ ਲਈ
ਕੋਈ ਵੀ ਕੰਮ ਕਠਨ ਨਹੀਂ ਰਹਿੰਦਾ।

**463.** ஆக்கம் கருதி முதல்இழக்கும் செய்வினை
ஊக்கார் அறிவுடை யார்.

ਸਿਆਣੇ ਲੋਕ ਲਾਭ ਦੇ ਲਾਲਚ ਵਿਚ ਆ ਕੇ ਅਜਿਹਾ ਕੋਈ ਕੰਮ ਨਹੀਂ ਕਰਦੇ ਜਿਸ ਨਾਲ ਉਹਨਾਂ ਦੀ ਪੂੰਜੀ ਹੀ ਨਸ਼ਟ ਹੋ ਜਾਏ।

**464.** தெளிவு இலதனைத் தொடங்கார் இளிவுஎன்னும்
ஏதப்பாடு அஞ்சு பவர்.

ਜੋ ਲੋਕ ਤ੍ਰਿਸਕਾਰ ਤੇ ਨਿੰਦਾ ਤੋਂ ਡਰਦੇ ਹਨ ਉਹ ਕੋਈ ਵੀ ਅਜਿਹਾ ਕੰਮ ਆਰੰਭ ਨਹੀਂ ਕਰਦੇ ਜਿਸ ਬਾਰੇ ਪਹਿਲਾਂ ਉਹਨਾਂ ਵਿਚਾਰ ਨਾ ਕੀਤੀ ਹੋਵੇ।

**465.** வகையறச் சூழாது எழுதல் பகைவரைப்
பாத்திப் படுப்பதோர் ஆறு.

ਵੱਖ-2 ਪ੍ਰਸਥਿਤੀਆਂ ਬਾਰੇ ਵਿਚਾਰ ਕੀਤੇ ਬਿਨਾ ਕਿਸੇ ਰਾਜੇ ਵਲੋਂ ਆਕ੍ਰਮਣ ਕਰਨਾ ਸ਼ਤਰੂ ਨੂੰ ਆਪਣੀ ਧਰਤੀ ਉਤੇ ਪੱਕੇ ਪੈਰ ਜਮਾਣ ਲਈ ਬੁਲਾਣਾ ਹੈ।

**466.** செய்தக்க அல்ல செயக்கெடும் செய்தக்க
செய்யாமை யானும் கெடும்.

ਅਨੁਚਿੱਤ ਕੰਮ ਕਰਨਾ ਵਿਨਾਸ਼ਕਾਰੀ ਹੁੰਦਾ ਹੈ ਤੇ ਉਚਿੱਤ ਕੰਮ ਨਾ ਕਰਨਾ ਵੀ ਉਤਨਾ ਹੀ ਘਾਤਕ ਹੈ।

**467.** எண்ணித் துணிக கருமம் துணிந்தபின்
எண்ணுவம் என்பது இழுக்கு.

ਕਿਸੇ ਕੰਮ ਵਿਚ ਪੈਣ ਤੋਂ ਪਹਿਲਾਂ ਉਸ ਦੇ ਵੱਖ-2 ਪਹਿਲੂਆਂ ਬਾਰੇ ਵਿਚਾਰ ਕਰਨੀ ਜ਼ਰੂਰੀ ਹੈ। ਕੰਮ ਸ਼ੁਰੂ ਕਰਨ ਤੋਂ ਪਿਛੋਂ ਉਸ ਬਾਰੇ ਵਿਚਾਰ ਕਰਨੀ ਬਿਰਥੀ ਹੈ।

**468.** ஆற்றின் வருந்தா வருத்தம் பலர்நின்று
போற்றினும் பொத்துப் படும்.

ਜੋ ਕੰਮ ਸੋਚੇ ਸਮਝੇ ਢੰਗ ਨਾਲ ਨਾ ਆਰੰਭ ਕੀਤਾ ਗਿਆ ਹੋਵੇ ਉਸ ਦਾ ਅਸਫ਼ਲ ਹੋਣਾ ਨਿਸ਼ਚਿਤ ਹੈ ਭਾਵੇਂ ਕਿ ਉਸ ਦੀ ਸਹਾਇਤਾ ਲਈ ਅਨੇਕ ਲੋਕ ਵੀ ਅਗੇ ਆ ਜਾਣ।

**469.** நன்றுஆற்ற லுள்ளும் தவறுஉண்டு அவரவர்
பண்பறிந்து ஆற்றாக் கடை.

ਬਾਕਾਇਦਾ ਯੋਜਨਾ ਬਣਾ ਕੇ ਕੀਤਾ ਗਿਆ ਕੋਈ ਕੰਮ ਵੀ ਅਸਫ਼ਲ ਹੋ ਸਕਦਾ ਹੈ ਜੇ ਉਸ ਨੂੰ ਸਿਰੇ ਚੜ੍ਹਾਣ ਵਾਲੇ ਵਿਅਕਤੀਆਂ ਦੀ ਪ੍ਰਕ੍ਰਿਤੀ ਦੇ ਅਨੁਸਾਰ ਨਹੀਂ ਹੋਵੇਗਾ ਤਾਂ।

**470.** எள்ளாத எண்ணிச் செயல்வேண்டும் தம்மொடு
கொள்ளாத கொள்ளாது உலகு.

ਲੋਕਾਂ ਦੇ ਅਨੁਕੂਲ ਕੰਮ ਕਰੋ ਕਿਉਂ ਜੋ ਆਪਣੇ ਤੋਂ ਪ੍ਰਤੀਕੂਲ ਕੰਮ ਨੂੰ ਲੋਕ ਸਵੀਕਾਰ ਨਹੀਂ ਕਰਦੇ ਸਗੋਂ ਉਸ ਦਾ ਉਪਹਾਸ ਉਡਾਂਦੇ ਹਨ।

# 48

## வலி அறிதல்

## ਆਪਣੀ ਸਮੱਰਥਾ ਦਾ ਗਿਆਨ

**471.** வினைவலியும் தன்வலியும் மாற்றான் வலியும்
துணைவலியும் தூக்கிச் செயல்.

ਕਿਸੇ ਕਾਰਜ (ਯੁੱਧ) ਨੂੰ ਆਰੰਭ ਕਰਨ ਤੋਂ ਪਹਿਲਾਂ (ਸ਼ਾਸਕ ਨੂੰ) ਉਸ ਕਾਰਜ ਦੇ ਬੋਝ ਉਸ ਪ੍ਰਤੀ ਆਪਣੀ ਸਮੱਰਥਾ ਸ਼ਤਰੂ ਦਾ ਬਲ ਉਸ ਦੇ ਆਪਣੇ ਮਿੱਤ੍ਰਾਂ ਦੀ ਸ਼ਕਤੀ ਆਦਿਕ ਨੂੰ ਭਲੀ ਭਾਂਤ ਜਾਂਚ ਲੈਣਾ ਚਾਹੀਦਾ ਹੈ। ਕੇਵਲ ਉਸ ਦੇ ਬਾਦ ਹੀ ਕਾਰਜ ਨੂੰ ਆਰੰਭ ਕਰਨਾ ਉਚਿੱਤ ਹੈ।

**472.** ஒல்வது அறிவது அறிந்ததன் கண்தங்கிச்
செல்வார்க்குச் செல்லாதது இல்.

ਕਿਸੇ ਕਾਰਜ (ਯੁੱਧ) ਵਿਚ ਪ੍ਰਵ੍ਰਿਤ ਹੋਣ ਤੋਂ ਪਹਿਲਾਂ ਸ਼ਾਸਕ ਉਸ ਕਾਰਜ ਲਈ ਆਪਣੀ ਸ਼ਕਤੀ ਆਪਣੀ ਸਮੱਰਥਾ ਨੂੰ ਚੰਗੀ ਤਰ੍ਹਾਂ ਜਾਂਚ ਲਵੇ ਫਿਰ ਆਪਣਾ ਪੂਰਾ ਧਿਆਨ ਉਸ ਵਿਚ ਕੇਂਦ੍ਰਿਤ ਕਰ ਲਵੇ ਤਾਂ ਕੁਝ ਵੀ ਅਸੰਭਵ ਨਹੀਂ ਹੋਵੇਗਾ।

**473.** உடைத்தம் வலிஅறியார் ஊக்கத்தின் ஊக்கி
இடைக்கண் முரிந்தார் பலர்.

ਅਜਿਹੇ ਕਈ ਸ਼ਾਸਕ ਹੋਏ ਹਨ ਜੋ ਆਪਣੀ ਸ਼ਕਤੀ ਤੇ ਸਮੱਰਥਾ ਦੀਆਂ ਸੀਮਾਵਾਂ ਉਪਰ ਵਿਚਾਰ ਕਰਨ ਤੋਂ ਬਿਨਾਂ ਹੀ ਉਤਸ਼ਾਹ ਤੇ ਵੇਗ ਵਿਚ ਆ ਕੇ ਯੁੱਧ ਛੇੜ ਬੈਠਦੇ ਹਨ। ਇਸ ਕਾਰਨ ਉਹਨਾਂ ਨੂੰ ਮੂੰਹ ਦੀ ਖਾਣੀ ਪੈਂਦੀ ਹੈ।

**474.** அமைந்தாங்கு ஒழுகான் அளவுஅறியான் தன்னை
வியந்தான் விரைந்து கெடும்.

ਜੋ ਸ਼ਾਸਕ ਆਪਣੀ ਸ਼ਕਤੀ ਦੇ ਝੂਠੇ ਗੌਰਵ ਵਿਚ ਗੁਆਂਢੀ ਦੇਸ਼ਾਂ ਨਾਲ ਵਿਰੋਧ ਮੁੱਲ ਲੈ ਲੈਂਦਾ ਹੈ ਉਹ ਛੇਤੀ ਹੀ ਤਬਾਹ ਹੋ ਜਾਂਦਾ ਹੈ।

**475.** பீலிபெய் சாகாடும் அச்சுஇறும் அப்பண்டம்
சால மிகுத்துப் பெயின்.

ਭਾਵੇਂ ਹਲਕੇ ਮੋਰ ਦੇ ਖੰਭ ਹੀ ਕਿਉਂ ਨਾ ਹੋਣ ਜੇ ਗੱਡੀ ਵਿਚ ਵਡੀ ਮਾਤ੍ਰਾ ਵਿਚ ਲੱਦ ਦਿਤੇ ਜਾਣ ਤਾਂ ਉਸ ਦਾ ਧੁਰਾ ਟੁੱਟ ਸਕਦਾ ਹੈ ਕਿਉਂ ਜੋ ਹਰ ਚੀਜ਼ ਦੀ ਇਕ ਸੀਮਾ ਹੁੰਦੀ ਹੈ।

**476.** நுனிக்கொம்பர் ஏறினார் அஃதுஇறந்து ஊக்கின்
உயிர்க்குஇறுதி யாகி விடும்.

ਕਿਸੇ ਰੁੱਖ ਦੀ ਸਭ ਤੋਂ ਉੱਚੀ ਸ਼ਾਖ ਉਤੇ ਪਹੁੰਚਣ ਉਪ੍ਰੰਤ ਜੇ ਕੋਈ ਜੋਸ਼ ਵਿਚ ਆ ਕੇ ਹੋਰ ਉਤੇ ਚੜ੍ਹਨ ਦੀ ਤਾਂਘ ਕਰੇ ਤਾਂ ਉਸ ਨੂੰ ਆਪਣੇ ਪ੍ਰਾਣਾਂ ਤੋਂ ਹੱਥ ਧੋਣਾ ਪੈ ਸਕਦਾ ਹੈ।

**477.** ஆற்றின் அளவறிந்து ஈக அதுபொருள்
போற்றி வழங்கும் நெறி.

ਮਨੁੱਖ ਨੂੰ ਦਾਨ ਦੇਣ ਦੀ ਆਪਣੀ ਸੀਮਾਂ ਨੂੰ ਸਮਝ ਲੈਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਉਹ ਆਪਣੀ ਸੰਪਤੀ ਨੂੰ ਸੰਭਾਲਦੇ ਹੋਏ ਨਿਰੰਤਰ ਦਾਨ ਦੇਣ ਦੀ ਸਥਿੱਤੀ ਵਿਚ ਰਹਿ ਸਕਦਾ ਹੈ।

**478.** ஆகுஆறு அளவுஇட்டிது ஆயினும் கேடுஇல்லை
போகுஆறு அகலாக் கடை.

ਭਾਵੇਂ ਆਮਦਨ ਦਾ ਸ੍ਰੋਤ ਸੀਮਿਤ ਹੀ ਹੋਵੇ ਜੇ ਕਿਸੇ ਵਿਅਕਤੀ ਦਾ ਖਰਚਾ ਆਮਦਨ ਤੋਂ ਵਧੇਰੇ ਨਹੀਂ ਤਾਂ ਉਸ ਨੂੰ ਕੋਈ ਨੁਕਸਾਨ ਨਹੀਂ ਹੋ ਸਕਦਾ।

**479.** அளவுஅறிந்து வாழாதான் வாழ்க்கை உளபோல
இல்லாகித் தோன்றாக் கெடும்.

ਜੋ ਆਪਣੀ ਆਮਦਨ ਦੇਖ ਕੇ ਗੁਜ਼ਾਰਾ ਨਹੀਂ ਕਰਦਾ ਉਹ ਭਾਵੇਂ ਰੱਜਿਆ ਪੁੱਜਿਆ ਦਿਖਾਈ ਦੇਵੇ ਉਸ ਦੀ ਸਥਿਤੀ ਹੌਲੀ-ਹੌਲੀ ਵਿਗੜਦੀ ਜਾਏਗੀ ਤੇ ਅੰਤ ਨੂੰ ਉਸ ਦੀ ਦੁਰਦਸ਼ਾ ਹੋ ਸਕਦੀ ਹੈ।

**480.** உளவரை தூக்காத ஒப்புரவு ஆண்மை
வளவரை வல்லைக் கெடும்.

ਜੋ ਵਿਅਕਤੀ ਆਪਣੀ ਸਮ੍ਰੱਥਾ ਤੋਂ ਵਧ ਕੇ ਦਾਨ ਦੇਂਦਾ ਹੈ ਤੇ ਅਸੰਤੁਲਿਤ ਢੰਗ ਨਾਲ ਧੰਨ ਨੂੰ ਖਰਚਦਾ ਹੈ ਉਸ ਨੂੰ ਆਪਣੀ ਸੰਪਤੀ ਤੋਂ ਹੱਥ ਧੋਣੇ ਪੈਣਗੇ।

# 49

## காலம் அறிதல்

## ਸਮੇਂ ਦਾ ਗਿਆਨ

**481.** பகல்வெல்லும் கூகையைக் காக்கை இகல்வெல்லும்
வேந்தர்க்கு வேண்டும் பொழுது.

ਦਿਨ ਦੇ ਚਾਨਣੇ ਵਿਚ ਕਾਂ (ਆਪਣੇ ਤੋਂ ਤਕੜੇ) ਉੱਲੂ ਨੂੰ ਜਿੱਤ ਲੈਂਦਾ ਹੈ। ਇਵੇਂ ਹੀ ਦੁਸ਼ਮਨ ਉਤੇ ਵਿਜੈ ਪ੍ਰਾਪਤ ਕਰਨ ਦੀ ਇੱਛਿਆ ਰਖਣ ਵਾਲੇ ਰਾਜੇ ਨੂੰ ਠੀਕ ਸਮੇਂ ਦੀ ਉਡੀਕ ਕਰਨੀ ਚਾਹੀਦੀ ਹੈ।

**482.** பருவத்தோடு ஒட்ட ஒழுகல் திருவினைத்
தீராமை ஆர்க்கும் கயிறு.

ਠੀਕ ਸਮਾਂ ਦੇਖ ਕੇ ਕਾਰਜ (ਯੁੱਧ) ਆਰੰਭ ਕਰਨਾ (ਰਾਜੇ ਨੂੰ) ਸਫਲਤਾ ਦੀ ਡੋਰੀ ਨਾਲ ਬੰਨ੍ਹਣ ਵਾਲਾ ਹੁੰਦਾ ਹੈ।

**483.** அருவினை என்ப உளவோ கருவியான்
காலம் அறிந்து செயின்.

ਜੋ ਵਿਅਕਤੀ (ਰਾਜਾ) ਠੀਕ ਸਥਾਨ ਠੀਕ ਮੌਕੇ ਤੇ ਉਚਿੱਤ ਸਾਧਨਾਂ ਨਾਲ ਕਾਰਜ (ਯੁੱਧ) ਕਰਦਾ ਹੈ ਉਸ ਲਈ ਸੰਸਾਰ ਵਿਚ ਕੁਝ ਵੀ ਅਸੰਭਵ ਨਹੀਂ।

**484.** ஞாலம் கருதினும் கைகூடும் காலம்
கருதி இடத்தால் செயின்.

ਠੀਕ ਸਥਾਨ ਤੇ ਸਹੀ ਸਮੇਂ ਤੇ ਕੰਮ ਕੀਤਾ ਜਾਵੇ ਤਾਂ ਮਨੁਖ (ਰਾਜਾ) ਸੰਸਾਰ ਨੂੰ ਵੀ ਜਿੱਤ ਸਕਦਾ ਹੈ।

**485.** காலம் கருதி இருப்பர் கலங்காது
ஞாலம் கருது பவர்.

ਵਿਜੈ ਪ੍ਰਾਪਤ ਕਰਨ ਦਾ ਇਰਾਦਾ ਹੈ ਤਾਂ ਠੀਕ ਸਮੇਂ ਦੀ ਉਡੀਕ ਕਰਦੇ ਹੋਏ ਸ਼ਾਂਤ ਹੋ ਕੇ ਬੈਠੇ ਰਹੋ ਤੇ ਠੀਕ ਸਮਾਂ ਆਉਂਦੇ ਸਾਰ ਮਨੋਰਥ ਪ੍ਰਾਪਤੀ ਲਈ ਕੁੱਦ ਪਵੋ।

**486.** ஊக்கம் உடையான் ஒடுக்கம் பொருதகர்
தாக்கற்குப் பேரும் தகைத்து.

ਸਮ੍ਰੱਥਾ ਤੇ ਉਤਸ਼ਾਹ ਰੱਖਣ ਵਾਲੇ ਵਿਅਕਤੀ ਨੂੰ ਉਸੇ ਤਰ੍ਹਾਂ ਸੰਜਮ ਨਾਲ ਉਡੀਕਣਾ ਚਾਹੀਦਾ ਹੈ ਜਿਵੇਂ ਭੇਡੂ ਮਾਰੂ ਹਮਲਾ ਕਰਨ ਤੋਂ ਪਹਿਲਾ ਪਿੱਛੇ ਹੱਟ ਜਾਂਦਾ ਹੈ।

**487.** பொள்ளென ஆங்கே புறம்வேரார் காலம்பார்த்து
உள்வேர்ப்பர் ஒள்ளி யவர்.

ਸਿਆਣੇ ਲੋਕ ਕ੍ਰੋਧ ਆਉਣ ਤੇ ਜੋਸ਼ ਵਿਚ ਆ ਕੇ ਉਸ ਨੂੰ ਪ੍ਰਗਟ ਨਹੀਂ ਕਰਦੇ ਸਗੋਂ ਠੀਕ ਸਮਾਂ ਆਉਣ ਤਕ ਕ੍ਰੋਧ ਦੀ ਭੜਕਦੀ ਜਵਾਲਾ ਨੂੰ ਆਪਣੇ ਅੰਦਰ ਲੁਕਾਈ ਰਖਦੇ ਹਨ।

**488.** செறுநரைக் காணின் சுமக்க இறுவரை
காணின் கிழக்காம் தலை.

ਦੁਸ਼ਮਣ ਸਾਹਮਣੇ ਆ ਜਾਏ ਤਾਂ ਜੋ ਬੁਧੀਮਾਨ ਰਾਜੇ ਨਿਮ੍ਰਤਾ ਸਹਿਤ ਉਸ ਦਾ ਆਦਰ ਸਨਮਾਨ ਕਰਦੇ ਹਨ ਉੱਚਿਤ ਸਮਾਂ ਆਉਣ ਤੇ ਦੁਸ਼ਮਣ ਨੂੰ ਸਿਰ ਦੇ ਭਾਰ ਸੁੱਟ ਦੇਣਾ ਉਹਨਾਂ ਲਈ ਖੱਬੇ ਹੱਥ ਦੀ ਖੇਡ ਹੁੰਦੀ ਹੈ।

**489.** எய்தற்கு அரியது இயைந்தக்கால் அந்நிலையே
செய்தற்கு அரிய செயல்.

ਦੁਰਲੱਭ ਸਮਾਂ ਆਉਣ ਤੇ ਸਿਆਣੇ ਲੋਕ ਫੁਰਤੀ ਨਾਲ ਅਮਲ ਕਰਕੇ ਆਪਣੇ ਮਨੋਰਥ ਦੀ ਸਿੱਧੀ ਕਰ ਲੈਂਦੇ ਹਨ।

**490.** கொக்குஒக்க கூம்பும் பருவத்து மற்றுஅதன்
குத்துஒக்க சீர்த்த இடத்து.

ਠੀਕ ਸਮਾਂ ਆਉਣ ਤਕ ਸੰਜਮ ਕਰਨਾ ਪਵੇ ਤਾਂ ਬਗਲੇ ਵਾਂਗ ਇਕਸਾਰ ਧੀਰਜ ਪੂਰਬਕ ਖੜੇ ਰਹਿਣਾ ਚਾਹੀਦਾ ਹੈ ਤੇ ਅਨੁਕੂਲ ਸਮਾਂ ਆਉਣ ਤੇ ਇਕ ਦਮ ਵਾਰ ਕਰ ਦੇਣਾ ਚਾਹੀਦਾ ਹੈ।

# 50

## இடன் அறிதல்
## ਅਨੁਕੂਲ ਸਥਾਨ ਦੀ ਚੋਣ

**491.** தொடங்கற்க எவ்வினையும் எள்ளற்க முற்றும்
இடம்கண்ட பின்அல் லது.

ਜਦੋਂ ਤਕ ਹਮਲੇ ਲਈ ਅਨੁਕੂਲ ਸਥਾਨ ਦੀ ਚੋਣ ਨਾ ਕਰ ਲਵੋ ਦੁਸ਼ਮਨ ਦਾ ਤ੍ਰਿਸਕਾਰ ਨਾ ਕਰੋ ਤੇ ਨਾ ਹੀ ਉਸ ਉਤੇ ਹਮਲੇ ਦੀ ਕਾਰਵਾਈ ਕਰੋ।

**492.** முரண்சேர்ந்த மொய்ம்பி னவர்க்கும் அரண்சேர்ந்துஆம்
ஆக்கம் பலவும் தரும்.

ਸ਼ਕਤੀਸ਼ਾਲੀ ਰਾਜਿਆਂ ਲਈ ਵੀ ਕਿਲ੍ਹਾ ਬਹੁਤ ਉਪਯੋਗੀ ਤੇ ਲਾਭਕਾਰੀ ਹੁੰਦਾ ਹੈ।

**493.** *ஆற்றாரும் ஆற்றி அடுப இடன்அறிந்து*
*போற்றார்கண் போற்றிச் செயின்.*

ਯੁੱਧ ਦੀ ਦ੍ਰਿਸ਼ਟੀ ਤੋਂ ਮਹੱਤਵ ਰੱਖਣ ਵਾਲੇ ਉੱਚੇ ਸਥਾਨ ਜਾਂ ਕਿਲ੍ਹੇ ਦੀ ਚੋਣ ਕਰ ਲੈਣ ਨਾਲ ਨਿਰਬਲ ਰਾਜਾ ਵੀ ਸ਼ਕਤੀਸ਼ਾਲੀ ਹੋ ਜਾਂਦਾ ਹੈ ਤੇ ਸਫਲਤਾ ਪ੍ਰਾਪਤ ਕਰਦਾ ਹੈ।

**494.** *எண்ணியார் எண்ணம் இழப்பர் இடன்அறிந்து*
*துன்னியார் துன்னிச் செயின்.*

ਜੇ ਸ਼ਤਰੂ ਦੇ ਨੇੜੇ ਪਹੁੰਚਣ ਲਈ ਉਚਿੱਤ ਸਥਾਨ ਚੁਣ ਕੇ ਮੋਰਚਾ ਜਮਾ ਲਿਆ ਜਾਵੇ ਤਾਂ ਸਫਲਤਾ ਦਾ ਸੁਪਨਾ ਦੇਖਣ ਵਾਲਾ ਸ਼ਤਰੂ ਆਪਣੇ ਵਿਚਾਰ ਛੱਡ ਜਾਂਦਾ ਹੈ।

**495.** *நெடும்புனலுள் வெல்லும் முதலை அடும்புனலின்*
*நீங்கின் அதனைப் பிற.*

ਡੂੰਘੇ ਪਾਣੀ ਵਿਚ ਮਗਰ ਮੱਛ ਵੱਡਾ ਸ਼ਕਤੀਸ਼ਾਲੀ ਹੁੰਦਾ ਹੈ ਪ੍ਰੰਤੂ ਪਾਣੀ ਤੋਂ ਬਾਹਰ ਆ ਜਾਣ ਤੇ ਦੂਸਰੇ ਜੀਵ ਉਸ ਉਤੇ ਹਾਵੀ ਹੋ ਜਾਂਦੇ ਹਨ।

**496.** *கடல்ஓடா கால்வல் நெடுந்தேர் கடல்ஓடும்*
*நாவாயும் ஓடா நிலத்து.*

ਮਜ਼ਬੂਤ ਪਹੀਆਂ ਵਾਲੇ ਰੱਥ ਸਮੁੰਦਰ ਵਿਚ ਨਹੀਂ ਚਲ ਸਕਦੇ।
ਵਿਸ਼ਾਲ ਸਾਗਰ ਵਿਚ ਸ਼ਾਨ ਨਾਲ ਚਲਣ ਵਾਲਾ ਬੇੜਾ ਧਰਤੀ ਤੇ ਬੇਕਾਰ ਸਿੱਧ ਹੋਵੇਗਾ।

**497.** *அஞ்சாமை அல்லால் துணைவேண்டா எஞ்சாமை*
*எண்ணி இடத்தால் செயின்.*

ਜੇ ਯੁੱਧ ਦੀ ਦ੍ਰਿਸ਼ਟੀ ਤੋਂ ਸੁਰੱਖਿਅਤ ਸਥਾਨ ਦੀ ਚੋਣ ਕਰ ਲਈ ਜਾਵੇ ਤਾਂ ਫਿਰ ਯੁੱਧ ਜਿੱਤਣ ਲਈ ਨਿਰਭੈ ਹੋ ਕੇ ਸਾਹਸ ਕਰਨ ਤੋਂ ਇਲਾਵਾ ਹੋਰ ਕਿਸੇ ਸਾਧਨ ਦੀ ਆਵਸ਼ੱਕਤਾ ਨਹੀਂ ਹੋਵੇਗੀ।

**498.** *சிறுபடையான் செல்லிடம் சேரின் உறுபடையான்*
*ஊக்கம் அழிந்து விடும்.*

ਸੀਮਤ ਸੈਨਿਕ ਬਲ ਵਾਲਾ ਰਾਜਾ ਵੀ ਅਨੁਕੂਲ ਤੇ ਸੁਰਖਿਅਤ ਖੇਤਰ ਤੋਂ ਜੇ ਯੁੱਧ ਕਰੇ ਤਾਂ ਸ਼ਤਰੂ ਦੀ ਵਿਸ਼ਾਲ ਸੈਨਾ ਵੀ ਨਿਸਫਲ ਹੋ ਜਾਵੇਗੀ।

**499.** *சிறைநலனும் சீரும் இலர்எனினும் மாந்தர்*
*உறைநிலத்தோடு ஒட்டல் அரிது.*

ਸ਼ਤਰੂ ਭਾਵੇਂ ਸੈਨਾ ਤੇ ਸਾਧਨਾਂ ਦੇ ਪਖੋਂ ਕਮਜ਼ੋਰ ਹੋਵੇ ਉਸ ਦੇ ਰਾਜ ਵਿਚ ਜਾ ਕੇ ਉਸ ਨੂੰ ਹਰਾਉਣਾ ਕਠਿਨ ਹੁੰਦਾ ਹੈ।

**500.** கால்ஆழ் களரில் நரிஅடும் கண்அஞ்சா
வேலாள் முகத்த களிறு.

ਬਰਛਿਆਂ ਨਾਲ ਯੁਕਤ ਬਹਾਦਰਾਂ ਨੂੰ ਛੇਦਣ ਵਾਲੇ ਲੰਬੇ ਦੰਦਾਂ ਵਾਲੇ ਨਿਡਰ ਹਾਥੀ ਦੇ ਪੈਰ ਜੇ ਚਿੱਕੜ ਵਿਚ ਫਸ ਜਾਣ ਤਾਂ ਇਕ ਗਿੱਦੜ ਵੀ ਉਸ ਨੂੰ ਮਾਰ ਛੱਡੇਗਾ।

# 51

## தெரிந்து தெளிதல்

## ਅਧਿਕਾਰੀ ਦੀ ਚੋਣ

**501.** அறம்பொருள் இன்பம் உயிர்அச்சம் நான்கின்
திறம்தெரிந்து தேறப் படும்.

ਧਰਮ ਵਿਚ ਵਿਸ਼ਵਾਸ ਪੈਸੇ ਦੀ ਲਾਲਚ ਸੁਖ ਭੋਗਾਂ ਵਿਚ ਵਿਸ਼ਵਾਸ ਅਤੇ ਪ੍ਰਾਣਾਂ ਦੇ ਜਾਣ ਦਾ ਭੈ-ਇਹਨਾਂ ਚਹੁੰ ਪੱਖਾਂ ਤੋਂ ਪਰਖਣ ਉਪ੍ਰੰਤ ਹੀ ਯੋਗ ਵਿਅਕਤੀ (ਵਜ਼ੀਰ) ਦੀ ਚੋਣ ਕਰਨੀ ਚਾਹੀਦੀ ਹੈ।

**502.** குடிப்பிறந்து குற்றத்தின் நீங்கி வடுப்பரியும்
நாண்உடையான் கட்டே தெளிவு.

(ਰਾਜੇ ਦਾ) ਵਿਸ਼ਵਾਸ ਪਾਤਰ ਉਹੀ ਹੋਣਾ ਚਾਹੀਦਾ ਹੈ ਜੋ ਚੰਗੀ ਕੁਲ ਨਾਲ ਸਬੰਧਤ ਹੋਵੇ ਨਿਰਦੋਸ਼ ਹੋਵੇ ਤੇ ਅਪਯੱਸ਼ ਤੋਂ ਲਜਿੱਤ ਹੋਣ ਵਾਲਾ ਹੋਵੇ।

**503.** அரியகற்று ஆசுஅற்றார் கண்ணும் தெரியுங்கால்
இன்மை அரிதே வெளிறு.

ਧੁਰੰਧਰ ਵਿਦਵਾਨ ਵਿਅਕਤੀ ਜਿਸ ਨੇ ਆਪਣੇ ਆਪ ਨੂੰ ਸਭ ਤਰ੍ਹਾਂ ਦੀਆਂ ਤਰੁਟੀਆਂ ਤੋਂ ਮੁਕਤ ਕਰ ਲਿਆ ਹੋਵੇ ਉਸ ਨੂੰ ਵੀ ਪਰਖਣ ਤੇ ਕੋਈ ਨਾ ਕੋਈ ਦੋਸ਼ ਨਿਕਲ ਆਉਂਦਾ ਹੈ-ਭਾਵ ਦੋਸ਼ ਮੁਕਤ ਕੋਈ ਵਿਰਲਾ ਹੀ ਹੁੰਦਾ ਹੈ।

**504.** குணம்நாடிக் குற்றமும் நாடி அவற்றுள்
மிகைநாடி மிக்க கொளல்.

ਕਿਸੇ ਵੀ ਵਿਅਕਤੀ ਦੇ ਗੁਣ ਤੇ ਦੋਸ਼ ਦੋਨਾਂ ਨੂੰ ਚੰਗੀ ਤਰ੍ਹਾਂ ਜਾਚਣ ਤੋਂ ਪਿਛੋਂ ਹੀ ਉਸ ਦਾ ਮੁਲਿਅੰਕਣ ਕਰਨਾ ਚਾਹੀਦਾ ਹੈ।

**505.** பெருமைக்கும் ஏனைச் சிறுமைக்கும் தம்தம்
கருமமே கட்டளைக் கல்.

ਕੀਤੇ ਜਾਣ ਵਾਲੇ ਕਰਮ ਹੀ ਕਿਸੇ ਵਿਅਕਤੀ ਦੀ ਵਡਿੱਤਣ ਜਾਂ
ਛੋਟੇਪਣ ਦੀ ਅਸਲੀ ਕਸਵੱਟੀ ਹੁੰਦੀ ਹੈ।

**506.** *அற்றாரைத் தேறுதல் ஓம்புக மற்றுஅவர்*
*பற்றிலர் நாணார் பழி.*

(ਰਾਜੇ ਨੂੰ) ਅਜਿਹੇ ਵਿਅਕਤੀਆਂ ਦੀ ਚੋਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ
ਜਿਨ੍ਹਾਂ ਦੇ ਕੋਈ ਸਬੰਧੀ ਨਾ ਹੋਣ। ਅਜਿਹੇ ਵਿਅਕਤੀ ਲਗਾਓ ਰਹਿਤ
ਹੋਣ ਕਰਕੇ ਜੁਰਮ ਕਰਨ ਤੋਂ ਭੈ ਨਹੀਂ ਖਾਂਦੇ।

**507.** *காதன்மை கந்தா அறிவுஅறியார்த் தேறுதல்*
*பேதைமை எல்லாம் தரும்.*

ਪੱਖਪਾਤ ਨਾਲ ਬਿਨਾ ਸੋਚੇ ਸਮਝੇ ਕੀਤੀ ਗਈ ਅਧਿਕਾਰੀ ਦੀ ਚੋਣ
ਵਿਨਾਸ਼ ਨੂੰ ਬੁਲਾਵਾ ਦੇਣਾ ਹੈ।

**508.** *தேரான் பிறனைத் தெளிந்தான் வழிமுறை*
*தீரா இடும்பை தரும்.*

ਕਿਸੇ ਅਗਿਆਤ ਵਿਅਕਤੀ ਨੂੰ ਬਿਨਾ ਪਰਖੇ ਅਧਿਕਾਰੀ ਬਨਾਉਣਾ
ਪੀੜ੍ਹੀਆਂ ਤਕ ਦੁਖ ਦਾ ਕਾਰਨ ਬਣਨਾ ਹੈ।

**509.** *தேறற்க யாரையும் தேராது தேர்ந்தபின்*
*தேறுக தேறும் பொருள்.*

ਚੰਗੀ ਤਰ੍ਹਾਂ ਪਰਖੇ ਬਿਨਾ ਕਿਸੇ ਨੂੰ ਆਪਣਾ ਵਿਸ਼ਵਾਸ ਪਾਤਰ ਨਾ ਬਣਾਓ।
ਠੀਕ ਚੋਣ ਉਪ੍ਰੰਤ ਅਧਿਕਾਰੀਆਂ ਨੂੰ ਉਹ ਕੰਮ ਦੇਵੋ ਜਿਨ੍ਹਾਂ ਲਈ ਉਹ ਉਪਯੁੱਕਤ ਹੋਣ।

**510.** *தேரான் தெளிவும் தெளிந்தான்கண் ஐயுறவும்*
*தீரா இடும்பை தரும்.*

ਕਿਸੇ ਵਿਅਕਤੀ ਨੂੰ ਪਰਖੇ ਬਿਨਾ ਅਧਿਕਾਰੀ ਬਨਾਉਣਾ ਤੇ ਭਰੋਸੇ ਯੋਗ
ਵਿਅਕਤੀ ਉਤੇ ਸ਼ੱਕ ਕਰਨਾ ਅਤਿਅੰਤ ਦੁਖਦਾਇਕ ਹੁੰਦਾ ਹੈ।

# 52

## தெரிந்து வினையாடல்

## ਸੋਚ ਸਮਝ ਕੇ ਕੰਮ ਕਰਾਉਣਾ

**511.** நன்மையும் தீமையும் நாடி நலம்புரிந்த
தன்மையான் ஆளப் படும்.

ਰਾਜੇ ਨੂੰ ਚਾਹੀਦਾ ਹੈ ਕਿ ਅਜਿਹੇ ਵਿਅਕਤੀ ਨੂੰ ਅਧਿਕਾਰੀ ਬਣਾਏ ਜੋ
ਚੰਗੇ ਮੰਦੇ ਨੂੰ ਸਮਝ ਕੇ ਕਲਿਆਣਕਾਰੀ ਕੰਮ ਕਰਨ ਦੀ ਯੋਗਤਾ ਰੱਖਦਾ ਹੋਵੇ।

**512.** வாரி பெருக்கி வளம்படுத்து உற்றவை
ஆராய்வான் செய்க வினை.

ਚੁਣਿਆ ਅਧਿਕਾਰੀ ਅਜਿਹਾ ਹੋਣਾ ਚਾਹੀਦਾ ਹੈ ਜੋ ਆਮਦਨ ਦੇ ਸ੍ਰੋਤਾਂ ਨੂੰ ਵਧਾਏ
ਖਜ਼ਾਨੇ ਵਿਚ ਵਾਧਾ ਕਰੇ ਅਤੇ ਇਸ ਵਿਚਲੀਆਂ ਆਉਣ ਵਾਲੀਆਂ ਔਕੜਾਂ
ਨੂੰ ਦੂਰ ਕਰ ਸਕੇ।

**513.** அன்புஅறிவு தேற்றம் அவாஇன்மை இந்நான்கும்
நன்குடையான் கட்டே தெளிவு.

ਰਾਜੇ ਨੂੰ ਚਾਹੀਦਾ ਹੈ ਕਿ ਉਹ ਨਿਰਮਲ ਸਨੇਹ ਸੂਖਮ ਬੁੱਧੀ ਸਪਸ਼ਟ ਮਨ
ਤੇ ਲਾਲਚ ਰਹਿਤ ਵਿਅਕਤੀ ਨੂੰ ਹੀ ਕੇਵਲ ਅਧਿਕਾਰੀ ਬਣਾਏ।

**514.** எனைவகையான் தேறியக் கண்ணும் வினைவகையான்
வேறுஆகும் மாந்தர் பலர்.

ਸਭ ਪ੍ਰਕਾਰ ਪਰਖਣ ਉਪ੍ਰੰਤ ਕੰਮ ਸੌਂਪੇ ਜਾਣ ਤੇ ਵੀ ਕਾਫੀ ਲੋਕ
ਕੰਮ ਵਿਚ ਗਲਤੀਆਂ ਕਰ ਜਾਣ ਵਾਲੇ ਹੁੰਦੇ ਹਨ।

**515.** அறிந்துஆற்றிச் செய்கிற்பாற்கு அல்லால் வினைதான்
சிறந்தான்என்று ஏவற்பாற் றன்று.

ਕੰਮ ਨੂੰ ਸੁਚਾਰੂ ਰੂਪ ਵਿਚ ਨਿਬਾਹੁਣ ਵਿਚ ਨਿਪੁੰਨ ਵਿਅਕਤੀ ਨੂੰ ਛੱਡ ਕੇ
ਨਿੱਜੀ ਲਗਾਓ ਅਧੀਨ ਕਿਸੇ ਹੋਰ ਵਿਅਕਤੀ ਨੂੰ ਕੰਮ ਨਹੀਂ ਸੌਂਪਣਾ ਚਾਹੀਦਾ।

**516.** செய்வானை நாடி வினைநாடிக் காலத்தோடு
எய்த உணர்ந்து செயல்.

ਅਧਿਕਾਰੀ ਦੀ ਠੀਕ ਚੋਣ ਉਪ੍ਰੰਤ ਉਸ ਨੂੰ ਸੌਂਪੇ ਜਾਣ ਵਾਲੇ ਕੰਮ ਨੂੰ
ਅਧਿਕਾਰੀ ਦੀ ਉਸ ਖਾਤਰ ਯੋਗਤਾ ਤੇ ਢੁਕਵੇਂ ਸਮੇਂ ਨੂੰ ਦੇਖਣ ਪਿਛੋਂ ਹੀ ਸੌਂਪਣਾ
ਚਾਹੀਦਾ ਹੈ।

**517.** இதனை இதனால் இவன்முடிக்கும் என்றுஆய்ந்து
அதனை அவன்கண் விடல்.

ਕਿਸੇ ਕੰਮ ਨੂੰ ਕਿਸ ਭਾਂਤ ਕਿਹੜੇ ਸਾਧਨਾਂ ਦੁਆਰਾ ਤੇ ਕਿਹੜਾ ਵਿਅਕਤੀ ਨਿਪੁੰਨਤਾ ਸਹਿਤ ਸਿਰੇ ਚੜ੍ਹਾ ਸਕਦਾ ਹੈ ਬਾਰੇ ਵਿਚਾਰ ਕਰਨ ਉਪ੍ਰੰਤ ਹੀ ਸੌਂਪਣਾ ਚਾਹੀਦਾ ਹੈ।

**518.** வினைக்குஉரிமை நாடிய பின்றை அவனை
அதற்குஉரிய னாகச் செயல்.

ਕਿਸੇ ਵਿਸ਼ੇਸ਼ ਕਾਰਜ ਲਈ ਕਿਹੜਾ ਵਿਅਕਤੀ ਵਧੇਰੇ ਸਮ੍ਰੱਥ ਹੈ ਬਾਰੇ ਭਲੀ ਪ੍ਰਕਾਰ ਵਿਚਾਰ ਕਰਨ ਉਪ੍ਰੰਤ ਹੀ ਉਹ ਕੰਮ ਕਿਸੇ ਨੂੰ ਸੌਂਪਣਾ ਚਾਹੀਦਾ ਹੈ।

**519.** வினைக்கண் வினையுடையான் கேண்மைவேறு ஆக
நினைப்பானை நீங்கும் திரு.

ਪ੍ਰੀਸ਼ਰਮ ਤੇ ਕੁਸ਼ਲਤਾ ਪੂਰਬਕ ਕੰਮ ਨੂੰ ਸਿਰੇ ਚੜ੍ਹਾ ਰਹੇ ਵਿਅਕਤੀ ਦੀ ਈਮਾਨਦਾਰੀ ਉਤੇ ਸ਼ੱਕ ਕਰਨਾ ਭਾਗ ਵ੍ਰਿਧੀ ਨੂੰ ਠੱਲ੍ਹ ਪਾਉਣਾ ਹੈ।

**520.** நாள்தோறும் நாடுக மன்னன் வினைசெய்வான்
கோடாமை கோடாது உலகு.

ਰਾਜੇ ਨੂੰ ਚਾਹੀਦਾ ਹੈ ਕਿ ਉਹ ਨਿਤਾ ਪ੍ਰਤੀ ਆਪਣੇ ਕਰਮਚਾਰੀਆਂ ਦੇ ਕੰਮ ਦੀ ਨਿਗਰਾਨੀ ਰੱਖੇ। ਜੇ ਕਰਮਚਾਰੀ ਆਪਣੇ ਕਰਤਵਾਂ ਦੀ ਠੀਕ ਤਰ੍ਹਾਂ ਪਾਲਣਾ ਕਰਦੇ ਰਹਿਣ ਤਾਂ ਹਕੂਮਤ ਵੀ ਠੀਕ ਚਲਦੀ ਰਹਿੰਦੀ ਹੈ।

# 53

## சுற்றம் தழால்

## ਸੰਬੰਧੀਆਂ ਨੂੰ ਨਾਰਾਜ਼ ਨਾ ਕਰਨਾ

**521.** பற்றற்ற கண்ணும் பழைமைபா ராட்டுதல்
சுற்றத்தார் கண்ணே உள.

ਗਰੀਬੀ ਆ ਜਾਣ ਦੀ ਸਥਿਤੀ ਵਿਚ ਕੇਵਲ ਸਕੇ ਰਿਸ਼ਤੇਦਾਰ ਹੀ ਪੁਰਾਣਾ ਸੰਬੰਧ ਕਾਇਮ ਰਖਦੇ ਹਨ।

**522.** விருப்புஅறாச் சுற்றம் இயையின் அருப்புஅறா
ஆக்கம் பலவும் தரும்.

ਜੇ ਕਿਸੇ ਦੇ ਸੰਬੰਧੀ ਨਿਰੰਤਰ ਰੂਪ ਵਿਚ ਉਸ ਨੂੰ ਸਨੇਹ ਦੇਂਦੇ ਰਹਿਣ ਤਾਂ ਉਸ ਦਾ ਸੁਭਾਗ ਲਗਾਤਾਰ ਬਣਿਆ ਰਹੇਗਾ।

**523.** அளவளாவு இல்லாதான் வாழ்க்கை குளவளாக்
கோடுஇன்றி நீர்நிறைந் தற்று.

ਜੋ ਵਿਅਕਤੀ ਆਪਣੇ ਸਕੇ ਸੰਬੰਧੀਆਂ ਨਾਲ ਮਿਲ ਜੁਲ ਕੇ ਨਹੀਂ ਰਹਿੰਦਾ ਉਸ ਦਾ ਜੀਵਨ ਉਸ ਭਰੇ ਤਾਲਾਬ ਵਾਂਗ ਹੁੰਦਾ ਹੈ ਜਿਸ ਦੇ ਪਾਣੀ ਨੂੰ ਰੋਕ ਸਕਣ ਵਾਲੇ ਕੰਢੇ ਨਹੀਂ ਹੁੰਦੇ।

**524.** சுற்றத்தால் சுற்றப் படஒழுகல் செல்வம்தான்
பெற்றத்தால் பெற்ற பயன்.

ਜੀਵਨ ਵਿਚ ਧੰਨ ਸੰਪਦਾ ਦੀ ਪ੍ਰਾਪਤੀ ਦਾ ਅਸਲੀ ਆਨੰਦ ਸਕੇ ਸੰਬੰਧੀਆਂ ਨਾਲ ਹਮੇਸ਼ਾ ਘਿਰੇ ਰਹਿਣ ਨਾਲ ਹੀ ਆਉਂਦਾ ਹੈ।

**525.** கொடுத்தலும் இன்சொலும் ஆற்றின் அடுக்கிய
சுற்றத்தால் சுற்றப் படும்.

ਖੁਲ੍ਹੇ ਦਿਲ ਨਾਲ ਦੇਣ ਵਾਲਾ ਤੇ ਮਿੱਠੇ ਬਚਨ ਬੋਲਣ ਵਾਲਾ ਵਿਅਕਤੀ ਸਕੇ ਸੰਬੰਧੀਆਂ ਨਾਲ ਹਮੇਸ਼ਾ ਘਿਰਿਆ ਰਹਿੰਦਾ ਹੈ।

**526.** பெரும்கொடையான் பேணான் வெகுளி அவனின்
மருங்குஉடையார் மாநிலத்து இல்.

ਖੁਲ੍ਹੇ ਹੱਥਾਂ ਨਾਲ ਦੇਣ ਵਾਲਾ ਤੇ ਕ੍ਰੋਧ ਨਾ ਕਰਨ ਵਾਲਾ ਵਿਅਕਤੀ ਇਸ ਸੰਸਾਰ ਵਿਚ ਸਾਕ ਸਬੰਬਧੀਆਂ ਦੀ ਵਡੀ ਸੰਖਿਆ ਵਿਚ ਘਿਰਿਆ ਰਹਿੰਦਾ ਹੈ।

**527.** காக்கை கரவா கரைந்துஉண்ணும் ஆக்கமும்
அன்னநீ ரார்க்கே உள.

ਖਾਣ ਵਾਲੇ ਪਦਾਰਥ ਮਿਲਣ ਤੇ ਕਾਂ ਲੁਕਾਂਦੇ ਨਹੀਂ ਸਗੋਂ ਕਾਂ ਕਾਂ ਕਰਕੇ ਆਪਣੀ ਬਰਾਦਰੀ ਨਾਲ ਮਿਲ ਕੇ ਖਾਂਦੇ ਹਨ। ਅਜਿਹੇ ਸੁਭਾਅ ਵਾਲੇ ਵਿਅਕਤੀ ਦੀ ਸੰਪਤੀ ਸਥਾਈ ਰਹਿੰਦੀ ਹੈ।

**528.** பொதுநோக்கான் வேந்தன் வரிசையா நோக்கின்
அதுநோக்கி வாழ்வார் பலர்.

ਸਭ ਨੂੰ ਇਕ ਸਮਾਨ ਨਾ ਦੇਖ ਕੇ ਹਰ ਇਕ ਨੂੰ ਉਸ ਦੀ ਯੋਗਤਾ ਅਨੁਸਾਰ ਅਧਿਕਾਰ ਦੇਣ ਨਾਲ ਰਾਜੇ ਦੇ ਅਨੁਆਈ ਉਸ ਦੇ ਨੇੜੇ ਰਹਿੰਦੇ ਹਨ।

**529.** தமராகித் தன்துறந்தார் சுற்றம் அமராமைக்
காரணம் இன்றி வரும்.

ਕੋਈ ਸੱਜਨ ਰੁੱਸ ਕੇ ਸਾਥ ਛੱਡ ਦੇਣ ਤਾਂ ਰਾਜਾ ਜੇ ਉਹਨਾਂ ਦੇ ਰੁਸੇਵੇਂ
ਦੇ ਕਾਰਨ ਲੱਭ ਕੇ ਉਹਨਾਂ ਨੂੰ ਦੂਰ ਕਰ ਦੇਵੇ ਤਾਂ ਉਹ ਫਿਰ ਉਸ ਦੇ
ਨੇੜੇ ਆ ਜਾਂਦੇ ਹਨ।

**530.** உழைப்பிரிந்து காரணத்தின் வந்தானை வேந்தன்
இழைத்துஇருந்து எண்ணிக் கொளல்.

ਅਕਾਰਣ ਛੱਡ ਕੇ ਜਾਣ ਵਾਲਾ ਅਨੁਆਈ ਜੇ ਵਾਪਸ ਪਰਤ ਆਏ
ਤਾਂ ਰਾਜੇ ਨੂੰ ਉਸ ਦੀ ਨੀਅਤ ਨੂੰ ਪਰਖਣ ਉਪ੍ਰੰਤ ਹੀ ਉਸ ਨੂੰ
ਅਪਨਾਉਣਾ ਚਾਹੀਦਾ ਹੈ।

# 54

## பொச்சாவாமை

## ਕਰਤੱਵ ਨਾ ਭੁਲਣਾ

**531.** இறந்த வெகுளியின் தீதே சிறந்த
உவகை மகிழ்ச்சியின் சோர்வு.

ਸੁੱਖਾਂ ਵਿਚ ਗ਼ਲਤਾਨ ਹੋ ਕੇ ਆਪਣੇ ਕਰਤਵਾਂ ਤੋਂ ਅਨਗਹਿਲੀ
ਕਰਨੀ ਅਸੀਮ ਕ੍ਰੋਧ ਤੋਂ ਵੀ ਵਧੇਰੇ ਹਾਨੀਕਾਰਕ ਹੈ।

**532.** பொச்சாப்புக் கொல்லும் புகழை அறிவினை
நிச்ச நிரப்புக்கொன் றாங்கு.

ਜਿਵੇਂ ਨਿਰੰਤਰ ਗਰੀਬੀ ਨਾਲ ਬੁੱਧੀ ਦਾ ਵਿਨਾਸ਼ ਹੋ ਜਾਂਦਾ ਹੈ
ਇਵੇਂ ਹੀ ਭੁਲੱਕੜ-ਪੁਣਾ ਯੱਸ਼ ਨੂੰ ਖਤਮ ਕਰ ਦੇਂਦਾ ਹੈ।

**533.** பொச்சாப்பார்க்கு இல்லை புகழ்மை அதுஉலகத்து
எப்பால்நூ லோர்க்கும் துணிவு.

ਭੁਲੱਕੜ ਸੁਭਾ ਵਾਲਾ ਵਿਅਕਤੀ ਜੀਵਨ ਵਿਚ ਯੱਸ਼ ਨਹੀਂ ਪਾਉਂਦਾ
ਵਿਸ਼ਵ ਦੇ ਸਭ ਗ੍ਰੰਥਾਂ ਦਾ ਇਹੀ ਮੱਤ ਹੈ।

**534.** அச்ச முடையார்க்கு அரண்இல்லை ஆங்கில்லை
பொச்சாப்பு உடையார்க்கு நன்கு.

ਕਾਇਰ ਲੋਕ ਮਜ਼ਬੂਤ ਕਿਲ੍ਹਿਆਂ ਵਿਚ ਵੀ ਸੁਰਖਿਅਤ ਅਨੁਭਵ ਨਹੀਂ ਕਰਦੇ
ਇਵੇਂ ਹੀ ਅਸਾਵਧਾਨ ਵਿਅਕਤੀ ਭਰਪੂਰ ਸਾਧਨਾ ਦਾ ਲਾਭ ਨਹੀਂ ਉਠਾ ਸਕਦੇ।

**535.** முன்னுறக் காவாது இழுக்கியான் தன்பிழை
பின்ஊறு இரங்கி விடும்.

ਜੋ ਵਿਅਕਤੀ ਭਵਿੱਖ ਵਿਚ ਆ ਸਕਣ ਵਾਲੇ ਸੰਕਟਾਂ ਨਾਲ ਨਿਪਟਣ ਲਈ ਸਮੇਂ ਤੋਂ ਪਹਿਲਾਂ ਪ੍ਰਬੰਧ ਨਹੀਂ ਕਰਦਾ ਉਸ ਨੂੰ ਆਪਣੀ ਭੁੱਲ ਉਤੇ ਬਾਅਦ ਵਿਚ ਪਛਤਾਣਾ ਪਵੇਗਾ।

**536.** இழுக்காமை யார்மாட்டும் என்றும் வழுக்காமை
வாயின் அதுஒப்பது இல்.

ਹਮੇਸ਼ਾ ਤਤਪਰ ਰਹਿੰਦੇ ਹੋਏ ਕਿਸੇ ਵੀ ਵਿਅਕਤੀ ਪ੍ਰਤੀ ਕਦੇ ਵੀ ਅਵੇਸਲੇ ਨਾ ਹੋਣਾ ਇਕ ਬਹੁਤ ਵੱਡਾ ਗੁਣ ਹੈ।

**537.** அரியஎன்று ஆகாத இல்லைபொச் சாவாக்
கருவியால் போற்றிச் செயின்.

ਜੋ ਹਮੇਸ਼ਾ ਸਾਵਧਾਨ ਰਹਿੰਦੇ ਹੋਏ ਚੇਤੰਨ ਭਾਂਤ ਸਭ ਸਾਧਨਾਂ ਦਾ ਧਿਆਨ ਰਖਦੇ ਹਨ ਉਹਨਾਂ ਲਈ ਕੋਈ ਵੀ ਕਾਰਜ ਅਸੰਭਵ ਨਹੀਂ ਹੁੰਦਾ।

**538.** புகழ்ந்தவை போற்றிச் செயல்வேண்டும் செய்யாது
இகழ்ந்தார்க்கு எழுமையும் இல்.

ਕੰਮ ਉਹ ਕਰਨੇ ਚਾਹੀਦੇ ਹਨ ਜਿਨ੍ਹਾਂ ਨੂੰ ਸਿਆਣੇ ਲੋਕ ਕਰਨ ਯੋਗ ਸਮਝਦੇ ਹਨ। ਜਿਹੜੇ ਲੋਕ ਇਉਂ ਨਹੀਂ ਕਰਦੇ ਉਹਨਾਂ ਨੂੰ ਸੱਤ ਜਨਮਾਂ ਤਕ ਖ਼ੁਸ਼ੀ ਪ੍ਰਾਪਤ ਨਹੀਂ ਹੁੰਦੀ।

**539.** இகழ்ச்சியின் கெட்டாரை உள்ளுக தாம்தம்
மகிழ்ச்சியின் மைந்துறும் போழ்து.

ਆਨੰਦ ਹੁਲਾਸ ਵਿਚ ਗ਼ਲਤਾਨ ਹੁੰਦੇ ਸਮੇਂ ਉਹਨਾਂ ਲੋਕਾਂ ਦਾ ਧਿਆਨ ਕਰੋ ਜੋ ਆਪਣੀ ਅਸਾਵਧਾਨੀ ਤੇ ਗ਼ਲਤੀਆਂ ਕਾਰਨ ਸਭ ਕੁਝ ਗੰਵਾ ਚੁੱਕੇ ਹਨ।

**540.** உள்ளிய எய்தல் எளிதுமன் மற்றும்தான்
உள்ளியது உள்ளப் பெறின்.

ਜੇ ਆਪਣੀ ਯੋਗਤਾ ਉਤੇ ਸਾਵਧਾਨੀ ਨਾਲ ਦ੍ਰਿਸ਼ਟੀ ਰਖਦੇ ਰਹੀਏ ਤਾਂ ਆਪਣੀ ਮਨ ਇੱਛਤ ਮੰਜ਼ਲ ਦੀ ਪ੍ਰਾਪਤੀ ਸੌਖੀ ਹੋ ਜਾਂਦੀ ਹੈ।

# 55

## செங்கோன்மை

## ਨਿਆਇ-ਪੂਰਨ ਸ਼ਾਸਨ

**541.** ஓர்ந்துகண் ணோடாது இறைபுரிந்து யார்மாட்டும்
தேர்ந்துசெய் வஃதே முறை.

ਅਪਰਾਧਾਂ ਦੀ ਜਾਂਚ ਕਰਦੇ ਸਮੇਂ ਕਿਸੇ ਪ੍ਰਤੀ ਪੱਖਪਾਤ ਦਿਖਾਏ ਬਿਨਾ
ਸਿਆਣੇ ਰਾਜਨੀਤਿਕਾਂ ਦੀ ਸਲਾਹ ਅਨੁਸਾਰ ਠੀਕ ਨਿਆਇ ਕਰਨਾ ਚੰਗਾ ਸ਼ਾਸਨ ਹੁੰਦਾ ਹੈ।

**542.** வான்நோக்கி வாழும் உலகெல்லாம் மன்னவன்
கோல்நோக்கி வாழும் குடி.

ਸਾਰਾ ਸੰਸਾਰ ਜੀਵਨ ਲਈ ਆਕਾਸ਼ ਵਲ ਮੀਂਹ ਲਈ ਤੱਕਦਾ ਹੈ ਇਸੇ ਤਰ੍ਹਾਂ ਸਾਰੀ
ਪਰਜਾ ਰਾਜੇ ਪਾਸੋਂ ਚੰਗੇ ਸ਼ਾਸਨ ਦੀ ਆਸ ਰਖਦੀ ਹੈ।

**543.** அந்தணர் நூற்கும் அறத்திற்கும் ஆதியாய்
நின்றது மன்னவன் கோல்.

ਚੰਗੇ ਧਾਰਮਕ ਗ੍ਰੰਥ ਤੇ ਉੱਚੀਆਂ ਸਦਾਚਾਰਕ ਕੀਮਤਾਂ ਦੀ ਉਪਜ
ਰਾਜੇ ਦੇ ਨਿਆਇ-ਪੂਰਨ ਸ਼ਾਸਨ ਉਤੇ ਆਧਾਰਿਤ ਹੁੰਦੀ ਹੈ।

**544.** குடிதழீஇக் கோல்ஓச்சும் மாநில மன்னன்
அடிதழீஇ நிற்கும் உலகு.

ਜੋ ਰਾਜਾ ਆਪਣੀ ਪਰਜਾ ਦੀ ਭਲਾਈ ਦਾ ਧਿਆਨ ਰਖਦੇ ਹੋਏ ਚੰਗਾ ਸ਼ਾਸਨ
ਕਰਦਾ ਹੈ ਪਰਜਾ ਉਸ ਰਾਜੇ ਦੀ ਪੂਜਾ ਕਰਦੀ ਹੈ।

**545.** இயல்புளிக் கோல்ஓச்சும் மன்னவன் நாட்ட
பெயலும் விளையுளும் தொக்கு.

ਜੋ ਰਾਜਾ ਨਿਆਇ ਪੂਰਬਕ ਰਾਜ ਕਰਦਾ ਹੈ ਉਸ ਦੇ ਰਾਜ ਵਿਚ
ਭਰਪੂਰ ਬਾਰਿਸ਼ ਤੇ ਉਪਜ ਦੀ ਸਮ੍ਰਿਧੀ ਹੁੰਦੀ ਹੈ।

**546.** வேல்அன்று வென்றி தருவது மன்னவன்
கோல்அதூஉம் கோடாது எனின்.

ਰਾਜੇ ਨੂੰ ਵਿਜੈ ਪ੍ਰਦਾਨ ਕਰਨ ਵਾਲਾ ਉਸ ਦਾ ਨੇਜ਼ਾ (ਭਾਲਾ) ਨਹੀਂ ਹੁੰਦਾ
ਸਗੋਂ ਉਸ ਦਾ ਨਿਆਇ ਪੂਰਨ ਸ਼ਾਸਨ ਰੂਪੀ ਰਾਜਦੰਡ ਹੁੰਦਾ ਹੈ।

**547.** இறைகாக்கும் வையகம் எல்லாம் அவனை
முறைகாக்கும் முட்டாச் செயின்.

ਰਾਜਾ ਆਪਣੀ ਪਰਜਾ ਦੀ ਰਖਿਆ ਕਰਦਾ ਹੈ ਅਤੇ ਉਪੇਖਿਆ ਰਹਿਤ
ਕੀਤਾ ਗਿਆ ਨਿਆਇ ਰਾਜੇ ਦੀ ਰਖਿਆ ਕਰਦਾ ਹੈ।

**548.** எண்பதத்தான் ஓரா முறைசெய்யா மன்னவன்
தண்பதத்தான் தானே கெடும்.

ਜਿਸ ਰਾਜੇ ਪਾਸ ਪਰਜਾ ਦੀ ਪੁਕਾਰ ਦੀ ਸੁਣਵਾਈ ਨਹੀਂ ਹੁੰਦੀ ਅਤੇ ਜੋ ਰਾਜਾ
ਪਰਜਾ ਨੂੰ ਨਿਆਇ ਨਹੀਂ ਦੇਂਦਾ ਉਹ ਬੇਇਜ਼ਤ ਹੋ ਕੇ ਤਬਾਹੀ ਦਾ ਭਾਗੀ ਬਣਦਾ ਹੈ।

**549.** குடிபுறங் காத்துஓம்பிக் குற்றம் கடிதல்
வடுஅன்று வேந்தன் தொழில்.

ਪਰਜਾ ਦੀ ਰਖਿਆ ਕਰਨ ਖਾਤਰ ਉਸ ਦੇ ਸ਼ਤਰੂ ਤੇ ਅਪਰਾਧੀ ਨੂੰ ਦੰਡ
ਦੇਣਾ ਰਾਜੇ ਦਾ ਦੋਸ਼ ਨਹੀਂ ਸਗੋਂ ਕਰਤਵ ਹੁੰਦਾ ਹੈ।

**550.** கொலையிற் கொடியாரை வேந்துஒறுத்தல் பைங்கூழ்
களைகட் டதனொடு நேர்.

ਭਿਅੰਕਰ ਅਪਰਾਧੀਆਂ ਨੂੰ ਮੌਤ ਦੀ ਸਜ਼ਾ ਦੇਣੀ ਉਸੇ ਤਰ੍ਹਾਂ ਆਵੱਸ਼ਕ
ਹੁੰਦੀ ਹੈ ਜਿਵੇਂ ਖੇਤੀ ਦੇ ਵਿਕਾਸ ਲਈ ਉਸ ਵਿਚਲੇ ਘਾਸ ਫੂਸ ਨੂੰ ਜੜ੍ਹੋਂ
ਉਖੇੜ ਕੇ ਬਾਹਰ ਸੁੱਟਣਾ ਹੈ।

# 56

## கொடுங்கோன்மை

## ਕੁਸ਼ਾਸਨ

**551.** கொலைமேற்கொண் டாரிற் கொடிதே அலைமேற்கொண்டு
அல்லவை செய்துஒழுகும் வேந்து.

ਪਰਜਾ ਨੂੰ ਦੁਖੀ ਕਰਨ ਵਾਲਾ ਅਤਿਆਚਾਰੀ ਰਾਜਾ
ਲੁਟੇਰੇ ਹਤਿਆਰਿਆਂ ਤੋਂ ਕਿਤੇ ਵਧੇਰੇ ਜ਼ਾਲਮ ਹੁੰਦਾ ਹੈ।

**552.** வேலொடு நின்றான் இடுஎன் றதுபோலும்
கோலொடு நின்றான் இரவு.

ਪਰਜਾ ਪਾਸੋਂ ਜ਼ਬਰਦਸਤੀ ਧੰਨ ਪ੍ਰਾਪਤ ਕਰਨ ਵਾਲਾ ਰਾਜਾ ਨੇਜ਼ੇ ਦੀ ਨੋਕ ਤੇ
ਮੁਸਾਫ਼ਰਾਂ ਨੂੰ ਲੁੱਟਣ ਵਾਲੇ ਡਾਕੂਆਂ ਦੇ ਬਰਾਬਰ ਹੁੰਦਾ ਹੈ।

**553.** நாள்தொறும் நாடி முறைசெய்யா மன்னவன்
நாள்தொறும் நாடு கெடும்.

ਜੋ ਰਾਜਾ ਹਰ ਰੋਜ਼ ਅਪਰਾਧਾਂ ਦੀ ਜਾਂਚ ਪੜਤਾਲ ਕਰਕੇ ਪਰਜਾ ਨੂੰ ਨਿਆਇ
ਨਹੀਂ ਦੇਂਦਾ ਉਸ ਦਾ ਰਾਜ ਦਿਨੋਂ ਦਿਨ ਅਧੋਗਤੀ ਵਲ ਜਾਂਦਾ ਹੈ।

**554.** கூழும் குடியும் ஒருங்குஇழக்கும் கோல்கோடிச்
சூழாது செய்யும் அரசு.

ਜੋ ਵਿਚਾਰ-ਰਹਿਤ ਰਾਜਾ ਆਪਣੀ ਪਰਜਾ ਨੂੰ ਨਿਆਇ ਨਹੀਂ ਦੇਂਦਾ ਉਸ ਦੇ
ਹੱਥਾਂ ਵਿਚੋਂ ਧੰਨ ਤੇ ਪਰਜਾ ਦੋਨੋਂ ਨਿਕਲ ਜਾਂਦੇ ਹਨ।

**555.** அல்லற்பட்டு ஆற்றாது அழுதகண் ணீர்அன்றே
செல்வத்தைத் தேய்க்கும் படை.

ਜਿਵੇਂ ਰੇਤੀ ਲੋਹੇ ਨੂੰ ਕੱਟ ਦੇਂਦੀ ਹੈ ਉਵੇਂ ਹੀ ਅਤਿਆਚਾਰਾਂ ਤੇ ਕਸ਼ਟਾਂ ਵਿਚੋਂ
ਨਿਕਲੇ ਪਰਜਾ ਦੇ ਹੰਝੂ ਰਾਜੇ ਦੀ ਸਫਲਤਾ ਨੂੰ ਖਤਮ ਕਰ ਦੇਂਦੇ ਹਨ।

**556.** மன்னர்க்கு மன்னுதல் செங்கோன்மை அஃதுஇன்றேல்
மன்னாவாம் மன்னர்க்கு ஒளி.

ਵਧੀਆ ਸ਼ਾਸਨ ਰਾਜ ਨੂੰ ਸਥਿਰਤਾ ਪ੍ਰਦਾਨ ਕਰਦਾ ਹੈ ਤੇ ਰਾਜੇ ਨੂੰ ਯਸ਼ਵੀ ਬਣਾਂਦਾ ਹੈ
ਭੈੜਾ ਸ਼ਾਸਨ ਰਾਜੇ ਦੇ ਯੱਸ਼ ਨੂੰ ਸਮਾਪਤ ਕਰ ਦੇਂਦਾ ਹੈ।

**557.** துளியின்மை ஞாலத்திற்கு எற்றுஅற்றே வேந்தன்
அளியின்மை வாழும் உயிர்க்கு.

ਜਿਵੇਂ ਮੀਂਹ ਬਿਨਾ ਧਰਤੀ ਸੁੱਕ ਜਾਂਦੀ ਹੈ ਉਵੇਂ ਹੀ
ਨਿਰਦਈ ਰਾਜੇ ਦੀ ਪਰਜਾ ਦਾ ਜੀਵਨ ਸੰਤਾਪ-ਭਰਪੂਰ ਹੋ ਜਾਂਦਾ ਹੈ।

**558.** இன்மையின் இன்னாது உடைமை முறைசெய்யா
மன்னவன் கோல்கீழ்ப் படின்.

ਜ਼ਾਲਮ ਰਾਜੇ ਦੀ ਪਰਜਾ ਦਾ ਜੀਵਨ ਨਿਰਧੰਨਤਾ ਦੇ ਜੀਵਨ
ਨਾਲੋਂ ਵਧੇਰੇ ਦੁਖਦਾਇਕ ਹੁੰਦਾ ਹੈ।

**559.** முறைகோடி மன்னவன் செய்யின் உறைகோடி
ஒல்லாது வானம் பெயல்.

ਜੇ ਰਾਜਾ ਨਿਆਇ ਰਹਿਤ ਸ਼ਾਸਨ ਕਰੇ ਤਾਂ ਉਸ ਦੇ ਰਾਜ ਵਿਚ
ਸਮੇਂ ਸਿਰ ਮੀਂਹ ਨਹੀਂ ਪਏਗਾ।

**560.** ஆபயன் குன்றும் அறுதொழிலோர் நூல்மறப்பர்
காவலன் காவான் எனின்.

ਜੇ ਪਰਜਾ-ਪਾਲਕ (ਰਾਜਾ) ਪਰਜਾ ਦੀ ਰਖਿਆ ਨਹੀਂ ਕਰੇਗਾ ਤਾਂ
ਗਊਆਂ ਦੁੱਧ ਨਹੀਂ ਦੇਣਗੀਆਂ ਤੇ ਬ੍ਰਾਹਮਣ ਆਪਣੀ ਬ੍ਰਹਮ ਵਿਦਿਆ ਭੁੱਲ ਜਾਣਗੇ।

# 57

## வெருவந்த செய்யாமை
## ਦੰਡ ਵਿਚ ਨਰਮੀ ਦਿਖਾਣਾ

**561.** தக்காங்கு நாடித் தலைச்செல்லா வண்ணத்தால்
ஒத்தாங்கு ஒறுப்பது வேந்து.

ਚੰਗਾ ਸ਼ਾਸਕ ਚੰਗੀ ਤਰ੍ਹਾਂ ਵਿਚਾਰ ਕਰਨ ਉਪਰੰਤ ਅਪਰਾਧੀ ਨੂੰ
ਉਚਿੱਤ ਦੰਡ ਦੇਂਦਾ ਹੈ ਤਾਂ ਜੋ ਅਪਰਾਧੀ ਦੁਬਾਰਾ ਉਹੀ ਅਪਰਾਧ ਨਾ ਕਰੇ।

**562.** கடிதுஓச்சி மெல்ல எறிக நெடிதுஆக்கம்
நீங்காமை வேண்டு பவர்.

ਰਾਜੇ ਨੂੰ ਚਾਹੀਦਾ ਹੈ ਕਿ ਨਿਆਇ-ਵਿਚਾਰ ਕਰਦੇ ਸਮੇਂ ਪੂਰੀ ਸਖ਼ਤੀ ਦਿਖਾਏ
ਪ੍ਰੰਤੂ ਦੰਡ ਦੇਣ ਵੇਲੇ ਨਰਮਾਈ ਦਾ ਪ੍ਰਗਟਾਵਾ ਕਰੇ।

**563.** வெருவந்த செய்துஒழுகும் வெங்கோலன் ஆயின்
ஒருவந்தம் ஒல்லைக் கெடும்.

ਰਾਜਾ ਜਦੋਂ ਆਪਣੇ ਦਇਆ-ਰਹਿਤ ਵਤੀਰੇ ਨਾਲ ਤ੍ਰਾਸ (ਆਤੰਕ) ਫੈਲਾਂਦਾ ਹੈ ਤਾਂ
ਉਹ ਨਿਰਸੰਦੇਹ ਮਿਤ੍ਰ-ਰਹਿਤ ਹੋ ਕੇ ਵਿਨਾਸ਼ ਵਲ ਚਲਾ ਜਾਂਦਾ ਹੈ।

**564.** இறைகடியன் என்றுஉரைக்கும் இன்னாச்சொல் வேந்தன்
உறைகடுகி ஒல்லைக் கெடும்.

ਪਰਜਾ ਦੁਆਰਾ ਦਇਆ-ਹੀਣ ਤੇ ਆਤੰਕੀ ਕਹਾਣ ਵਾਲੇ ਰਾਜੇ
ਦਾ ਅੰਤ ਸਮਝੋ ਨੇੜੇ ਆ ਚੁੱਕਾ ਹੁੰਦਾ ਹੈ ਤੇ ਉਸ ਦਾ ਸ਼ਾਸਨ ਛੇਤੀ ਹੀ
ਨਸ਼ਟ ਹੋ ਜਾਂਦਾ ਹੈ।

**565.** அருஞ்செவ்வி இன்னா முகத்தான் பெருஞ்செல்வம்
பேஎய்கண் டன்னது உடைத்து.

ਜੋ ਰਾਜਾ ਮੂੰਹ ਦਾ ਖੌਹਰਾ ਤੇ ਪਰਜਾ ਤੋਂ ਦੂਰ ਰਹਿੰਦਾ ਹੈ ਤੇ ਮਿਲਣ ਤੇ ਵੀ ਨਿਰਦਇਤਾ
ਨਾਲ ਬੋਲਦਾ ਹੈ ਉਸ ਦੀ ਸੰਪਤੀ ਮਾਨੋ ਭੂਤ-ਪ੍ਰੇਤ ਦੀ ਦੇਖ ਰੇਖ ਵਿਚ ਰਹਿੰਦੀ ਹੈ।

**566.** கடுஞ்சொல்லன் கண்ணிலன் ஆயின் நெடுஞ்செல்வம்
நீடுஇன்றி ஆங்கே கெடும்.

ਕਠੋਰ ਬਚਨ ਬੋਲਣ ਵਾਲੇ ਤੇ ਨਿਰਦਈ ਦ੍ਰਿਸ਼ਟੀ ਰਖਣ ਵਾਲੇ ਰਾਜੇ ਦੀ ਅਸੀਮ ਸੰਪਤੀ ਸਥਾਈ ਨਹੀਂ ਰਹਿੰਦੀ ਛੇਤੀ ਹੀ ਨਸ਼ਟ ਹੋ ਜਾਂਦੀ ਹੈ।

**567.** கடுமொழியும் கைஇகந்த தண்டமும் வேந்தன்
அடுமுரண் தேய்க்கும் அரம்.

ਲੋਹੇ ਦੀ ਰੇਤੀ ਜਿਵੇਂ ਲੋਹੇ ਨੂੰ ਕੱਟ ਦੇਂਦੀ ਹੈ ਉਵੇਂ ਹੀ ਕੌੜੇ ਬਚਨ ਤੇ ਕਠੋਰ ਦੰਡ ਰਾਜੇ ਦੇ ਸ਼ਤਰੂ ਬਣ ਕੇ ਉਸ ਦਾ ਨਾਸ਼ ਕਰ ਦੇਂਦੇ ਹਨ।

**568.** இனத்துஆற்றி எண்ணாத வேந்தன் சினத்துஆற்றிச்
சீறிற் சிறுகும் திரு.

ਮੰਤ੍ਰੀਆਂ ਦੀ ਰਾਏ ਨੂੰ ਨਜ਼ਰਅੰਦਾਜ਼ ਕਰਕੇ ਕ੍ਰੋਧ-ਵੱਸ ਕਠੋਰ-ਦੰਡ ਦੇਣ ਵਾਲੇ ਰਾਜੇ ਦਾ ਵਿਨਾਸ਼ ਨਿਸ਼ਚਿਤ ਹੁੰਦਾ ਹੈ।

**569.** செருவந்த போழ்தில் சிறைசெய்யா வேந்தன்
வெருவந்து வெய்து கெடும்.

ਜੋ ਰਾਜਾ ਸਮੇਂ ਸਿਰ ਆਪਣੀ ਸੁਰਖਿਆ ਖਾਤਰ ਕਿਲ੍ਹੇ ਆਦਿਕ ਦਾ ਨਿਰਮਾਣ ਨਹੀਂ ਕਰਦਾ ਯੁੱਧ ਛਿੜ ਜਾਣ ਤੇ ਭੈਭੀਤ ਹੋ ਕੇ ਛੇਤੀ ਹੀ ਨਸ਼ਟ ਹੋ ਜਾਂਦਾ ਹੈ।

**570.** கல்லார்ப் பிணிக்கும் கடுங்கோல் அதுவல்லது
இல்லை நிலக்குப் பொறை.

ਜੋ ਰਾਜਾ ਮੂਰਖ ਤੇ ਅਯੋਗ ਮੰਤ੍ਰੀਆਂ ਦੀ ਸਲਾਹ ਨਾਲ ਨਿਰਦਇਤਾ ਪੂਰਬਕ ਰਾਜ ਕਰਦਾ ਹੈ ਉਹ ਧਰਤੀ ਲਈ ਭਾਰ ਹੁੰਦਾ ਹੈ।

# 58

## கண்ணோட்டம்

## ਕ੍ਰਿਪਾ-ਦ੍ਰਿਸ਼ਟੀ

**571.** கண்ணோட்டம் என்னும் கழிபெரும் காரிகை
உண்மையான் உண்டுஇவ் வுலகு.

ਸੁਯੋਗ ਰਾਜੇ ਦੇ ਨਾਲ ਕ੍ਰਿਪਾ-ਦ੍ਰਿਸ਼ਟੀ ਰੂਪੀ ਸੁੰਦਰੀ ਸੁਹਣੀ ਲਗਦੀ ਹੈ। ਇਸੇ ਦੇ ਬਲ ਉਤੇ ਸੰਸਾਰ ਟਿਕਿਆ ਹੋਇਆ ਹੈ।

**572.** கண்ணோட்டத்து உள்ளது உலகியல் அஃதிலார்
உண்மை நிலக்குப் பொறை.

ਰਾਜੇ ਦੀ ਕ੍ਰਿਪਾ-ਦ੍ਰਿਸ਼ਟੀ ਉਤੇ ਹੀ ਲੋਕ ਜੀਵਨ ਆਧਾਰਿਤ ਹੈ।
ਜਿਸ ਰਾਜੇ ਵਿਚ ਇਸ ਗੁਣ ਦਾ ਅਭਾਵ ਹੈ ਉਹ ਇਸ ਧਰਤੀ ਲਈ
ਭਾਰ ਸਰੂਪ ਹੈ।

**573.** பண்என்னாம் பாடற்கு இயைபின்றேல் கண்என்னாம்
கண்ணோட்டம் இல்லாத கண்

ਗੀਤ ਜੇ ਗਾਏ ਜਾਣ ਦੇ ਅਨੁਕੂਲ ਨਹੀਂ ਤਾਂ ਉਹ ਵਿਅਰਥ ਹੈ।
ਇਵੇਂ ਹੀ ਕ੍ਰਿਪਾ-ਦ੍ਰਿਸ਼ਟੀ-ਰਹਿਤ ਅੱਖਾਂ ਵੀ ਨਿਰਾਰਥਕ ਹਨ।

**574.** உளபோல் முகத்துஎவன் செய்யும் அளவினால்
கண்ணோட்டம் இல்லாத கண்.

ਮੁੱਖੜੇ ਉਤੇ ਅੱਖਾਂ ਦਿਖਾਈ ਦੇਣ ਨੂੰ ਛੱਡ ਕੇ ਉਹਨਾਂ ਨੈਣਾਂ ਦਾ
ਕੀ ਪ੍ਰਯੋਜਨ ਜਿਨ੍ਹਾਂ ਵਿਚ ਕ੍ਰਿਪਾ ਦ੍ਰਿਸ਼ਟੀ ਹੀ ਨਾ ਹੋਵੇ।

**575.** கண்ணிற்கு அணிகலம் கண்ணோட்டம் அஃதின்றேல்
புண்ணென்று உணரப் படும்.

ਕ੍ਰਿਪਾ-ਦ੍ਰਿਸ਼ਟੀ ਹੀ ਨੈਣਾਂ ਦਾ ਸ਼ਿੰਗਾਰ ਹੈ। ਇਸ ਦੇ ਆਭਾਵ ਵਿਚ
ਉਹ ਨੈਣ ਨਹੀਂ ਸਗੋਂ ਮੂੰਹ ਉਤੇ ਦੋ ਘਾਓ ਮਾਤ੍ਰ ਹਨ।

**576.** மண்ணோடு இயைந்த மரத்தனையர் கண்ணோடு
இயைந்துகண் ணோடா தவர்.

ਨੈਣਾਂ ਦੇ ਹੁੰਦੇ ਹੋਏ ਵੀ ਜੋ ਲੋਕ ਕ੍ਰਿਪਾ ਪੂਰਬਕ ਨਹੀਂ ਦੇਖ ਸਕਦੇ
ਉਹ ਧਰਤੀ ਉਤੇ ਖੜੇ ਵਿਵੇਕ ਰਹਿਤ ਰੁੱਖਾਂ ਵਾਂਗ ਹਨ।

**577.** கண்ணோட்டம் இல்லவர் கண்ணிலர் கண்ணுடையார்
கண்ணோட்டம் இன்மையும் இல்.

ਜਿਨ੍ਹਾਂ ਦੇ ਨੈਣਾਂ ਵਿਚ ਕ੍ਰਿਪਾ-ਦ੍ਰਿਸ਼ਟੀ ਨਹੀਂ ਉਹ ਲੋਕ ਨੇਤ੍ਰ-ਹੀਣ ਹਨ।
ਨੈਣਾਂ ਵਿਚ ਕ੍ਰਿਪਾ-ਦ੍ਰਿਸ਼ਟੀ ਹੋਣੀ ਹੀ ਵਾਸਤਵ ਵਿਚ ਨੈਣ-ਯੁਕਤ ਹੋਣਾ ਹੈ।

**578.** கருமம் சிதையாமல் கண்ணோட வல்லார்க்கு
உரிமை உடைத்துஇவ் வுலகு.

ਆਪਣੇ ਫਰਜ਼ਾਂ ਦਾ ਨਿਰਬਾਹ ਠੀਕ ਤਰ੍ਹਾਂ ਕਰਦੇ ਹੋਏ ਜੋ ਰਾਜਾ ਕ੍ਰਿਪਾ-ਦ੍ਰਿਸ਼ਟੀ
ਦੀ ਵਰਖਾ ਕਰ ਸਕਦਾ ਹੈ ਉਸ ਦਾ ਅਧਿਕਾਰ ਸਾਰੇ ਸੰਸਾਰ ਉਪਰ ਹੁੰਦਾ ਹੈ।

**579.** ஒறுத்துஆற்றும் பண்பினார் கண்ணும்கண் ணோடிப்
பொறுத்துஆற்றும் பண்பே தலை.

ਰਾਜੇ ਦਾ ਮਹੱਤਵਪੂਰਨ ਧਰਮ ਏਹੀ ਹੈ ਕਿ ਉਹ ਆਪਣਾ ਭਲਾ
ਨਾ ਕਰਨ ਵਾਲੇ ਉਤੇ ਵੀ ਕ੍ਰਿਪਾ-ਦ੍ਰਿਸ਼ਟੀ ਦਿਖਾਵੇ।

**580.** பெயக்கண்டும் நஞ்சுஉண்டு அமைவர் நயத்தக்க
நாகரிகம் வேண்டு பவர்.

ਚੰਗੇ ਸ਼ਿਸ਼ਟਾਚਾਰ ਵਾਲਾ ਰਾਜਾ ਕਹਾਉਣ ਦੇ ਚਾਹਵਾਨ ਨੂੰ ਜੇ ਵੈਰ
ਭਾਵਨਾ ਨਾਲ ਜ਼ਹਿਰ ਵੀ ਦਿਤਾ ਜਾਵੇ ਤਾਂ ਪੀ ਜਾਵੇਗਾ।

# 59

## ஒற்றாடல்
## ਗੁਪਤ ਵਿਭਾਗ

**581.** ஒற்றும் உரைசான்ற நூலும் இவைஇரண்டும்
தெற்றென்க மன்னவன் கண்.

ਗੁਪਤ ਵਿਭਾਗ ਤੇ ਪ੍ਰਮਾਣੀਕ ਨੀਤੀ-ਗ੍ਰੰਥ ਇਹ ਦੋਵੇਂ
ਰਾਜੇ ਦੀਆਂ ਦੋ ਅੱਖਾਂ ਹੁੰਦੀਆਂ ਹਨ।

**582.** எல்லார்க்கும் எல்லாம் நிகழ்பவை எஞ்ஞான்றும்
வல்லறிதல் வேந்தன் தொழில்.

ਰਾਜੇ ਦਾ ਕਰਤੱਵ ਹੈ ਕਿ ਉਹ ਹਰ ਰੋਜ਼ ਆਪਣੇ ਰਾਜ ਦੇ ਲੋਕ-ਜੀਵਨ
ਤੇ ਉਸ ਵਿਚਲੀਆਂ ਘਟਨਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰੇ।

**583.** ஒற்றினான் ஒற்றிப் பொருள்தெரியா மன்னவன்
கொற்றம் கொளக்கிடந்தது இல்.

ਗੁਪਤ ਵਿਭਾਗ ਤੋਂ ਪ੍ਰਾਪਤ ਸੂਚਨਾਵਾਂ ਦਾ ਵਿਸ਼ਲੇਸ਼ਣ ਕੀਤੇ ਬਿਨਾ
ਰਾਜਾ ਵਿਜੈ ਪ੍ਰਾਪਤ ਨਹੀਂ ਕਰ ਸਕਦਾ।

**584.** வினைசெய்வார் தம்சுற்றம் வேண்டாதார் என்றாங்கு
அனைவரையும் ஆராய்வது ஒற்று.

ਗੁਪਤ ਵਿਭਾਗ ਦਾ ਧਰਮ ਹੈ ਕਿ ਉਹ ਰਾਜ-ਕਰਮਚਾਰੀਆਂ ਉਹਨਾਂ ਦੇ
ਸਕੇ ਸੰਬੰਧੀਆਂ ਤੇ ਸ਼ਤਰੂਆਂ ਉਤੇ ਦ੍ਰਿਸ਼ਟੀ ਰਖਦੇ ਹੋਏ ਉਹਨਾਂ ਦੇ
ਕੰਮਾਂ ਕਾਰਾਂ ਦੀ ਜਾਂਚ ਕਰੇ।

**585.** கடாஅ உருவொடு கண்அஞ்சாது யாண்டும்
உகாஅமை வல்லதே ஒற்று.

ਵਧੀਆ ਖ਼ੁਫ਼ੀਆ ਕਰਮਚਾਰੀ ਉਹ ਹੈ ਜੋ ਸ਼ੱਕ ਪੈਦਾ ਕੀਤੇ ਬਿਨਾ ਭੇਸ ਬਦਲ ਸਕੇ ਜੋ ਕਿਸੇ ਤੋਂ ਵੀ ਨਾ ਡਰੇ ਅਤੇ ਆਪਣੇ ਉਦੇਸ਼ ਨੂੰ ਮਨ ਵਿਚ ਲੁਕਾਈ ਰਖੇ।

**586.** துறந்தார் படிவத்தர் ஆகி இறந்துஆராய்ந்து
என்செயினும் சோர்வுஇலது ஒற்று.

ਸਫ਼ਲ ਖ਼ੁਫ਼ੀਆ ਕਰਮਚਾਰੀ ਉਹ ਹੈ ਜੋ ਸੰਨਿਆਸੀ ਦੇ ਭੇਸ ਵਿਚ ਕਿਸੇ ਵੀ ਜਗ੍ਹਾ ਜਾ ਕੇ ਭੇਦ ਜਾਣ ਸਕੇ। ਫੜੇ ਜਾਣ ਤੇ ਤਸੀਹੇ ਦਿਤੇ ਜਾਣ ਤੇ ਵੀ ਆਪਣਾ ਭੇਤ ਨਾ ਖੋਲ੍ਹੇ।

**587.** மறைந்தவை கேட்கவற்று ஆகி அறிந்தவை
ஐயப்பாடு இல்லதே ஒற்று.

ਖ਼ੁਫ਼ੀਆ ਕਰਮਚਾਰੀ ਲੁਕੇ ਹੋਏ ਭੇਦਾਂ ਨੂੰ ਜਾਨਣ ਦੇ ਸਮ੍ਰੱਥ ਹੁੰਦਾ ਹੈ ਤੇ ਆਪਣੇ ਵਲੋਂ ਇਕੱਠੀ ਕੀਤੀ ਜਾਣਕਾਰੀ ਉਤੇ ਉਸ ਨੂੰ ਰੰਚਕ ਮਾਤ੍ਰ ਵੀ ਸ਼ੰਕਾ ਨਹੀਂ ਰਹਿੰਦਾ।

**588.** ஒற்றுஒற்றித் தந்த பொருளையும் மற்றுமோர்
ஒற்றினால் ஒற்றிக் கொளல்.

ਰਾਜੇ ਨੂੰ ਚਾਹੀਦਾ ਹੈ ਕਿ ਉਹ ਕਿਸੇ ਗੁਪਤ ਕਰਮਚਾਰੀ ਵਲੋਂ ਲਿਆਂਦੀ ਜਾਣਕਾਰੀ ਨੂੰ ਦੂਸਰੇ ਗੁਪਤ ਕਰਮਚਾਰੀ ਦੀ ਜਾਣਕਾਰੀ ਨਾਲ ਮੇਲਣ ਉਪ੍ਰੰਤ ਉਸ ਨੂੰ ਸਵੀਕਾਰ ਕਰੇ।

**589.** ஒற்றுஒற்று உணராமை ஆள்க உடன்மூவர்
சொல்தொக்க தேறப் படும்.

ਸ਼ਾਸਕ ਗੁਪਤ ਕਰਮਚਾਰੀਆਂ ਨੂੰ ਇਉਂ ਨਿਯੁੱਕਤ ਕਰੇ ਕਿ ਉਹਨਾਂ ਨੂੰ ਇਕ ਦੂਜੇ ਬਾਰੇ ਵੀ ਪਤਾ ਨਾ ਲਗੇ। ਇਵੇਂ ਤਿੰਨ ਗੁਪਤ ਕਰਮਚਾਰੀਆਂ ਦੀਆਂ ਸੂਚਨਾਵਾਂ ਵਿਚ ਸਮਾਨਤਾ ਹੋਣ ਤੇ ਉਸ ਨੂੰ ਸਵੀਕਾਰ ਕਰੇ।

**590.** சிறப்புஅறிய ஒற்றின்கண் செய்யற்க செய்யின்
புறப்படுத்தான் ஆகும் மறை.

ਰਾਜਾ ਮਹੱਤਵਪੂਰਨ ਸੂਚਨਾ ਦੇਣ ਵਾਲੇ ਗੁਪਤ ਕਰਮਚਾਰੀ ਦੀ ਸਭ ਦੇ ਸਾਹਮਣੇ ਪ੍ਰਸੰਸਾ ਨਾ ਕਰੇ। ਇਉਂ ਕਰਨ ਨਾਲ ਉਹ ਆਪਣਾ ਹੀ ਰਹੱਸ ਖੋਲ੍ਹ ਰਿਹਾ ਹੋਵੇਗਾ।

# 60

## ஊக்கம் உடைமை

## ਉਤਸ਼ਾਹ ਭਰਪੂਰਤਾ

**591.** *உடையர் எனப்படுவது ஊக்கம்அஃது இல்லார்*
*உடையது உடையரோ மற்று.*

ਜਿਸ ਵਿਅਕਤੀ ਵਿਚ ਕੰਮ ਸੰਬੰਧੀ ਉਤਸ਼ਾਹ ਹੈ ਉਹ ਧੰਨੀ ਹੈ।
ਸਭ ਕੁਝ ਹੁੰਦਿਆਂ ਹੋਇਆਂ ਵੀ ਜੋ ਕੰਮ ਸੰਬੰਧੀ ਉਤਸ਼ਾਹਹੀਣ ਹੈ
ਉਸ ਦੇ ਪਾਸ ਕੁਝ ਵੀ ਨਹੀਂ।

**592.** *உள்ளம் உடைமை உடைமை பொருள்உடைமை*
*நில்லாது நீங்கி விடும்.*

ਉਤਸ਼ਾਹ ਹੀ ਮਨੁੱਖ ਦੀ ਅਸਲੀ ਸੰਪਤੀ ਹੈ। ਧੰਨ ਸੰਪੰਨਤਾ ਸਥਾਈ ਨਹੀਂ ਰਹਿੰਦੀ
ਇਹ ਨਸ਼ਟ ਵੀ ਹੋ ਸਕਦੀ ਹੈ।

**593.** *ஆக்கம் இழந்தேம்என்று அல்லாவார் ஊக்கம்*
*ஒருவந்தம் கைத்துஉடை யார்.*

ਜਿਸ ਅੰਦਰ ਉਤਸ਼ਾਹ ਤੇ ਮਾਨਸਿਕ ਸ਼ਕਤੀ ਹੈ ਉਹ ਧੰਨ ਦੌਲਤ ਦੇ
ਨਸ਼ਟ ਹੋਣ ਤੇ ਵੀ ਮਾਯੂਸ ਨਹੀਂ ਹੁੰਦਾ।

**594.** *ஆக்கம் அதர்வினாய்ச் செல்லும் அசைவிலா*
*ஊக்கம் உடையா னுழை.*

ਜਿਸ ਵਿਅਕਤੀ ਪਾਸ ਅਟੁੱਟ ਉਤਸ਼ਾਹ ਹੈ ਸਫਲਤਾ ਤੇ ਸ਼ਾਨ ਸ਼ੌਕਤ
ਉਸ ਦਾ ਘਰ ਲਭ ਕੇ ਆਪੇ ਆ ਜਾਂਦੇ ਹਨ।

**595.** *வெள்ளத்து அனைய மலர்நீட்டம் மாந்தர்தம்*
*உள்ளத்து அனையது உயர்வு.*

ਫੁੱਲ ਦੀ ਡੰਡੀ ਦੀ ਲੰਬਾਈ ਜਿਤਨੇ ਡੂੰਘੇ ਪਾਣੀ ਵਿਚ ਉਹ ਉੱਗਿਆ ਹੁੰਦਾ ਹੈ
ਦੇ ਅਨੁਸਾਰ ਹੁੰਦੀ ਹੈ। ਇਵੇਂ ਹੀ ਮਨੁੱਖ ਦੀ ਉੱਚਤਾ ਉਸ ਦੇ ਮਨ ਦੀ ਵਡਿੱਤਣ
ਅਨੁਸਾਰ ਹੁੰਦੀ ਹੈ।

**596.** *உள்ளுவது எல்லாம் உயர்வுஉள்ளல் மற்றுஅது*
*தள்ளினும் தள்ளாமை நீர்த்து.*

ਜਦੋਂ ਵੀ ਸੋਚੋ ਉੱਚੀਆਂ ਮੰਜ਼ਲਾਂ ਬਾਰੇ ਸੋਚੋ। ਹਿੰਮਤ ਕਰਨ ਦੇ ਬਾਵਜੂਦ ਵੀ ਜੇ ਅਸਫ਼ਲ
ਹੋਵੋਗੇ ਤਾਂ ਕੋਈ ਤੁਹਾਡੀ ਨਿੰਦਾ ਨਹੀਂ ਕਰੇਗਾ।

**597.** சிதைவுஇடத்து ஒல்கார் உரவோர் புதையம்பின்
பட்டுப்பாடு ஊன்றும் களிறு.

ਜਿਸ ਵਿਅਕਤੀ ਪਾਸ ਮਾਨਸਿਕ ਸ਼ਕਤੀ ਪ੍ਰਬਲ ਹੋਵੇ ਉਹ ਸਭ ਕੁਝ ਨਸ਼ਟ ਹੋਣ ਤੇ ਵੀ ਸਿਥਲ ਨਹੀਂ ਹੁੰਦਾ। ਤੀਰਾਂ ਦੀ ਬੁਛਾੜ ਪੈਣ ਤੇ ਹਾਥੀ ਵਾਂਗ ਸਥਿਰ ਰਹਿੰਦਾ ਹੈ।

**598.** உள்ளம் இலாதவர் எய்தார் உலகத்து
வள்ளியம் என்னும் செருக்கு.

ਉਤਸ਼ਾਹ ਤੇ ਮਾਨਸਿਕ ਸ਼ਕਤੀ-ਰਹਿਤ ਰਾਜਾ ਇਸ ਗਲ ਦਾ ਗੌਰਵ ਨਹੀਂ ਕਰ ਸਕਦਾ ਕਿ ਸੰਸਾਰ ਦਾ ਸਭ ਤੋਂ ਬਲਵਾਨ ਰਾਜਾ ਉਹ ਹੈ।

**599.** பரியது கூர்ங்கோட்டது ஆயினும் யானை
வெரூஉம் புலிதாக் குறின்.

ਭਾਵੇਂ ਹਾਥੀ ਬਲਵਾਨ ਹੁੰਦਾ ਹੈ ਉਸ ਦੇ ਪਾਸ ਲੰਮੇ ਤੇ ਭਿਆਨਕ ਦੰਦ ਹੁੰਦੇ ਹਨ ਫਿਰ ਵੀ ਉਹ ਆਕ੍ਰਮਣ ਲਈ ਤਿਆਰ ਸ਼ੇਰ ਨੂੰ ਦੇਖ ਕੇ ਥਰ-ਥਰ ਕੰਬ ਬੁਠਦਾ ਹੈ।

**600.** உரம்ஒருவற்கு உள்ள வெறுக்கை அஃதுஇல்லார்
மரம்மக்கள் ஆதலே வேறு.

ਉਤਸ਼ਾਹ ਮਨੁਖੀ ਮਨ ਦੀ ਇਕ ਮਹਾਨ ਸੰਪਦਾ ਹੈ। ਜਿਨ੍ਹਾਂ ਵਿਚ ਇਸ ਦਾ ਅਭਾਵ ਹੁੰਦਾ ਹੈ ਉਹ ਧਰਤੀ ਉਤੇ ਖੜੇ ਮਨੁੱਖ ਰੂਪੀ ਰੁੱਖ ਹਨ।

# 61

## மடி இன்மை

## ਆਲਸਹੀਣਤਾ

**601.** குடிஎன்னும் குன்றா விளக்கம் மடிஎன்னும்
மாசுஊர மாய்ந்து கெடும்.

ਆਲਸਪਨ ਦੇ ਹਨੇਰੇ ਨਾਲ ਸਦੀਵੀ ਚਮਕਣ ਵਾਲਾ ਵੰਸ਼ਰੂਪੀ ਦੀਪਕ ਬੁੱਝ ਜਾਂਦਾ ਹੈ।

**602.** மடியை மடியா ஒழுகல் குடியைக்
குடியாக வேண்டு பவர்.

ਜੋ ਵਿਅਕਤੀ ਆਪਣੇ ਵੰਸ਼ ਨੂੰ ਪ੍ਰਜ੍ਵਲਤਮਈ ਦੇਖਣਾ ਚਾਹੁੰਦਾ ਹੈ ਉਸ ਨੂੰ ਆਲਸ ਦਾ ਤਿਆਗ ਕਰਕੇ ਉਦਮੀ ਬਣ ਜਾਣਾ ਚਾਹੀਦਾ ਹੈ।

**603.** *மடிமடிக் கொண்டொழுகும் பேதை பிறந்த*
*குடிமடியும் தன்னினும் முந்து.*

ਨਾਸਵਾਨ ਆਲਸ ਨੂੰ ਧਾਰਨ ਕਰਨ ਵਾਲੇ ਅਵਿਵੇਕੀ ਵਿਅਕਤੀ ਦੇ ਵੰਸ਼ ਦਾ
ਗੌਰਵ ਉਸ ਦੇ ਜਿਊਂਦੇ ਜੀਅ ਹੀ ਖ਼ਤਮ ਹੋ ਜਾਂਦਾ ਹੈ।

**604.** *குடிமடிந்து குற்றம் பெருகும் மடிமடிந்து*
*மாண்ட உஞற்றி லவர்க்கு.*

ਜੋ ਲੋਕ ਆਲਸ ਨੂੰ ਗ੍ਰਹਿਣ ਕਰਕੇ ਮਿਹਨਤ ਕਰਨ ਤੋਂ ਮੂੰਹ ਮੋੜਦੇ ਹਨ ਉਹਨਾਂ ਦੇ ਵੰਸ਼
ਦੀ ਮਹਿਮਾ ਨਸ਼ਟ ਹੋ ਜਾਂਦੀ ਹੈ ਤੇ ਨਾਲ ਹੀ ਹੋਰ ਕਈ ਦੋਸ਼ ਵੀ ਆ ਜਾਂਦੇ ਹਨ।

**605.** *நெடுநீர் மறவி மடிதுயில் நான்கும்*
*கெடுநீரார் காமக் கலன்.*

ਆਲਸ ਕੰਮ ਨੂੰ ਅਗੇ ਪਾਉਣ ਦੀ ਰੁਚੀ ਭੁਲੱਕੜ ਸੁਭਾਅ ਤੇ ਨੀਂਦ ਇਹ ਚਾਰੋਂ
ਬੁਧੀਹੀਣਾ ਦੀਆਂ
ਬੇੜੀਆਂ ਹਨ ਜੋ ਉਹਨਾਂ ਨੂੰ ਵਿਨਾਸ਼ ਦੇ ਮਾਰਗ ਤੇ ਲੈ ਜਾਂਦੀਆਂ ਹਨ।

**606.** *படியுடையார் பற்றமைந்தக் கண்ணும் மடியுடையார்*
*மாண்பயன் எய்தல் அரிது.*

ਰਾਜ–ਕ੍ਰਿਪਾ ਵਰਗੀ ਸੰਪਤੀ ਦਾ ਮਾਲਕ ਹੁੰਦਿਆਂ ਹੋਇਆਂ ਵੀ ਜੇ ਕੋਈ ਆਲਸ ਦੇ
ਦਮਨ ਚੱਕਰ
ਵਿਚ ਫਸਿਆ ਰਹੇ ਤਾਂ ਉਹ ਕੋਈ ਲਾਭ ਨਹੀਂ ਉਠਾ ਸਕਦਾ।

**607.** *இடிபுரிந்து எள்ளுஞ்சொல் கேட்பர் மடிபுரிந்து*
*மாண்ட உஞற்றி லவர்.*

ਜੋ ਵਿਅਕਤੀ ਆਲਸ ਦੇ ਚੱਕਰ ਵਿਚ ਫਸ ਕੇ ਉਦਮੀ ਸੁਭਾਅ ਨੂੰ ਗ੍ਰਹਿਣ
ਨਹੀਂ ਕਰਦਾ ਉਸ ਨੂੰ ਅੰਤ ਵਿਚ ਤ੍ਰਿਸਕਾਰਿਤ ਹੋਣਾ ਪੈਂਦਾ ਹੈ।

**608.** *மடிமை குடிமைக்கண் தங்கின்தன் ஒன்னார்க்கு*
*அடிமை புகுத்தி விடும்.*

ਉੱਚਾ ਰਾਜ–ਘਰਾਣਾ ਵੀ ਜੇ ਆਲਸ ਦੀ ਪਕੜ ਵਿਚ ਆ ਜਾਵੇ ਤਾਂ ਉਹ
ਉਸ ਨੂੰ ਸ਼ਤਰੂਆਂ ਦਾ ਦਾਸ ਬਣਾ ਛੱਡਦਾ ਹੈ।

**609.** *குடிஆண்மை யுள்வந்த குற்றம் ஒருவன்*
*மடிஆண்மை மாற்றக் கெடும்.*

ਆਲਸ ਦਾ ਤਿਆਗ ਕਰਕੇ ਰਾਜਾ ਆਪਣੀ ਵੰਸ਼ ਉਪਰ
ਆਈ ਅਧੋਗਤੀ ਨੂੰ ਦੂਰ ਕਰ ਸਕਦਾ ਹੈ।

**610.** மடிஇலா மன்னவன் எய்தும் அடிஅளந்தான்
தாஅயது எல்லாம் ஒருங்கு.

ਜੋ ਰਾਜਾ ਆਲਸ ਤੋਂ ਪੂਰਨ ਰੂਪ ਵਿਚ ਮੁਕਤ ਹੈ ਉਹ ਇਸ ਜਗਤ ਦਾ ਸੁਆਮੀ ਬਣ ਜਾਏਗਾ ਜਿਸ ਨੂੰ ਤ੍ਰੀਵਿਕ੍ਰਮ ਨੇ ਆਪਣੇ ਕਦਮਾਂ ਨਾਲ ਨਾਪਿਆ ਸੀ।

# 62

## ஆள்வினை உடைமை

## ਨਿਰੰਤਰ ਪ੍ਰੀਸ਼੍ਰਮ

**611.** அருமை உடைத்துஎன்று அசாவாமை வேண்டும்
பெருமை முயற்சி தரும்.

ਕਿਸੇ ਵੀ ਕੰਮ ਨੂੰ ਅਸੰਭਵ ਮੰਨ ਕੇ ਪਿੱਛੇ ਨ ਹਟੋ। ਹਿੰਮਤ ਕਰਨ ਨਾਲ ਉਸ ਕਾਰਜ ਦੀ ਸਿੱਧੀ ਲਈ ਆਤਮ ਸ਼ਕਤੀ ਆਪਣੇ ਆਪ ਆ ਜਾਂਦੀ ਹੈ।

**612.** வினைக்கண் வினைகெடல் ஓம்பல் வினைக்குறை
தீர்ந்தாரின் தீர்ந்தன்று உலகு.

ਕੋਈ ਵੀ ਕੰਮ ਆਰੰਭ ਕਰਨ ਉਪ੍ਰੰਤ ਉਸ ਨੂੰ ਵਿੱਚੇ ਨਾ ਛੱਡੋ।

**613.** தாளாண்மை என்னும் தகைமைக்கண் தங்கிற்றே
வேளாண்மை என்னும் செருக்கு.

ਜੋ ਵਿਅਕਤੀ ਨਿਰੰਤਰ ਪ੍ਰੀਸ਼ਰਮ ਨੂੰ ਮਹੱਤਵ ਦੇਂਦਾ ਹੈ ਉਸ ਦੇ ਅੰਦਰ ਪਰਉਪਕਾਰ ਦਾ ਸਰਬੋਤਮ ਗੁਣ ਨਿਵਾਸ ਕਰਦਾ ਹੈ।

**614.** தாளாண்மை இல்லாதான் வேளாண்மை பேடிகை
வாள்ஆண்மை போலக் கெடும்.

ਜੋ ਪ੍ਰੀਸ਼ਰਮੀ ਨਹੀਂ ਹੈ ਉਸ ਦੇ ਅੰਦਰ ਪਰਉਪਕਾਰ ਦੀ ਭਾਵਨਾ ਉਸੇ ਤਰ੍ਹਾਂ ਨਿਸਫ਼ਲ ਹੈ ਜਿਵੇਂ ਹੀਜੜੇ ਦੇ ਹੱਥ ਵਿਚ ਤਲਵਾਰ।

**615.** இன்பம் விழையான் வினைவிழைவான் தன்கேளிர்
துன்பம் துடைத்துஊன்றும் தூண்.

ਜੋ ਵਿਅਕਤੀ ਆਪਣੇ ਨਿੱਜੀ ਸੁੱਖ ਆਰਾਮ ਦੀ ਚਿੰਤਾ ਕੀਤੇ ਬਿਨਾ ਉੱਦਮ ਵਿਚ ਲੱਗਾ ਰਹਿੰਦਾ ਹੈ ਉਹ ਆਪਣੇ ਮਿੱਤ੍ਰਾਂ ਦਾ ਦੁੱਖ ਦੂਰ ਕਰਦਾ ਹੈ ਤੇ ਉਹਨਾਂ ਦਾ ਥੰਮ ਵਾਂਗ ਆਸਰਾ ਬਣਦਾ ਹੈ।

**616.** முயற்சி திருவினை ஆக்கும் முயற்றின்மை
இன்மை புகுத்தி விடும்.

ਪ੍ਰੀਸ਼੍ਰਮ ਨਾਲ ਆਰਥਿਕ ਸਥਿਤੀ ਸੁਧਰਦੀ ਹੈ
ਪ੍ਰੀਸ਼੍ਰਮ-ਹੀਣਤਾ ਨਾਲ ਦ੍ਰਿਦ੍ਰਤਾ ਆਉਂਦੀ ਹੈ।

**617.** மடிஉளாள் மாமுகடி என்ப மடிஇலான்
தாள்உளாள் தாமரையி னாள்.

'ਮੂਦੇਵੀ'-ਅਧੋਗਤੀ ਦੀ ਦੇਵੀ ਦਾ ਨਿਵਾਸ ਆਲਸਪਨ ਵਿਚ ਹੁੰਦਾ ਹੈ
ਜਦਕਿ ਲਕਸ਼ਮੀ ਦੇਵੀ-ਪ੍ਰਫੁੱਲਤਾ ਦੀ ਦੇਵੀ ਦਾ ਨਿਵਾਸ ਉੱਦਮ-ਸ਼ੀਲਤਾ
ਵਿਚ ਹੁੰਦਾ ਹੈ।

**618.** பொறிஇன்மை யார்க்கும் பழிஅன்று அறிவுஅறிந்து
ஆள்வினை இன்மை பழி.

ਭੈੜੀ ਕਿਸਮਤ ਕਾਰਨ ਅਸਫ਼ਲਤਾ ਮਿਲਣੀ ਕੋਈ ਸ਼ਰਮ ਵਾਲੀ ਗਲ ਨਹੀਂ
ਪ੍ਰੰਤੂ ਜਾਣ ਬੁੱਝ ਕੇ ਪ੍ਰੀਸ਼੍ਰਮ-ਹੀਣਤਾ ਕਾਰਨ ਅਸਫਲ ਹੋਣਾ ਸ਼ਰਮ ਯੋਗ ਹੈ।

**619.** தெய்வத்தான் ஆகாது எனினும் முயற்சிதன்
மெய்வருத்தக் கூலி தரும்.

ਭਾਵੇਂ ਕਿਸਮਤ ਠੀਕ ਨਾ ਹੋਣ ਕਰਕੇ ਮਨੋਇੱਛਤ ਫਲ ਪ੍ਰਾਪਤ ਨਾ ਹੋਵੇ
ਫਿਰ ਵੀ ਪੱਕੇ ਇਰਾਦੇ ਨਾਲ ਕੀਤੀ ਸਰੀਰਕ ਮਿਹਨਤ ਦਾ ਫਲ ਮਿਲ ਹੀ ਜਾਂਦਾ ਹੈ।

**620.** ஊழையும் உப்பக்கம் காண்பர் உலைவுஇன்றித்
தாழாது உஞற்று பவர்.

ਜੋ ਲੋਕ ਨਿਰੰਤਰ ਅਣਥੱਕ ਮਿਹਨਤ ਕਰਦੇ ਹਨ ਉਹਨਾਂ ਉਤੇ ਦੁਰਭਾਗ ਆਪਣਾ ਪ੍ਰਭਾਵ
ਨਹੀਂ ਪਾਉਂਦਾ। ਉਹ ਭਾਗਾਂ ਦੇ ਵਿਪ੍ਰੀਤ ਹੋਣ ਤੇ ਵੀ ਵਿਜੈ ਪ੍ਰਾਪਤ ਕਰਦੇ ਹਨ।

# 63

## இடுக்கண் அழியாமை
## ਮੁਸੀਬਤਾਂ ਵਿਚ ਸਥਿਰ ਰਹਿਣਾ

**621.** இடுக்கண் வருங்கால் நகுக அதனை
அடுத்துஊர்வது அஃதுஒப்பது இல்.

ਮੁਸੀਬਤਾਂ ਆਉਣ ਤੇ ਵੀ ਹੁਲਾਸ ਵਿਚ ਰਹੋ। ਸੰਕਟ ਤੋਂ ਪਾਰ ਲੰਘਣ ਲਈ
ਇਸ ਤੋਂ ਉੱਤਮ ਮਾਰਗ ਹੋਰ ਕੋਈ ਨਹੀਂ।

**622.** வெள்ளத்து அனைய இடும்பை அறிவுஉடையான்
உள்ளத்தின் உள்ளக் கெடும்.

ਜਦ ਭਾਰੀ ਤੂਫ਼ਾਨ ਵਾਂਗ ਸੰਕਟ ਆ ਜਾਏ ਤਾਂ ਇਕ ਵਿਵੇਕਸ਼ੀਲ ਵਿਅਕਤੀ
ਸਿਆਣਪ ਨਾਲ ਵਿਚਾਰ ਕਰਕੇ ਉਸ ਦਾ ਟਾਕਰਾ ਕਰੇ।

**623.** இடும்பைக்கு இடும்பை படுப்பர் இடும்பைக்கு
இடும்பை படாஅ தவர்.

ਜਿਹੜਾ ਵਿਅਕਤੀ ਕਠਨਾਈਆਂ ਸਾਹਮਣੇ ਸਥਿਰ ਰਹਿੰਦਾ ਹੈ
ਕਠਨਾਈਆਂ ਉਸ ਦੇ ਸਾਹਮਣੇ ਅਸਥਿਰ ਹੋ ਜਾਂਦੀਆਂ ਹਨ।

**624.** மடுத்தவாய் எல்லாம் பகடுஅன்னான் உற்ற
இடுக்கண் இடர்ப்பாடு உடைத்து.

ਦਲੱਦਲ ਵਿਚੋਂ ਗੱਡੀ ਨੂੰ ਖਿੱਚ ਕੇ ਲੈ ਆਉਣ ਵਾਲੇ ਬਲਦਾਂ ਵਾਂਗ
ਜਿਹੜਾ ਵਿਅਕਤੀ ਕਠਨਾਈਆਂ ਵਿਚ ਦ੍ਰਿੜਤਾ ਨਾਲ ਕਰਮਸ਼ੀਲ ਰਹਿੰਦਾ ਹੈ
ਉਸ ਦੀਆਂ ਕਠਨਾਈਆਂ ਨਿਰਾਸ਼ ਹੋ ਕੇ ਚਲੀਆਂ ਜਾਂਦੀਆਂ ਹਨ।

**625.** அடுக்கி வரினும் அழிவுஇலான் உற்ற
இடுக்கண் இடுக்கண் படும்.

ਭਾਵੇਂ ਜਿੰਨੀਆਂ ਮਰਜੀ ਕਠਨਾਈਆਂ ਤੰਗ ਕਰਨ ਜਿਹੜੇ ਵਿਅਕਤੀ
ਸਥਿਰ ਰਹਿੰਦੇ ਹਨ ਉਹਨਾਂ ਦੀਆਂ ਕਠਨਾਈਆਂ ਆਪ ਕਠਨਾਈਆਂ
ਵਿਚ ਪੈ ਜਾਂਦੀਆਂ ਹਨ।

**626.** அற்றேம்என்று அல்லல் படுபவோ பெற்றேம்என்று
ஓம்புதல் தேற்றா தவர்.

ਜਿਨ੍ਹਾਂ ਵਿਅਕਤੀਆਂ ਦੇ ਮਨ ਉਤੇ ਧੰਨ ਦੌਲਤ ਦੀ ਹੋਂਦ ਵੇਲੇ ਕੋਈ ਅਸਰ
ਨਹੀਂ ਪੈਂਦਾ ਕੀ ਉਹਨਾ ਦੇ ਮਨ ਵਿਚ ਇਸ ਦੀ ਅਣਹੋਂਦ ਵੇਲੇ ਕੋਈ
ਮੁਰਝਾਹਟ ਆਏਗੀ।

**627.** இலக்கம் உடம்புஇடும்பைக்கு என்று கலக்கத்தைக்
கையாறாக் கொள்ளாதாம் மேல்.

ਮਹਾਨ ਵਿਅਕਤੀ ਕਠਨਾਈਆਂ ਨੂੰ ਦੁਖਦਾਈ ਨਹੀਂ ਸਮਝਦੇ। ਉਹਨਾਂ ਦੀ ਮਨੌਤ
ਅਨੁਸਾਰ ਇਹ ਸੰਸਾਰ ਦੁਖ ਭੋਗਣ ਲਈ ਹੀ ਹੈ।

**628.** இன்பம் விழையான் இடும்பை இயல்புஎன்பான்
துன்பம் உறுதல் இலன்.

ਜੋ ਸੁੱਖ ਦੀ ਤਾਂਘ ਨਹੀਂ ਕਰਦੇ ਤੇ ਦੁੱਖ ਨੂੰ ਵੀ ਸੁਭਾਵਿਕ ਸਮਝਦੇ ਹਨ
ਉਹਨਾਂ ਨੂੰ ਦੁਖ ਕਦੇ ਤੰਗ ਨਹੀਂ ਕਰਦਾ।

**629.** இன்பத்துள் இன்பம் விழையாதான் துன்பத்துள்
துன்பம் உறுதல் இலன்.

ਜੋ ਵਿਅਕਤੀ ਸੁਖ ਵਿਚ ਅਸੀਮਤ ਰੂਪ ਵਿਚ ਖੁਸ਼ ਨਹੀਂ ਹੁੰਦੇ
ਉਹ ਦੁਖ ਵੇਲੇ ਵੀ ਵਿਆਕੁਲ ਨਹੀਂ ਹੁੰਦੇ।

**630.** இன்னாமை இன்பம் எனக்கொளின் ஆகும்தன்
ஒன்னார் விழையும் சிறப்பு.

ਜੋ ਵਿਅਕਤੀ ਪੀੜ ਵੇਲੇ ਹੱਸਦਾ ਹੈ ਦਰਦ ਵਿਚ ਆਨੰਦ ਅਨੁਭਵ ਕਰਦਾ ਹੈ
ਵੈਰੀ ਵੀ ਅਜਿਹੇ ਮਹਾਤਮਾ ਦਾ ਆਦਰ ਕਰਦੇ ਹਨ।

# 64

## அமைச்சு

## ਮੰਤਰੀ ਦੇ ਲੱਛਣ

**631.** கருவியும் காலமும் செய்கையும் செய்யும்
அருவினையும் மாண்டது அமைச்சு.

ਮੰਤਰੀ ਉਹੀ ਕਹਾਂਦਾ ਹੈ ਜੋ ਸਭ ਕੰਮਾਂ ਲਈ ਲੋੜੀਂਦੇ ਸਾਧਨਾਂ ਦਾ ਪਤਾ ਲਗਾ ਕੇ ਉਚਿੱਤ ਸਮੇਂ ਦੀ ਚੋਣ ਕਰੇ ਤੇ ਵਿਧੀ ਪੂਰਬਕ ਕੰਮ ਆਰੰਭ ਕਰਕੇ ਉਸ ਨੂੰ ਸਿਰੇ ਚੜ੍ਹਾ ਸਕੇ।

**632.** வன்கண் குடிகாத்தல் கற்றறிதல் ஆள்வினையோடு
ஐந்துடன் மாண்டது அமைச்சு.

ਦ੍ਰਿੜ੍ਹਤਾ ਪਰਜਾ ਦੀ ਰਖਿਆ ਨੀਤੀ ਗ੍ਰੰਥਾਂ ਦਾ ਗਿਆਨ ਹਿੰਮਤ ਤੇ ਉਚਿੱਤ
ਅਨਉਚਿੱਤ ਦਾ
ਵਿਵੇਕ-ਇਹ ਪੰਜ ਮੰਤਰੀ ਦੇ ਗੁਣ ਹਨ।

**633.** பிரித்தலும் பேணிக் கொளலும் பிரிந்தார்ப்
பொருத்தலும் வல்லது அமைச்சு.

ਸੁਯੋਗ ਮੰਤਰੀ ਉਹੀ ਹੈ ਜੋ ਸੰਗਠਿਤ ਸ਼ਤ੍ਰੂਆਂ ਨੂੰ ਤੋੜ ਸਕੇ ਮਿੱਤਰਾਂ ਨੂੰ ਨਾਲ ਰਖ ਸਕੇ ਤੇ ਵਿਰੋਧੀਆਂ ਨੂੰ ਮਿੱਤਰ ਬਣਾ ਸਕੇ।

**634.** *தெரிதலும் தேர்ந்து செயலும் ஒருதலையாச்*
*சொல்லலும் வல்லது அமைச்சு.*

ਮੰਤਰੀ ਉਹ ਸੁਯੋਗ ਹੁੰਦਾ ਹੈ ਜੋ ਕੰਮਾਂ ਦੀਆਂ ਯੋਜਨਾਵਾਂ ਦੇ ਸਰੂਪ ਨੂੰ ਸਮਝ ਸਕੇ ਤੇ ਉਹਨਾਂ ਨੂੰ ਸਿਰੇ ਚੜ੍ਹਾ ਸਕੇ ਅਤੇ ਦ੍ਰਿੜਤਾ ਪੂਰਬਕ ਆਪਣਾ ਮਸ਼ਵਰਾ ਸਾਹਮਣੇ ਰਖ ਸਕੇ।

**635.** *அறன்அறிந்து ஆன்றுஅமைந்த சொல்லான்எஞ் ஞான்றும்*
*திறன்அறிந்தான் தேர்ச்சித் துணை.*

ਉਹੀ ਮੰਤਰੀ ਰਾਜੇ ਦਾ ਸਹੀ ਸਹਾਇਕ ਹੁੰਦਾ ਹੈ ਜੋ ਰਾਜ-ਧਰਮ ਦਾ ਗਿਆਨ ਰਖਦਾ ਹੋਵੇ ਤੇ ਸ਼ਾਂਤੀ ਤੇ ਦ੍ਰਿੜਤਾ ਪੂਰਬਕ ਆਪਣੇ ਵਿਚਾਰ ਪ੍ਰਗਟ ਕਰਦਾ ਹੋਵੇ।

**636.** *மதிநுட்பம் நூலோடு உடையார்க்கு அதிநுட்பம்*
*யாஉள முன்நிற் பவை.*

ਤੀਖਣ ਬੁੱਧੀ ਤੇ ਸ਼ਾਸਤ੍ਰਾਂ ਦਾ ਚੰਗਾ ਗਿਆਨ ਰਖਣ ਵਾਲੇ
ਮੰਤਰੀ ਵਾਸਤੇ ਅਜਿਹਾ ਕਿਹੜਾ ਕੰਮ ਹੈ ਜੋ ਕਠਿਨ ਹੋਵੇ

**637.** *செயற்கை அறிந்தக் கடைத்தும் உலகத்து*
*இயற்கை அறிந்து செயல்.*

ਭਾਵੇਂ ਤੁਸੀਂ ਸਿਧਾਂਤਕ ਪੱਖ ਤੋਂ ਗਿਆਨ ਰਖਦੇ ਵੀ ਹੋਵੋ ਫਿਰ ਵੀ ਯਥਾਰਥ ਪ੍ਰਸਥਿਤੀਆਂ ਦੇ ਅਨੁਸਾਰ ਵਿਵਹਾਰਕ ਰੂਪ ਵਿਚ ਯੋਜਨਾਵਾਂ ਨੂੰ ਸਿਰੇ ਚੜ੍ਹਾਣਾ ਹੀ ਉੱਤਮ ਹੈ।

**638.** *அறிகொன்று அறியான் எனினும் உறுதி*
*உழைஇருந்தான் கூறல் கடன்.*

ਜੇ ਰਾਜਾ ਅਨਜਾਣ ਹੋਵੇ ਤੇ ਮੰਤਰੀ ਦੀ ਸਲਾਹ ਮਸ਼ਵਰੇ ਦੀ ਪ੍ਰਵਾਹ ਨਾ ਕਰੇ ਫਿਰ ਵੀ ਮੰਤਰੀ ਦਾ ਕਰਤੱਵ ਹੈ ਕਿ ਉਹ ਰਾਜੇ ਨੂੰ ਸਹੀ ਸਲਾਹ ਦੇਂਦਾ ਰਹੇ।

**639.** *பழுதுஎண்ணும் மந்திரியின் பக்கத்துள் தெவ்வோர்*
*எழுபது கோடி உறும்.*

ਰਾਜੇ ਦਾ ਹਿੱਤ ਨਾ ਚਾਹੁੰਣ ਵਾਲੇ ਇਕ ਮੰਤਰੀ ਦੀ ਤੁਲਨਾ ਵਿਚ
ਸੱਤਰ ਕਰੋੜ ਦੁਸ਼ਮਨ ਰਖਣਾ ਬਿਹਤਰ ਹੈ।

**640.** *முறைப்படச் சூழ்ந்தும் முடிவுஇலவே செய்வர்*
*திறப்பாடு இலாஅ தவர்.*

ਜਿਨ੍ਹਾਂ ਮੰਤਰੀਆਂ ਵਿਚ ਕੰਮ ਸਿਰੇ ਚੜ੍ਹਾਣ ਦੀ ਯੋਗਤਾ ਨਹੀਂ ਹੁੰਦੀ ਉਹ ਠੀਕ ਯੋਜਨਾ ਬਨਾਉਣ ਪਿਛੋਂ ਵੀ ਉਸ ਨੂੰ ਸਿਰੇ ਚੜ੍ਹਾਉਣ ਵਿਚ ਅਸਫਲ ਹੁੰਦੇ ਹਨ।

# 65

## சொல்வன்மை

## ਬਚਨ-ਸ਼ਕਤੀ

**641.** நாநலம் என்னும் நலன்உடைமை அந்நலம்
யாநலத்து உள்ளதூஉம் அன்று.

ਸੱਦ-ਬਚਨ ਬੋਲਣਾ ਇਕ ਅਜਿਹਾ ਉੱਤਮ ਗੁਣ ਹੈ ਜੋ ਹੋਰ ਸਾਰੇ
ਸੱਦ ਗੁਣਾਂ ਤੋਂ ਕਿਤੇ ਵਧੇਰੇ ਸ੍ਰੇਸ਼ਟ ਹੈ।

**642.** ஆக்கமும் கேடும் அதனால் வருதலால்
காத்துஓம்பல் சொல்லின்கண் சோர்வு.

ਉਨਤੀ ਤੇ ਵਿਨਾਸ਼ ਦੋਨੋਂ ਬਚਨਾਂ ਦੁਆਰਾ ਸੰਭਵ ਹਨ। ਸੋ ਮੰਤਰੀ ਨੂੰ ਆਪਣੇ
ਅਨਉਚਿੱਤ ਬਚਨਾਂ ਪ੍ਰਤੀ ਸਾਵਧਾਨ ਰਹਿਣਾ ਚਾਹੀਦਾ ਹੈ।

**643.** கேட்டார்ப் பிணிக்கும் தகைஅவாய்க் கேளாரும்
வேட்ப மொழிவதாம் சொல்.

ਬਾਣੀ ਅਜਿਹੀ ਹੋਣੀ ਚਾਹੀਦੀ ਹੈ ਜੋ ਮਿੱਤਰਾਂ ਨੂੰ ਆਪਣੇ ਨਾਲ ਪੱਕੀ ਤਰ੍ਹਾਂ
ਰੱਖ ਸਕੇ ਤੇ ਵਿਰੋਧੀਆਂ ਦੇ ਮਨ ਵਿਚ ਮਿੱਤਰਤਾ ਕਰ ਲੈਣ ਦੀ ਭਾਵਨਾ ਜਗਾਏ।

**644.** திறன்அறிந்து சொல்லுக சொல்லை அறனும்
பொருளும் அதனின்ஊஉங்கு இல்.

ਮੰਤਰੀ ਉਹ ਉਚਿੱਤ ਹੈ ਜੋ ਸ੍ਰੋਤਿਆਂ ਦੀ ਸਮ੍ਰੱਥਾ ਨੂੰ ਸਮਝ ਕੇ ਬੋਲੇ।
ਇਸ ਤੋਂ ਵੱਡਾ ਤੇ ਲਾਹੇਵੰਦ ਫਰਜ਼ ਹੋਰ ਕੋਈ ਨਹੀਂ।

**645.** சொல்லுக சொல்லைப் பிறிதுஓர்சொல் அச்சொல்லை
வெல்லும்சொல் இன்மை அறிந்து.

ਆਪਣੀ ਗਲ ਕਹਿਣ ਤੋਂ ਪਹਿਲਾਂ ਇਹ ਗਲ ਸੁਨਿਸ਼ਚਿੱਤ ਕਰ ਲੈਣੀ ਚਾਹੀਦੀ ਹੈ
ਕਿ ਉਸ ਦੇ ਸ਼ਬਦਾਂ ਦਾ ਖੰਡਣ ਸੰਭਵ ਨਹੀਂ ਹੈ।

**646.** வேட்பத்தாம் சொல்லிப் பிறர்சொல் பயன்கோடல்
மாட்சியின் மாசுஅற்றார் கோள்.

ਮੰਤਰੀ ਦੇ ਬਚਨ ਅਜਿਹੇ ਹੋਣੇ ਚਾਹੀਦੇ ਹਨ ਕਿ ਸੁਣਨ ਵਾਲੇ ਉਹਨਾਂ ਨੂੰ ਹੋਰ ਸੁਣਨਾ ਚਾਹੁੰਣ
ਤੇ ਨਾਲ ਹੀ ਉਸ ਨੂੰ ਦੂਸਰਿਆਂ ਦੇ ਕਥਨ ਨੂੰ ਵੀ ਠੀਕ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ।

**647.** சொலல்வல்லன் சோர்வுஇலன் அஞ்சான் அவனை
இகல்வெல்லல் யார்க்கும் அரிது.

ਆਪਣੀ ਗਲ ਨੂੰ ਸਪਸ਼ਟ ਰੂਪ ਵਿਚ ਪ੍ਰਸਤੁਤ ਕਰਦੇ ਸਮੇਂ ਮੰਤਰੀ ਦੇ ਵਿਚਾਰਾਂ ਵਿਚ ਧੁੰਦਲਾਪਨ ਜਾਂ ਭੈਅ ਦੀ ਭਾਵਨਾ ਨਹੀਂ ਹੋਣੀ ਚਾਹੀਦੀ ਅਜਿਹੇ ਵਿਅਕਤੀ ਨੂੰ ਵਾਦ ਵਿਵਾਦ
ਵਿਚ ਜਿੱਤਿਆ ਨਹੀਂ ਜਾ ਸਕਦਾ।

**648.** விரைந்து தொழில்கேட்கும் ஞாலம் நிரந்துஇனிது
சொல்லுதல் வல்லார்ப் பெறின்.

ਜੋ ਮੰਤਰੀ ਵੱਖ-ਵੱਖ ਵਿਸ਼ਿਆਂ ਉਤੇ ਵਿਵੇਕੀ ਤੇ ਵਿਨੋਦੀ ਢੰਗ ਨਾਲ ਬੋਲਣ ਦੀ ਸਮ੍ਰੱਥਾ ਰਖਦਾ ਹੈ
ਲੋਕ ਉਸ ਦੀਆਂ ਗੱਲਾਂ ਨੂੰ ਸਵੀਕਾਰ ਕਰ ਲੈਂਦੇ ਹਨ।

**649.** பலசொல்லக் காமுறுவர் மன்றமாசு அற்ற
சிலசொல்லல் தேற்றா தவர்.

ਜੋ ਲੋਕ ਆਪਣੇ ਮੰਤਵ ਨੂੰ ਥੋੜੇ ਚੁਣੇ ਹੋਏ ਸ਼ਬਦਾਂ ਵਿਚ ਸਪਸ਼ਟ ਨਹੀਂ ਕਰ ਸਕਦੇ
ਉਹ ਆਪਣੀ ਗਲ ਨੂੰ ਘੁਮਾ ਫਿਰਾ ਕੇ ਬੋਲਣਾ ਪਸੰਦ ਕਰਦੇ ਹਨ।

**650.** இணர்ஊழ்த்தும் நாறா மலர்அனையர் கற்றது
உணர விரித்துஉரையா தார்.

ਜੋ ਵਿਅਕਤੀ ਆਪਣੇ ਇਕੱਤ੍ਰ ਕੀਤੇ ਗਿਆਨ ਨੂੰ ਦੂਜਿਆਂ ਸਾਹਮਣੇ ਸਪਸ਼ਟ ਰੂਪ ਵਿਚ
ਰੱਖ ਨਹੀਂ ਸਕਦੇ ਉਹ ਖੁਸ਼ਬੂ ਰਹਿਤ ਫੁੱਲਾਂ ਦੇ ਗੁੱਛੇ ਵਾਂਗ ਹਨ।

# 66

## வினைத்தூய்மை

## ਕੰਮਾਂ ਦੀ ਪਵਿੱਤ੍ਰਤਾ

**651.** துணைநலம் ஆக்கம் தரூஉம் வினைநலம்
வேண்டிய எல்லாம் தரும்.

ਪ੍ਰਾਪਤ ਸਹਾਇਤਾ ਨਾਲ ਕੇਵਲ ਧੰਨ ਦੀ ਪ੍ਰਾਪਤੀ ਹੋ ਸਕਦੀ ਹੈ
ਪ੍ਰੰਤੂ ਨਿੱਜੀ ਹਿੰਮਤ ਨਾਲ ਸਾਰੇ ਮਨੋਇੱਛਿਤ ਫਲ ਪ੍ਰਾਪਤ ਕੀਤੇ ਜਾ ਸਕਦੇ ਹਨ।

**652.** என்றும் ஒருவுதல் வேண்டும் புகழொடு
நன்றி பயவா வினை.

ਮੰਤਰੀ ਨੂੰ ਅਜਿਹੇ ਕੰਮਾਂ ਤੋਂ ਬਚਣਾ ਚਾਹੀਦਾ ਹੈ ਜਿਨ੍ਹਾਂ ਦੁਆਰਾ ਨਾ ਯੱਸ਼ ਮਿਲੇ ਤੇ ਨਾ ਹੀ ਕੋਈ ਹੋਰ ਲਾਭ।

**653.** ஓஒதல் வேண்டும் ஒளிமாழ்கும் செய்வினை
ஆஅதும் என்னு மவர்.

ਜੋ ਇਸ ਸੰਸਾਰ ਵਿਚ ਉੱਤੇ ਉੱਠਣਾ ਚਾਹੁੰਦੇ ਹਨ ਉਹਨਾਂ ਨੂੰ ਕੋਈ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਉਹਨਾਂ ਦੀ ਕੀਰਤੀ ਉਤੇ ਧੱਬਾ ਲਗੇ।

**654.** இடுக்கண் படினும் இளிவந்த செய்யார்
நடுக்கற்ற காட்சி யவர்.

ਅਨਗਿਣਤ ਕਸ਼ਟਾਂ ਦਾ ਸਾਹਮਣਾ ਹੀ ਭਾਵੇਂ ਕਿਉਂ ਨਾ ਕਰਨਾ ਪੈ ਜਾਵੇ ਇਕ ਉੱਤਮ ਆਚਰਣ ਵਾਲਾ ਮੰਤਰੀ ਫਿਰ ਵੀ ਅਜਿਹਾ ਨੀਚ ਕੰਮ ਨਹੀਂ ਕਰੇਗਾ ਜਿਸ ਨਾਲ ਉਸ ਦੀ ਇੱਜ਼ਤ ਨੂੰ ਧੱਬਾ ਲੱਗੇ।

**655.** எற்றுஎன்று இரங்குவ செய்யற்க செய்வானேல்
மற்றுஅன்ன செய்யாமை நன்று.

ਮੰਤਰੀ ਨੂੰ ਅਜਿਹੇ ਕੰਮ ਨਹੀਂ ਕਰਨੇ ਚਾਹੀਦੇ ਜਿਨ੍ਹਾਂ ਕਰਕੇ ਉਸ ਨੂੰ ਪਿਛੋਂ ਪਛਤਾਣਾ ਪਵੇ ਕਿ ਹਾਏ ਇਹ ਮੈਂ ਕੀਹ ਕਰ ਬੈਠਾਂ। ਜੇ ਗਲਤੀ ਨਾਲ ਅਜਿਹਾ ਕੰਮ ਹੋ ਜਾਵੇ ਤਾਂ ਦੁਬਾਰਾ ਅਜਿਹਾ ਕੰਮ ਕਰਨ ਦੀ ਭੁੱਲ ਨਾ ਕਰੇ।

**656.** ஈன்றாள் பசிகாண்பான் ஆயினும் செய்யற்க
சான்றோர் பழிக்கும் வினை.

ਮੰਤਰੀ ਨੂੰ ਆਪਣੀ ਮਾਂ ਨੂੰ ਭੁੱਖ ਨਾਲ ਪੀੜਤ ਵੇਖ ਕੇ ਵੀ ਨਿੰਦਤ ਕਾਰਜ ਨਹੀਂ ਕਰਨਾ ਚਾਹੀਦਾ।

**657.** பழிமலைந்து எய்திய ஆக்கத்தின் சான்றோர்
கழிநல் குரவே தலை.

ਨਿੰਦਨ ਯੋਗ ਪਾਪੀ-ਕੰਮਾਂ ਦੁਆਰਾ ਅਪਜੱਸ਼ ਨਾਲ ਕਮਾਈ ਸੰਪਤੀ ਨਾਲੋਂ ਨਿਰਧੰਨਤਾ ਵਿਚ ਨਿਰਮਲਤਾ ਨਾਲ ਜਿਊਣਾ ਉੱਤਮ ਹੈ।

**658.** கடிந்த கடிந்துஒரார் செய்தார்க்கு அவைதாம்
முடிந்தாலும் பீழை தரும்.

ਮਹਾਨ ਵਿਅਕਤੀਆਂ ਵਲੋਂ ਨਿੰਦੇ ਗਏ ਕੰਮਾਂ ਵਿਚ ਗ਼ਲਤਾਨ ਲੋਕ ਭਾਵੇਂ ਆਪਣੇ ਮਨੋਰਥ ਵਿਚ ਸਫ਼ਲ ਵੀ ਹੋ ਜਾਣ ਫਿਰ ਵੀ ਉਹਨਾਂ ਨੂੰ ਦੁੱਖ ਹੀ ਭੋਗਣਾ ਮਿਲਦਾ ਹੈ।

**659.** அழக்கொண்ட எல்லாம் அழப்போம் இழப்பினும்
பிற்பயக்கும் நற்பா லவை.

ਦੂਜਿਆਂ ਦੇ ਹੰਝੂ ਵਹਾ ਕੇ ਇਕੱਠਾ ਕੀਤਾ ਧੰਨ ਅਖੀਰ ਹੰਝੂ ਵਹਾ ਕੇ ਹੀ ਨਸ਼ਟ ਹੁੰਦਾ ਹੈ। ਚੰਗੇ ਕੰਮ ਕਰਦੇ ਹੋਏ ਆਰੰਭ ਵਿਚ ਭਾਵੇਂ ਹਾਨੀ ਹੋ ਜਾਏ ਪ੍ਰੀਣਾਮ ਚੰਗਾ ਹੀ ਨਿਕਲਦਾ ਹੈ।

**660.** சலத்தால் பொருள்செய்துஏம் ஆர்த்தல் பசுமண்
கலத்துள்நீர் பெய்துஇரீஇ யற்று.

ਛੱਲ ਕਪਟ ਦੁਆਰਾ ਧੰਨ ਸੰਪਤੀ ਇਕੱਠੀ ਕਰਨੀ ਕੱਚੇ ਘੜੇ ਵਿਚ ਪਾਣੀ ਭਰਨ ਵਾਂਗ ਵਿਅਰਥ ਕੰਮ ਹੈ।

# 67

## வினைத்திட்பம்

## ਕੰਮ ਵਿਚ ਦ੍ਰਿੜ੍ਹਤਾ

**661.** வினைத்திட்பம் என்பது ஒருவன் மனத்திட்பம்
மற்றைய எல்லாம் பிற.

ਕੰਮ ਨੂੰ ਸਿਰੇ ਚੜ੍ਹਾਣ ਦੀ ਦ੍ਰਿੜ੍ਹਤਾ ਕੰਮ ਕਰਨ ਵਾਲੇ ਦੀ ਮਾਨਸਿਕ ਦ੍ਰਿੜ੍ਹਤਾ ਦੀ ਸੂਚਕ ਹੁੰਦੀ ਹੈ। ਹੋਰ ਸਾਰੇ ਗੁਣ ਇਸ ਤੋਂ ਪਿਛੋਂ ਹੀ ਆਉਂਦੇ ਹਨ।

**662.** ஊறுஒரால் உற்றபின் ஒல்காமை இவ்விரண்டின்
ஆறுஎன்பர் ஆய்ந்தவர் கோள்.

ਜਿਨ੍ਹਾਂ ਕੰਮਾਂ ਵਿਚ ਅਸਫਲਤਾ ਹੀ ਮਿਲਣੀ ਹੈ ਉਹ ਨਾ ਕਰਨਾ ਤੇ ਕਠਨਾਈਆਂ ਨੂੰ ਵੇਖ ਕੇ ਆਪਣੇ ਮਨੋਰਥ ਤੋਂ ਪਿੱਛੇ ਨਾ ਹਟਣਾ-ਇਹ ਦੋਵੇਂ ਅਸੂਲ ਸਿਆਣਿਆਂ ਨੇ ਜੀਵਨ ਦੇ ਪੱਥ-ਪ੍ਰਦਰਸ਼ਕ ਮੰਨੇ ਹਨ।

**663.** கடைக்கொட்கச் செய்தக்கது ஆண்மை இடைக்கொட்கின்
எற்றா விழுமம் தரும்.

ਕੰਮ ਅਜਿਹੇ ਢੰਗ ਨਾਲ ਕਰੋ ਕਿ ਮੰਤਵ ਪ੍ਰਾਪਤੀ ਉਪ੍ਰੰਤ ਹੀ ਉਸ ਬਾਰੇ ਲੋਕਾਂ ਨੂੰ ਪਤਾ ਲਗੇ। ਗ਼ਲਤ ਸਮੇਂ ਉਸ ਕੰਮ ਬਾਰੇ ਪਤਾ ਲਗ ਜਾਣ ਤੇ ਰੁਕਾਵਟਾਂ ਨੂੰ ਪਾਰ ਕਰਨਾ ਕਠਿਨ ਹੋਵੇਗਾ।

**664.** சொல்லுதல் யார்க்கும் எளிய அரியஆம்
சொல்லிய வண்ணம் செயல்.

ਕੋਈ ਕੰਮ ਕਿਵੇਂ ਕਰਨਾ ਹੈ ਬਾਰੇ ਕਹਿ ਤਾਂ ਕੋਈ ਵੀ ਸਕਦਾ ਹੈ ਪ੍ਰੰਤੂ ਜਿਵੇਂ ਕਿਹਾ ਗਿਆ ਹੈ ਉਸ ਨੂੰ ਉਵੇਂ ਸਿਰੇ ਚੜ੍ਹਾਣਾ ਕਿਤੇ ਵਧੇਰੇ ਮੁਸ਼ਕਲ ਹੈ।

**665.** வீறுஎய்தி மாண்டார் வினைத்திட்பம் வேந்தன்கண்
ஊறுஎய்தி உள்ளப் படும்.

ਯੋਜਨਾ-ਬੱਧ ਯੁਕਤੀ ਨਾਲ ਕੰਮ ਸਿਰੇ ਚੜ੍ਹਾਣ ਵਾਲੇ ਮੰਤਰੀ ਦੀ ਪ੍ਰਸੰਸਾ ਰਾਜਾ ਵੀ ਕਰਦਾ ਹੈ ਤੇ ਸਾਰੀ ਪਰਜਾ ਵੀ।

**666.** எண்ணிய எண்ணியாங்கு எய்துப எண்ணியார்
திண்ணியர் ஆகப் பெறின்.

ਯੋਜਨਾ ਬਨਾਉਣ ਵਾਲਾ ਵਿਅਕਤੀ ਜੇ ਆਪਣੇ ਕੰਮ ਵਿਚ ਨਿਪੁੰਨ ਹੋਵੇ ਤਾਂ ਮਿਥੇ ਅਨੁਸਾਰ ਕਾਰਜ ਸਿਰੇ ਚੜ੍ਹਦਾ ਹੈ।

**667.** உருவுகண்டு எள்ளாமை வேண்டும் உருள்பெருந்தேர்க்கு
அச்சுஆணி அன்னார் உடைத்து.

ਕਿਸੇ ਵਿਅਕਤੀ ਦਾ ਕੱਦ ਛੋਟਾ ਵੇਖ ਕੇ ਉਸ ਦਾ ਮਜ਼ਾਕ ਨਹੀਂ ਉਡਾਣਾ ਚਾਹੀਦਾ। ਸੰਸਾਰ ਵਿਚ ਅਜਿਹੇ ਵਿਅਕਤੀ ਵੀ ਹਨ ਜਿਨ੍ਹਾਂ ਦਾ ਮਹੱਤਵ ਰੱਥ ਦੇ ਧੁਰੇ ਵਾਂਗ ਹੁੰਦਾ ਹੈ।

**668.** கலங்காது கண்ட வினைக்கண் துளங்காது
தூக்கம் கடிந்து செயல்.

ਸਪਸ਼ਟ ਭਾਂਤ ਸੋਚ ਸਮਝ ਕੇ ਜੇ ਕਿਸੇ ਕੰਮ ਦਾ ਫੈਸਲਾ ਲੈ ਲਿਆ ਜਾਏ ਤਾਂ ਉਸ ਦਾ ਸਿਰੇ ਚੜ੍ਹਾਣਾ ਆਸਾਨ ਹੋ ਜਾਣਾ ਚਾਹੀਦਾ ਹੈ।

**669.** துன்பம் உறவரினும் செய்க துணிவுஆற்றி
இன்பம் பயக்கும் வினை.

ਕਿਸੇ ਕੰਮ ਦੇ ਆਰੰਭ ਵਿਚ ਔਕੜਾਂ ਆਉਣ ਤੇ ਵੀ ਜੇ ਉਸ ਨੂੰ ਹਿੰਮਤ ਤੇ ਦ੍ਰਿੜ ਇਰਾਦੇ ਨਾਲ ਸਿਰੇ ਚੜ੍ਹਾਇਆ ਜਾਏ ਤਾਂ ਸੁਆਦ ਆਏਗਾ।

**670.** எனைத்திட்பம் எய்தியக் கண்ணும் வினைத்திட்பம்
வேண்டாரை வேண்டாது உலகு.

ਅਨੇਕ ਗੁਣਾਂ ਵਾਲਾ ਹੋਣ ਤੇ ਵੀ ਜੇ ਕਿਸੇ ਵਿਅਕਤੀ ਵਿਚ ਕੰਮ ਪ੍ਰਤੀ ਵਿਸ਼ਵਾਸ ਨਹੀਂ ਤਾਂ ਲੋਕਾਂ ਵਿਚ ਉਸ ਦਾ ਆਦਰ ਨਹੀਂ ਹੋਵੇਗਾ।

# 68

## வினைசெயல்வகை

## ਕੰਮ ਪ੍ਰਣਾਲੀ

**671.** சூழ்ச்சி முடிவு துணிவுஎய்தல் அத்துணிவு
தாழ்ச்சியுள் தங்குதல் தீது.

ਜੇ ਕਿਸੇ ਕੰਮ ਨੂੰ ਆਰੰਭ ਕਰਨ ਵੇਲੇ ਉਸ ਦੇ ਵੱਖ-ਵੱਖ ਪਹਿਲੂਆਂ ਬਾਰੇ ਵਿਚਾਰਕਰ ਲਈ ਜਾਵੇ ਤਾਂ ਫਿਰ ਉਸ ਨੂੰ ਸਿਰੇ ਚੜ੍ਹਾਣ ਵਿਚ ਦੇਰੀ ਕਰਨ ਨਾਲ ਅਸਫਲਤਾ ਹੀ ਹੱਥ ਆਵੇਗੀ।

**672.** தூங்குக தூங்கிச் செயற்பால தூங்கற்க
தூங்காது செய்யும் வினை.

ਅਵੱਸ਼ਕ ਕੰਮਾਂ ਦੇ ਹਿੱਤ ਵਿਚ ਜਿਨ੍ਹਾਂ ਕੰਮਾਂ ਨੂੰ ਅੱਗੇ ਪਾਉਣਾ ਜ਼ਰੂਰੀ ਹੋਵੇ ਉਹਨਾਂ ਨੂੰ ਅੱਗੇ ਪਾਉਣਾ ਹੀ ਚੰਗਾ ਹੈ। ਜਿਨ੍ਹਾਂ ਕੰਮਾਂ ਨੂੰ ਤਤਕਾਲ ਕਰਨਾ ਚਾਹੀਦਾ ਹੈ ਉਹਨਾਂ ਵਿਚ ਢਿੱਲ ਮੱਠ ਕਰਨੀ ਉਚਿੱਤ ਨਹੀਂ ਹੈ।

**673.** ஒல்லும்வாய் எல்லாம் வினைநன்றே ஒல்லாக்கால்
செல்லும்வாய் நோக்கிச் செயல்.

ਜੇ ਉਸੇ ਵੇਲੇ ਵਾਰ ਕਰਨ ਨਾਲ ਵਿਜੈ ਪ੍ਰਾਪਤ ਹੋ ਸਕੇ ਤਾਂ ਉਸ ਵਿਚ ਢਿੱਲ ਮੱਠ ਨਾ ਕਰੋ। ਵਿਰੋਧੀ ਸਥਿਤੀਆਂ ਵਿਚ ਘੱਟ ਬਿਖੜੇ ਮਾਰਗ ਨੂੰ ਅਪਨਾਓ।

**674.** வினைபகை என்றுஇரண்டின் எச்சம் நினையுங்கால்
தீஎச்சம் போலத் தெறும்.

ਕਿਸੇ ਕੰਮ ਨੂੰ ਅਪੂਰਣ ਛੱਡਣਾ ਜਾਂ ਦੁਸ਼ਮਨ ਨੂੰ ਸਮੁੱਚਾ ਨਾਸ਼ ਕੀਤੇ ਬਿਨਾ ਛੱਡਣਾ ਅਨਬੁਝੀ ਚੰਗਿਆੜੀ ਵਾਂਗ ਹੁੰਦਾ ਹੈ ਜੋ ਕਿਸੇ ਵੇਲੇ ਵੀ ਭੜਕ ਸਕਦੀ ਹੈ।

**675.** பொருள்கருவி காலம் வினைஇடனொடு ஐந்தும்
இருள்தீர எண்ணிச் செயல்.

ਧੰਨ ਸਾਧਨ ਸਮਾਂ ਯੁਕਤੀ ਤੇ ਸਥਾਨ ਇਹਨਾਂ ਪੰਜਾਂ ਬਾਰੇ ਵਿਚਾਰ ਕਰਨ ਤੋਂ ਪਿਛੋਂ ਹੀ ਕੰਮ (ਯੁੱਧ) ਵਿਚ ਜੁਟਣਾ ਚਾਹੀਦਾ ਹੈ।

**676.** முடிவும் இடையூறும் முற்றியாங்கு எய்தும்
படுபயனும் பார்த்துச் செயல்.

ਕੰਮ ਆਰੰਭ ਕਰਨ ਤੋਂ ਪਹਿਲਾਂ ਉਸ ਖਾਤਰ ਲੋੜੀਂਦੇ ਯਤਨ ਉਸ ਵਿਚ ਆ ਸਕਣ ਵਾਲੀਆਂ ਰੁਕਾਵਟਾਂ ਅਤੇ ਉਸ ਦੇ ਪੂਰੇ ਹੋਣ ਤੇ ਉਸ ਤੋਂ ਹੋਣ ਵਾਲੇ ਲਾਭ ਬਾਰੇ ਵਿਚਾਰ ਕਰ ਲੈਣਾ ਆਵੱਸ਼ਕ ਹੈ।

**677.** *செய்வினை செய்வான் செயல்முறை அவ்வினை*
*உள்ளறிவான் உள்ளம் கொளல்.*

ਕਿਸੇ ਕੰਮ ਨੂੰ ਹੱਥ ਵਿਚ ਲੈਣ ਤੋਂ ਪਹਿਲਾਂ ਉਸ ਕੰਮ ਸੰਬੰਧੀ ਮਾਹਿਰ ਤੇ ਤਜਰਬਾਕਾਰ ਵਿਅਕਤੀਆਂ ਪਾਸੋਂ ਕੰਮ ਨਾਲ ਸੰਬੰਧਿਤ ਗੁੱਝੀਆਂ ਗਲਾਂ ਨੂੰ ਸਮਝ ਲੈਣਾ ਚਾਹੀਦਾ ਹੈ।

**678.** *வினையால் வினையாக்கிக் கோடல் நனைகவுள்*
*யானையால் யானையாத் தற்று.*

ਕਿਸੇ ਸਿਰੇ ਚੜ੍ਹੇ ਕੰਮ ਤੋਂ ਲਾਭ ਉਠਾ ਕੇ ਦੂਸਰੇ ਕੰਮ ਨੂੰ ਸਿਰੇ ਚੜ੍ਹਾਣਾ ਉਵੇਂ ਹੀ ਹੈ ਜਿਵੇਂ ਪਾਲਤੂ ਹਾਥੀ ਦੀ ਸਹਾਇਤਾ ਨਾਲ ਜੰਗਲ ਵਿਚੋਂ ਨਵਾਂ ਹਾਥੀ ਪਕੜਣਾ।

**679.** *நட்டார்க்கு நல்ல செயலின் விரைந்ததே*
*ஒட்டாரை ஒட்டிக் கொளல்.*

ਆਪਣੇ ਮਿੱਤਰਾਂ ਨਾਲ ਮਿੱਤਰਤਾ ਬਣਾਈ ਰੱਖਣਾ ਆਵੱਸ਼ਕ ਹੈ ਪ੍ਰੰਤੂ ਸ਼ਤਰੂ ਨੂੰ ਆਪਣਾ ਮਿੱਤਰ ਬਣਾ ਲੈਣਾ ਉਸ ਤੋਂ ਵੀ ਵਧੇਰੇ ਚੰਗਾ ਹੈ।

**680.** *உறைசிறியார் உள்நடுங்கல் அஞ்சிக் குறைபெறின்*
*கொள்வர் பெரியார்ப் பணிந்து.*

ਆਪਣੀ ਕਮਜ਼ੋਰੀ ਸਮਝ ਲੈਣ ਤੇ ਪਰਜਾ ਤੇ ਰਾਜ ਦੇ ਹਿਤ ਲਈ ਪ੍ਰਬਲ ਸ਼ਤਰੂ ਨਾਲ ਸਮਝੌਤਾ ਕਰ ਲੈਣਾ ਸਿਆਣਪ ਦੀ ਗਲ ਹੈ।

# 69

## தூது
## ਰਾਜਦੂਤ

**681.** *அன்புடைமை ஆன்ற குடிப்பிறத்தல் வேந்துஅவாம்*
*பண்புடைமை தூதுஉரைப்பான் பண்பு.*

ਰਾਜ ਸੰਬੰਧੀ ਸਨੇਹ ਹੋਣਾ ਚੰਗੇ ਘਰਾਣੇ ਨਾਲ ਸੰਬੰਧਤ ਹੋਣਾ ਤੇ ਆਪਣੇ ਸੁਆਮੀ (ਰਾਜੇ) ਨੂੰ ਪ੍ਰਸੰਨ ਰੱਖਣ ਦੀ ਮੁਹਾਰਤ ਹੋਣੀ-ਇਹ ਤਿੰਨੋ ਇਕ ਸਫ਼ਲ ਦੂਤ ਦੇ ਲੱਛਣ ਹਨ।

**682.** *அன்புஅறிவு ஆராய்ந்த சொல்வன்மை தூதுஉரைப்பார்க்கு
இன்றி யமையாத மூன்று.*

(ਦੇਸ ਪ੍ਰਤੀ) ਸਨੇਹ ਰਾਜ ਦੀ ਨੀਤੀ ਪ੍ਰਤੀ ਗਿਆਨ ਅਤੇ ਪ੍ਰਭਾਵਸ਼ਾਲੀ
ਵਕਤਾ ਹੋਣਾ-ਇਹ ਤਿੰਨੋ ਰਾਜਦੂਤ ਦੇ ਆਵੱਸ਼ਕ ਗੁਣ ਹਨ।

**683.** *நூலாருள் நூல்வல்லன் ஆகுதல் வேலாருள்
வென்றி வினையுரைப்பான் பண்பு.*

ਸ਼ਕਤੀਸ਼ਾਲੀ ਵਿਰੋਧੀ ਰਾਜੇ ਦੇ ਸਾਹਮਣੇ ਆਪਣੇ ਰਾਜੇ ਦੇ ਪੱਖ ਵਿਚ ਬੋਲ ਕੇ
ਉਸ ਦਾ ਕੰਮ ਬਣਾ ਲੈਣ ਦੀ ਯੋਗਤਾ ਉਸੇ ਦੂਤ ਵਿਚ ਹੁੰਦੀ ਹੈ
ਜੋ ਵਿਦਵਾਨਾਂ ਵਿਚ ਵਿਦਵਾਨ ਹੁੰਦਾ ਹੈ।

**684.** *அறிவுஉரு ஆராய்ந்த கல்விஇம் மூன்றன்
செறிவுடையான் செல்க வினைக்கு.*

ਜਿਸ ਵਿਅਕਤੀ ਵਿਚ ਸਹਿਜ ਗਿਆਨ ਪ੍ਰਭਾਵਸ਼ਾਲੀ ਵਿਅਕਤਿਤਵ ਤੇ
ਚੰਗੀ ਵਿਦਵਤਾ ਹੋਵੇ ਉਹੀ ਦੂਤ ਬਣਾ ਕੇ ਭੇਜਣ ਦੇ ਯੋਗ ਹੈ।

**685.** *தொகச்சொல்லித் தூவாத நீக்கி நகச்சொல்லி
நன்றி பயப்பதாம் தூது.*

ਉਹੀ ਰਾਜਦੂਤ ਸਫਲ ਹੁੰਦਾ ਹੈ ਜੋ (ਹੋਰ ਰਾਜਿਆਂ ਦੇ ਸਾਹਮਣੇ) ਪ੍ਰਸੰਨ ਮੁੱਖ ਨਾਲ
ਕੁੜੱਤਣ ਰਹਿਤ ਮਿੱਠੇ ਬਚਨਾਂ ਵਿਚ, ਸੰਖੇਪਤਾ ਨਾਲ ਆਪਣੀ ਗੱਲ
ਪ੍ਰਸਤੁਤ ਕਰ ਸਕੇ।

**686.** *கற்றுக்கண் அஞ்சான் செலச்சொல்லிக் காலத்தால்
தக்கது அறிவதாம் தூது.*

ਰਾਜਦੂਤ ਉਹ ਸਮੂੱਥ ਹੁੰਦਾ ਹੈ ਜੋ ਰਾਜਨੀਤੀ ਵਿਚ ਨਿਪੁੰਨ, ਨਿਡਰਤੇ ਪ੍ਰਭਾਵਸ਼ਾਲੀ
ਵਕਤਾ ਹੋਣ ਦੇ ਨਾਲ ਨਾਲ ਮੌਕੇ ਦੀ ਨਜ਼ਾਕਤ ਅਨੁਸਾਰ ਯੁੱਕਤੀਆਂ ਦਾ
ਪ੍ਰਯੋਗ ਕਰ ਸਕੇ।

**687.** *கடன்அறிந்து காலம் கருதி இடன்அறிந்து
எண்ணி உரைப்பான் தலை.*

ਰਾਜਨੀਤਕਾਂ ਵਿਚ ਸ੍ਰੇਸ਼ਟ ਉਹੀ ਹੈ ਜੋ ਆਪਣੇ ਕੰਮ ਵਿਚ ਨਿਪੁੰਨ ਹੋਵੇ
ਠੀਕ ਮੌਕਾ ਤੇ ਸਥਾਨ ਦੇਖਦਿਆਂ ਹੋਇਆਂ ਆਪਣੇ ਸੰਦੇਸ਼ ਨੂੰ ਪ੍ਰਭਾਵਸ਼ਾਲੀ ਢੰਗ
ਨਾਲ ਸੁਨਾਣ ਵਿਚ ਸਮੂੱਥ ਹੋਵੇ।

**688.** *தூய்மை துணைமை துணிவுடைமை இம்மூன்றின்
வாய்மை வழியுரைப்பான் பண்பு.*

ਉੱਚ ਆਚਰਣ ਬਿਦੇਸ਼ੀ ਮਾਮਲਿਆਂ ਦੇ ਮੰਤਰੀ ਦਾ ਸਮੂਥਨ ਸਾਹਸ-
ਇਹਨਾਂ ਤਿੰਨ ਚੀਜ਼ਾਂ ਤੋਂ ਇਲਾਵਾ ਸਚਾਈ ਉਤੇ ਵਿਸ਼ਵਾਸ ਵੀ ਰਾਜਦੂਤ
ਵਿਚ ਹੋਣਾ ਜ਼ਰੂਰੀ ਹੈ।

**689.** *விடுமாற்றம் வேந்தர்க்கு உரைப்பான் வடுமாற்றம்*
*வாய்சோரா வன்க ணவன்.*

ਦੂਸਰੇ ਰਾਜੇ ਦੇ ਸਾਹਮਣੇ ਆਪਣੇ ਮਾਲਕ ਸੁਆਮੀ ਦਾ ਸੰਦੇਸ਼ ਲੈ ਕੇ ਜਾਣ
ਵਾਲਾ ਦੂਤ ਇਤਨਾ ਦ੍ਰਿੜ ਹੋਣਾ ਚਾਹੀਦਾ ਹੈ ਕਿ ਉਸ ਦੇ ਮੂੰਹ ਤੋਂ ਭੁਲੇਖੇ
ਨਾਲ ਵੀ ਕੋਈ ਕਮਜ਼ੋਰ ਗਲ ਜਾਂ ਗ਼ਲਤ ਗਲ ਨਾ ਨਿਕਲ ਸਕੇ।

**690.** *இறுதி பயப்பினும் எஞ்சாது இறைவற்கு*
*உறுதி பயப்பதாம் தூது.*

ਉਹ ਰਾਜਦੂਤ ਸਫ਼ਲ ਹੈ ਜੋ ਆਪਣੇ ਪ੍ਰਾਣਾਂ ਦੀ ਚਿੰਤਾ ਕੀਤੇ ਬਿਨਾ
ਸਾਹਸ ਪੂਰਬਕ ਆਪਣੇ ਰਾਜੇ ਦੇ ਹਿਤ ਲਈ ਪ੍ਰਯਤਨਸ਼ੀਲ ਰਹੇ।

# 70

## மன்னரைச் சேர்ந்து ஒழுதல்
## ਰਾਜੇ ਦੀ ਨੇੜਤਾ ਬਾਰੇ

**691.** *அகலாது அணுகாது தீக்காய்வார் போல்க*
*இகல்வேந்தர்ச் சேர்ந்துஒழுகு வார்.*

ਜਿਸ ਤਰ੍ਹਾਂ ਅੱਗ ਸੇਕਣ ਵੇਲੇ ਨਾ ਉਸ ਦੇ ਬਹੁਤਾ ਨੇੜੇ ਤੇ ਨਾ ਹੀ ਬਹੁਤਾ ਦੂਰ
ਜਾਈਦਾ ਹੈ ਉਵੇਂ ਹੀ ਅਸਥਿਰ ਸੁਭਾ ਵਾਲੇ ਰਾਜੇ ਨਾਲ ਵਰਤਣਾ ਚਾਹੀਦਾ ਹੈ।

**692.** *மன்னர் விழைப விழையாமை மன்னரால்*
*மன்னிய ஆக்கம் தரும்.*

ਜਿਨ੍ਹਾਂ ਚੀਜ਼ਾਂ ਲਈ ਰਾਜੇ ਦੀ ਇੱਛਿਆ ਹੋਵੇ ਉਹਨਾਂ ਬਾਰੇ ਆਪਣੀ
ਖਾਹਿਸ਼ ਪ੍ਰਗਟ ਨਾ ਕਰੋ। ਇਹ ਰਾਜੇ ਦੀ ਸਥਾਈ ਕ੍ਰਿਪਾ ਤੇ ਧੰਨਵਾਨ ਹੋਣ ਦਾ ਭੇਦ ਹੈ।

**693.** *போற்றின் அரியவை போற்றல் கடுத்தபின்*
*தேற்றுதல் யார்க்கும் அரிது.*

ਆਪਣੀ ਰਖਿਆ ਨੂੰ ਮੁੱਖ ਰਖਦਿਆਂ ਹੋਇਆਂ ਰਾਜੇ ਦੇ ਸਾਹਮਣੇ ਕੋਈ ਮਹੱਤਵਪੂਰਨ
ਗ਼ਲਤੀ ਨਾ ਕਰੋ ਕਿਉਂ ਜੋ ਜੇ ਰਾਜੇ ਦੇ ਮਨ ਵਿਚ ਇਕ ਵਾਰ ਸੰਦੇਹ ਉਤਪੰਨ
ਹੋ ਜਾਏ ਤਾਂ ਉਸ ਨੂੰ ਮਿਟਾਣਾ ਅਸੰਭਵ ਹੋਵੇਗਾ।

**694.** செவிச்சொல்லும் சேர்ந்த நகையும் அவித்துஒழுகல்
ஆன்ற பெரியா ரகத்து.

ਰਾਜੇ ਦੇ ਸਾਹਮਣੇ ਬੈਠ ਕੇ ਮੰਤਰੀ ਨਾ ਕਿਸੇ ਨਾਲ ਕਾਨਾਫੂਸੀ ਕਰੇ ਤੇ ਨਾ ਹੀ ਇਕ ਦੂਜੇ ਨੂੰ ਦੇਖ ਕੇ ਮੁਸਕਰਾਏ।

**695.** எப்பொருளும் ஓரார் தொடரார்மற்று அப்பொருளை
விட்டக்கால் கேட்க மறை.

ਜਦੋਂ ਰਾਜਾ ਕਿਸੇ ਨਾਲ ਸਲਾਹ ਮਸ਼ਵਰਾ ਕਰ ਰਿਹਾ ਹੋਵੇ ਤਾਂ ਮੰਤਰੀ ਨੂੰ ਉਹਨਾਂ ਦੀਆਂ ਗਲਾਂ ਸੁਨਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਤੇ ਨਾ ਹੀ ਉਸ ਬਾਰੇ ਪੁੱਛਣਾ ਚਾਹੀਦਾ ਹੈ। ਜੇ ਰਾਜਾ ਆਪ ਭੇਦ ਖੋਲ੍ਹ ਦੇਵੇ ਤਾਂ ਸੁਣ ਲੈਣਾ ਚਾਹੀਦਾ ਹੈ।

**696.** குறிப்புஅறிந்து காலம் கருதி வெறுப்புஇல
வேண்டுப வேட்பச் சொலல்.

ਰਾਜੇ ਦੇ ਮਨ ਦੀ ਸਥਿਤੀ ਤੇ ਠੀਕ ਸਮਾਂ ਦੇਖ ਕੇ ਹੀ ਮੰਤਰੀ ਇਕ ਖੁਸ਼ਨੁਮਾ ਯੁਕਤੀ ਨਾਲ ਰਾਜੇ ਨੂੰ ਮੰਨਣਯੋਗ ਗੱਲਾਂ ਕਰੇ।

**697.** வேட்பன சொல்லி வினையில எஞ்ஞான்றும்
கேட்பினும் சொல்லா விடல்.

ਮੰਤਰੀਆਂ ਨੂੰ ਰਾਜੇ ਦੇ ਸਾਹਮਣੇ ਕੇਵਲ ਮੰਨਣਯੋਗ ਗੱਲਾਂ ਹੀ ਕਰਨੀਆਂ ਚਾਹੀਦੀਆਂ ਹਨ ਤੇ ਲਾਭ ਰਹਿਤ ਗੱਲਾਂ ਨੂੰ ਜਿਥੋਂ ਤੱਕ ਹੋ ਸਕੇ ਕਰਨ ਤੋਂ ਪ੍ਰੇਹੇਜ਼ ਕਰਨਾ ਚਾਹੀਦਾ ਹੈ ਭਾਵੇਂ ਰਾਜਾ ਉਹਨਾਂ ਬਾਰੇ ਪੁੱਛੇ ਵੀ।

**698.** இளையர் இனமுறையர் என்றுஇகழார் நின்ற
ஒளியோடு ஒழுகப் படும்.

ਰਾਜੇ ਨੂੰ ਉਮਰ ਵਿਚ ਛੋਟਾ ਜਾਂ ਰਿਸ਼ਤੇਦਾਰੀ ਵਿਚ ਨਿੱਕਟ ਮੰਨ ਕੇ ਉਸ ਦਾ ਨਿਰਾਦਰ ਨਹੀਂ ਕਰਨਾ ਚਾਹੀਦਾ ਸਗੋਂ ਉਸ ਦੀ ਉੱਚੀ ਪਦਵੀ ਦੇ ਅਨੁਸਾਰ ਉਸ ਨੂੰ ਪੂਰਾ ਸਨਮਾਨ ਦੇਣਾ ਚਾਹੀਦਾ ਹੈ।

**699.** கொளப்பட்டேம் என்றெண்ணிக் கொள்ளாத செய்யார்
துளக்கற்ற காட்சி யவர்.

ਦੂਰਦਰਸ਼ੀ ਲੋਕ ਇਹ ਸੋਚ ਕੇ ਕਿ ਅਸੀਂ ਰਾਜੇ ਦੇ ਵਿਸ਼ਵਾਸ ਪਾਤਰ ਤੇ ਕ੍ਰਿਪਾ ਪਾਤਰ ਹਾਂ ਭੁੱਲ ਕੇ ਵੀ ਕੋਈ ਅਜਿਹਾ ਕੰਮ ਨਹੀਂ ਕਰਦੇ ਜਿਸ ਨਾਲ ਰਾਜਾ ਅਸੰਤੁਸ਼ਟ ਹੋਵੇ।

**700.** பழையம் எனக்கருதிப் பண்புஅல்ல செய்யும்
கெழுதகைமை கேடு தரும்.

ਰਾਜੇ ਦੀ ਨੇੜਤਾ ਦਾ ਲਾਭ ਉਠਾ ਕੇ ਕੋਈ ਅਨੁਚਿੱਤ ਕੰਮ ਕਰ ਬੈਠਣਾ ਆਪਣੇ ਵਿਨਾਸ਼ ਨੂੰ ਬੁਲਾਵਾ ਦੇਣਾ ਹੈ।

# 71

## குறிப்பு அறிதல்

## ਮਨ ਦੀਆਂ ਭਾਵਨਾਵਾਂ ਜਾਨਣਾ

**701.** கூறாமை நோக்கிக் குறிப்பறிவான் எஞ்ஞான்றும்
மாறாநீர் வையக்கு அணி.

ਜੋ ਦੇਖਦੇ ਸਾਰ ਕਿਸੇ ਦੇ ਮਨ ਵਿਚਲੀਆਂ ਭਾਵਨਾਵਾਂ ਨੂੰ ਤਾੜ ਲੈਣ ਵਿਚ ਸਮੱਥ ਹੈ
ਉਹ ਵਿਅਕਤੀ ਸੰਸਾਰ ਵਿਚ ਅਮੁੱਲ ਰਤਨ ਸਮਾਨ ਹੈ।

**702.** ஐயப் படாஅது அகத்தது உணர்வானைத்
தெய்வத்தோடு ஒப்பக் கொளல்.

ਜੋ ਦੂਜਿਆਂ ਦੇ ਮਨ ਨੂੰ ਯਥਾਰਥ ਰੂਪ ਵਿਚ ਜਾਣ ਲੈਣ
ਉਹ ਨਿਰਸੰਦੇਹ ਦੇਵਤਾ ਬਰਾਬਰ ਹੁੰਦੇ ਹਨ।

**703.** குறிப்பின் குறிப்புஉணர் வாரை உறுப்பினுள்
யாது கொடுத்தும் கொளல்.

ਰਾਜੇ ਨੂੰ ਚਾਹੀਦਾ ਹੈ ਕਿ ਉਹ ਕਿਸੇ ਦੀਆਂ ਨਜ਼ਰਾਂ ਤੋਂ ਉਸ ਦੇ ਮਨ ਨੂੰ
ਸਮਝ ਲੈਣ ਵਾਲੇ ਵਿਅਕਤੀ ਨੂੰ ਆਪਣਾ ਮੰਤਰੀ ਬਣਾ ਲਵੇ।

**704.** குறித்தது கூறாமைக் கொள்வாரோடு ஏனை
உறுப்புஓர் அனையரால் வேறு.

ਬਿਨਾ ਦੱਸੇ ਜੋ ਦੂਜਿਆਂ ਦੇ ਮਨ ਨੂੰ ਪੜ੍ਹ ਲੈਂਦਾ ਹੈ ਉਹ ਦੇਖਣ ਵਿਚ ਦੂਜਿਆਂ
ਵਾਂਗ ਹੋਣ ਤੇ ਵੀ (ਮਾਨਸਿਕ ਪੱਖੋਂ) ਵੱਖਰਾ ਵਿਅਕਤੀ ਹੈ।

**705.** குறிப்பின் குறிப்புஉணரா ஆயின் உறுப்பினுள்
என்ன பயத்தவோ கண்.

ਸਰੀਰਕ ਅੰਗਾਂ ਵਿਚ ਵਿਸ਼ੇਸ਼ ਹੋਣ ਤੇ ਵੀ ਜੇ ਦੂਜਿਆਂ ਦੇ ਮਨ ਨੂੰ
ਸਮਝਣ ਤੋਂ ਅਸਮੱਥ ਹੋਣ ਤਾਂ ਉਹ ਅੱਖਾਂ ਬੇਕਾਰ ਹਨ।

**706.** அடுத்தது காட்டும் பளிங்குபோல் நெஞ்சம்
கடுத்தது காட்டும் முகம்.

ਆਪਣੇ ਨੇੜੇ ਦੀਆਂ ਵਸਤੂਆਂ ਨੂੰ ਪ੍ਰਤਿਬਿੰਬਤ ਕਰਨ ਵਾਲੇ ਸ਼ੀਸ਼ੇ
ਵਾਂਗ ਹੀ ਚਿਹਰਾ ਮਨ ਦੇ ਭਾਵਾਂ ਨੂੰ ਸਪਸ਼ਟ ਭਾਂਤ ਪ੍ਰਗਟ ਕਰਦਾ ਹੈ।

**707.** முகத்தின் முதுக்குறைந்தது உண்டோ உவப்பினும்
காயினும் தான்முந் துறும்.

ਚੇਹਰੇ ਤੋਂ ਵਧ ਸੰਵੇਦਨਸ਼ੀਲ ਅੰਗ ਹੋਰ ਕੋਈ ਨਹੀਂ। ਮਨ ਦੇ ਉਤਾਰ ਚੜ੍ਹਾ
ਨੂੰ ਚੇਹਰਾ ਸਪੱਸ਼ਟ ਰੂਪ ਵਿਚ ਦਿਖਾ ਦੇਂਦਾ ਹੈ।

**708.** முகம்நோக்கி நிற்க அமையும் அகம்நோக்கி
உற்றது உணர்வார்ப் பெறின்.

ਚੇਹਰੇ ਦੇ ਭਾਵਾਂ ਤੋਂ ਮਨ ਦੇ ਭਾਵਾਂ ਨੂੰ ਜਾਨਣ ਵਾਲੇ ਮਿਲਣ ਤਾਂ ਉਹਨਾਂ ਦੇ ਸਾਹਮਣੇ
ਆਪਣਾ ਚੇਹਰਾ ਦਿਖਾਣ ਮਾਤ੍ਰ ਨਾਲ ਕਾਮਨਾਵਾਂ ਪੂਰੀਆਂ ਹੋ ਜਾਣਗੀਆਂ।

**709.** பகைமையும் கேண்மையும் கண்உரைக்கும் கண்ணின்
வகைமை உணர்வார்ப் பெறின்.

ਅੱਖਾਂ ਤੋਂ ਮਨ ਵਿਚਲੇ ਭਾਵ ਪੜ੍ਹਣ ਵਿਚ ਸਮ੍ਰਥ ਵਿਅਕਤੀ ਦੇ ਮਿਲਣ ਤੇ ਸਾਡੀ
ਅੰਦਰਲੀ ਮਿਤ੍ਰੱਤਾ ਜਾਂ ਦੁਸ਼ਮਣੀ ਪਰਗਟ ਹੋ ਜਾਂਦੀ ਹੈ।

**710.** நுண்ணியம் என்பார் அளக்கும்கோல் காணுங்கால்
கண்அல்லது இல்லை பிற.

ਸੂਖਮਦਰਸ਼ੀ ਵਿਅਕਤੀ (ਮੰਤਰੀ) ਦੂਜਿਆਂ ਦੇ ਮਨੋਭਾਵ ਪੜ੍ਹਨ ਲਈ
ਉਹਨਾਂ ਦੀਆਂ ਅੱਖਾਂ ਨੂੰ ਹੀ ਆਪਣਾ ਮਾਪਦੰਡ ਬਣਾਉਂਦੇ ਹਨ।

# 72

## அவை அறிதல்

## ਸਭਾ ਦੀ ਪਹਿਚਾਣ

**711.** அவைஅறிந்து ஆராய்ந்து சொல்லுக சொல்லின்
தொகைஅறிந்த தூய்மை யவர்.

ਸ਼ਬਦਾਂ ਦੀ ਠੀਕ ਵਰਤੋਂ ਦੇ ਗਿਆਤਾ ਵਕਤਾ ਸ੍ਰੋਤਿਆਂ ਦੀ ਮਾਨਸਿਕ
ਸਥਿਤੀ ਨੂੰ ਸਮਝ ਕੇ ਉਸ ਅਨੁਸਾਰ ਭਾਸ਼ਨ ਦੇਂਦੇ ਹਨ।

**712.** இடைதெரிந்து நன்குஉணர்ந்து சொல்லுக சொல்லின்
நடைதெரிந்த நன்மை யவர்.

ਸ਼ਬਦਾਂ ਦੀ ਸਮ੍ਰੱਥਾ ਦਾ ਗਿਆਨ ਰਖਣ ਵਾਲੇ ਵਕਤਾ ਸਮੇਂ ਤੇ ਸ੍ਰੋਤਿਆਂ
ਦੀ ਮਾਨਸਿਕ ਸਥਿਤੀ ਦੇ ਅਨੁਸਾਰ ਆਪਣਾ ਸੋਚਿਆ ਸਮਝਿਆ ਭਾਸ਼ਨ ਦੇਂਦੇ ਹਨ।

**713.** அவைஅறியார் சொல்லல்மேற் கொள்பவர் சொல்லின்
வகையறியார் வல்லதூஉம் இல்.

ਸਭਾ ਦੀ ਪ੍ਰਕ੍ਰਿਤੀ ਨੂੰ ਸਮਝੇ ਬਿਨਾ ਬੋਲਣ ਵਾਲੇ ਸ਼ਬਦਾਂ ਦੀ ਸਮ੍ਰੱਥਾ ਤੋਂ ਅਨਜਾਣ ਹੁੰਦੇ ਹਨ। ਸੋ ਉਹਨਾਂ ਦੀ ਬਾਣੀ ਵਿਅਰਥ ਜਾਂਦੀ ਹੈ।

**714.** ஒளியார்முன் ஒள்ளியர் ஆதல் வெளியார்முன்
வான்சுதை வண்ணம் கொளல்.

ਬੁੱਧੀਮਾਨ ਲੋਕ ਵਿਦਵਾਨਾਂ ਦੀ ਸਭਾ ਵਿਚ ਰੋਸ਼ਨੀ ਦੇਣ ਵਾਲੇ ਦੀਵੇ ਵਾਂਗ ਆਪਣੀ ਪ੍ਰਤਿਭਾ ਦਿਖਾਂਦੇ ਹਨ ਪ੍ਰੰਤੂ ਮੂਰਖਾਂ ਦੀ ਸਭਾ ਵਿਚ ਇਉਂ ਬੈਠੇ ਰਹਿੰਦੇ ਹਨ ਜਿਵੇਂ ਉਹਨਾਂ ਨੂੰ ਕੁਝ ਵੀ ਨਹੀਂ ਆਉਂਦਾ।

**715.** நன்றுஎன்ற வற்றுள்ளும் நன்றே முதுவருள்
முந்து கிளவாச் செறிவு.

ਆਪਣੇ ਤੋਂ ਵਡੇ ਵਿਦਵਾਨਾਂ ਦੇ ਸਾਹਮਣੇ ਨਿਮ੍ਰਤਾ ਦਿਖਾਣੀ ਚਾਹੀਦੀ ਹੈ ਅਤੇ ਉਹਨਾਂ ਦੇ ਬੋਲਣ ਤੋਂ ਪਹਿਲਾਂ ਅਗੇ ਵਧ ਕੇ ਨਹੀਂ ਬੋਲਣਾ ਚਾਹੀਦਾ।

**716.** ஆற்றின் நிலைதளர்ந் தற்றே வியன்புலம்
ஏற்றுஉணர்வார் முன்னர் இழுக்கு.

ਵਿਦਵਾਨਾਂ ਦੇ ਸਾਹਮਣੇ ਭਾਸ਼ਨ ਦੇਂਦੇ ਸਮੇਂ ਛੋਟੀ ਜਿਹੀ ਗ਼ਲਤੀ ਕਰਨਾ ਵੀ ਧਰਮ ਮਾਰਗ ਤੋਂ ਕੁਰਾਹੇ ਜਾਣ ਦੇ ਬਰਾਬਰ ਹੁੰਦਾ ਹੈ।

**717.** கற்றறிந்தார் கல்வி விளங்கும் கசடறச்
சொல்தெரிதல் வல்லார் அகத்து.

ਤੀਖਣ ਬੁੱਧੀ ਨਾਲ ਸ਼ਬਦਾਂ ਦੀ ਪਰਖ ਕਰਨ ਵਾਲਿਆਂ ਦੇ ਸਾਹਮਣੇ ਹੀ ਚੰਗੇ ਪੜ੍ਹੇ ਲਿਖੇ ਵਿਦਵਾਨਾਂ ਦੀ ਵਿਦਵਤਾ ਚਮਕਦੀ ਹੈ।

**718.** உணர்வது உடையார்முன் சொல்லல் வளர்வதன்
பாத்தியுள் நீர்சொரிந் தற்று.

ਚੰਗੀ ਤਰ੍ਹਾਂ ਸਮਝ ਸਕਣ ਵਾਲੇ ਸ੍ਰੋਤਿਆਂ ਦੇ ਸਾਹਮਣੇ ਦਿਤਾ ਹੋਇਆ ਭਾਸ਼ਨ ਵਿਕਸਣਸ਼ੀਲ ਬੂਟਿਆਂ ਦੀ ਕਿਆਰੀ ਨੂੰ ਪਾਣੀ ਸਿੰਝਣ ਸਮਾਨ ਹੈ।

**719.** புல்லவையுள் பொச்சாந்தும் சொல்லற்க நல்லவையுள்
நன்கு செலச்சொல்லு வார்.

ਜਿਹੜੇ ਲੋਕ ਸਿਆਣੇ ਸ੍ਰੋਤਿਆਂ ਸਾਹਮਣੇ ਆਪਣੇ ਚੰਗੇ ਵਿਚਾਰ ਪ੍ਰਸਤੁਤ ਕਰਨ ਦੀ ਸਮ੍ਰੱਥਾ ਰਖਦੇ ਹਨ ਉਹ ਭੁਲ ਕੇ ਵੀ ਮੂਰਖਾਂ ਦੇ ਇਕੱਠ ਵਿਚ ਬੋਲਣ ਦੀ ਗ਼ਲਤੀ ਨਾ ਕਰਨ।

**720.** அங்கணத்துள் உக்க அமிழ்தற்றால் தம்கணத்தார்
அல்லார்முன் கோட்டி கொளல்.

ਨੀਚ ਲੋਕਾਂ ਦੇ ਸਾਹਮਣੇ ਉੱਤਮ ਵਿਚਾਰ ਪੇਸ਼ ਕਰਨੇ ਗੰਦੇ ਵਿਹੜੇ ਵਿਚ ਅੰਮ੍ਰਿਤ ਡੋਲ੍ਹਣ ਦੇ ਬਰਾਬਰ ਹੈ।

# 73

## அவை அஞ்சாமை

## ਸਭਾ ਤੋਂ ਨਾ ਡਰਨਾ

**721.** வகைஅறிந்து வல்லவை வாய்சோரார் சொல்லின்
தொகைஅறிந்த தூய்மை யவர்.

ਸਭਾ ਦੀ ਪ੍ਰਕ੍ਰਿਤੀ ਤੋਂ ਗਿਆਤਾ ਤੇ ਸ਼ਬਦਾਂ ਦੀ ਸਮੱਰਥਾ ਦਾ ਗਿਆਨ ਰੱਖਣ ਵਾਲੇ ਸਿਆਣੇ ਵਿਦਵਾਨਾਂ ਦੀ ਸਭਾ ਵਿਚ ਸ਼ਬਦਾਂ ਲਈ ਨਹੀਂ ਲੜਖੜਾਂਦੇ।

**722.** கற்றாருள் கற்றார் எனப்படுவர் கற்றார்முன்
கற்ற செலச்சொல்லு வார்.

ਪੜ੍ਹੇ ਲਿਖੇ ਲੋਕਾਂ ਦੀ ਸਭਾ ਵਿਚ ਆਪਣੇ ਗਿਆਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਦੇ ਸਮੱਰਥ ਵਕਤਾ ਨੂੰ ਵਿਦਵਾਨਾਂ ਵਿਚ ਵਿਦਵਾਨ ਮੰਨਿਆ ਜਾਂਦਾ ਹੈ।

**723.** பகையகத்துச் சாவார் எளியர் அரியர்
அவையகத்து அஞ்சா தவர்.

ਅਜਿਹੇ ਕਈ ਸੂਰਮੇ ਮਿਲਣਗੇ ਜੋ ਦੁਸ਼ਮਨ ਦਾ ਸਾਹਮਣਾ ਕਰਦੇ ਹੋਏ ਮੌਤ ਤੋਂ ਵੀ ਨਹੀਂ ਡਰਦੇ ਪ੍ਰੰਤੂ ਵਿਦਵਾਨਾਂ ਦੀ ਸਭਾ ਵਿਚ ਨਿਡਰ ਹੋ ਕੇ ਭਾਸ਼ਨ ਦੇਣ ਵਾਲੇ ਵਿਰਲੇ ਹੀ ਮਿਲਣਗੇ।

**724.** கற்றார்முன் கற்ற செலச்சொல்லித் தாம்கற்ற
மிக்காருள் மிக்க கொளல்.

ਵਿਦਵਾਨਾਂ ਸਾਹਮਣੇ ਆਪਣੀ ਵਿਦਿਆ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ ਅਤੇ ਸ੍ਰੇਸ਼ਟ ਵਿਦਵਾਨਾਂ ਪਾਸੋਂ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ।

**725.** ஆற்றின் அளவுஅறிந்து கற்க அவைஅஞ்சா
மாற்றம் கொடுத்தல் பொருட்டு.

ਕਿਸੇ ਵੀ ਸਭਾ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਤੀ ਉੱਤਰ ਦੇਣ ਲਈ ਤਰਕ ਸ਼ਾਸਤ੍ਰ ਤੇ ਵਿਆਕਰਣ ਦਾ ਅਭਿਆਸ ਕਰ ਲੈਣਾ ਚਾਹੀਦਾ ਹੈ।

**726.** வாளொடுஎன் வன்கண்ணர் அல்லார்க்கு நூலொடுஎன்
நுண்ணவை அஞ்சு பவர்க்கு.

ਕਾਇਰਾਂ ਲਈ ਤਲਵਾਰ ਦਾ ਕੀਹ ਪ੍ਰਯੋਜਨ ਉਸੇ ਤਰ੍ਹਾਂ ਸੁਚੇਤ ਸ੍ਰੋਤਿਆਂ ਸਾਹਮਣੇ ਨਿਡਰ ਹੋ ਕੇ ਬੋਲਣ ਤੋਂ ਭੈ ਖਾਣ ਵਾਲਿਆਂ ਲਈ ਵਿਦਿਆ ਅਥਵਾ ਗ੍ਰੰਥਾਂ ਦਾ ਕੀ ਲਾਭ।

**727.** பகையகத்துப் பேடிகை ஒள்வாள் அவையகத்து
அஞ்சும் அவன்கற்ற நூல்.

ਜੋ ਵਿਦਵਾਨਾਂ ਸਾਹਮਣੇ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਬੋਲ ਸਕਦੇ ਉਹਨਾਂ ਲਈ ਪੜ੍ਹਾਈ ਲਿਖਾਈ ਉਸੇ ਤਰ੍ਹਾਂ ਵਿਅਰਥ ਹੈ ਜਿਵੇਂ ਯੁੱਧ ਖੇਤਰ ਵਿਚ ਹੀਜੜਿਆਂ ਦੇ ਹੱਥ ਵਿਚ ਤਲਵਾਰ।

**728.** பல்லவை கற்றும் பயம்இலரே நல்லவையுள்
நன்கு செலச்சொல்லா தார்.

ਵਿਦਵਾਨਾਂ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਵਿਚਾਰ ਪ੍ਰਸਤੁਤ ਕਰਨ ਵਿਚ ਜੋ ਅਸਮਰਥ ਹਨ ਉਹਨਾਂ ਦਾ ਵਿਦਵਾਨ ਹੋਣਾ ਵਿਅਰਥ ਹੈ।

**729.** கல்லா தவரின் கடையென்ப கற்றுஅறிந்தும்
நல்லார் அவைஅஞ்சு வார்.

ਕਈ ਗ੍ਰੰਥਾਂ ਤੇ ਸ਼ਾਸਤ੍ਰਾਂ ਦਾ ਗਿਆਨ ਰੱਖਦਿਆਂ ਵੀ ਪੜ੍ਹਿਆਂ ਲਿਖਿਆਂ ਦੀ ਸਭਾ ਤੋਂ ਡਰਨ ਵਾਲੇ ਮੂਰਖਾਂ ਤੇ ਅਗਿਆਨੀਆਂ ਤੋਂ ਵੀ ਗਏ ਗੁਜ਼ਰੇ ਹਨ।

**730.** உளர்எனினும் இல்லாரொடு ஒப்பர் களன்அஞ்சிக்
கற்ற செலச்சொல்லா தார்.

ਚੰਗੀ ਵਿਦਵਤਾ ਦੇ ਮਾਲਕ ਹੁੰਦਿਆਂ ਹੋਇਆਂ ਵੀ ਜੋ ਸਭਾ ਸੁਸਾਇਟੀ ਵਿਚ ਆਪਣੇ ਵਿਚਾਰ ਪ੍ਰਗਟ ਕਰਨੋਂ ਡਰਦੇ ਹਨ ਉਹ ਜਿਊਂਦਿਆਂ ਹੋਇਆਂ ਵੀ ਮੋਇਆਂ ਬਰਾਬਰ ਹਨ।

# 74

## நாடு

## ਦੇਸ

**731.** தள்ளா விளையுளும் தக்காரும் தாழ்வுஇலாச்
செல்வரும் சேர்வது நாடு.

ਉਹੀ ਦੇਸ ਮਹਾਨ ਹੈ ਜਿਸ ਵਿਚ ਬਾਧਾ-ਰਹਿਤ ਉਪਜ ਹੁੰਦੀ ਹੋਵੇ ਅਤੇ ਜਿਥੇ ਚੰਗੇ ਵਿਦਵਾਨ ਤੇ ਗੁਣਵਾਨ ਅਮੀਰ ਵਸਦੇ ਹੋਣ।

**732.** பெரும்பொருளால் பெட்டக்க தாகி அருங்கேட்டால்
ஆற்ற விளைவது நாடு.

ਉਹੀ ਦੇਸ ਮਹਾਨ ਹੁੰਦਾ ਹੈ ਜੋ ਆਪਣੀ ਸੰਪਤੀ ਕਾਰਨ ਲੋਕਾਂ ਨੂੰ ਆਪਣੇ ਵਲ ਆਕ੍ਰਸ਼ਿਤ ਕਰੇ ਜੋ ਉਤਪਾਦਨ ਦੀ ਦ੍ਰਿਸ਼ਟੀ ਤੋਂ ਸਮ੍ਰਿਧ ਹੋਵੇ ਤੇ ਵਿਨਾਸ਼ਕਾਰੀ ਤੱਤਾਂ ਤੋਂ ਰਹਿਤ ਹੋਵੇ।

**733.** பொறைஒருங்கு மேல்வருங்கால் தாங்கி இறைவற்கு
இறைஒருங்கு நேர்வது நாடு.

ਚੰਗੇ ਰਾਸ਼ਟਰ ਦੇ ਲੱਛਣ ਹਨ ਕਿ ਉਹ ਆਪਣੇ ਉਤੇ ਕਿਸੇ ਵੀ ਤਰ੍ਹਾਂ ਦੇ ਪੈਣ ਵਾਲੇ ਬੋਝਾਂ ਨੂੰ ਝੱਲ ਸਕੇ ਅਤੇ ਆਪਣੇ ਉਤੇ ਪੈਣ ਵਾਲੇ ਕਰਾਂ ਦੀ ਭੁਗਤਾਣ ਕਰਨ ਵਿਚ ਸਮੱਥ ਹੋਵੇ।

**734.** உறுபசியும் ஓவாப் பிணியும் செறுபகையும்
சேராது இயல்வது நாடு.

ਜੋ ਦੇਸ ਭੁੱਖਮਰੀ ਮਹਾਂਮਰੀ ਅਤੇ ਵੈਰੀਆਂ ਦੇ ਹਮਲੇ ਤੋਂ ਰਹਿਤ ਤੇ ਸੁਰਖਿਅਤ ਹੈ ਉਹੀ ਦੇਸ ਮਹਾਨ ਕਹਿਣ ਯੋਗ ਹੈ।

**735.** பல்குழுவும் பாழ்செய்யும் உட்பகையும் வேந்துஅலைக்கும்
கொல்குறும்பும் இல்லது நாடு.

ਦੇਸ ਉਹੀ ਉੱਤਮ ਹੈ ਜਿਸ ਵਿਚ ਅਨਲੋੜੀਂਦੀ ਗੁੱਟਬੰਦੀ ਨਾ ਹੋਵੇ ਤੇ ਜੋ ਵਿਨਾਸ਼ਕਾਰੀ ਅੰਦਰੂਨੀ ਦੁਸ਼ਮਨਾਂ ਤੇ ਰਾਜ ਨੂੰ ਤਬਾਹ ਕਰਨ ਵਾਲੇ ਵਿਸ਼ਵਾਸ -ਘਾਤੀਆਂ ਤੋਂ ਰਹਿਤ ਹੋਵੇ।

**736.** கேடுஅறியாக் கெட்ட இடத்தும் வளங்குன்றா
நாடென்ப நாட்டின் தலை.

ਉੱਤਮ ਰਾਸ਼ਟਰ ਉਹੀ ਹੈ ਜਿਥੇ ਸ਼ਤਰੂਆਂ ਦਾ ਭੈ ਨਾ ਹੋਵੇ ਜੋ ਨੁਕਸਾਨ ਹੋਣ ਤੇ ਵੀ ਉਸ ਦੀ ਪੂਰਤੀ ਕਰ ਲੈਣ ਵਿਚ ਸਮੱਥ ਹੋਵੇ ਅਤੇ ਜਿਥੇ ਸਮ੍ਰਿਧੀ ਸੰਬੰਧੀ ਡਰ ਨਾ ਹੋਵੇ।

**737.** இருபுனலும் வாய்ந்த மலையும் வருபுனலும்
வல்லரணும் நாட்டிற்கு உறுப்பு.

ਰੁੱਤਾਂ ਅਨੁਸਾਰ ਵਰਖਾ ਧਰਤੀ ਵਿਚਲਾ ਪਾਣੀ ਧਰਤੀ ਉਤਲਾ ਪਾਣੀ ਚੰਗੇ ਸਥਿਤ ਪਹਾੜ ਤੇ ਮਜ਼ਬੂਤ ਕਿਲ੍ਹੇ ਇਕ ਚੰਗੇ ਰਾਸ਼ਟਰ ਲਈ ਆਵੱਸ਼ਕ ਹੁੰਦੇ ਹਨ।

**738.** பிணியின்மை செல்வம் விளைவுஇன்பம் ஏமம்
அணிஎன்ப நாட்டிற்குஇவ் வைந்து.

ਅਰੋਗਤਾ ਭਰਪੂਰ ਖਜ਼ਾਨਾ ਉਪਜ-ਅਮੀਰੀ ਸੁਖ ਸ਼ਾਂਤੀ ਤੇ ਸੁਰੱਖਿਆ-ਇਹ ਪੰਜੇ ਦੇਸ ਦੇ ਗਹਿਣੇ ਹਨ।

**739.** *நாடுஎன்ப நாடா வளத்தன நாடுஅல்ல*
*நாட வளம்தரு நாடு.*

ਦੇਸ ਉਹੀ ਉੱਤਮ ਹੁੰਦਾ ਹੈ ਜਿਥੇ ਥੋੜੀ ਮਿਹਨਤ ਨਾਲ ਹੀ ਭਰਪੂਰ ਰੂਪ ਵਿਚ ਉਪਜ ਹੁੰਦੀ ਹੋਵੇ। ਜਿਥੇ ਸਾਧਾਰਣ ਉਪਜ ਲਈ ਵੀ ਕਠਿਨ ਮਿਹਨਤ ਕਰਨੀ ਪਵੇ ਉਹ ਵੀ ਕੋਈ ਦੇਸ ਹੁੰਦਾ ਹੈ!

**740.** *ஆங்குஅமைவு எய்தியக் கண்ணும் பயமின்றே*
*வேந்துஅமை வில்லாத நாடு.*

ਜੇ ਕੋਈ ਦੇਸ ਉਪ੍ਰੋਕਤ ਸਾਰੇ ਗੁਣਾਂ ਨਾਲ ਭਰਪੂਰ ਹੈ ਪ੍ਰੰਤੂ ਉਸ ਦੇ ਰਾਜੇ ਤੇ ਪਰਜਾ ਵਿਚ ਸੁਹਿਰਦਤਾ ਦਾ ਅਭਾਵ ਹੈ ਤਾਂ ਉਸ ਦੇਸ ਦਾ ਕਲਿਆਣ ਨਹੀਂ ਹੋ ਸਕਦਾ।

## 75

## அரண்

## ਕਿਲ੍ਹਾ

**741.** *ஆற்று பவர்க்கும் அரண்பொருள் அஞ்சித்தன்*
*போற்று பவர்க்கும் பொருள்.*

ਸੈਨਿਕ ਚੜ੍ਹਾਈ ਕਰਨ ਵਾਲਿਆਂ ਲਈ ਅਤੇ ਸੈਨਿਕ ਆਕ੍ਰਮਣ ਤੋਂ ਆਪਣੀ ਸੁਰੱਖਿਆ ਵਾਸਤੇ ਰਾਜਿਆਂ ਲਈ ਕਿਲ੍ਹੇ ਦਾ ਹੋਣਾ ਅਤਿਅੰਤ ਆਵੱਸ਼ਕ ਹੈ।

**742.** *மணிநீரும் மண்ணும் மலையும் அணிநிழல்*
*காடும் உடையது அரண்.*

ਹਮੇਸ਼ਾ ਵਗਦਾ ਪਾਣੀ ਪੱਧਰੇ ਮੈਦਾਨ ਪਹਾੜੀਆਂ ਤੇ ਸੰਘਣੇ ਜੰਗਲ ਇਹ ਸਾਰੇ ਸਵੈ-ਰੱਖਿਆ ਲਈ ਕਿਲ੍ਹੇ ਸਮਾਨ ਹੁੰਦੇ ਹਨ।

**743.** *உயர்வுஅகலம் திண்மை அருமைஇந் நான்கின்*
*அமைவுஅரண் என்றுஉரைக்கும் நூல்.*

ਯੁੱਧ ਵਿਦਿਆ ਵਿਚ ਨਿਪੁੰਨ ਵਿਅਕਤੀਆਂ ਅਨੁਸਾਰ ਇਹ ਚਾਰ ਖੂਬੀਆਂ ਕਿਸੇ ਕਿਲ੍ਹੇ ਵਿਚ ਹੋਣੀਆਂ ਜ਼ਰੂਰੀ ਹਨ-ਉਚਾਈ ਤੇ ਹੋਣਾ ਚੌੜਾ ਹੋਣਾ ਮਜ਼ਬੂਤ ਹੋਣਾ ਤੇ ਪਹੁੰਚ ਵਿਚ ਦੁਰਗਮ ਹੋਣਾ।

**744.** சிறுகாப்பின் பேரிடத்த தாகி உறுபகை
ஊக்கம் அழிப்பது அரண்.

ਕਿਲ੍ਹੇ ਦੇ ਅੰਦਰ ਖੁਲ੍ਹਾ ਮੈਦਾਨ ਹੋਣਾ ਤੇ ਬਚਾਓ ਵਾਲੀਆਂ ਥਾਵਾਂ ਦਾ ਥੋੜਾ ਹੋਣਾ ਜ਼ਰੂਰੀ ਹੈ ਤਾਂ ਜੋ ਆਕ੍ਰਮਣਕਾਰੀ ਦੁਸ਼ਮਣ ਨੂੰ ਹਰਾਇਆ ਜਾ ਸਕੇ।

**745.** கொளற்குஅரிதாய்க் கொண்டகூழ்த் தாகி அகத்தார்
நிலைக்குஎளிதாம் நீரது அரண்.

ਕਿਲ੍ਹਾ ਉਹੀ ਵਧੀਆ ਹੁੰਦਾ ਹੈ ਜੋ ਸਹਿਜੇ ਕੀਤੇ ਜਿੱਤਿਆ ਨਾ ਜਾ ਸਕੇ ਜਿਸ ਦੇ ਅੰਦਰ ਖਾਣ ਵਾਲੀ ਸਾਮ੍ਹੱਗੀ ਕਾਫ਼ੀ ਹੋਵੇ ਹੋਰ ਸਾਧਨਾਂ ਦਾ ਭੰਡਾਰ ਹੋਵੇ ਤੇ ਆਪਣੇ ਆਪ ਨੂੰ ਸੁਰਖਿਅਤ ਰੱਖ ਕੇ ਸ਼ਤਰੂ ਉਤੇ ਵਾਰ ਕਰਨ ਦੀ ਸਹੂਲਤ ਹੋਵੇ।

**746.** எல்லாப் பொருளும் உடைத்தாய் இடத்துஉதவும்
நல்ஆள் உடையது அரண்.

ਕਿਲ੍ਹੇ ਦੇ ਅੰਦਰ ਸਭ ਜ਼ਰੂਰੀ ਸਾਧਨ ਤੇ ਸਾਮਗ੍ਰੀ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਉਸ ਵਿਚ ਦੁਸ਼ਮਣ ਦੇ ਆਕ੍ਰਮਣ ਦਾ ਉਚਿੱਤ ਵਾਪਸੀ ਉੱਤਰ ਦੇਣ ਦੇ ਸਮ੍ਰੱਥ ਸੈਨਿਕ ਹੋਣੇ ਜ਼ਰੂਰੀ ਹਨ।

**747.** முற்றியும் முற்றாது எறிந்தும் அறைப்படுத்தும்
பற்றற்கு அரியது அரண்.

ਚੰਗਾ ਕਿਲ੍ਹਾ ਉਹੀ ਹੈ ਜੋ ਸਹਿਜੇ ਕੀਤੇ ਜਿੱਤਿਆ ਨਾ ਜਾ ਸਕੇ ਤੇ ਲੰਮੀ ਦੇਰ ਘੇਰਾਓ ਤਕੜੇ ਆਕ੍ਰਮਣ ਜਾਂ ਸੁਰੰਗ ਰਾਹੀਂ ਆਕ੍ਰਮਣ ਦਾ ਸਾਹਮਣਾ ਕਰ ਸਕੇ।

**748.** முற்றுஆற்றி முற்றி யவரையும் பற்றுஆற்றிப்
பற்றியார் வெல்வது அரண்.

ਕਿਲ੍ਹੇ ਦੀ ਬਣਤਰ ਅਜਿਹੀ ਹੋਣੀ ਚਾਹੀਦੀ ਹੈ ਕਿ ਅੰਦਰ ਰਹਿਣ ਵਾਲੇ ਮੈਦਾਨ ਛੱਡੇ ਬਿਨਾ ਘੇਰਾ ਪਾਣ ਵਾਲੇ ਤਕੜੇ ਤੋਂ ਤਕੜੇ ਸ਼ਤਰੂਆਂ ਦੇ ਛੱਕੇ ਛੁਡਾ ਦੇਣ।

**749.** முனைமுகத்து மாற்றலர் சாய வினைமுகத்து
வீறுஎய்தி மாண்டது அரண்.

ਉਹੀ ਕਿਲ੍ਹਾ ਵਧੀਆ ਮੰਨਿਆ ਜਾਂਦਾ ਹੈ ਜਿਸ ਵਿਚ ਬਹਾਦਰ ਆਪਣੀ ਰਾਜਨੀਤੀ ਤੇ ਅਤੁੱਲ ਹਿੰਮਤ ਨਾਲ ਸ਼ਕਤੀਸ਼ਾਲੀ ਸ਼ਤਰੂ ਨੂੰ ਵੀ ਚੰਗੀ ਦੂਰੀ ਤੋਂ ਹੀ ਖਦੇੜ ਸਕਣ।

**750.** எனைமாட்சித்து ஆகியக் கண்ணும் வினைமாட்சி
இல்லார்கண் இல்லது அரண்.

ਉਪ੍ਰੋਕਤ ਸਾਰੇ ਗੁਣਾਂ ਦੇ ਹੁੰਦਿਆਂ ਹੋਇਆਂ ਵੀ ਜੇ ਯੁੱਧ-ਸੰਚਾਲਕ (ਕਮਾਂਡਰ) ਵਿਚ ਸਾਹਸ ਤੇ ਪ੍ਰਾਕਰਮ ਦੀ ਘਾਟ ਹੋਵੇਗੀ ਤਾਂ ਸਭ ਕੁਝ ਵਿਅਰਥ ਹੋਵੇਗਾ।

# 76

## பொருள் செயல்வகை

## ਧੰਨ ਦੀ ਮਹੱਤਤਾ

**751.** பொருள்அல் லவரைப் பொருளாகச் செய்யும்
பொருள்அல்லது இல்லை பொருள்.

ਧੰਨਹੀਣ ਵਿਅਕਤੀ ਨੂੰ ਮਹੱਤਵ-ਪੂਰਨ ਬਣਾਉਣ ਦੀ ਸ਼ਕਤੀ
ਧੰਨ ਤੋਂ ਬਿਨਾ ਹੋਰ ਕਿਸੇ ਵਿਚ ਨਹੀਂ।

**752.** இல்லாரை எல்லாரும் எள்ளுவர் செல்வரை
எல்லாரும் செய்வர் சிறப்பு.

ਧੰਨਹੀਣ ਨੂੰ ਸਭ ਘ੍ਰਿਣਤ ਨਜ਼ਰਾਂ ਨਾਲ ਦੇਖਦੇ ਹਨ ਪ੍ਰੰਤੂ
ਧੰਨਵਾਨ ਦੀ ਸਭ ਪ੍ਰਸੰਸਾ ਕਰਦੇ ਹਨ।

**753.** பொருளென்னும் பொய்யா விளக்கம் இருள்அறுக்கும்
எண்ணிய தேயத்துச் சென்று.

ਧੰਨ ਦਾ ਸਦੀਵੀਂ ਪ੍ਰਕਾਸ਼ ਦੂਰ-2 ਤਕ ਫੈਲ ਕੇ ਧੰਨਵਾਨ ਦੇ ਵਾਂਛਿਤ ਸਭ ਖੇਤਰਾਂ
ਵਿਚ ਜਾ ਕੇ ਉਸ ਦੀਆਂ ਰੁਕਾਵਟਾਂ ਦੇ ਹਨੇਰੇ ਨੂੰ ਦੂਰ ਕਰ ਦੇਂਦਾ ਹੈ।

**754.** அறன்ஈனும் இன்பமும் ஈனும் திறன்அறிந்து
தீதுஇன்றி வந்த பொருள்.

ਪਾਪ-ਰਹਿਤ ਢੰਗਾਂ ਨਾਲ ਤੇ ਪ੍ਰੀਸ਼ਰਮ ਭਰਪੂਰ ਯਤਨਾਂ ਦੁਆਰਾ ਇਕੱਤ੍ਰਿਤ ਧੰਨ
ਸ਼ਾਂਤੀ ਤੇ ਸੁੱਖ ਦਾ ਆਭਾਸ ਕਰਾਂਦਾ ਹੈ।

**755.** அருளொடும் அன்பொடும் வாராப் பொருள்ஆக்கம்
புல்லார் புரள விடல்.

ਨਿਰਦਇਤਾ ਨਾਲ ਦੂਜਿਆਂ ਨੂੰ ਕਸ਼ਟ ਦੇ ਕੇ ਧੰਨ ਇਕੱਠਾ ਕਰਨ
ਤੋਂ ਬਚੇ ਰਹਿਣਾ ਚਾਹੀਦਾ ਹੈ।

**756.** உறுபொருளும் உல்கு பொருளும்தன் ஒன்னார்த்
தெறுபொருளும் வேந்தன் பொருள்.

ਬਿਨਾ ਉੱਤਰ-ਅਧਿਕਾਰੀ ਦੇ ਪਈ ਹੋਈ ਸੰਪਤੀ ਰਾਜ-ਕਰ ਤੇ ਯੁੱਧ ਵਿਚ
ਸ਼ਤਰੂ ਤੋਂ ਜਿੱਤਿਆ ਹੋਇਆ ਧੰਨ-ਇਹਨਾਂ ਸਭਨਾ ਤੋਂ ਰਾਜੇ ਦੀ ਸੰਪਦਾ ਦਾ ਵਿਕਾਸ
ਹੁੰਦਾ ਹੈ।

**757.** அருள்என்னும் அன்புஈன் குழவி பொருள்என்னும்
செல்வச் செவிலியால் உண்டு.

ਪ੍ਰੇਮ ਤੋਂ ਕਰੁਣਾ-ਰਸ ਰੂਪੀ ਬੱਚਾ ਉਤਪੰਨ ਹੁੰਦਾ ਹੈ ਜਿਸ ਦੀ ਪਾਲਣਾ
ਪੋਸ਼ਣਾ ਸੰਪਤੀ ਰੂਪੀ ਨਰਸ ਦੁਆਰਾ ਹੁੰਦੀ ਹੈ।

**758.** குன்றுஏறி யானைப்போர் கண்டற்றால் தன்கைத்துஒன்று
உண்டாகச் செய்வான் வினை.

ਪਹਾੜੀ ਦੇ ਉਤੇ ਖੜੇ ਹੋ ਕੇ ਜਿਵੇਂ ਹਾਥੀਆਂ ਦਾ ਯੁੱਧ ਦੇਖਿਆ ਜਾ ਸਕਦਾ ਹੈ
ਉਸੇ ਤਰ੍ਹਾਂ ਧੰਨ ਸੰਪਤੀ ਹੋਵੇ ਤਾਂ ਨਿਸਚਿੰਤ ਹੋ ਕੇ ਆਪਣੀਆਂ ਇੱਛਾਵਾਂ
ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।

**759.** செய்க பொருளை செறுநர் செருக்கறுக்கும்
எஃகுஅதனின் கூரியது இல்.

ਧੰਨ ਸੰਪਤੀ ਇਕੱਠੀ ਕਰੋ। ਸ਼ਤਰੂ ਦੇ ਹੰਕਾਰ ਨੂੰ ਮਿਟਾਣ ਲਈ ਧੰਨ ਤੋਂ
ਵਧ ਕੇ ਤਿੱਖਾ ਹਥਿਆਰ ਹੋਰ ਕੋਈ ਨਹੀਂ।

**760.** ஒண்பொருள் காழ்ப்ப இயற்றியார்க்கு எண்பொருள்
ஏனை இரண்டும் ஒருங்கு.

ਜਿਨ੍ਹਾਂ ਨੇ ਮਿਹਨਤ ਤੇ ਈਮਾਨਦਾਰੀ ਨਾਲ ਚੋਖਾ ਧੰਨ ਪ੍ਰਾਪਤ ਕੀਤਾ ਹੁੰਦਾ ਹੈ
ਉਹਨਾਂ ਪਾਸ ਸਦਾਚਾਰਕ ਗੁਣ ਤੇ ਖੁਸ਼ੀਆਂ ਸੌਖੀਆਂ ਹੀ ਉਪਲਬਧ ਹੁੰਦੀਆਂ ਹਨ।

# 77

## படைமாட்சி

## ਸੈਨਾ ਦੀ ਉੱਤਮਤਾ

**761.** உறுப்புஅமைந்து ஊறுஅஞ்சா வெல்படை வேந்தன்
வெறுக்கையுள் எல்லாம் தலை.

ਰੱਥ ਹਾਥੀ ਘੋੜੇ ਤੇ ਪੈਦਲ ਫੌਜ-ਇਹਨਾਂ ਚਹੁੰ ਅੰਗਾਂ ਵਾਲੀ ਯੁੱਧ
ਵਿਚਲੇ ਜ਼ਖਮਾਂ ਦਾ ਸਾਹਮਣਾ ਕਰਨ ਵਿਚ ਸਮੱਥ ਭੈ-ਰਹਿਤ ਫੌਜ ਰਾਜੇ
ਦੀ ਸਭ ਤੋਂ ਵਡੀ ਜਾਇਦਾਦ ਹੈ।

**762.** உலைவுஇடத்து ஊறுஅஞ்சா வன்கண் தொலைவுஇடத்துத்
தொல்படைக்கு அல்லால் அரிது.

ਗਿਣਤੀ ਵਿਚ ਥੋੜੀ ਸੈਨਾ ਹੋਣ ਤੇ ਵੀ ਰਣ-ਖੇਤਰ ਵਿਚ ਹਰ ਸੰਕਟ ਦਾ ਟਾਕਰਾ ਕਰਨ ਦੀ ਯੋਗਤਾ (ਰਾਸ਼ਟਰ-ਰਖਿਆ ਦੇ ਨਮਿਤ ਜੀਵਨ ਬਾਜੀ ਲਾਉਣ ਲਈ ਤਤਪਰਤਾ) ਪਰੰਪਰਾਗਤ ਯੋਧਿਆਂ ਦੀ ਸੈਨਾ ਵਿਚ ਹੀ ਹੁੰਦੀ ਹੈ।

**763.** ஒலித்தக்கால் என்ஆம் உவரி எலிப்பகை
நாகம் உயிர்ப்பக் கெடும்.

ਜੇ ਕ੍ਰੋਧ ਵਿਚ ਆ ਕੇ ਚੂਹਿਆਂ ਦਾ ਇਕੱਠ ਸਾਗਰ ਵਾਂਗ ਗਰਜ ਪੈਦਾ ਕਰਨ ਤਾਂ ਉਸ ਨਾਲ ਕੀਹ ਹੋ ਜਾਏਗਾ ਜੇ ਕਾਲਾ ਨਾਗ ਫੂੰਕਾਰ ਉੱਠੇ ਤਾਂ ਸਭ ਦੇ ਸਭ ਨਸ਼ਟ ਹੋ ਜਾਣਗੇ।

**764.** அழிவுஇன்றி அறைபோகாது ஆகி வழிவந்த
வன்க ணதுவே படை.

ਰਣ ਖੇਤਰ ਵਿਚ ਨਾ ਹਾਰਨ ਵਾਲੀ ਤੇ ਵੈਰੀ ਲਈ ਅਜਿੱਤ ਹੋ ਕੇ ਖੜੀ ਪਰੰਪਰਾਗਤ ਵੀਰਤਾ ਨਾਲ ਯੁਕਤ ਸੈਨਾ ਹੀ ਉੱਤਮ ਸੈਨਾ ਹੁੰਦੀ ਹੈ।

**765.** கூற்றுஉடன்று மேல்வரினும் கூடி எதிர்நிற்கும்
ஆற்ற லதுவே படை.

ਭਾਵੇਂ ਕ੍ਰੋਧਿਤ ਯਮਰਾਜ ਨਾਲ ਯੁੱਧ ਕਰਨਾ ਪਵੇ ਤਾਂ ਵੀ ਜਿਹੜੀ ਸੈਨਾ ਇਕਮੁੱਠ ਹੋ ਕੇ ਡੱਟ ਕੇ ਸਾਹਮਣਾ ਕਰ ਸਕਦੀ ਹੈ ਉਹ ਉੱਤਮ ਸੈਨਾ ਹੁੰਦੀ ਹੈ।

**766.** மறம்மானம் மாண்ட வழிச்செலவு தேற்றம்
எனநான்கே ஏமம் படைக்கு.

ਬਹਾਦਰੀ ਸਵੈਮਾਨ ਸਪਸ਼ਟ ਸੋਚਣੀ ਪੂਰਬਲੇ ਇਤਿਹਾਸ ਵਿਚਲੇ ਯੁੱਧਾਂ ਬਾਰੇ ਸਪੱਸ਼ਟ ਤੇ ਵਿਸਤਿਰਤ ਗਿਆਨ-ਇਹ ਚਾਰੋਂ ਕਿਸੇ ਵੀ ਸੈਨਾ ਦੇ ਉੱਤਮ ਗੁਣ ਹਨ।

**767.** தார்தாங்கிச் செல்வது தானை தலைவந்த
போர்தாங்கும் தன்மை அறிந்து.

ਹਮਲਾ ਕਰਨ ਵਾਲੀ ਸ਼ਤਰੂ ਸੈਨਾ ਦੀ ਯੁੱਧ-ਨੀਤੀ ਬਾਰੇ ਗਿਆਨ-ਪ੍ਰਾਪਤੀ ਉਪ੍ਰੰਤ ਉਸ ਦਾ ਟਾਕਰਾ ਕਰਨ ਦੀ ਯੋਜਨਾ ਬਣਾ ਕੇ ਜਿਹੜੀ ਸੈਨਾ ਆਪਣੀ ਰਖਿਆ ਕਰਦੀ ਹੈ ਉਹੀ ਉੱਤਮ ਸੈਨਾ ਕਹਾਣ ਦੀ ਹੱਕਦਾਰ ਹੁੰਦੀ ਹੈ।

**768.** அடல்தகையும் ஆற்றலும் இல்எனினும் தானை
படைத்தகையால் பாடு பெறும்.

ਆਕ੍ਰਮਣ ਕਰਨ ਵਿਚ ਅਸਮੱਥ ਤੇ ਸਵੈ ਰਖਿਆ ਕਰਨ ਦੇ ਅਯੋਗ ਹੋਣ ਤੇ ਵੀ ਜੇ ਸੈਨਾ ਬਾਹਰਲੇ ਹਥਿਆਰਾਂ ਨਾਲ ਚੰਗੀ ਤਰ੍ਹਾਂ ਲੈਸ ਹੋਵੇ ਤਾਂ ਚੰਗੀ ਰੋਅਬ ਵਾਲੀ ਦਿਖਾਈ ਦੇਂਦੀ ਹੈ।

**769.** *சிறுமையும் செல்லாத் துனியும் வறுமையும்*
*இல்லாயின் வெல்லும் படை.*

ਜਿਸ ਸੈਨਾ ਵਿਚ ਕਮਜ਼ੋਰ ਹੋਣ ਦੀ ਹੀਣ ਭਾਵਨਾ ਗਿਣਤੀ ਵਿਚ ਥੋੜ੍ਹੀ ਹੋਣ ਦਾ ਅਹਿਸਾਸ ਆਪਣੇ ਆਗੂ ਪ੍ਰਤੀ ਘ੍ਰਿਣਾ ਭਾਵਨਾ ਨਾ ਹੋਵੇ ਉਹ ਸੈਨਾ ਸ਼ਤਰੂ ਉਤੇਂ ਵਿਜੈ ਪ੍ਰਾਪਤ ਕਰ ਸਕਦੀ ਹੈ।

**770.** *நிலைமக்கள் சால உடைத்துஎனினும் தானை*
*தலைமக்கள் இல்வழி இல்.*

ਜੇ ਕਿਸੇ ਸੈਨਾ ਵਿਚ ਪੱਕੇ ਯੋਧਿਆਂ ਦੀ ਕਮੀ ਨਾ ਵੀ ਹੋਵੇ ਪਰ ਯੋਗ ਅਗਵਾਈ ਕਰਨ ਵਾਲੇ ਆਗੂ ਦੀ ਘਾਟ ਹੋਵੇਗੀ ਤਾਂ ਉਹ ਕੁਝ ਵੀ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਦੀ।

# 78

## படைச் செருக்கு

## ਯੋਧੇ ਦਾ ਮਾਨ

**771.** *என்ஐமுன் நில்லன்மின் தெவ்விர் பலர்என்ஐ*
*முன்நின்று கல்நின் றவர்.*

ਦੁਸ਼ਮਨੋ ਸੁਣੋ ਮੇਰੇ ਆਗੂ ਦੇ ਸਨਮੁਖ ਖੜੇ ਰਹਿਣ ਦੀ ਕੋਸ਼ਿਸ਼ ਨਾ ਕਰੋ। ਕਿਉਂ ਜੋ ਕਈ ਲੋਕਾਂ ਨੇ ਅਜਿਹੀ ਹਿੰਮਤ ਕੀਤੀ ਪ੍ਰੰਤੂ ਪਿਛੋਂ ਉਹ ਸਾਰੇ ਯਾਦਗਾਰੀ ਪੱਥਰ ਹੀ ਬਣ ਕੇ ਰਹਿ ਗਏ।

**772.** *கான முயல்எய்த அம்பினில் யானை*
*பிழைத்தவேல் ஏந்தல் இனிது.*

ਜੰਗਲ ਵਿਚ ਭੱਜਦੇ ਖਰਗੋਸ਼ ਨੂੰ ਆਪਣੇ ਤੀਰ ਦਾ ਨਿਸ਼ਾਨਾ ਬਨਾਉਣ ਨਾਲੋਂ ਜੰਗਲ ਵਿਚ ਖੜੇ ਹਾਥੀ ਨੂੰ ਆਪਣੇ ਭਾਲੇ ਦਾ ਨਿਸ਼ਾਨਾ ਬਨਾਉਣ ਦਾ ਯਤਨ ਕਰਨਾ ਵਧੇਰੇ ਸਲਾਹੁਣ ਯੋਗ ਹੈ।

**773.** *பேராண்மை என்ப தறுகண் ஒன்று உற்றக்கால்*
*ஊராண்மை மற்றுஅதன் எஃகு.*

ਦੁਸ਼ਮਨ ਦਾ ਸਾਹਮਣਾ ਕਰਨ ਦੀ ਬੀਰਤਾ ਉੱਚ ਕੋਟੀ ਦੀ ਬਹਾਦਰੀ ਹੈ। ਪ੍ਰੰਤੂ ਸੰਕਟ ਦੀ ਸਥਿਤੀ ਵਿਚ ਸ਼ਤਰੂ ਦਾ ਭਲਾ ਕਰਨਾ ਕਿਤੇ ਵਧੇਰੇ ਬਹਾਦਰੀ ਦਾ ਪ੍ਰਗਟਾਵਾ ਕਰਨਾ ਹੈ।

**774.** கைவேல் களிற்றொடு போக்கி வருபவன்
மெய்வேல் பறியா நகும்.

ਹੱਥ ਵਿਚਲੇ ਭਾਲੇ ਨੂੰ ਹਾਥੀ ਉਤੇ ਸੁੱਟਣ ਤੋਂ ਪਿਛੋਂ ਦੂਸਰੇ ਭਾਲੇ ਦੀ ਤਲਾਸ਼ ਕਰਨ ਵਾਲਾ ਯੋਧਾ ਆਪਣੇ ਸਰੀਰ ਉਤੇ ਮਾਰੇ ਗਏ ਭਾਲੇ ਨੂੰ ਖਿੱਚ ਕੇ ਖੁਸ਼ੀ ਪੂਰਬਕ ਫਿਰ ਯੁੱਧ ਲਈ ਤਿਆਰ ਹੋ ਜਾਂਦਾ ਹੈ।

**775.** விழித்தகண் வேல்கொண்டு எறிய அழித்துஇமைப்பின்
ஒட்டன்றோ வன்க ணவர்க்கு.

ਦੁਸ਼ਮਣ ਉਤੇ ਗੁੱਸਾ ਦਿਖਾਣ ਵਾਲੀਆਂ ਅੱਖਾਂ ਜੇ ਉਸ ਵਲੋਂ ਸੁੱਟੇ ਗਏ ਭਾਲੇ ਨੂੰ ਦੇਖ ਕੇ ਝੱਮਕ ਜਾਣ ਤਾਂ ਕੀਹ ਇਹ ਉਸ ਬਹਾਦਰ ਦੀ ਹਾਰ ਨਹੀਂ ਹੈ

**776.** விழுப்புண் படாதநாள் எல்லாம் வழுக்கினுள்
வைக்குமதன் நாளை எடுத்து.

ਯੋਧਾ ਬੀਤੇ ਦਿਨਾਂ ਦੀ ਗਿਣਤੀ ਕਰਦੇ ਸਮੇਂ ਉਹਨਾਂ ਸਭ ਦਿਨਾਂ ਨੂੰ ਵਿਅਰਥ ਸਮਝਦਾ ਹੈ ਜਦੋਂ ਕਿ ਉਸ ਦੇ ਸਰੀਰ ਵਿਚ ਯੁੱਧ ਵਿਚ ਲੜਦੇ ਸਮੇਂ ਘਾਓ ਨਾ ਲਗਾ ਹੋਵੇ।

**777.** சுழலும் இசைவேண்டி வேண்டா உயிரார்
கழல்யாப்புக் காரிகை நீர்த்து.

ਸੰਸਾਰ ਵਿਚ ਆਪਣੇ ਆਪ ਨੂੰ ਪ੍ਰਸੰਸਾ ਦਾ ਪਾਤਰ ਬਨਾਉਣ ਦੇ ਚਾਹਵਾਨ ਯੋਧਿਆਂ ਦੇ ਪੈਰਾਂ ਵਿਚ ਸ਼ੋਭਦੇ ਵੀਰ-ਕੰਗਣ ਉਹਨਾਂ ਦੀ ਬਹਾਦਰੀ ਦੇ ਪ੍ਰਤੀਕ ਹਨ।

**778.** உறின்உயிர் அஞ்சா மறவர் இறைவன்
செறினும்சீர் குன்றல் இலர்.

ਯੁੱਧ ਵਿਚ ਪ੍ਰਾਣਾਂ ਦੀ ਬਲੀ ਦੇਣ ਤੋਂ ਨਾ ਡਰਨ ਵਾਲੇ ਯੋਧਿਆਂ ਦਾ ਉਤਸ਼ਾਹ ਰਾਜੇ ਦੇ ਆਪ ਰੋਕਣ ਤੇ ਵੀ ਠੰਡਾ ਨਹੀਂ ਪੈਂਦਾ।

**779.** இழைத்தது இகவாமைச் சாவாரை யாரே
பிழைத்தது ஒறுக்கிற் பவர்.

ਆਪਣੀ ਪ੍ਰਤਿਗਿਆ ਨੂੰ ਸਿਰੇ ਚੜ੍ਹਾਣ ਲਈ ਜਿਨ੍ਹਾਂ ਯੋਧਿਆਂ ਨੇ ਰਣ ਭੂਮੀ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦਿਤੀ, ਅਸਫਲਤਾ ਲਈ ਉਹਨਾਂ ਨੂੰ ਦੋਸ਼ ਦੇਣ ਦੀ ਹਿੰਮਤ ਕਿਸ ਵਿਚ ਹੈ

**780.** புரந்தார்கண் நீர்மல்கச் சாகிற்பின் சாக்காடு
இரந்துகோள் தக்கது உடைத்து.

ਰਾਜੇ ਦੀਆਂ ਅੱਖਾਂ ਵਿਚ ਹੰਝੂ ਲਿਆਣ ਵਾਲੇ ਯੋਧੇ ਦੀ ਮੌਤ ਤਾਂ ਮੰਗ ਕੇ ਲੈਣ ਯੋਗ ਹੈ।

# 79

## நட்பு

## ਮਿੱਤਰਤਾ

**781.** செயற்குஅரிய யாவுள நட்பின் அதுபோல்
வினைக்குஅரிய யாவுள காப்பு.

ਦੁਸ਼ਮਨ ਤੋਂ ਰਖਿਆ ਦੇ ਸਮ੍ਰੱਥ ਹੋਣ ਲਈ ਉਸ ਨਾਲ ਮਿੱਤਰਤਾ ਕਰ ਲੈਣ
ਦੇ ਬਰਾਬਰ ਉੱਤਮ ਕੰਮ ਹੋਰ ਕੋਈ ਨਹੀਂ।

**782.** நிறைநீர நீரவர் கேண்மை பிறைமதிப்
பின்நீர பேதையார் நட்பு.

ਬੁੱਧੀਵਾਨਾਂ ਨਾਲ ਮਿੱਤਰਤਾ ਸ਼ੁਕਲ-ਪੱਖ ਦੇ ਚੰਦਰਮਾਂ ਵਾਂਗ ਦਿਨੋ ਦਿਨ ਵੱਧਦੀ ਹੈ
ਪ੍ਰੰਤੂ ਮੂਰਖਾਂ ਦੀ ਮਿੱਤਰਤਾ ਕ੍ਰਿਸ਼ਨ-ਪੱਖ ਦੇ ਚੰਦਰਮਾਂ ਵਾਂਗ ਦਿਨੋ ਦਿਨ ਖੀਣ ਹੁੰਦੀ ਹੈ।

**783.** நவில்தொறும் நூல்நயம் போலும் பயில்தொறும்
பண்புடை யாளர் தொடர்பு.

ਜਿਵੇਂ ਉੱਤਮ ਗ੍ਰੰਥਾਂ ਦਾ ਅਧਿਅਨ ਆਨੰਦ-ਦਾਇਕ ਹੁੰਦਾ ਹੈ ਉਸੇ ਤਰ੍ਹਾਂ
ਮੇਲ ਮਿਲਾਪ ਵਧਣ ਨਾਲ ਚੰਗੇ ਪੁਰਸ਼ਾਂ ਦੀ ਮਿੱਤਰਤਾ ਵਧੇਰੇ ਤੋਂ ਵਧੇਰੇ ਆਨੰਦ ਦੇਂਦੀ ਹੈ।

**784.** நகுதல் பொருட்டன்று நட்டல் மிகுதிக்கண்
மேற்சென்று இடித்தல் பொருட்டு.

ਮਿੱਤਰਤਾ ਦਾ ਮਨੋਰਥ ਕੇਵਲ ਆਪਸ ਵਿਚ ਹਾਸਾ ਮਖੌਲ ਕਰਕੇ ਆਨੰਦਿਤ ਹੋਣਾ ਹੀ
ਨਹੀਂ ਸਗੋਂ ਸੀਮਾ ਪਾਰ ਹੋਣ ਤੇ ਇਕ ਦੂਜੇ ਨੂੰ ਟੋਕਣਾ ਮਿੱਤਰਤਾ ਦਾ ਕਰਤੱਵ ਹੈ।

**785.** புணர்ச்சி பழகுதல் வேண்டா உணர்ச்சிதான்
நட்புஆம் கிழமை தரும்.

ਮਿੱਤਰਤਾ ਲਈ ਜ਼ਰੂਰੀ ਨਹੀਂ ਕਿ ਘੜੀ ਮੁੜੀ ਮਿਲ ਕੇ ਇਕ ਦੂਜੇ ਨਾਲ ਵਾਕਫੀਅਤ
ਵਧਾਈ ਜਾਵੇ ਸਗੋਂ ਦੋਨੋਂ ਧਿਰਾਂ ਦੇ ਦਿਲਾਂ ਦਾ ਮੇਲ ਮਿੱਤਰਤਾ ਲਈ ਆਵੱਸ਼ਕ ਹੈ।

**786.** முகம்நக நட்பது நட்பன்று நெஞ்சத்து
அகம்நக நட்பது நட்பு.

ਹੱਸਦੇ-ਹੱਸਦੇ ਮੂੰਹਾਂ ਨਾਲ ਮਿਲਣਾ ਤੇ ਸਨੇਹ ਦਿਖਾਣਾ ਹੀ ਮਿੱਤਰਤਾ ਨਹੀਂ
ਸਗੋਂ ਦਿਲਾਂ ਅੰਦਰਲੀ ਸੁਹਿਰਦਤਾ ਦੀ ਭਾਵਨਾ ਹੀ ਸੱਚੀ ਮਿੱਤਰਤਾ ਹੈ।

**787.** அழிவின் அவைநீக்கி ஆறுஉய்த்து அழிவின்கண்
அல்லல் உழப்பதாம் நட்பு.

ਮਿੱਤਰ ਨੂੰ ਗ਼ਲਤ ਰਸਤੇ ਤੋਂ ਦੂਰ ਹਟਾਣਾ ਤੇ ਠੀਕ ਜੀਵਨ-ਰਾਹ ਉਤੇ ਚੱਲਣ ਦੀ ਪ੍ਰੇਰਣਾ ਦੇਣਾ ਅਤੇ ਉਸ ਦੇ ਦੁੱਖਾਂ ਤੇ ਮੁਸੀਬਤਾਂ ਦੇ ਸਮੇਂ ਸਾਥ ਦੇਣਾ ਉੱਤਮ ਮਿੱਤਰਤਾ ਦਾ ਲੱਛਣ ਹੈ।

**788.** உடுக்கை இழந்தவன் கைபோல ஆங்கே
இடுக்கண் களைவதுஆம் நட்பு.

ਸਰੀਰ ਦਾ ਕਪੜਾ ਖੁਲ੍ਹ ਜਾਣ ਤੇ ਜਿਵੇਂ ਹੱਥ ਆਪਣੇ ਆਪ ਅਗੇ ਵੱਧ ਕੇ ਉਸ ਨੂੰ ਪਕੜ ਲੈਂਦਾ ਹੈ ਉਵੇਂ ਹੀ ਮਿੱਤਰ ਉਤੇ ਬਿਪਤਾ ਪੈਣ ਤੇ ਤੁਰੰਤ ਪਹੁੰਚ ਕੇ ਉਸ ਦੀ ਕਠਨਾਈ ਦੂਰ ਕਰਨਾ ਹੀ ਮਿੱਤਰਤਾ ਹੈ।

**789.** நட்பிற்கு வீற்றிருக்கை யாதெனில் கொட்பின்றி
ஒல்லும்வாய் ஊன்றும் நிலை.

ਸੁੱਖ ਵਿਚ ਦੁੱਖ ਵਿਚ ਹਮੇਸ਼ਾ ਨਾਲ ਰਹਿ ਕੇ ਸਹਾਰਾ ਦੇਣਾ ਹੀ ਮਿੱਤਰਤਾ ਦੀ ਅਸਲੀਅਤ ਹੈ।

**790.** இனையர் இவர்எமக்கு இன்னம்யாம் என்று
புனையினும் புல்என்னும் நட்பு.

"ਅਸੀਂ ਦੋਨੋਂ ਇਕ ਹਾਂ ਮੈਂ ਇਹਨਾਂ ਲਈ ਕੁਝ ਵੀ ਕਰ ਸਕਦਾ ਹਾਂ" ਇਸ ਤਰ੍ਹਾਂ ਦੇ ਆਪਸ ਵਿਚ ਕਹੇ ਜਾਣ ਵਾਲੇ ਵਾਕਾਂ ਨਾਲ ਮਿੱਤਰਤਾ ਦੀ ਪੱਧਰ ਘੱਟ ਹੁੰਦੀ ਹੈ।

# 80

## நட்பு ஆராய்தல்
## ਮਿੱਤਰਤਾ ਦੀ ਪਰਖ ਕਰਨੀ

**791.** நாடாது நட்டலின் கேடுஇல்லை நட்டபின்
வீடுஇல்லை நட்பாள் பவர்க்கு.

ਇਕ ਵਾਰ ਮਿੱਤਰਤਾ ਵਿਚ ਬੱਝ ਜਾਣ ਤੇ ਉਸ ਤੋਂ ਸਹਿਜੇ ਕੀਤੇ ਛੁਟਕਾਰਾ ਨਹੀਂ ਮਿਲਦਾ
ਇਸ ਲਈ ਚੰਗੀ ਤਰ੍ਹਾਂ ਪਰਖੇ ਬਿਨਾ ਮਿੱਤਰਤਾ ਕਰਨ ਦੇ ਬਰਾਬਰ ਹੋਰ ਕੋਈ ਬੁਰਾਈ ਨਹੀਂ।

**792.** ஆய்ந்துஆய்ந்து கொள்ளாதான் கேண்மை கடைமுறை
தான்சாம் துயரம் தரும்.

ਵੱਖ-ਵੱਖ ਤਰ੍ਹਾਂ ਜਾਂਚ ਪਰਖ ਕਰਨ ਤੋਂ ਬਿਨਾ ਕੀਤੀ ਗਈ ਮਿੱਤਰਤਾ
ਅਖ਼ੀਰ ਖ਼ਤਮ ਹੋ ਜਾਂਦੀ ਹੈ।

**793.** குணனும் குடிமையும் குற்றமும் குன்றா
இனனும் அறிந்துயாக்க நட்பு.

ਕਿਸੇ ਦਾ ਸੁਭਾ ਖਾਨਦਾਨ ਵਰਤਾਉ ਉਸ ਦੇ ਦੋਸ਼ ਤੇ ਉਸ ਦੇ ਸੰਬੰਧੀਆਂ ਦੇ
ਗੁਣ ਦੋਸ਼ ਦਾ ਨਿਰਨਾ ਕਰਨ ਤੋਂ ਪਿਛੋਂ ਹੀ ਉਸ ਨਾਲ ਮਿੱਤਰਤਾ ਕਰਨੀ ਚਾਹੀਦੀ ਹੈ।

**794.** குடிப்பிறந்து தன்கண் பழிநாணு வானைக்
கொடுத்தும் கொளல்வேண்டும் நட்பு.

ਚੰਗੇ ਸਦਾਚਾਰ ਉੱਤਮ ਖਾਨਦਾਨ ਵਿਚ ਉਤਪੰਨ ਪਾਪ ਤੇ ਭੈੜੇ ਕੰਮਾਂ ਤੋਂ ਬਚ ਕੇ
ਰਹਿਣ ਵਾਲੇ ਵਿਅਕਤੀ ਨਾਲ ਮਿੱਤਰਤਾ ਲਈ ਜੇ ਮੁੱਲ ਵੀ ਦੇਣਾ ਪਵੇ ਤਾਂ ਕਰ ਲੈਣੀ
ਚਾਹੀਦੀ ਹੈ।

**795.** அழச்சொல்லி அல்லது இடித்து வழக்குஅறிய
வல்லார்நட்பு ஆய்ந்து கொளல்.

ਜੋ ਭੁੱਲ ਹੋਣ ਤੋਂ ਪਹਿਲਾਂ ਹੀ ਝਿੜਕ ਦੇਵੇ, ਗ਼ਲਤੀ ਹੋਣ ਤੋਂ ਪਹਿਲਾਂ ਡਾਂਟ ਕੇ ਸਮਝਾ ਦੇਵੇ
ਇਸ ਤਰ੍ਹਾਂ ਦੇ ਵਰਤਾਉ ਵਾਲੇ ਵਿਅਕਤੀ ਨਾਲ ਮਿੱਤਰਤਾ ਕਰਨੀ ਚਾਹੀਦੀ ਹੈ।

**796.** கேட்டினும் உண்டுஓர் உறுதி கிளைஞரை
நீட்டி அளப்பதோர் கோல்.

ਸੰਕਟ ਦੀ ਘੜੀ ਵੀ ਇਕ ਪਖੋਂ ਚੰਗੀ ਹੈ ਕਿਉਂ ਜੋ ਇਹ ਫੁੱਟਾ ਹੈ ਜਿਸ ਨਾਲ
ਮਿੱਤਰਤਾ ਨੂੰ ਸਹੀ ਰੂਪ ਵਿਚ ਮਾਪ ਕੇ ਉਸ ਦੀ ਪਰਖ ਕੀਤੀ ਜਾ ਸਕਦੀ ਹੈ।

**797.** ஊதியம் என்பது ஒருவற்குப் பேதையார்
கேண்மை ஒரீஇ விடல்.

ਮੂਰਖ ਵਿਅਕਤੀਆਂ ਦੀ ਮਿੱਤਰਤਾ ਤੋਂ ਛੁੱਟਕਾਰਾ ਪਾਇਆ ਜਾਏ
ਤਾਂ ਇਸ ਵਿਚ ਲਾਭ ਹੀ ਲਾਭ ਹੈ।

**798.** உள்ளற்க உள்ளம் சிறுகுவ கொள்ளற்க
அல்லல்கண் ஆற்றுஅறுப்பார் நட்பு.

ਨਿਰਉਤਸਾਹਿਤ ਕਰਨ ਵਾਲੇ ਵਿਚਾਰਾਂ ਨੂੰ ਮਨ ਵਿਚ ਨਹੀਂ ਲਿਆਣਾ ਚਾਹੀਦਾ।
ਇਸੇ ਤਰ੍ਹਾਂ ਦੁੱਖ ਵਿਚ ਸਾਥ ਨਾ ਦੇਣ ਵਾਲੇ ਵਿਅਕਤੀ ਨਾਲ ਮਿੱਤਰਤਾ ਨਹੀਂ ਕਰਨੀ
ਚਾਹੀਦੀ।

**799.** கெடுங்காலைக் கைவிடுவார் கேண்மை அடுங்காலை
உள்ளினும் உள்ளம் சுடும்.

ਸੰਕਟ ਦੇ ਸਮੇਂ ਵਿਚ ਜਿਸ ਨੇ ਸਾਥ ਨਹੀਂ ਦਿਤਾ ਉਸ ਦੀ ਮਿੱਤਰਤਾ ਦੀ ਯਾਦ ਮਰਦੇ ਦਮ ਤਕ ਹਿਰਦੇ ਨੂੰ ਸਾੜਦੀ ਰਹਿੰਦੀ ਹੈ।

**800.** மருவுக மாசற்றார் கேண்மை ஒன்று ஈத்தும்
ஒருவுக ஒப்பிலார் நட்பு.

ਗੁਣਵਾਨ ਤੇ ਨਿਰਮਲ ਚਰਿਤਰ ਵਾਲੇ ਵਿਅਕਤੀ ਨਾਲ ਮਿੱਤਰਤਾ ਕਰਨੀ ਉੱਤਮ ਹੈ। ਗੁਣਹੀਣ ਤੇ ਅਯੋਗ ਲੋਕਾਂ ਨਾਲ ਮਿੱਤਰਤਾ ਹਥੋਂ ਕੁਝ ਦੇ ਵੀ ਤਿਆਗਣ ਯੋਗ ਹੈ।

# 81

## பழைமை

## ਚਿਰ ਸਥਾਈ ਮਿੱਤਰਤਾ

**801.** பழைமை எனப்படுவது யாதுஎனின் யாதும்
கிழமையைக் கீழ்ந்திடா நட்பு.

ਨੇੜੇਪਨ ਦੇ ਅਧਿਕਾਰ ਨਾਲ (ਅਨ-ਉਚਿੱਤ) ਕੰਮ ਹੋ ਜਾਣ ਤੇ ਵੀ ਮਿੱਤਰਤਾ ਵਿਚ ਕੋਈ ਅੰਤਰ ਨਾ ਆਏ ਏਹੀ ਚਿਰ-ਸਥਾਈ ਮਿੱਤਰਤਾ ਦਾ ਲੱਛਣ ਹੈ।

**802.** நட்பிற்கு உறுப்புக் கெழுதகைமை மற்றுஅதற்கு
உப்புஆதல் சான்றோர் கடன்.

ਅਧਿਕਾਰ ਪੂਰਬਕ ਕੋਈ ਵੀ ਕੰਮ ਕਰ ਸਕਣਾ ਗੂੜ੍ਹੀ ਮਿੱਤਰਤਾ ਦਾ ਅੰਗ ਹੈ। ਐਸੇ ਅਧਿਕਾਰ ਨੂੰ ਪ੍ਰਸੰਨਤਾ ਪੂਰਬਕ ਮੰਨ ਲੈਣਾ ਬੁੱਧੀਮਾਨਾਂ ਦਾ ਕਰਤਵ ਹੈ।

**803.** பழகிய நட்புஎவன் செய்யும் கெழுதகைமை
செய்தாங்கு அமையாக் கடை.

ਗੂੜ੍ਹੀ ਮਿੱਤਰਤਾ ਦੇ ਅਧਿਕਾਰ ਨਾਲ ਕੀਤੇ ਗਏ ਗਲਤ ਕੰਮਾਂ ਨੂੰ ਜੇ ਆਪਣੇ ਹੀ ਕੰਮ ਨਾ ਮੰਨ ਲਏ ਜਾਣ ਤਾਂ ਅਜਿਹੀ ਚਿਰ ਸਥਾਈ ਮਿੱਤਰਤਾ ਕਿਸ ਕੰਮ

**804.** விழைதகையான் வேண்டி இருப்பர் கெழுதகையால்
கேளாது நட்டார் செயின்.

ਮਿੱਤਰ ਜੇ ਬਿਨਾ ਪੁੱਛੇ ਹੀ ਮਿੱਤਰਤਾ ਦੇ ਅਧਿਕਾਰ ਨਾਲ ਕੋਈ ਕੰਮ ਕਰ ਬੈਠੇ ਤਦ ਵੀ ਬੁੱਧੀਮਾਨ ਮਿੱਤਰ ਉਸ ਦੇ ਕੰਮ ਦੀ ਪ੍ਰਸੰਸਾ ਕਰਦੇ ਹੋਏ ਉਸ ਨੂੰ ਸਵੀਕਾਰ ਕਰਦੇ ਹਨ।

**805.** பேதைமை ஒன்றோ பெருங்கிழமை என்றுஉணர்க
நோதக்க நட்டார் செயின்.

ਮਿੱਤਰ ਜੇ ਸੰਕਟ ਵਿਚ ਪਾਉਣ ਵਾਲਾ ਜਾਂ ਅਣਚਾਹਿਆ ਕੰਮ ਕਰ ਬੈਠੇ ਤਦ ਵੀ ਉਸ ਕੰਮ ਨੂੰ ਬਹੁਤ ਨੇੜਤਾ ਦੇ ਕਾਰਨ ਜਾਂ ਅਗਿਆਨਤਾ ਨਾਲ ਹੋਈ ਅਸਾਵਧਾਨੀ ਮੰਨ ਲੈਣੀ ਚਾਹੀਦੀ ਹੈ।

**806.** எல்லைக்கண் நின்றார் துறவார் தொலைவிடத்தும்
தொல்லைக்கண் நின்றார் தொடர்பு.

ਜੋ ਮਿੱਤਰਤਾ ਦੀ ਮਰਿਆਦਾ ਨੂੰ ਪਛਾਣਦੇ ਹਨ ਉਹ ਮਿੱਤਰ ਦੇ ਕਾਰਨ ਆਏ ਸੰਕਟ ਦੇ ਸਮੇਂ ਵੀ ਆਪਣੇ ਪੁਰਾਣੇ ਮਿੱਤਰਾਂ ਨਾਲ ਆਪਣੀ ਗੂੜ੍ਹਤਾਈ ਵਿਚ ਅੰਤਰ ਨਹੀਂ ਆਉਣ ਦੇਣਗੇ।

**807.** அழிவந்த செய்யினும் அன்புஅறார் அன்பின்
வழிவந்த கேண்மை யவர்.

ਜੇ ਮਿੱਤਰ ਪਾਸੋਂ ਗ਼ਲਤ ਕੰਮ ਹੋ ਜਾਵੇ ਤਾਂ ਵੀ ਮਿੱਤਰਤਾ ਦੀ ਪਿਆਰ ਡੋਰੀ ਵਿਚ ਬੱਝੇ ਹੋਏ ਵਿਅਕਤੀ ਆਪਣੀ ਮਿੱਤਰਤਾ ਨੂੰ ਨਹੀਂ ਤਿਆਗਦੇ।

**808.** கேள்இழுக்கம் கேளாக் கெழுதகைமை வல்லார்க்கு
நாள்இழுக்கம் நட்டார் செயின்.

ਜੋ ਲੋਕ ਆਪਣੇ ਮਿੱਤਰ ਸੰਬੰਧੀ ਆਰੋਪ ਸਹਿਣ ਨਹੀਂ ਕਰਦੇ ਉਹ ਉਸ ਦਿਨ ਨੂੰ ਸਾਰਥਕ ਮੰਨਦੇ ਹਨ ਜਿਸ ਦਿਨ ਮਿੱਤਰ ਤੋਂ ਅਭੋਲ ਹੀ ਉਹਨਾਂ ਪ੍ਰਤੀ ਕੋਈ ਭੁੱਲ ਹੋ ਜਾਂਦੀ ਹੈ।

**809.** கெடாஅ வழிவந்த கேண்மையார் கேண்மை
விடாஅர் விழையும் உலகு.

ਚਿਰ ਕਾਲ ਤੋਂ ਚਲੀ ਆ ਰਹੀ ਮਿੱਤਰਤਾ ਨੂੰ ਹਰ ਸਥਿਤੀ ਵਿਚ ਸਾਬਤ ਸਬੂਤ ਰਖਣ ਵਾਲੇ ਵਿਅਕਤੀ ਦੀ ਜੱਗ ਵਿਚ ਪ੍ਰਸੰਸਾ ਹੁੰਦੀ ਹੈ।

**810.** விழையார் விழையப் படுப பழையார்கண்
பண்பின் தலைப்பிரியா தார்.

(ਉਲਟ ਸਥਿੱਤੀਆਂ ਵਿਚ ਵੀ) ਜੋ ਆਪਣੇ ਚਿਰਸਥਾਈ ਮਿੱਤਰਾਂ ਨਾਲੋਂ ਪਿਆਰ ਸੰਬੰਧ ਨਹੀਂ ਤੋੜਦਾ ਅਜਿਹੇ ਵਿਅਕਤੀ ਨਾਲ ਉਸ ਦੇ ਵਿਰੋਧੀ ਵੀ ਮਿੱਤਰਤਾ ਦੀ ਖ਼ਾਹਿਸ਼ ਰਖਦੇ ਹਨ।

# 82

## தீ நட்பு

## ਹਾਨੀ ਪੂਰਬਕ ਮਿੱਤਰਤਾ

**811.** *பருகுவார் போலினும் பண்புஇலார் கேண்மை*
*பெருகலின் குன்றல் இனிது.*

ਜੋ ਅਤਿਅੰਤ ਪ੍ਰੇਮ ਹੋਣ ਦਾ ਦਿਖਾਵਾ ਕਰਦੇ ਹਨ ਪਰੰਤੂ ਹਿਰਦੇ ਵਿਚ ਪ੍ਰੇਮ ਭਾਵ ਨਹੀਂ ਰਖਦੇ ਅਜਿਹੇ ਲੋਕਾਂ ਦੀ ਮਿੱਤਰਤਾ ਦਾ ਗੂੜ੍ਹਾ ਹੋਣ ਨਾਲੋਂ ਪਤਲਾ ਹੋਣਾ ਵਧੇਰੇ ਚੰਗਾ ਹੈ।

**812.** *உறின்நட்டு அறின்ஒரூஉம் ஒப்பிலார் கேண்மை*
*பெறினும் இழப்பினும் என்.*

ਸੁਆਰਥ ਸਿੱਧੀ ਲਈ ਕੀਤੀ ਗਈ ਮਿੱਤਰਤਾ ਬਣੀ ਰਹਿਣ ਦਾ ਕੀ ਲਾਭ ?
ਤੇ ਟੁੱਟ ਜਾਣ ਦਾ ਨੁਕਸਾਨ ਵੀ ਕੀਹ।

**813.** *உறுவது சீர்தூக்கும் நட்பும் பெறுவது*
*கொள்வாரும் கள்வரும் நேர்.*

ਆਪਣੇ ਲਾਭ ਦੀ ਗਿਣਤੀ ਮਿਣਤੀ ਕਰਨ ਵਾਲਾ ਮਿੱਤਰ ਕੇਵਲ ਪੈਸੇ ਲਈ ਪ੍ਰੇਮ ਕਰਨ ਵਾਲੀ ਵੇਸਵਾ ਅਤੇ ਪ੍ਰੇਮ ਹੀਣਤਾ ਨਾਲ ਧੰਨ ਨੂੰ ਲੁੱਟਣ ਵਾਲਾ ਚੋਰ- ਇਹ ਤਿੰਨੋ ਇਕ ਸਮਾਨ ਹਨ।

**814.** *அமரகத்து ஆற்றுஅறுக்கும் கல்லாமா அன்னார்*
*தமரின் தனிமை தலை.*

ਯੁੱਧ ਭੂਮੀ ਵਿਚ ਆਪਣੇ ਮਾਲਕ ਨੂੰ ਹੇਠਾਂ ਸੁੱਟ ਕੇ ਭੱਜਦੇ ਅਸਿਖਿਅਤ ਘੋੜੇ ਵਰਗੇ ਲੋਕਾਂ ਨਾਲ ਮਿੱਤਰਤਾ ਪਾਉਣ ਨਾਲੋਂ ਬਿਨਾ ਮਿੱਤਰਾਂ ਦੇ ਇਕੱਲਿਆਂ ਰਹਿਣਾ ਕਿਤੇ ਚੰਗਾ ਹੈ।

**815.** *செய்துஏமம் சாராச் சிறியவர் புன்கேண்மை*
*எய்தலின் எய்தாமை நன்று.*

ਮਿੱਤਰਤਾ ਕਰਨ ਤੋਂ ਪਿਛੋਂ ਸੰਕਟ ਸਮੇਂ ਸਾਥ ਛੱਡ ਜਾਣ ਵਾਲੇ ਕਮੀਨੇ ਵਿਅਕਤੀ ਨਾਲ ਮਿੱਤਰਤਾ ਰਖਣ ਨਾਲੋਂ ਮਿੱਤਰਤਾ ਨੂੰ ਛੱਡ ਦੇਣਾ ਚੰਗਾ ਹੈ।

**816.** *பேதை பெருங்கெழீஇ நட்பின் அறிவுடையார்*
*ஏதின்மை கோடி உறும்.*

ਬੁੱਧੀਹੀਣ ਮੂਰਖ ਵਿਅਕਤੀ ਨਾਲ ਮਿੱਤਰਤਾ ਕਰਨ ਨਾਲੋਂ ਬੁਧੀਮਾਨ ਦੀ ਦੁਸ਼ਮਣੀ ਕਰੋੜਾਂ ਗੁਣਾ ਚੰਗੀ ਹੈ।

**817.** நகைவகையர் ஆகிய நட்பின் பகைவரால்
பத்துஅடுத்த கோடி உறும்.

ਕੇਵਲ ਸੁਖ ਵਿਚ ਸਾਥ ਦੇਣ ਵਾਲੇ ਝੋਲੀ ਚੁੱਕਾਂ ਨਾਲ ਮਿੱਤਰਤਾ ਪਾਉਣ ਨਾਲੋਂ
ਦੁਸ਼ਮਣਾਂ ਕੋਲੋਂ ਵੈਰ-ਭਾਵਨਾ ਪ੍ਰਾਪਤ ਕਰਨਾ ਦਸ ਕਰੋੜ ਸ੍ਰੇਸ਼ਟ ਹੈ।

**818.** ஒல்லும் கருமம் உடற்று பவர்கேண்மை
சொல்ஆடார் சோர விடல்.

ਆਪਣੇ ਮਿਤਰ-ਧਰਮ ਦੀ ਪਾਲਣਾ ਨਾ ਕਰਕੇ ਕੰਮ ਵਿਚ ਰੁਕਾਵਟ ਬਨਣ
ਵਾਲਿਆਂ ਦੀ ਮਿੱਤਰਤਾ ਬਿਨਾ ਪੂਰਵ-ਸੂਚਨਾ ਦੇ ਸਮਾਪਤ ਕਰ ਦੇਣੀ ਚਾਹੀਦੀ ਹੈ।

**819.** கனவினும் இன்னாது மன்னோ வினைவேறு
சொல்வேறு பட்டார் தொடர்பு.

ਜਿਨ੍ਹਾਂ ਦੀ ਕਹਿਣੀ ਤੇ ਕਰਨੀ ਵਿਚ ਅੰਤਰ ਹੁੰਦਾ ਹੈ ਉਹਨਾਂ ਨਾਲ
ਮਿੱਤਰਤਾ ਸੁਪਨੇ ਵਿਚ ਵੀ ਕਰਨੀ ਦੁਖਦਾਇਕ ਹੁੰਦੀ ਹੈ।

**820.** எனைத்தும் குறுகுதல் ஓம்பல் மனைக்கெழீஇ
மன்றில் பழிப்பார் தொடர்பு.

ਅਜਿਹੇ ਵਿਅਕਤੀ ਨਾਲ ਥੋੜੀ ਜਿਹੀ ਮਿੱਤਰਤਾ ਕਰਨੀ ਵੀ ਠੀਕ ਨਹੀਂ
ਜੋ ਨੇੜੇ ਰਹਿੰਦੇ ਹੋਏ ਤਾਂ ਪਿਆਰ ਦਿਖਾਂਦਾ ਹੈ ਪ੍ਰੰਤੂ ਸਭਾ ਸੁਸਾਇਟੀ
ਵਿਚ ਨਿੰਦਾ ਕਰਦਾ ਹੈ।

## 83

### கூடா நட்பு

### ਕਪਟ ਭਰਪੂਰ ਮਿੱਤਰਤਾ

**821.** சீர்இடம் காணின் எறிதற்குப் பட்டடை
நேரா நிரந்தவர் நட்பு.

ਅੰਦਰੂਨੀ ਪ੍ਰੇਮ ਬਿਨਾ ਮਿੱਤਰਤਾ ਦਾ ਝੂਠਾ ਪ੍ਰਗਟਾਵਾ ਲੁਹਾਰ ਦੀ ਉਸ
ਲੋਹੇ ਦੀ ਪੱਟੜੀ ਵਾਂਗ ਹੈ ਜੋ ਕਿਸੇ ਚੀਜ਼ ਨੂੰ ਇਉਂ ਸਹਾਰਾ ਦੇਂਦੀ ਹੈ ਕਿ
ਚੋਟ ਉਸ ਉਤੇ ਅਵੱਸ਼ ਲਗੇ।

**822.** இனம்போன்று இனம்அல்லார் கேண்மை மகளிர்
மனம்போல வேறு படும்.

ਜੋ ਅਸਲੀਅਤ ਵਿਚ ਮਿੱਤਰ ਨਹੀਂ ਪਰ ਮਿੱਤਰਤਾ ਦਾ ਨਾਟਕ ਕਰਦੇ ਹਨ
ਅਜਿਹੇ ਲੋਕਾਂ ਦਾ ਮਨ ਵੇਸਵਾ ਦੇ ਮਨ ਵਾਂਗ ਬਦਲਦਾ ਰਹਿੰਦਾ ਹੈ।

**823.** *பலநல்ல கற்றக் கடைத்தும் மனம்நல்லர்*
*ஆகுதல் மாணார்க்கு அரிது.*

ਪ੍ਰੇਮ ਰਹਿਤ ਹਿਰਦੇ ਵਾਲੇ ਜਿਤਨਾ ਮਰਜ਼ੀ ਉੱਤਮ ਤੋਂ ਉੱਤਮ ਗ੍ਰੰਥਾਂ ਦਾ
ਅਧਿਅਨ ਕਰਨ ਫਿਰ ਵੀ ਉਹਨਾਂ ਦਾ ਮਨ ਨਿਰਮਲ ਨਹੀਂ ਹੋ ਸਕਦਾ।

**824.** *முகத்தின் இனிய நகாஅ அகத்துஇன்னா*
*வஞ்சரை அஞ்சப் படும்.*

ਅਜਿਹੇ ਧੋਖੇਬਾਜ਼ ਮਿੱਤਰ ਤੋਂ ਬਚਣਾ ਚਾਹੀਦਾ ਹੈ ਜਿਸ ਦੇ ਮੂੰਹ ਉਤੇ
ਤਾਂ ਮਿਠੀ ਮੁਸਕਾਨ ਹੈ ਪ੍ਰੰਤੂ ਹਿਰਦੇ ਵਿਚ ਪ੍ਰੇਮ ਦਾ ਉੱਕਾ ਹੀ ਅਭਾਵ ਹੈ।

**825.** *மனத்தின் அமையா தவரை எனைத்துஒன்றும்*
*சொல்லினால் தேறற்பாற்று அன்று.*

ਜਿਨ੍ਹਾਂ ਦੇ ਕਥਨ ਤਾਂ ਪ੍ਰਭਾਵਸ਼ਾਲੀ ਹੋਣ ਪ੍ਰੰਤੂ ਹਿਰਦਾ ਤੁਹਾਡੇ ਨਾਲ ਨਾ ਹੋਵੇ
ਅਜਿਹੇ ਵਿਅਕਤੀਆਂ ਨੂੰ ਕਿਸੇ ਵੀ ਕੰਮ ਵਿਚ ਵਿਸ਼ਵਾਸਪਾਤਰ ਨਹੀਂ
ਬਨਾਉਣਾ ਚਾਹੀਦਾ।

**826.** *நட்டார்போல் நல்லவை சொல்லினும் ஒட்டார்சொல்*
*ஒல்லை உணரப் படும்.*

ਜਿਗਰੀ ਮਿੱਤਰ ਵਾਂਗ ਪ੍ਰੇਮ ਭਰਪੂਰ ਬਚਨ ਬੋਲਣ ਤੇ ਵੀ ਮਨ ਵਿਚ
ਸ਼ਤਰੂ-ਭਾਵ ਰਖਣ ਵਾਲੇ ਵਿਅਕਤੀਆਂ ਦੀ ਅਸਲੀਅਤ ਛੇਤੀ ਹੀ
ਸਾਹਮਣੇ ਆ ਜਾਂਦੀ ਹੈ।

**827.** *சொல்வணக்கம் ஒன்னார்கண் கொள்ளற்க வில்வணக்கம்*
*தீங்கு குறித்தமை யான்.*

ਜਿਵੇਂ ਕਮਾਨ ਦਾ ਝੁਕਣਾ ਖਤਰੇ ਦਾ ਸੂਚਕ ਹੁੰਦਾ ਹੈ ਇਵੇਂ ਹੀ ਕਦੇ ਸ਼ਤਰੂ ਦਾ
ਵਿਸ਼ਵਾਸ ਨਹੀਂ ਕਰਨਾ ਚਾਹੀਦਾ ਭਾਵੇਂ ਉਹ ਨਿਮ੍ਰਤਾ ਭਰਪੂਰ ਬਚਨ ਹੀ
ਬੋਲ ਰਿਹਾ ਹੋਵੇ।

**828.** *தொழுதகை உள்ளும் படைஒடுங்கும் ஒன்னார்*
*அழுதகண் ணீரும் அனைத்து.*

ਪ੍ਰਣਾਮ ਦੀ ਮੁਦ੍ਰਾ ਵਿਚ ਜੁੜੇ ਦੁਸ਼ਮਨ ਦੇ ਹੱਥਾਂ ਵਿਚ ਲੁਕਿਆ ਹੋਇਆ
ਸ਼ਸਤ੍ਰ ਹੋ ਸਕਦਾ ਹੈ। ਉਸ ਵਲੋਂ ਵਹਾਏ ਜਾਣ ਵਾਲੇ ਹੰਝੂਆਂ ਉਤੇ
ਵੀ ਵਿਸ਼ਵਾਸ ਨਾ ਕਰੋ।

**829.** மிகச்செய்து தம்எள்ளு வாரை நகச்செய்து
நட்பினுள் சாப்புல்லல் பாற்று.

ਜੋ ਬਾਹਰੋਂ ਮਿੱਤਰਤਾ ਪ੍ਰਗਟਾਂਦੇ ਹੋਏ ਅੰਦਰੋਂ ਮਜ਼ਾਕ ਉਡਾਂਦਾ ਹੈ
ਉਸ ਦੀ ਮਿੱਤਰਤਾ ਨੂੰ ਉਸੇ ਵਾਂਗ ਬਾਹਰ ਤੋਂ ਪ੍ਰਸੰਨ ਚਿਹਰਾ ਦਿਖਾਂਦੇ
ਹੋਏ ਅੰਦਰ ਤੋਂ ਸਮਾਪਤ ਕਰ ਦੇਣਾ ਚਾਹੀਦਾ ਹੈ।

**830.** பகைநட்பாம் காலம் வருங்கால் முகம்நட்டு
அகம்நட்பு ஒரீஇ விடல்.

ਦੁਸ਼ਮਨ ਜੇ ਮਿੱਤਰਤਾ ਦਾ ਕਪਟ-ਵਿਵਹਾਰ ਕਰਨ ਲਗੇ ਤਾਂ ਆਪ ਵੀ
ਬਾਹਰ ਤੋਂ ਮਿਤ੍ਰਤਾ ਦਿਖਾਂਦੇ ਹੋਏ ਅੰਦਰ ਤੋਂ ਪ੍ਰੇਮ-ਰਹਿਤ ਰਹਿਣਾ
ਚਾਹੀਦਾ ਹੈ ਅਤੇ ਛੇਤੀ ਹੀ ਉਸ ਦੀ ਮਿੱਤਰਤਾ ਨੂੰ ਸਮਾਪਤ ਕਰ ਦੇਣਾ ਚਾਹੀਦਾ ਹੈ।

# 84

## பேதைமை

## ਮੂਰਖਤਾ

**831.** பேதைமை என்பதுஒன்று யாதெனின் ஏதம்கொண்டு
ஊதியம் போக விடல்.

ਲਾਭਦਾਇਕ ਕੰਮਾਂ ਨੂੰ ਤਿਆਗ ਕੇ ਹਾਨੀਦਾਇਕ ਕੰਮਾਂ ਨੂੰ
ਅਪਨਾਉਣਾ ਨਿਰੀ ਮੂਰਖਤਾ ਹੈ।

**832.** பேதைமையுள் எல்லாம் பேதைமை காதன்மை
கையல்ல தன்கண் செயல்.

ਆਪਣੇ ਚਰਿਤ੍ਰ ਨੂੰ ਗੰਦਲਾਣ ਵਾਲੇ ਕੰਮਾਂ ਵਲ ਖਿੱਚੇ ਜਾਣਾ
ਇਕ ਬਹੁਤ ਵੱਡੀ ਮੂਰਖਤਾ ਹੈ।

**833.** நாணாமை நாடாமை நார்இன்மை யாதொன்றும்
பேணாமை பேதை தொழில்

ਬੁਰਾ ਕੰਮ ਕਰਦੇ ਹੋਏ ਸ਼ਰਮ ਨਾ ਮਹਿਸੂਸ ਕਰਨੀ ਆਪਣੇ ਫਰਜ਼ਾਂ
ਵਲ ਧਿਆਨ ਨਾ ਦੇਣਾ ਹਰ ਕਿਸੇ ਨਾਲ ਸਨੇਹ ਰਹਿਤ ਵਰਤਾਉ ਕਰਨਾ
ਤੇ ਖਾਹ ਮਖਾਹ ਬੇਰੁਖੀ ਦਿਖਾਣੀ ਮੂਰਖਤਾ ਦੇ ਕੰਮ ਹਨ।

**834.** ஓதி உணர்ந்தும் பிறர்க்குஉரைத்தும் தான்அடங்காப்
பேதையின் பேதையார் இல்.

ਅਨੇਕ ਗ੍ਰੰਥਾਂ ਨੂੰ ਪੜ੍ਹਣ ਪੜ੍ਹਾਣ ਤੇ ਵੀ ਜੋ ਆਪਣੇ ਜੀਵਨ ਵਿਚ ਉਹਨਾਂ ਵਿਚਲੀਆਂ ਸਿਖਿਆਵਾਂ ਉਤੇ ਅਮਲ ਨਹੀਂ ਕਰਦੇ ਉਹਨਾਂ ਤੋਂ ਵਧ ਕੇ ਮੂਰਖ ਹੋਰ ਕੋਈ ਨਹੀਂ।

835. ஒருமைச் செயல்ஆற்றும் பேதை எழுமையும்
தான்புக்கு அழுந்தும் அளறு.

ਮੂਰਖ ਵਿਅਕਤੀ ਆਪਣੇ ਮੂਰਖਤਾ ਭਰਪੂਰ ਕਾਰਨਾਮਿਆਂ ਨਾਲ ਇਸੇ ਜਨਮ ਵਿਚ ਹੀ ਸੱਤ ਜਨਮਾਂ ਦੇ ਨਰਕੀ ਜੀਵਨ ਦੀ ਸਿਰਜਨਾ ਕਰ ਲੈਂਦਾ ਹੈ।

836. பொய்படும் ஒன்றோ புனைபூணும் கையறியாப்
பேதை வினைமேல் கொளின்.

ਕਿਸੇ ਵੀ ਕੰਮ ਨੂੰ ਢੰਗ ਨਾਲ ਕਰਨ ਤੋਂ ਅਸਮੱਥ ਮੂਰਖ ਜੇ ਕੋਈ ਕੰਮ ਹੱਥ ਵਿਚ ਲੈ ਲਵੇ ਤਾਂ ਉਹ ਉਸ ਨੂੰ ਨਾ ਕੇਵਲ ਵਿਗਾੜ ਦੇਵੇਗਾ ਸਗੋਂ ਆਪਣੇ ਆਪ ਨੂੰ ਵੀ ਹੱਥਕੜੀਆਂ-ਬੇੜੀਆਂ ਵਿਚ ਜਕੜੇ ਜਾਣ ਦੀ ਨੌਬਤ ਲੈ ਆਵੇਗਾ।

837. ஏதிலார் ஆரத் தமர்பசிப்பர் பேதை
பெருஞ்செல்வம் உற்றக் கடை.

ਮੂਰਖ ਵਿਅਕਤੀ ਨੂੰ ਜੇ ਵਡਾ ਧੰਨ ਪ੍ਰਾਪਤ ਹੋ ਜਾਵੇ ਤਾਂ ਉਸ ਨਾਲ ਸੰਬੰਧ ਨਾ ਰਖਣ ਵਾਲੇ ਲੋਕ ਤਾਂ ਉਸ ਧੰਨ ਨਾਲ ਐਸ਼ ਕਰਨਗੇ ਪਰ ਉਸ ਦੇ ਆਪਣੇ ਲੋਕ ਭੁੱਖੇ ਮਰਨਗੇ।

838. மையல் ஒருவன் களித்தற்றால் பேதைதன்
கையொன்று உடைமை பெறின்.

ਮੂਰਖ ਦੇ ਹੱਥ ਵਿਚ ਕੋਈ ਬਹੁਮੁੱਲੀ ਵਸਤੂ ਆਉਣੀ ਕਿਸੇ ਪਹਿਲਾਂ ਤੋਂ ਹੀ ਖ਼ਰਾਬ ਦਿਮਾਗ਼ ਵਾਲੇ ਵਿਅਕਤੀ ਦੁਆਰਾ ਸ਼ਰਾਬ ਪੀਣ ਵਾਂਗ ਹੁੰਦੀ ਹੈ।

839. பெரிதுஇனிது பேதையார் கேண்மை பிரிவின்கண்
பீழை தருவதுஒன்று இல்.

ਮੂਰਖਾਂ ਦੀ ਆਪਸ ਵਿਚਲੀ ਮਿੱਤਰਤਾ ਉਹਨਾਂ ਨੂੰ ਬਹੁਤ ਚੰਗੀ ਲਗਦੀ ਹੈ ਕਿਉਂ ਜੋ ਉਹਨਾਂ ਦੇ ਵਿਯੋਗ ਵੇਲੇ ਵੀ ਉਹਨਾਂ ਨੂੰ ਦੁਖ ਨਹੀਂ ਹੁੰਦਾ।

840. கழாஅக்கால் பள்ளியுள் வைத்தற்றால் சான்றோர்
குழாஅத்துப் பேதை புகல்.

ਵਿਦਵਾਨਾਂ ਦੀ ਭਰੀ ਸਭਾ ਵਿਚ ਮੂਰਖਾਂ ਦਾ ਪ੍ਰਵੇਸ਼ ਕਰਨਾ ਸਾਫ਼ ਸੁਥਰੇ ਸੋਫ਼ੇ ਉਤੇ ਮਿੱਟੀ ਨਾਲ ਭਰੇ ਗੰਦੇ ਪੈਰ ਰੱਖਣ ਵਾਂਗ ਹੈ।

# 85

## புல்லறிவாண்மை

## ਝੂਠਾ ਹੰਕਾਰ

**841.** அறிவின்மை இன்மையுள் இன்மை பிறிதுஇன்மை
இன்மையா வையாது உலகு.

ਬੁੱਧੀ ਦੀ ਅਣਹੋਂਦ ਸਭ ਅਣਹੋਂਦਾਂ ਨਾਲੋਂ ਵੱਡੀ ਅਣਹੋਂਦ ਹੈ।
ਧੰਨ ਦੀ ਅਣਹੋਂਦ ਨੂੰ ਸੰਸਾਰ ਅਣਹੋਂਦ ਨਹੀਂ ਮੰਨਦਾ।

**842.** அறிவிலான் நெஞ்சுஉவந்து ஈதல் பிறிதுயாதும்
இல்லை பெறுவான் தவம்.

ਬੁਧੀਹੀਣ ਵਿਅਕਤੀ ਦੁਆਰਾ ਆਪਣੀ ਇੱਛਿਆ ਨਾਲ ਕੋਈ ਚੀਜ਼ ਦੇਣ
ਦਾ ਅਰਥ ਏਹੀ ਹੈ ਕਿ ਲੈਣ ਵਾਲੇ ਵਿਅਕਤੀ ਦੀ ਕਿਸਮਤ ਵਿਚ ਉਸ ਚੀਜ਼
ਦੀ ਪ੍ਰਾਪਤੀ ਲਿਖੀ ਹੋਈ ਸੀ।

**843.** அறிவிலார் தாம்தம்மைப் பீழிக்கும் பீழை
செறுவார்க்கும் செய்தல் அரிது.

ਮੂਰਖ ਲੋਕ ਆਪਣੇ ਆਪ ਨੂੰ ਜਿਤਨਾ ਨੁਕਸਾਨ ਪਹੁੰਚਾਂਦੇ ਹਨ
ਉਤਨੀ ਤਾਂ ਦੁਸ਼ਮਨ ਵੀ ਨਹੀਂ ਪਹੁੰਚਾ ਸਕਦੇ।

**844.** வெண்மை எனப்படுவது யாதுஎனின் ஒண்மை
உடையம்யாம் என்னும் செருக்கு.

ਬੁਧੀਹੀਣਤਾ ਦਾ ਲੱਛਣ ਇਹ ਹੈ ਕਿ ਕੋਈ ਆਪਣੇ ਬਾਰੇ ਆਪ
ਇਹ ਕਹਿ ਕੇ ਹੰਕਾਰ ਕਰੇ–'ਅਸੀਂ ਬੜੇ ਬੁੱਧੀਮਾਨ ਹਾਂ'।

**845.** கல்லாத மேற்கொண்டு ஒழுகல் கசடுஅற
வல்லதூஉம் ஐயம் தரும்.

ਜਿਨ੍ਹਾਂ ਗ੍ਰੰਥਾਂ ਦਾ ਗਿਆਨ ਨਹੀਂ ਉਹਨਾਂ ਉਪਰ ਆਪਣਾ ਅਧਿਕਾਰ ਜਤਲਾਣ ਨਾਲ
ਉਨ੍ਹਾਂ ਦੇ ਵਾਸਤਵ ਵਿਚ ਪੜ੍ਹੇ ਹੋਏ ਗ੍ਰੰਥਾਂ ਦੇ ਗਿਆਨ ਉਤੇ ਵੀ ਵਿਦਵਾਨ ਲੋਕ
ਸ਼ੱਕ ਕਰਨਗੇ।

**846.** அற்றம் மறைத்தலோ புல்லறிவு தம்வயின்
குற்றம் மறையா வழி.

ਆਪਣੇ ਦੋਸ਼ਾਂ ਨੂੰ ਤਿਆਗੇ ਬਿਨਾ ਕੇਵਲ ਆਪਣੇ ਅੰਗਾਂ ਨੂੰ ਕਪੜਿਆਂ ਨਾਲ
ਢੱਕਣ ਨਾਲ ਲੋਕਾਂ ਦੀ ਦ੍ਰਿਸ਼ਟੀ ਵਿਚ ਮੂਰਖ ਦੀ ਮੂਰਖਤਾ ਨਹੀਂ ਛੁਪਦੀ।

**847.** *அருமறை சோரும் அறிவுஇலான் செய்யும்*
*பெருமிறை தானே தனக்கு.*

ਬਹੁਤ ਗੁਪਤ ਵਿਸ਼ੇ ਦੀ ਸੁਰਖਿਆ ਵਿਚ ਅਸਮ੍ਰੱਥ ਬੁਧੀਹੀਨ
ਅਗਿਆਨੀ ਆਪਣੇ ਆਪ ਨੂੰ ਬਿਪਤਾ ਵਿਚ ਪਾ ਲੈਂਦਾ ਹੈ।

**848.** *ஏவவும் செய்கலான் தான்தேறான் அவ்வுயிர்*
*போஒம் அளவும்ஓர் நோய்.*

ਮੂਰਖ ਚੰਗੀ ਸਲਾਹ ਮਸ਼ਵਰੇ ਨੂੰ ਮੰਨਦਾ ਨਹੀਂ ਆਪਣਾ ਫ਼ਾਇਦਾ ਨੁਕਸਾਨ ਸਮਝਦਾ
ਨਹੀਂ। ਅਜਿਹਾ ਘਟੀਆ ਵਿਅਕਤੀ ਆਪਣੇ ਮਰਦੇ ਦਮ ਤਕ ਇਕ ਤਰ੍ਹਾਂ ਨਾਲ ਰੋਗੀ
ਹੀ ਹੁੰਦਾ ਹੈ।

**849.** *காணாதான் காட்டுவான் தான்காணான் காணாதான்*
*கண்டான்ஆம் தான்கண்ட வாறு.*

ਬੁਧੀਹੀਣ ਨੂੰ ਸਿਖਾਣ ਵਾਲਾ ਵਿਦਵਾਨ ਅਖੀਰ ਆਪ ਬੇਸਮਝ ਮੰਨਿਆ ਜਾਏਗਾ ਕਿਉਂਕਿ
ਉਸ ਤੋਂ ਪ੍ਰਾਪਤ ਜਾਣਕਾਰੀ ਦੇ ਬਲ ਤੇ ਮੂਰਖ ਸੰਸਾਰ ਦੇ ਸਾਹਮਣੇ ਆਪਣੇ ਆਪ ਨੂੰ
ਸਮਝਦਾਰ ਦਿਖਾਏਗਾ।

**850.** *உலகத்தார் உண்டுஎன்பது இல்என்பான் வையத்து*
*அலகையா வைக்கப் படும்.*

ਸੰਸਾਰ ਵਿਚ ਬੁੱਧੀਵਾਨ ਜਿਨ੍ਹਾਂ ਤੱਥਾਂ ਦੀ ਅਸਲੀਅਤ ਉਤੇ ਵਿਸ਼ਵਾਸ਼ ਕਰਦੇ ਹਨ
ਉਹਨਾਂ ਨੂੰ ਨੀਚ ਬੁੱਧੀ ਵਾਲਾ ਮੰਨਦਾ ਨਹੀਂ। ਇਸ ਕਾਰਨ ਉਸ ਨੂੰ ਮਨੁੱਖ ਦੇ ਸਰੀਰ
ਵਿਚ ਭੂਤ ਪ੍ਰੇਤ ਦੇ ਬਰਾਬਰ ਸਮਝਿਆ ਜਾਂਦਾ ਹੈ।

# 86

## இகல்

## ਪਰਾਇਆਪਨ

**851.** *இகல்என்ப எல்லா உயிர்க்கும் பகல்என்னும்*
*பண்பின்மை பாரிக்கும் நோய்.*

ਪਰਾਇਆਪਨ ਇਕ ਅਜਿਹਾ ਅਣਚਾਹਿਆ ਰੋਗ ਹੈ
ਜਿਸ ਨਾਲ ਜੀਵਾਂ ਵਿਚ ਅਡਰੇਪਨ ਦੀ ਭਾਵਨਾ ਵਧਦੀ ਹੈ।

**852.** பகல்கருதிப் பற்றா செயினும் இகல்கருதி
இன்னாசெய் யாமை தலை.

ਜੇ ਕੋਈ ਵਿਅਕਤੀ ਮਨ ਵਿਚ ਵੱਖਰੇ-ਪਨ ਦੀ ਭਾਵਨਾ ਪਾਲੇ ਅਤੇ
ਪਿਆਰ-ਰਹਿਤ ਵਿਵਹਾਰ ਕਰੇ ਤਾਂ ਵੀ ਸਾਨੂੰ ਉਸ ਪ੍ਰਤੀ ਪਰਾਇਆਪਨ
ਦਿਖਾ ਕੇ ਉਸ ਨੂੰ ਦੁੱਖ ਨਹੀਂ ਪਹੁੰਚਾਣਾ ਚਾਹੀਦਾ।

**853.** இகல்என்னும் எவ்வநோய் நீக்கின் தவல்இல்லாத்
தாவில் விளக்கம் தரும்.

ਵਿਰੋਧਤਾ ਦੇ ਪੀੜਾਜਨਕ ਰੋਗ ਤੋਂ ਛੁਟਕਾਰਾ ਮਿਲਣ ਤੇ
ਵਿਅਕਤੀ ਸਥਾਈ ਯੱਸ਼ ਪ੍ਰਾਪਤ ਕਰਦਾ ਹੈ।

**854.** இன்பத்துள் இன்பம் பயக்கும் இகல்என்னும்
துன்பத்துள் துன்பம் கெடின்.

ਦੁੱਖਾਂ ਵਿਚਲੇ ਵਡੇ ਦੁੱਖ ਪਰਾਏਪਨ ਦੀ ਭਾਵਨਾ ਦਾ ਖਾਤਮਾ ਹੋ ਜਾਏ
ਤਾਂ ਫਿਰ ਸਾਨੂੰ ਸੁੱਖ ਹੀ ਸੁੱਖ ਪ੍ਰਾਪਤ ਹੋਵੇਗਾ।

**855.** இகல்எதிர் சாய்ந்துஒழுக வல்லாரை யாரே
மிகல்ஊக்கும் தன்மை யவர்.

ਵੱਖਰੇਪਨ ਤੇ ਪਰਾਏਪਨ ਦੀ ਭਾਵਨਾ ਤੋਂ ਮੁਕਤ ਹੋਣ ਵਿਚ ਸਮੱਰਥ
ਵਿਅਕਤੀ ਨੂੰ ਭਲਾ ਕੌਣ ਜਿੱਤ ਸਕਦਾ ਹੈ

**856.** இகலின் மிகல்இனிது என்பவன் வாழ்க்கை
தவலும் கெடலும் நணித்து.

ਕੁਝ ਲੋਕ ਇਹ ਮੰਨਦੇ ਹਨ ਕਿ ਵਿਰੋਧਤਾ ਦੀ ਭਾਵਨਾ ਨਾਲ ਹੀ ਉਹ
ਸਫ਼ਲਤਾ ਪ੍ਰਾਪਤ ਕਰਨਗੇ। ਅਸਲੀਅਤ ਇਹ ਹੈ ਕਿ ਅਸਫ਼ਲਤਾ ਤੇ ਵਿਨਾਸ਼
ਅਜਿਹੇ ਲੋਕਾਂ ਤੋਂ ਦੂਰ ਨਹੀਂ ਹੁੰਦੀ।

**857.** மிகல்மேவல் மெய்ப்பொருள் காணார் இகல்மேவல்
இன்னா அறிவி னவர்.

ਘ੍ਰਿਣਾ ਤੇ ਪਰਾਏਪਨ ਵਿਚ ਵਿਸ਼ਵਾਸ਼ ਰਖਣ ਵਾਲੇ ਸਚਾਈ ਤੇ ਪ੍ਰੇਮ ਦੀ
ਸਫਲਤਾ ਦਿਵਾਊ ਪ੍ਰਕ੍ਰਿਤੀ ਨੂੰ ਨਹੀਂ ਪਹਿਚਾਣਦੇ।

**858.** இகலிற்கு எதிர்சாய்தல் ஆக்கம் அதனை
மிகல்ஊக்கின் ஊக்குமாம் கேடு.

ਵਿਛੇਦ ਤੇ ਪਰਾਏਪਨ ਦੀ ਭਾਵਨਾ ਤੋਂ ਮੁਕਤ ਹੋਣ ਤੇ ਸਫਲਤਾ ਤੇ ਪ੍ਰਫੁਲਤਾ ਪ੍ਰਾਪਤ ਹੁੰਦੀ ਹੈ। ਘ੍ਰਿਣਾ-ਭਾਵ ਵਿਨਾਸ਼ ਨੂੰ ਬੜ੍ਹਾਵਾ ਦੇਂਦੀ ਹੈ।

**859.** இகல்காணான் ஆக்கம் வருங்கால் அதனை
மிகல்காணும் கேடு தரற்கு.

ਪ੍ਰਫੁੱਲਤਾ ਦੇ ਸਮੇਂ ਵਿਅਕਤੀ ਵਿਰੋਧ ਭਾਵਨਾਵਾਂ ਨਹੀਂ ਪਾਲਦਾ ਪਰੰਤੂ ਜਦੋਂ ਭਾਗ ਵਿਪ੍ਰੀਤ ਹੁੰਦਾ ਹੈ ਤਾਂ ਉਹ ਵਿਛੇਦ ਦੀਆਂ ਭਾਵਨਾਵਾਂ ਨੂੰ ਮਹੱਤਵ ਦੇਂਦਾ ਹੈ।

**860.** இகலான்ஆம் இன்னாத எல்லாம் நகலான்ஆம்
நல்நயம் என்னும் செருக்கு.

ਵਿਰੋਧ ਭਾਵ ਸਭ ਦੁੱਖਾਂ ਦਾ ਕਾਰਨ ਹੁੰਦਾ ਹੈ ਜਦਕਿ ਮੈਤ੍ਰੀ ਭਾਵ ਤੇ ਮੇਲ ਜੋਲ ਨਾਲ ਉੱਤਮ ਗੁਣਾਂ ਦਾ ਆਨੰਦ ਪ੍ਰਾਪਤ ਹੁੰਦਾ ਹੈ।

# 87

## பகை மாட்சி

## ਦੁਸ਼ਮਣੀ ਦੀ ਤਾਕਤ

**861.** வலியார்க்கு மாறுஏற்றல் ஓம்புக ஓம்பா
மெலியார்மேல் மேக பகை.

ਆਪਣੇ ਆਪ ਤੋਂ ਤਕੜੇ ਨਾਲ ਦੁਸ਼ਮਣੀ ਕਰਕੇ ਉਸ ਨਾਲ ਟੱਕਰ ਨਹੀਂ ਲੈਣੀ ਚਾਹੀਦੀ। ਆਪਣੇ ਤੋਂ ਕਮਜ਼ੋਰ ਨਾਲ ਦੁਸ਼ਮਣੀ ਨੂੰ ਛੱਡੇ ਬਿਨਾ ਉਸ ਤੋਂ ਲਾਭ ਉਠਾਂਦੇ ਰਹਿਣਾ ਚਾਹੀਦਾ ਹੈ।

**862.** அன்புஇலன் ஆன்ற துணைஇலன் தான்துவ்வான்
என்பரியும் ஏதிலான் துப்பு

ਜਿਸ ਦੇ ਮਨ ਵਿਚ ਪ੍ਰੇਮ ਨਹੀਂ ਸਾਥੀ ਰੂਪ ਵਿਚ ਕੋਈ ਯੋਗ ਸਹਾਇਕ ਨਹੀਂ ਅਤੇ ਆਪਣੇ ਆਪ ਵਿਚ ਸ਼ਕਤੀ ਵੀ ਨਹੀਂ ਅਜਿਹਾ ਵਿਅਕਤੀ ਦੁਸ਼ਮਣ ਨੂੰ ਕਿਵੇਂ ਖ਼ਤਮ ਕਰ ਸਕਦਾ ਹੈ

**863.** அஞ்சும் அறியான் அமைவுஇலன் ஈகலான்
தஞ்சம் எளியன் பகைக்கு.

ਜੋ ਡਰਪੋਕ ਤੇ ਬੁਧੀਹੀਣ ਹੋਵੇ ਅਸਮਾਜਿਕ ਤੇ ਕੰਜੂਸ ਹੋਵੇ ਅਜਿਹੇ ਵਿਅਕਤੀ ਨੂੰ ਹਰਾਉਣਾ ਦੁਸ਼ਮਣਾਂ ਲਈ ਖੱਬੇ ਹੱਥ ਦੀ ਖੇਡ ਹੈ।

**864.** நீங்கான் வெகுளி நிறைஇலன் எஞ்ஞான்றும்
யாங்கணும் யார்க்கும் எளிது.

ਜੋ ਆਪਣੇ ਕ੍ਰੋਧ ਨੂੰ ਵੱਸ ਵਿਚ ਤੇ ਆਪਣੇ ਭੇਤਾਂ ਨੂੰ ਲੁਕਾ ਕੇ ਨਹੀਂ ਰਖ ਸਕਦਾ
ਅਜਿਹੇ ਵਿਅਕਤੀ ਨੂੰ ਕੋਈ ਵੀ ਦੁਸ਼ਮਣ ਕਿਸੇ ਵੀ ਥਾਂ ਜਿੱਤ ਸਕਦਾ ਹੈ।

**865.** வழிநோக்கான் வாய்ப்பன செய்யான் பழிநோக்கான்
பண்புஇலன் பற்றார்க்கு இனிது.

ਜੋ ਵਿਅਕਤੀ ਨੀਤੀ ਸ਼ਾਸਤ੍ਰ ਦੇ ਰਸਤੇ ਉਤੇ ਨਹੀਂ ਚਲਦਾ ਦੱਸੇ ਕਰਤਵਾਂ ਦਾ ਪਾਲਣ
ਨਹੀਂ ਕਰਦਾ ਨਿੰਦਾ ਦੀ ਚਿੰਤਾ ਨਹੀਂ ਕਰਦਾ ਵਰਤਾਓ ਵਿਚ ਵੀ ਚੰਗਾ ਨਹੀਂ
ਉਸ ਨਾਲ ਵੈਰ ਕਰਨਾ ਦੁਸ਼ਮਣਾਂ ਨੂੰ ਪਿਆਰਾ ਲਗਦਾ ਹੈ।

**866.** காணாச் சினத்தான் கழிபெருங் காமத்தான்
பேணாமை பேணப் படும்.

ਜੋ ਕ੍ਰੋਧ ਵਿਚ ਅੰਨ੍ਹਾ ਹੋ ਜਾਂਦਾ ਹੋਵੇ, ਜਿਸ ਦੇ ਮਨ ਵਿਚ ਬੇਕਾਬੂ ਲਾਲਸਾ ਹੋਵੇ
ਅਜਿਹੇ ਵਿਅਕਤੀ ਨਾਲ ਵੈਰ ਵਿਰੋਧ ਨੂੰ ਉਸ ਦੇ ਦੁਸ਼ਮਣ ਝਟਪਟ ਸਵੀਕਾਰ ਕਰ ਲੈਂਦੇ ਹਨ।

**867.** கொடுத்தும் கொளல்வேண்டும் மன்ற அடுத்துஇருந்து
மாணாத செய்வான் பகை.

ਕੰਮ ਨੂੰ ਆਰੰਭ ਕਰਕੇ ਉਸ ਦੇ ਉਲਟ ਕੰਮ ਕਰਨ ਵਾਲੇ ਵਿਅਕਤੀ ਨਾਲ
ਦੁਸ਼ਮਣੀ ਮੁੱਲ ਦੇ ਕੇ ਵੀ ਪ੍ਰਾਪਤ ਕਰਨ ਯੋਗ ਹੈ।

**868.** குணன்இலனாய்க் குற்றம் பலஆயின் மாற்றார்க்கு
இனன்இலன்ஆம் ஏமாப்பு உடைத்து.

ਜਿਸ ਦੇ ਪਾਸ ਗੁਣ ਨਾ ਹੋਣ ਦੋਸ਼ ਕਾਫ਼ੀ ਹੋਣ ਉਹ ਸਹਾਇਕਾਂ ਤੋਂ ਰਹਿਤ ਹੁੰਦਾ ਹੈ।
ਅਜਿਹੀ ਸਥਿਤੀ ਉਸ ਦੇ ਦੁਸ਼ਮਣਾਂ ਲਈ ਬਹੁਤ ਅਨੁਕੂਲ ਸਿੱਧ ਹੁੰਦੀ ਹੈ।

**869.** செறுவார்க்குச் சேண்இகவா இன்பம் அறிவுஇலா
அஞ்சும் பகைவர்ப் பெறின்.

ਦੁਸ਼ਮਣ ਜੇ ਡਰਪੋਕ ਹੋਵੇ ਤੇ ਨਾਲ ਅਗਿਆਨੀ ਵੀ ਹੋਵੇ ਤਾਂ ਉਸ ਦੇ ਵਿਰੁਧ ਲੜਨ ਵਾਲਿਆਂ
ਦੇ ਆਸ ਪਾਸ ਹੀ ਸੁਖ ਮੰਡਲਾਂਦਾ ਹੈ।

**870.** கல்லான் வெகுளும் சிறுபொருள் எஞ்ஞான்றும்
ஒல்லானை ஒல்லாது ஒளி.

ਜਿਹੜਾ ਵਿਅਕਤੀ ਅਨਪੜ੍ਹ ਤੇ ਮੂਰਖ ਨੂੰ ਜਿੱਤਣ ਵਰਗੇ ਸੌਖੇ ਕੰਮ ਵਿਚ
ਸਫ਼ਲ ਨਹੀਂ ਹੁੰਦਾ ਉਸ ਨੂੰ ਕਦੇ ਵੀ ਕੀਰਤੀ ਪ੍ਰਾਪਤ ਨਹੀਂ ਹੁੰਦੀ।

# 88

## பகைத்திறம் தெரிதல்

## ਦੁਸ਼ਮਣ ਦੀ ਸ਼ਕਤੀ ਨੂੰ ਜਾਂਚਣਾ

**871.** *பகைஎன்னும் பண்பு இலதனை ஒருவன்*
*நகையேயும் வேண்டற்பாற்று அன்று.*

ਦੁਸ਼ਮਣੀ ਇਕ ਘ੍ਰਿਣਿਤ ਬੁਰਾਈ ਹੈ ਜੋ
ਹਾਸੇ ਮਜ਼ਾਕ ਵਿਚ ਵੀ ਨਹੀਂ ਕਰਨੀ ਚਾਹੀਦੀ।

**872.** *வில்லேர் உழவர் பகைகொளினும் கொள்ளற்க*
*சொல்ஏர் உழவர் பகை.*

ਬੇਸ਼ਕ ਤੁਸੀਂ ਧਨੁਸ਼ ਰੂਪੀ ਹਥਿਆਰ ਚਲਾਣ ਵਾਲੇ ਨਾਲ ਦੁਸ਼ਮਣੀ ਕਰ ਲਵੋ
ਪਰੰਤੂ ਸ਼ਬਦ-ਰੂਪੀ ਹਥਿਆਰ ਚਲਾਣ ਵਾਲੇ ਵਿਦਵਾਨਾਂ ਦੀ ਦੁਸ਼ਮਣੀ ਕਦੇ
ਵੀ ਮੁੱਲ ਨਹੀਂ ਲੈਣੀ ਚਾਹੀਦੀ।

**873.** *ஏமுற் றவரினும் ஏழை தமியனாய்ப்*
*பல்லார் பகைகொள் பவன்.*

ਆਪ ਇਕੱਲੇ ਹੋਣ ਤੇ ਵੀ ਕਈ ਲੋਕਾਂ ਨਾਲ ਦੁਸ਼ਮਣੀ ਸਹੇੜ ਲੈਣ ਵਾਲਾ
ਪਾਗਲ ਵਿਅਕਤੀ ਤੋਂ ਵੀ ਵਧੇਰੇ ਦਿਮਾਗੀ ਤੌਰ ਤੇ ਹਿੱਲਿਆ ਹੋਇਆ ਹੁੰਦਾ ਹੈ।

**874.** *பகைநட்பாக் கொண்டுஒழுகும் பண்புடை யாளன்*
*தகைமைக்கண் தங்கிற்று உலகு.*

ਇਹ ਸੰਸਾਰ ਅਜਿਹੇ ਗੁਣਵਾਨ ਵਿਅਕਤੀਆਂ ਉਤੇ ਟਿਕਿਆ ਹੋਇਆ ਹੈ
ਜਿਹੜੇ ਕਿ ਦੁਸ਼ਮਣੀ ਨੂੰ ਮਿੱਤਰਤਾ ਵਿਚ ਬਦਲਣ ਦੇ ਸਮੱਥ ਹਨ।

**875.** *தன்துணை இன்றால் பகைஇரண்டால் தான்ஒருவன்*
*இன்துணையாக் கொள்கவற்றின் ஒன்று.*

ਜਿਸ ਦੇ ਦੋ ਦੁਸ਼ਮਣ ਹੋਣ ਪਰੰਤੂ ਸਹਾਇਕ ਇਕ ਵੀ ਨਾ ਹੋਵੇ ਅਜਿਹੀ ਸਥਿਤੀ
ਵਿਚ ਉਸ ਨੂੰ ਚਾਹੀਦਾ ਹੈ ਕਿ ਉਹ ਉਹਨਾਂ ਦੋਹਾਂ ਵਿਚੋਂ ਇਕ ਨੂੰ ਜ਼ਰੂਰ ਆਪਣਾ
ਸਹਾਇਕ ਬਣਾ ਲਵੇ।

**876.** *தேறினும் தேறா விடினும் அழிவின்கண்*
*தேறான் பகாஅன் விடல்.*

ਜਦੋਂ ਕਿਸਮਤ ਦੇ ਦਿਨ ਪੁੱਠੇ ਹੋਣ ਤਾਂ ਉਸ ਸਮੇਂ ਨਾ ਕਿਸੇ ਨੂੰ
ਮਿੱਤਰ ਬਣਾਓ ਤੇ ਨਾ ਹੀ ਦੁਸ਼ਮਣ।

**877.** நோவற்க நொந்தது அறியார்க்கு மேவற்க
மென்மை பகைவர் அகத்து.

ਜਦੋਂ ਤਕ ਮਿੱਤਰ ਨੂੰ ਆਪਣੇ ਆਪ ਗਿਆਨ ਨਾ ਹੋ ਜਾਵੇ ਉਸ ਦੇ ਸਾਹਮਣੇ ਆਪਣੇ ਕਸ਼ਟ ਬਿਆਨ ਨਾ ਕਰੋ। ਦੁਸ਼ਮਣਾਂ ਦੇ ਸਾਹਮਣੇ ਤਾਂ ਕਦੇ ਵੀ ਆਪਣੀ ਕਮਜ਼ੋਰੀ ਪਰਗਟ ਨਹੀਂ ਹੋਣ ਦੇਣੀ ਚਾਹੀਦੀ।

**878.** வகையறிந்து தற்செய்து தற்காப்ப மாயும்
பகைவர்கண் பட்ட செருக்கு.

ਜੋ ਆਪਣੇ ਕੰਮ ਦੀ ਯੋਜਨਾ ਨੂੰ ਸੋਚ ਸਮਝ ਕੇ ਤੇ ਪੂਰਨ ਰੂਪ ਵਿਚ ਸਿਰੇ ਚੜ੍ਹਾਂਦਾ ਹੈ, ਉਹ ਆਪਣੀ ਸੁਰਖਿਆ ਨਿਸ਼ਚਿਤ ਕਰਦਾ ਹੈ। ਜਿਸ ਦੇ ਫਲ ਸਰੂਪ ਦੁਸ਼ਮਣਾਂ ਦੀ ਆਕੜ ਕੁਚਲੀ ਜਾਂਦੀ ਹੈ।

**879.** இளைதாக முள்மரம் கொல்க களையுநர்
கைகொல்லும் காழ்த்த இடத்து.

ਕੰਡਿਆਲੇ ਰੁੱਖ ਨੂੰ ਉਸੇ ਵੇਲੇ ਕੱਟ ਸੁੱਟਣਾ ਚਾਹੀਦਾ ਹੈ ਜਦੋਂ ਹਾਲੇ ਉਹ ਬੂਟੇ ਦੀ ਅਵਸਥਾ ਵਿਚ ਹੋਵੇ। ਵੱਡਾ ਹੋ ਜਾਣ ਤੇ ਉਹ ਕੱਟਣ ਵਾਲੇ ਦੇ ਹੱਥਾਂ ਵਿਚ ਚੁੱਭ ਕੇ ਪੀੜ ਪਹੁੰਚਾਂਦਾ ਹੈ।

**880.** உயிர்ப்ப உளர்அல்லர் மன்ற செயிர்ப்பவர்
செம்மல் சிதைக்கலா தார்.

ਜੋ ਲੋਕ ਆਪਣਾ ਅਪਮਾਨ ਕਰਨ ਵਾਲੇ ਦੇ ਹੰਕਾਰ ਨੂੰ ਤੋੜਨ ਵਿਚ ਸਫ਼ਲ ਨਹੀਂ ਹੁੰਦੇ ਉਹਨਾਂ ਦੀ ਆਪਣੀ ਹੋਂਦ ਅਸਥਾਈ ਹੁੰਦੀ ਹੈ।

## 89

### உட்பகை

### ਅੰਦਰੂਨੀ ਦੁਸ਼ਮਣ

**881.** நிழல்நீரும் இன்னாத இன்னா தமர்நீரும்
இன்னாஆம் இன்னா செயின்.

ਚੰਗੀ ਠੰਡੀ ਛਾਂ ਤੇ ਪਾਣੀ ਨਾਲ ਜੇ ਰੋਗ ਉਤਪੰਨ ਹੋਣ ਦੀ ਸੰਭਾਵਨਾ ਹੋਵੇ ਤਾਂ ਤਿਆਗਣ ਯੋਗ ਹਨ। ਇਸੇ ਤਰ੍ਹਾਂ ਮਨ ਵਿਚ ਕਪਟ ਰਖਣ ਵਾਲੇ ਸੰਬੰਧੀ ਤੇ ਮਿੱਤਰ ਵੀ ਤਿਆਗਣਯੋਗ ਹਨ।

**882.** வாள்போல் பகைவரை அஞ்சற்க அஞ்சுக
கேள்போல் பகைவர் தொடர்பு.

ਖੁਲ੍ਹੀ ਕ੍ਰਿਪਾਨ ਵਾਂਗ ਪ੍ਰਤੱਖ ਵਿਰੋਧ ਕਰਨ ਵਾਲੇ ਦੁਸ਼ਮਣ ਤੋਂ ਡਰਨ ਦੀ ਆਵੱਸ਼ਕਤਾ ਨਹੀਂ। ਪ੍ਰੰਤੂ ਪਿਆਰੇ ਭਰਾਵਾਂ ਵਾਂਗ ਨਾਲ ਰਹਿੰਦੇ ਹੋਏ ਅੰਦਰ ਹੀ ਅੰਦਰ ਦੁਸ਼ਮਣੀ ਪਾਲਣ ਵਾਲੇ ਸੱਜਨਾਂ ਤੋਂ ਡਰ ਕੇ ਰਹਿਣਾ ਚਾਹੀਦਾ ਹੈ।

**883.** உட்பகை அஞ்சித்தற் காக்க உலைவுஇடத்து
மண்பகையின் மாணத் தெறும்.

ਅੰਦਰੂਨੀ ਦੁਸ਼ਮਣੀ ਤੋਂ ਖ਼ਬਰਦਾਰ ਰਹਿੰਦੇ ਹੋਏ ਆਪਣੀ ਸੁਰਖਿਆ ਕਰ ਲੈਣੀ ਚਾਹੀਦੀ ਹੈ। ਜ਼ਰਾ ਕੁ ਅਸਾਵਧਾਨ ਹੋਏ ਤਾਂ ਦੁਸ਼ਮਣ ਚੱਕ ਉਤੇ ਬਣ ਰਹੇ ਘੜੇ ਉਪਰ ਕੁਮ੍ਹਿਆਰ ਦੇ ਯੰਤਰ ਵਾਂਗ ਕੱਟਣ ਵਾਲਾ ਸਿੱਧ ਹੋਵੇਗਾ।

**884.** மனம்மாணா உட்பகை தோன்றின் இனம்மாணா
ஏதம் பலவும் தரும்.

ਬਾਹਰੋਂ ਸੁਧਰਿਆ ਹੋਇਆ ਪ੍ਰੰਤੂ ਮਨ ਵਿਚੋਂ ਜੋ ਅਜੇ ਸੁਧਰਿਆ ਨਹੀਂ ਅਜਿਹੇ ਅੰਦਰੂਨੀ ਦੁਸ਼ਮਣ ਤੋਂ (ਰਾਜੇ ਨੂੰ) ਕਈ ਮੁਸੀਬਤਾਂ ਉਤਪੰਨ ਹੋ ਜਾਂਦੀਆਂ ਹਨ। ਇਹ ਸੰਬੰਧੀਆਂ ਤੇ ਗੂੜ੍ਹੇ ਮਿੱਤਰਾਂ ਦੇ ਮਨ ਨੂੰ ਵੀ ਵਿਗਾੜ ਦੇਂਦੇ ਹਨ।

**885.** உறல்முறையான் உட்பகை தோன்றின் இறல்முறையான்
ஏதம் பலவும் தரும்.

ਰਾਜ ਘ੍ਰਾਣੇ ਦੇ ਸੰਬੰਧੀਆਂ ਵਿਚ ਘ੍ਰਿਣਾ ਤੇ ਵੈਰ ਭਾਵਨਾ ਉਤਪੰਨ ਹੋ ਜਾਏ ਤਾਂ ਉਸ ਤੋਂ ਕਈ ਦੁਖਦਾਈ ਸਥਿਤੀਆਂ ਪੈਦਾ ਹੋ ਜਾਂਦੀਆਂ ਹਨ ਕਈ ਵਾਰ ਜਾਨ ਦਾ ਖਤਰਾ ਵੀ ਪੈਦਾ ਹੋ ਜਾਂਦਾ ਹੈ।

**886.** ஒன்றாமை ஒன்றியார் கண்படின் எஞ்ஞான்றும்
பொன்றாமை ஒன்றல் அரிது.

ਜੇ (ਰਾਜ ਘ੍ਰਾਣੇ ਦੇ) ਸੰਬੰਧੀਆਂ ਦੀ ਆਪਸ ਵਿਚ ਕਲਹ ਕਲੇਸ਼ ਪੈਦਾ ਹੋ ਜਾਏ ਤਾਂ ਉਹਨਾਂ ਦੇ ਅੰਤਰ ਵਿਰੋਧ ਵਿਚ (ਰਾਜੇ ਦੀ) ਆਪਣੀ ਜਾਨ ਦਾ ਨੁਕਸਾਨ ਹੋ ਸਕਣ ਦੀ ਸੰਭਾਵਨਾ ਵੀ ਹੋ ਸਕਦੀ ਹੈ।

**887.** செப்பின் புணர்ச்சிபோல் கூடினும் கூடாதே
உட்பகை உற்ற குடி.

ਜਿਸ ਘਰ ਵਿਚ ਅੰਦਰੂਨੀ ਵੈਰ ਵਿਰੋਧ ਹੈ ਉਸ ਪ੍ਰੀਵਾਰ ਦੇ ਮੈਂਬਰ ਬਰਤਨ ਤੇ ਉਸ ਦੇ ਢੱਕਣ ਵਾਂਗ ਬਾਹਰੋਂ ਤਾਂ ਮਿਲੇ ਹੋਏ ਦਿਸਦੇ ਹਨ ਪ੍ਰੰਤੂ ਅੰਦਰੋਂ ਵੱਖਰੇ-2 ਰਹਿੰਦੇ ਹਨ।

**888.** அரம்பொருத பொன்போலத் தேயும் உரம்பொருது
உட்பகை உற்ற குடி.

ਅੰਦਰੂਨੀ ਦੁਸ਼ਮਣੀ ਵਿਚ ਘਿਰਿਆ ਹੋਇਆ ਪ੍ਰੀਵਾਰ ਉਸੇ ਤਰ੍ਹਾਂ ਹੌਲੀ-2 ਤਬਾਹ ਹੋ ਜਾਂਦਾ ਹੈ ਜਿਵੇਂ ਰੇਤੀ ਨਾਲ ਲਗਾਤਾਰ ਘਸਾਏ ਜਾਣ ਤੇ ਲੋਹੇ ਦਾ ਟੁਕੜਾ ਵੀ ਖ਼ਤਮ ਹੋ ਜਾਂਦਾ ਹੈ।

**889.** எள்பகவு அன்ன சிறுமைத்தே ஆயினும்
உட்பகை உள்ளதாம் கேடு.

ਅੰਦਰੂਨੀ ਦੁਸ਼ਮਣੀ ਭਾਵੇਂ ਤਿਲ ਵਾਂਗ ਛੋਟੀ ਤੇ ਨਿਗੂਣੀ ਜਿਹੀ ਹੀ ਕਿਉਂ ਨਾ ਹੋਵੇ ਉਸ ਦੀ ਅੰਦਰਲੀ ਇਹ ਵੈਰ ਭਾਵਨਾ ਕੁਲ ਦੇ ਵਿਨਾਸ਼ ਦੀ ਸਮ੍ਰੱਥਾ ਰਖਦੀ ਹੈ।

**890.** உடம்பாடு இலாதவர் வாழ்க்கை குடங்கருள்
பாம்போடு உடன்உறைந் தற்று.

ਮਨ ਵਿਚ ਆਪਸੀ ਘ੍ਰਿਣਾ ਰਖਣ ਵਾਲੇ ਵਿਅਕਤੀਆਂ ਦੇ ਨਾਲ ਰਹਿਣਾ ਫ਼ਨੀਅਰ ਸੱਪ ਦੇ ਸਾਥ ਵਿਚ ਇਕ ਹੀ ਕੁਟੀਆ ਵਿਚ ਰਹਿਣ ਦੇ ਬਰਾਬਰ ਹੈ।

# 90

## பெரியாரைப் பிழையாமை

## ਵੱਡਿਆਂ ਦਾ ਨਿਰਾਦਰ ਨਾ ਕਰਨਾ

**891.** ஆற்றுவார் ஆற்றல் இகழாமை போற்றுவார்
போற்றலுள் எல்லாம் தலை.

ਸ਼ਕਤੀਸ਼ਾਲੀ ਤੇ ਸਮ੍ਰੱਥ ਵਿਅਕਤੀ ਦਾ ਅਪਮਾਨ ਨਾ ਕਰਨ ਵਿਚ ਹੀ ਸਭ ਤੋਂ ਵਡੀ ਸੁਰਖਿਆ ਤੇ ਮੁਸੀਬਤਾਂ ਤੋਂ ਬਚੇ ਰਹਿਣਾ ਹੈ।

**892.** பெரியாரைப் பேணாது ஒழுகின் பெரியாரால்
பேரா இடும்பை தரும்.

ਸ਼ਕਤੀਸ਼ਾਲੀ (ਸ਼ਾਸਕ) ਪ੍ਰਤੀ ਨਿਰਾਦਰ ਭਰਪੂਰ ਵਰਤਾਓ ਕਰਨ ਨਾਲ ਉਸ ਵਲੋਂ ਸਾਨੂੰ ਅਤਿਅੰਤ ਦੁੱਖਾਂ ਦਾ ਸਾਹਮਣਾ ਕਰਨਾ ਪਵੇਗਾ।

**893.** கெடல்வேண்டின் கேளாது செய்க அடல்வேண்டின்
ஆற்று பவர்கண் இழுக்கு.

ਆਪਣੀ ਤਬਾਹੀ ਚਾਹੁੰਣ ਵਾਲਾ ਵਿਅਕਤੀ ਬਿਨਾ ਪੁੱਛੇ ਹੀ ਸ਼ਕਤੀਸ਼ਾਲੀ (ਸ਼ਾਸਕ) ਦਾ ਅਨਾਦਰ ਕਰਨਾ ਆਰੰਭ ਦੇਵੇ ਇਹ ਵਰਤਾਓ ਅਨਇੱਛਤ ਕਿਸਮ ਦੀ ਤਬਾਹੀ ਲਿਆਣ ਦੇ ਸਮ੍ਰੱਥ ਹੁੰਦਾ ਹੈ।

**894.** கூற்றத்தைக் கையால் விளித்தற்றால் ஆற்றுவார்க்கு
ஆற்றாதார் இன்னா செயல்.

ਅਸਮੱਥ ਵਿਅਕਤੀ ਦੁਆਰਾ ਸਮੱਥ ਸ਼ਕਤੀਸ਼ਾਲੀ ਵਿਅਕਤੀ (ਰਾਜੇ) ਨਾਲ ਦੁਸ਼ਮਨੀ ਕਰਨਾ ਯਮਰਾਜ ਨੂੰ ਨਿਮੰਤ੍ਰਣ ਦੇਣਾ ਹੈ।

**895.** *யாண்டுச்சென்று யாண்டும் உளராகார் வெம்துப்பின்*
*வேந்து செறப்பட் டவர்.*

ਜਿਹੜਾ ਵੀ ਸ਼ਕਤੀਸ਼ਾਲੀ ਰਾਜੇ ਦੇ ਕ੍ਰੋਧ ਨੂੰ ਜਗਾਵੇ ਉਹ ਚਾਹੇ ਕਿਤੇ ਵੀ ਚਲਾ ਜਾਏ ਉਸ ਦਾ ਕਲਿਆਣ ਨਹੀਂ ਹੋ ਸਕਦਾ।

**896.** *எரியால் சுடப்படினும் உய்வுஉண்டாம் உய்யார்*
*பெரியார்ப் பிழைத்துஒழுகு வார்.*

ਜੰਗਲ ਦੀ ਅਗਨੀ ਤੋਂ ਜਾਨ ਬਚ ਸਕਣੀ ਸੰਭਵ ਹੈ। ਪ੍ਰੰਤੂ ਸ਼ਕਤੀਸ਼ਾਲੀ (ਰਾਜੇ) ਪ੍ਰਤੀ ਅਪਰਾਧ ਕਰਨ ਪਿਛੋਂ ਜਿਊਂਦਿਆਂ ਰਹਿ ਸਕਣਾ ਅਸੰਭਵ ਹੈ।

**897.** *வகைமாண்ட வாழ்க்கையும் வான்பொருளும் என்னாம்*
*தகைமாண்ட தக்கார் செறின்.*

ਮਹਾਨ ਆਤਮ ਗਿਆਨੀ ਤਪੱਸਵੀ ਨੂੰ ਕ੍ਰੋਧਿਤ ਕਰਨ ਤੋਂ ਪਿਛੋਂ ਰਾਜ ਦੀ ਪ੍ਰਫੁੱਲਤਾ ਤੇ ਧੰਨ ਦੌਲਤ ਦੀ ਸ਼ਾਨ ਸ਼ੌਕਤ ਕਿਥੇ ਰਹੇਗੀ।

**898.** *குன்றுஅன்னார் குன்ற மதிப்பின் குடியொடு*
*நின்றன்னார் மாய்வர் நிலத்து.*

ਜੇ ਪਰਬਤ ਸਮਾਨ ਤਪੱਸਵੀ ਸੰਕਲਪ ਕਰ ਲੈਣ ਤਾਂ ਸੰਸਾਰ ਵਿਚਲੇ ਮੰਨੇ ਪਰਮੰਨੇ ਲੋਕ ਵੀ ਆਪਣੀ ਵੰਸ਼ ਸਮੇਤ ਖਤਮ ਹੋ ਜਾਣਗੇ।

**899.** *ஏந்திய கொள்கையார் சீறின் இடைமுரிந்து*
*வேந்தனும் வேந்து கெடும்.*

ਜੇ ਸਹੀ ਅਰਥਾਂ ਵਿਚਲੇ ਮਹਾਨ ਤਪੱਸਵੀ ਕ੍ਰੋਧਿਤ ਹੋ ਜਾਣ ਤਾਂ ਇੰਦਰ ਦੇਵਤਾ ਵਰਗੇ ਰਾਜਿਆਂ ਦੇ ਰਾਜੇ ਨੂੰ ਵੀ ਆਪਣੇ ਸੰਘਾਸਣ ਤੇ ਸ਼ਾਨ ਸ਼ੌਕਤ ਤੋਂ ਹੱਥ ਧੋਣੇ ਪੈਣਗੇ।

**900.** *இறந்துஅமைந்த சார்புடையர் ஆயினும் உய்யார்*
*சிறந்துஅமைந்த சீரார் செறின்.*

ਅਨਗਿਣਤ ਸੰਗੀਆਂ ਸਾਥੀਆਂ ਦੇ ਹੁੰਦਿਆਂ ਹੋਇਆਂ ਵੀ ਜੇ ਕੋਈ (ਰਾਜਾ) ਮਹਾਨ ਤਪਸੱਵੀ ਦੇ ਕ੍ਰੋਧ ਨੂੰ ਉਤੇਜਿਤ ਕਰ ਲਵੇ ਤਾਂ ਉਸ ਦਾ ਨਾਸ਼ ਨਿਸ਼ਚਿਤ ਹੈ।

# 91

## பெண்வழிச் சேறல்

## ਪਤਨੀ ਦਾ ਦਾਸ ਹੋਣਾ

**901.** மனைவிழைவார் மாண்பயன் எய்தார் வினைவிழைவார்
வேண்டாப் பொருளும் அது.

ਆਪਣੀਆਂ ਪਤਨੀਆਂ ਦੇ ਇਸ਼ਾਰਿਆਂ ਤੇ ਨੱਚਣ ਵਾਲੇ ਉੱਤਮ ਪ੍ਰਾਪਤੀਆਂ ਨਹੀਂ ਕਰ ਸਕਦੇ। ਕਰਤੱਵ ਪਾਲਣ ਦੀ ਇੱਛਿਆ ਰਖਣ ਵਾਲਿਆਂ ਲਈ ਇਹ ਉਪਯੋਗੀ ਨਹੀਂ।

**902.** பேணாது பெண்விழைவான் ஆக்கம் பெரியதோர்
நாணாக நாணுத் தரும்.

ਮਨੁੱਖਪੁਣੇ ਦੇ ਗੌਰਵ ਨੂੰ ਭੁੱਲ ਕੇ ਪਤਨੀ ਦੇ ਅੰਨ੍ਹੇ-ਪਿਆਰ ਵਿਚ ਗ਼ਲਤਾਨ ਵਿਅਕਤੀ ਆਪਣੇ ਲਈ ਤੇ ਸਾਰੀ ਪੁਰਖ ਜਾਤੀ ਲਈ ਲੱਜਾ-ਜਨਕ ਹੁੰਦਾ ਹੈ।

**903.** இல்லாள்கண் தாழ்ந்த இயல்புஇன்மை எஞ்ஞான்றும்
நல்லாருள் நாணுத் தரும்.

ਆਪਣੀ ਪਤਨੀ ਤੋਂ ਡਰ ਕੇ ਦੱਬਿਆ ਰਹਿਣ ਵਾਲਾ ਵਿਅਕਤੀ ਸਭਿਅ ਸਮਾਜ ਵਿਚ ਆਪਣੇ ਆਪ ਨੂੰ ਲੱਜਿਤ ਮਹਿਸੂਸ ਕਰਦਾ ਹੈ।

**904.** மனையாளை அஞ்சும் மறுமையி லாளன்
வினையாண்மை வீறுஎய்தல் இன்று.

ਪਤਨੀ-ਭੈ ਨਾਲ ਤ੍ਰਾਹਿਆ ਹੋਇਆ ਕਾਇਰ, ਪ੍ਰਲੋਕ ਵਿਚ ਵੀ ਸੁੱਖ ਨਹੀਂ ਪਾਉਂਦਾ। ਇਹੀ ਨਹੀਂ ਅਜਿਹਾ ਵਿਅਕਤੀ ਇਸ ਲੋਕ ਵਿਚ ਵੀ ਸਫਲਤਾ ਤੇ ਕੀਰਤੀ ਤੋਂ ਵਾਂਝਿਆ ਰਹਿੰਦਾ ਹੈ।

**905.** இல்லாளை அஞ்சுவான் அஞ்சும்மற்று எஞ்ஞான்றும்
நல்லார்க்கு நல்ல செயல்.

ਪਤਨੀ ਤੋਂ ਡਰਨ ਵਾਲਾ ਮਨੁਖ ਭਲੇ ਲੋਕਾਂ ਲਈ ਉਪਕਾਰ ਕਰਨ ਵਿਚ ਆਪਣੀ ਸੰਪਤੀ ਦਾ ਸਦ-ਉਪਯੋਗ ਕਰਨ ਤੋਂ ਵੀ ਡਰਦਾ ਰਹਿੰਦਾ ਹੈ।

**906.** இமையாரின் வாழினும் பாடுஇலரே இல்லாள்
அமைஆர்தோள் அஞ்சு பவர்.

ਜੋ ਵਿਅਕਤੀ ਬਾਂਸ ਵਰਗੀਆਂ ਕੋਮਲ ਬਾਹਾਂ ਵਾਲੀ ਸੁੰਦਰ ਪਤਨੀ ਤੋਂ ਡਰਦਾ ਰਹਿੰਦਾ ਹੈ
ਉਹ ਦੇਵਤਿਆਂ ਵਾਂਗ ਹੋਣ ਤੇ ਵੀ ਲੋਕਾਂ ਤੋਂ ਸਨਮਾਨ ਪ੍ਰਾਪਤ ਨਹੀਂ ਕਰ ਸਕਦਾ।

**907.** பெண்ஏவல் செய்துஒழுகும் ஆண்மையின் நாணுடைப்
பெண்ணே பெருமை உடைத்து.

ਪਤਨੀ ਦੇ ਅਨੁਸ਼ਾਸ਼ਨ ਵਿਚ ਰਹਿੰਦੇ ਨਿਲੱਜ ਪੁਰਸ਼ ਨਾਲੋਂ
ਲੱਜਾ ਭਰਪੂਰ ਇਸਤਰੀ ਦਾ ਇਸਤ੍ਰੀਤਵ ਸ੍ਰੇਸ਼ਟ ਹੁੰਦਾ ਹੈ।

**908.** நட்டார் குறைமுடியார் நன்றுஆற்றார் நன்னுதலாள்
பெட்டாங்கு ஒழுகு பவர்.

ਆਪਣੀ ਮਰਜ਼ੀ ਅਨੁਸਾਰ ਕੰਮ ਨਾ ਕਰਦੇ ਹੋਏ ਪਤਨੀ ਦੀਆਂ ਉਂਗਲੀਆਂ
ਤੇ ਨੱਚਣ ਵਾਲਾ ਪੁਰਖ ਨਾ ਤਾਂ ਆਪਣੇ ਮਿੱਤਰਾਂ ਦਾ ਹਿਤ ਕਰ ਸਕਦਾ ਹੈ ਤੇ ਨਾ ਹੀ
ਕਿਸੇ ਚੰਗੇ ਕੰਮ ਦਾ ਆਰੰਭ।

**909.** அறவினையும் ஆன்ற பொருளும் பிறவினையும்
பெண்ஏவல் செய்வார்கண் இல்.

ਧਰਮ ਕਰਮ ਉਹਨਾਂ ਦੀ ਪੂਰਤੀ ਲਈ ਆਵੱਸ਼ਕ ਧੰਨ ਜਾਂ ਪ੍ਰੇਮ ਤੇ ਜ਼ਿੰਦਗੀ ਦਾ
ਸਹੀ ਆਨੰਦ ਪਤਨੀ ਦੇ ਲਾਈਲਗ ਵਿਅਕਤੀ ਨੂੰ ਪ੍ਰਾਪਤ ਨਹੀਂ ਹੋ ਸਕਦਾ।

**910.** எண்சேர்ந்த நெஞ்சத் திடனுடையார்க்கு எஞ்ஞான்றும்
பெண்சேர்ந்துஆம் பேதைமை இல்.

ਜਿਸ ਦੇ ਵਿਚਾਰ ਸੁਲਝੇ ਹੋਏ ਹਨ ਤੇ ਜੋ ਐਸ਼ੋ ਇਸ਼ਰਤ ਦੇ ਜੀਵਨ ਲਈ ਲੋੜੀਂਦੇ ਸਾਧਨਾਂ
ਦਾ ਮਾਲਕ ਹੈ ਅਜਿਹਾ ਪੁਰਸ਼ ਕਦੇ ਵੀ ਪਤਨੀ ਦਾ ਦਾਸ ਹੋਣ ਦੀ ਮੂਰਖਤਾ ਨਹੀਂ ਕਰੇਗਾ।

# 92

## வரைவில் மகளிர்

## ਵੇਸਵਾਵਾਂ

**911.** அன்பின் விழையார் பொருள்விழையும் ஆய்தொடியார்
இன்சொல் இழுக்குத் தரும்.

ਜਿਹੜੀਆਂ ਸੁੰਦਰੀਆਂ ਕੇਵਲ ਧੰਨ ਲਈ ਪ੍ਰੇਮ ਪ੍ਰਗਟਾਂਦੀਆਂ ਹਨ
ਉਹਨਾਂ ਦੇ ਮਿੱਠੇ ਬਚਨ ਅੰਤ ਵਿਚ ਦੁੱਖ ਹੀ ਦੇਂਦੇ ਹਨ।

**912.** பயன்தூக்கிப் பண்புஉரைக்கும் பண்பில் மகளிர்
நயன்தூக்கி நள்ளா விடல்.

ਵੇਸਵਾਵਾਂ ਆਪਣੇ ਲਾਭ ਨੂੰ ਜਾਂਚ ਕੇ ਉਸ ਦੇ ਅਨੁਸਾਰ ਮਿੱਠੇ ਬਚਨ ਬੋਲਦੀਆਂ ਹਨ।
ਉਹਨਾਂ ਦੇ ਇਸ ਵਿਉਹਾਰ ਨੂੰ ਸਮਝ ਕੇ ਉਹਨਾਂ ਤੋਂ ਦੂਰ ਰਹਿਣਾ ਹੀ ਚੰਗਾ ਹੈ।

**913.** பொருட்பெண்டிர் பொய்ம்மை முயக்கம் இருட்டுஅறையில்
ஏதில் பிணம்தழீஇ யற்று.

ਧੰਨ ਦੇ ਲਾਲਚ ਵਿਚ ਵੇਸਵਾ ਦਾ ਕੀਤਾ ਗਿਆ ਆਲਿੰਗਣ ਹਨੇਰੇ ਕਮਰੇ ਵਿਚ ਕਿਸੇ
ਅਨਜਾਣ ਮ੍ਰਿਤਕ ਸਰੀਰ ਨੂੰ ਗਲਵਕੜੀ ਵਿਚ ਲੈਣ ਦੇ ਬਰਾਬਰ ਹੈ।

**914.** பொருட்பொருளார் புன்நலம் தோயார் அருட்பொருள்
ஆயும் அறிவி னவர்.

ਜੀਵਨ ਵਿਚ ਖੁਸ਼ੀਆਂ ਤੇ ਈਸ਼ਵਰੀ ਕਿਰਪਾ ਦੀ ਤਾਂਘ ਰਖਣ ਵਾਲੇ ਮਨੁੱਖ
ਧੰਨ ਨੂੰ ਹੀ ਸਭ ਕੁਝ ਮੰਨਣ ਵਾਲੀਆਂ ਵੇਸਵਾਵਾਂ ਦੀ ਘਟੀਆ ਸੁੰਦਰਤਾ ਨੂੰ ਨਹੀਂ ਛੂਹਣਗੇ।

**915.** பொதுநலத்தார் புன்நலம் தோயார் மதிநலத்தின்
மாண்ட அறிவி னவர்.

ਸਭ ਲੋਕਾਂ ਨੂੰ ਇਕੋ ਤਰ੍ਹਾਂ ਦਾ ਸਰੀਰਕ ਸੁਖ ਦੇਣ ਵਾਲੀ ਵੇਸਵਾ ਦੇ ਮੋਹ ਵਿਚ
ਚੰਗੀ ਬੁਧੀ ਵਾਲਾ ਗਿਆਨਵਾਨ ਪੁਰਖ ਨਹੀਂ ਫਸਦਾ।

**916.** தம்நலம் பாரிப்பார் தோயார் தகைசெருக்கிப்
புன்நலம் பாரிப்பார் தோள்.

ਚਾਰੇ ਪਾਸੇ ਆਪਣੇ ਯੱਸ਼ ਦਾ ਵਿਸਤਾਰ ਚਾਹੁਣ ਵਾਲੇ ਸਿਆਣੇ ਲੋਕ ਵੇਸਵਾਵਾਂ
ਦੇ ਨਾਚ-ਗਾਣੇ ਤੇ ਨਾਜ਼ ਨਖਰਿਆਂ ਤੋਂ ਆਪਣੇ ਆਪ ਨੂੰ ਦੂਰ ਰਖਦੇ ਹਨ।

**917.** நிறைநெஞ்சம் இல்லவர் தோய்வர் பிறநெஞ்சின்
பேணிப் புணர்பவர் தோள்.

ਆਪਣੇ ਮਨ ਨੂੰ ਕਾਬੂ ਵਿਚ ਰਖਣ ਤੋਂ ਅਸਮੱਥ ਅਸੰਜਮੀ ਲੋਕ ਹੀ
ਵੇਸਵਾ ਦੀਆਂ ਬਾਹਵਾਂ ਵਿਚ ਜਾਂਦੇ ਹਨ ਜਦੋਂ ਕਿ ਉਹਨਾਂ ਵੇਸਵਾਵਾਂ ਦਾ ਮਨ
ਕਿਸੇ ਧੰਨਾਢ ਵਲ ਹੁੰਦਾ ਹੈ ਤੇ ਸਰੀਰ ਕਿਸੇ ਹੋਰ ਨਾਲ।

**918.** ஆயும் அறிவினர் அல்லார்க்கு அணங்குஎன்ப
மாய மகளிர் முயக்கு.

ਆਪਣਾ ਚੰਗਾ ਮੰਦਾ ਨਾ ਸਮਝਣ ਵਾਲੇ ਵਿਅਕਤੀ ਲਈ ਵੇਸਵਾ ਦਾ ਆਲਿੰਗਨ
ਲਿੰਗ ਵਾਸ਼ਨਾਵਾਂ ਭਰਪੂਰ ਅਪਛਰਾਵਾਂ ਦੇ ਸਰੂਰ ਵਾਂਗ ਹੁੰਦਾ ਹੈ।

919. வரைவுஇலா மாணிழையார் மென்தோள் புரையிலாப்
பூரியர்கள் ஆழும் அளறு.

ਵੇਸਵਾਵਾਂ ਦੀਆਂ ਗਹਿਣਿਆਂ ਨਾਲ ਸ਼ਿੰਗਾਰੀਆਂ ਸੂਖਮ ਬਾਹਵਾਂ ਗਿਰੇ ਹੋਏ ਲੋਕਾਂ
ਦੇ ਡੁੱਬ-ਮਰਨ ਲਈ ਬਣਿਆ ਇਕ ਨਰਕ-ਕੁੰਡ ਹੈ।

920. இருமனப் பெண்டிரும் கள்ளும் கவறும்
திருநீக்கப் பட்டார் தொடர்பு.

ਧੋਖੇਬਾਜ ਔਰਤਾਂ ਮੱਤ ਮਾਰ ਦੇਣ ਵਾਲੀ ਸ਼ਰਾਬ ਤੇ ਸਭ ਕੁਝ ਨਾਸ ਕਰਨ ਵਾਲਾ
ਜੂਆ ਇਹ ਤਿੰਨੋਂ ਲੱਛਮੀ ਦੇ ਤ੍ਰਿਸਕਾਰੇ ਭਾਗਹੀਣਾਂ ਦੇ ਨਾਲ ਰਹਿੰਦੇ ਹਨ।

# 93

## கள் உண்ணாமை

## ਸ਼ਰਾਬ ਨਾ ਪੀਣਾ

921. உட்கப் படாஅர் ஒளிஇழப்பர் எஞ்ஞான்றும்
கள்காதல் கொண்டுஒழுகு வார்.

ਸ਼ਰਾਬ ਦਾ ਪਿਅਕੜ ਵਿਅਕਤੀ ਦੁਸ਼ਮਨ ਦੇ ਮਨ ਵਿਚ ਡਰ ਉਤਪਨ ਨਹੀਂ ਕਰ ਸਕਦਾ।
ਅਜਿਹਾ ਵਿਅਕਤੀ ਆਤਮ ਸਨਮਾਨ ਦੀ ਰਖਿਆ ਕਰਨ ਤੋਂ ਵੀ ਅਸਮੱਥ ਰਹਿੰਦਾ ਹੈ।

922. உண்ணற்க கள்ளை உணில்உண்க சான்றோரான்
எண்ணப் படவேண்டா தார்.

ਸ਼ਰਾਬ ਨਹੀਂ ਪੀਣੀ ਚਾਹੀਦੀ। ਜੋ ਉੱਤਮ ਵਿਅਕਤੀਆਂ ਦੀਆਂ
ਨਜ਼ਰਾਂ ਵਿਚ ਡਿੱਗਣਾ ਚਾਹੇ ਉਹ ਭਾਵੇਂ ਸ਼ਰਾਬ ਪੀਵੇ।

923. ஈன்றாள் முகத்தேயும் இன்னாதால் என்மற்றுச்
சான்றோர் முகத்துக் களி.

ਜਨਮਦਾਤੀ ਮਾਂ ਵੀ ਪੁੱਤਰ ਨੂੰ ਸ਼ਰਾਬ ਦੇ ਨਸ਼ੇ ਵਿਚ ਦੇਖ ਕੇ ਦੁਖੀ ਹੋਵੇਗੀ।
ਅਜਿਹੀ ਸਥਿਤੀ ਵਿਚ ਉੱਤਮ ਪੁਰਸ਼ਾਂ ਉਤੇ ਹੋਣ ਵਾਲੇ ਪ੍ਰਭਾਵ ਦਾ ਤਾਂ ਕਹਿਣਾ ਹੀ ਕੀਹ।

924. நாண்என்னும் நல்லாள் புறம்கொடுக்கும் கள்என்னும்
பேணாப் பெருங்குற்றத் தார்க்கு.

ਅਤਿਅੰਤ ਨਿੰਦਣਯੋਗ ਸ਼ਰਾਬੀ ਵਿਅਕਤੀ ਤੋਂ
ਸ਼ਰਮ ਹਯਾ ਵਰਗੀ ਦੇਵੀ ਕੋਸੋਂ ਦੂਰ ਭੱਜਦੀ ਹੈ।

**925.** கையறி யாமை யுடைத்தே பொருள்கொடுத்து
மெய்அறி யாமை கொளல்.

ਧੰਨ ਖਰਚ ਕੇ ਸਰੀਰ ਦੀ ਚੇਤਨਾ ਗੰਵਾ ਦੇਣ ਵਾਲੀ ਬੇਹੋਸ਼ੀ ਖਰੀਦਣੀ
ਨਿਰੀ ਅਗਿਆਨਤਾ ਨਹੀਂ ਤਾਂ ਹੋਰ ਕੀਹ ਹੈ।

**926.** துஞ்சினார் செத்தாரின் வேறுஅல்லர் எஞ்ஞான்றும்
நஞ்சுஉண்பார் கள்உண் பவர்.

ਜਿਵੇਂ ਸੁੱਤਾ ਹੋਇਆ ਵਿਅਕਤੀ ਮੁਰਦੇ ਵਾਂਗ ਦਿਖਾਈ ਦੇਂਦਾ ਹੈ
ਉਵੇਂ ਹੀ ਜ਼ਹਿਰ ਵਰਗੀ ਸ਼ਰਾਬ ਪੀਣ ਵਾਲੇ ਵਿਅਕਤੀ ਦੀ ਸਥਿਤੀ ਹੁੰਦੀ ਹੈ।

**927.** உள்ஒற்றி உள்ளூர் நகப்படுவர் எஞ்ஞான்றும்
கள்ஒற்றிக் கண்சாய் பவர்

ਚੋਰੀ ਛਿਪੇ ਸ਼ਰਾਬ ਪੀ ਕੇ ਹੋਸ਼ ਹਵਾਸ ਗੰਵਾਣ ਵਾਲਿਆਂ ਦੇ
ਸਭ ਗੁਪਤ ਭੇਦ ਖੁਲ੍ਹ ਜਾਂਦੇ ਹਨ। ਫਲ ਸਰੂਪ ਅਜਿਹੇ ਵਿਅਕਤੀ
ਸਮਾਜ ਵਿਚ ਘ੍ਰਿਣਾ ਦੇ ਪਾਤਰ ਬਣਦੇ ਹਨ।

**928.** களித்துஅறியேன் என்பது கைவிடுக நெஞ்சத்து
ஒளித்ததூஉம் ஆங்கே மிகும்.

ਸ਼ਰਾਬੀ ਲਈ ਚੰਗਾ ਹੈ ਕਿ ਉਹ ਸੂਫੀ ਹੋਣ ਦਾ ਦਾਅਵਾ ਨਾ ਕਰੇ
ਕਿਉਂ ਜੋ ਉਹ ਸ਼ਰਾਬ ਪੀਣ ਉਪ੍ਰੰਤ ਆਪਣੇ ਝੂਠ ਨੂੰ ਲੁਕਾ ਵੀ ਨਹੀਂ ਸਕੇਗਾ।

**929.** களித்தானைக் காரணம் காட்டுதல் கீழ்நீர்க்
குளித்தானைத் தீத்துரீஇ யற்று.

ਪਿਅੱਕੜ ਵਿਅਕਤੀ ਨੂੰ ਸ਼ਰਾਬ ਪੀਣ ਦੇ ਗੁਣ ਦੋਸ਼ ਸਮਝਾਣ ਦਾ ਯਤਨ ਕਰਨਾ
ਪਾਣੀ ਵਿਚ ਡੁੱਬੇ ਵਿਅਕਤੀ ਨੂੰ ਦੀਵਾ ਲੈ ਕੇ ਢੂੰਡਣ ਬਰਾਬਰ ਹੈ।

**930.** கள்உண்ணாப் போழ்தில் களித்தானைக் காணுங்கால்
உள்ளான்கொல் உண்டதன் சோர்வு.

ਪਿਅੱਕੜ ਜਦੋਂ ਨਸ਼ੇ ਵਿਚ ਨਹੀਂ ਹੁੰਦਾ ਤਾਂ ਸ਼ਰਾਬੀ ਦੀ ਦਸ਼ਾ ਦੇਖਣ ਪਿਛੋਂ
ਵੀ ਕੀਹ ਉਹ ਸ਼ਰਾਬ ਪੀ ਕੇ ਪੈਦਾ ਹੋਣ ਵਾਲੀ ਦੁਰਗਤੀ ਦੀ ਕਲਪਨਾ ਨਹੀਂ ਕਰ ਸਕਦਾ।

# 94

## சூது

## ਜੂਆ

**931.** *வேண்டற்க வென்றிடினும் சூதினை வென்றதூஉம்*
*தூண்டில்பொன் மீன்விழுங்கி யற்று.*

ਜਿੱਤ ਪ੍ਰਾਪਤ ਕਰਨਾ ਸੰਭਵ ਹੋਣ ਤੇ ਵੀ ਜੂਆ ਖੇਡਣ ਦੀ ਇੱਛਾ
ਮਨ ਵਿਚ ਨਾ ਲਿਆਓ। ਜੂਏ ਵਿਚ ਜਿੱਤੀ ਚੀਜ਼ ਉਸ ਕੰਡੇ ਵਾਂਗ ਹੈ
ਜਿਸ ਨੂੰ ਮੱਛੀ ਖਾਣਾਂ ਸਮਝ ਕੇ ਨਿਗਲ ਜਾਂਦੀ ਹੈ।

**932.** *ஒன்றுஎய்தி நூறுஇழக்கும் சூதர்க்கும் உண்டாம்கொல்*
*நன்றுஎய்தி வாழ்வதோர் ஆறு.*

ਇਕ ਪ੍ਰਾਪਤ ਕਰਕੇ ਸੌ ਗੰਵਾਣ ਵਾਲੇ ਜੁਆਰੀ ਲਈ ਵੀ ਕੀਹ
ਸੁੱਖ-ਪ੍ਰਾਪਤੀ ਦਾ ਜੀਵਨ-ਮਾਰਗ ਮਿਲਣਾ ਸੰਭਵ ਹੈ।

**933.** *உருள்ஆயம் ஓவாது கூறின் பொருளாயம்*
*போஒய்ப் புறமே படும்.*

ਜੇ ਕੋਈ ਜੂਆ ਖੇਡ ਕੇ ਧੰਨ ਇਕੱਠਾ ਕਰਨ ਦੀ ਆਸ ਨਾਲ ਲਗਾਤਾਰ
ਜੂਏ ਵਿਚ ਡੁਬਿਆ ਰਹੇਗਾ ਤਾਂ ਉਸ ਦੀ ਧੰਨ-ਸੰਪਤੀ ਹੌਲੀ-2 ਦੂਜੇ
ਲੋਕਾਂ ਪਾਸ ਚਲੀ ਜਾਏਗੀ।

**934.** *சிறுமை பலசெய்து சீர்அழிக்கும் சூதின்*
*வறுமை தருவதுஒன்று இல்.*

ਜੂਏ ਦੇ ਬਰਾਬਰ ਹੋਰ ਕੋਈ ਭੈੜ ਨਹੀਂ ਜੋ ਅਨੇਕ ਪ੍ਰਕਾਰ ਦੇ ਦੁੱਖ ਦੇਵੇ
ਯੱਸ਼ ਤੇ ਕੀਰਤੀ ਦਾ ਨਾਸ ਕਰੇ ਅਤੇ ਖੇਡਣ ਵਾਲੇ ਨੂੰ ਗਰੀਬ ਤੇ ਕੰਗਾਲ ਬਣਾ ਦੇਵੇ।

**935.** *கவறும் கழகமும் கையும் தருக்கி*
*இவறியார் இல்லாகி யார்.*

ਜੂਏ ਦੀਆਂ ਗੀਟੀਆਂ ਜੂਆ ਖੇਡਣ ਦਾ ਅੱਡਾ ਤੇ ਜੂਏ ਦੀਆਂ ਗੀਟੀਆਂ
ਸੁੱਟਣ ਵਿਚ ਆਪਣੇ ਆਪ ਨੂੰ ਪ੍ਰਬੀਨ ਮੰਨਣ ਵਾਲਾ ਵਿਅਕਤੀ ਅੰਤ ਵਿਚ
ਆਪਣਾ ਸਭ ਕੁਝ ਗੰਵਾ ਕੇ ਕੰਗਾਲ ਬਣ ਜਾਂਦਾ ਹੈ।

**936.** *அகடுஆரார் அல்லல் உழப்பர் சூதுஎன்னும்*
*முகடியால் மூடப்பட் டார்.*

ਜੂਆ ਇਕ ਅਜਿਹੀ ਭੈੜੀ ਇੱਲਤ ਹੈ ਕਿ ਜਿਸ ਨੂੰ ਇਹ ਪੈ ਜਾਵੇ ਉਹ ਅਖੀਰ
ਰੋਟੀ ਤੋਂ ਵੀ ਆਤੁਰ ਹੋ ਜਾਂਦਾ ਹੈ ਤੇ ਉਸ ਨੂੰ ਹੋਰ ਵੀ ਕਈ ਦੁੱਖ ਆ ਘੇਰਦੇ ਹਨ।

**937.** *பழகிய செல்வமும் பண்பும் கெடுக்கும்*
*கழகத்துக் காலை புகின்.*

ਜੇ ਕੋਈ ਜੂਏ ਦੇ ਅੱਡੇ ਤੇ ਹੀ ਆਪਣਾ ਸਾਰਾ ਸਮਾਂ ਲਗਾ ਦੇਵੇ ਤਾਂ ਉਸਦੀ ਇਹ ਇੱਲਤ ਉਸ ਦੀ ਸਾਰੀ ਜੱਦੀ ਜਾਇਦਾਦ ਤੇ ਕੁੱਲ ਦੀ ਕੀਰਤੀ ਦਾ ਨਾਸ ਕਰ ਛੱਡੇਗੀ।

**938.** *பொருள்கெடுத்துப் பொய்மேல் கொளீஇ அருள்கெடுத்து*
*அல்லல் உழப்பிக்கும் சூது.*

ਜੂਆ ਮਨੁਖ ਦੀ ਸੰਪਤੀ ਨੂੰ ਖਤਮ ਕਰਦਾ ਹੈ ਝੂਠ ਤੇ ਕਪਟ ਦਾ ਸਹਾਰਾ ਲੈਣ ਲਈ ਬੇਵੱਸ ਕਰਦਾ ਹੈ ਉੱਤਮ ਗੁਣਾਂ ਦਾ ਖਾਤਮਾ ਕਰਦਾ ਹੈ ਤੇ ਹੋਰ ਕਈ ਪ੍ਰਕਾਰ ਦੇ ਦੁੱਖ ਦੇ ਕੇ ਪੀੜਤ ਕਰਦਾ ਹੈ।

**939.** *உடைசெல்வம் ஊண்ஒளி கல்விஎன்று ஐந்தும்*
*அடையாவாம் ஆயம் கொளின்.*

ਜਿਸ ਨੂੰ ਜੂਏ ਦਾ ਝੱਸ ਪੈ ਜਾਏ ਉਹ ਵਿਦਿਆ ਦੇ ਯੱਸ਼ ਖਾਣ ਪੀਣ ਤੇ ਪਹਿਨਣ ਦੇ ਸੁੱਖ ਤੇ ਹੋਰ ਸਭ ਐਸ਼ ਆਰਾਮ ਤੋਂ ਦੂਰ ਚਲਾ ਜਾਂਦਾ ਹੈ।

**940.** *இழத்தொறூஉம் காதலிக்கும் சூதேபோல் துன்பம்*
*உழத்தொறூஉம் காதற்று உயிர்.*

ਜਿਵੇਂ ਧੰਨ ਦੀ ਬਾਜੀ ਲਗਾਂਦੇ ਲਗਾਂਦੇ ਜੂਏ ਦੀ ਇੱਲਤ ਵਧਦੀ ਜਾਂਦੀ ਹੈ ਉਸੇ ਤਰ੍ਹਾਂ ਪੀੜ ਤੇ ਦੁੱਖ ਦਰਦ ਸਹਿੰਦੇ-2 ਪ੍ਰਾਣਾਂ ਨਾਲ ਮੋਹ ਵਧਦਾ ਜਾਂਦਾ ਹੈ।

# 95

## மருந்து
## ਦਵਾਈ

**941.** *மிகினும் குறையினும் நோய்செய்யும் நூலோர்*
*வளிமுதலா எண்ணிய மூன்று.*

ਜੇ ਭੋਜਨ ਤੇ ਕੰਮ ਉਚਿੱਤ ਮਾਤ੍ਰਾ ਤੋਂ ਵਧ ਜਾਂ ਘੱਟ ਹੋ ਜਾਏ ਤਾਂ ਸਰੀਰ ਵਿਚ ਵਾਤ ਪਿੱਤ ਤੇ ਕਫ਼ ਦਾ ਸੰਤੁਲਨ ਵਿਗੜ ਕੇ ਰੋਗ ਪੈਦਾ ਹੋ ਜਾਂਦੇ ਹਨ।

**942.** *மருந்துஎன வேண்டாவாம் யாக்கைக்கு அருந்தியது*
*அற்றது போற்றி உணின்.*

ਪਹਿਲਾਂ ਖਾਧੇ ਹੋਏ ਭੋਜਨ ਦੇ ਪੱਚ ਜਾਣ ਤੋਂ ਪਿਛੋਂ ਫਿਰ ਭੋਜਨ ਉਚਿੱਤ ਮਾਤ੍ਰਾ ਵਿਚ ਖਾਧਾ ਜਾਏ ਤਾਂ ਦਵਾਈ ਖਾਣ ਦੀ ਆਵਸ਼ੱਕਤਾ ਨਹੀਂ ਪੈਂਦੀ।

**943.** *அற்றால் அளவுஅறிந்து உண்க அஃதுடம்பு*
*பெற்றான் நெடிதுஉய்க்கும் ஆறு.*

ਪਹਿਲਾਂ ਖਾਧੇ ਹੋਏ ਭੋਜਨ ਦੇ ਪੱਚ ਜਾਣ ਤੋਂ ਪਿਛੋਂ ਉਚਿੱਤ ਮਾਤ੍ਰਾ ਵਿਚ ਅਗਲੀ ਵਾਰ ਦਾ ਭੋਜਨ ਖਾਓ। ਦੇਹ ਧਾਰੀ ਲਈ ਆਪਣੇ ਸਰੀਰ ਨੂੰ ਲੰਮੇ ਸਮੇਂ ਤਕ ਚਲਾਣ ਦਾ ਇਹ ਇਕ ਠੀਕ ਢੰਗ ਹੈ।

**944.** *அற்றது அறிந்து கடைப்பிடித்து மாறுஅல்ல*
*துய்க்க துவரப் பசித்து.*

ਪਹਿਲਾਂ ਚੰਗੀ ਤਰ੍ਹਾਂ ਨਿਸ਼ਚਿਤ ਕਰ ਲਵੋ ਕਿ ਪਹਿਲਾਂ ਖਾਧਾ ਭੋਜਨ ਪੂਰੀ ਤਰ੍ਹਾਂ ਹਜ਼ਮ ਹੋ ਚੁੱਕਾ ਹੈ। ਫਿਰ ਭੁੱਖ ਲਗਣ ਤੇ ਉਚਿੱਤ ਮਾਤ੍ਰਾ ਵਿਚ ਭੋਜਨ ਕਰਨਾ ਨਾ ਭੁੱਲੋ।

**945.** *மாறுபாடு இல்லாத உண்டி மறுத்துஉண்ணின்*
*ஊறுபாடு இல்லை உயிர்க்கு.*

ਸਰੀਰ ਦੀ ਲੋੜ ਤੇ ਪ੍ਰਕਿਰਤੀ ਅਨੁਸਾਰ ਭੋਜਨ ਲੋੜੀਂਦੀ ਮਾਤ੍ਰਾ ਵਿਚ ਖਾਇਆ ਜਾਏ ਤਾਂ ਸਰੀਰ ਨੂੰ ਕਸ਼ਟ ਦੇਣ ਵਾਲੇ ਰੋਗ ਹੀ ਉਤਪੰਨ ਨਹੀਂ ਹੋਣਗੇ।

**946.** *இழிவுஅறிந்து உண்பான்கண் இன்பம்போல் நிற்கும்*
*கழிபேர் இரையான்கண் நோய்.*

ਜਿਵੇਂ ਠੀਕ ਮਾਤ੍ਰਾ ਵਿਚ ਖਾਣ ਵਾਲਾ ਸੁਖੀ ਤੇ ਸਿਹਤਮੰਦ ਰਹਿੰਦਾ ਹੈ ਉਵੇਂ ਹੀ ਲੋੜੋਂ ਵਧੀਕ ਮਾਤ੍ਰਾ ਵਿਚ ਖਾਣ ਵਾਲੇ ਪੇਟੂ ਨੂੰ ਕਈ ਰੋਗਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ।

**947.** *தீயளவு அன்றித் தெரியான் பெரிதுஉண்ணின்*
*நோயளவு இன்றிப் படும்.*

ਪੇਟ ਵਿਚਲੀ ਅਗਨੀ ਦੀ ਸਮੱਥਾ ਨੂੰ ਨਾ ਸਮਝ ਕੇ ਉਸ ਦੀ ਅਨੁਪਾਤ ਤੋਂ ਵਧੇਰੇ ਮਾਤ੍ਰਾ ਵਿਚ ਖਾਣ ਵਾਲਾ ਵਿਅਕਤੀ ਅਨਗਿਣਤ ਰੋਗਾਂ ਦਾ ਸ਼ਿਕਾਰ ਹੁੰਦਾ ਹੈ।

**948.** *நோய்நாடி நோய்முதல் நாடி அதுதணிக்கும்*
*வாய்நாடி வாய்ப்பச் செயல்.*

ਰੋਗ ਦੀ ਠੀਕ ਜਾਂਚ ਪੜਤਾਲ ਕਰਕੇ ਰੋਗ ਉਤਪੰਨ ਹੋਣ ਦੇ ਕਾਰਨਾਂ ਨੂੰ ਚੰਗੀ ਤਰ੍ਹਾਂ ਜਾਂਚ ਕੇ ਉਸ ਨੂੰ ਠੀਕ ਕਰਨ ਦੀ ਯੁੱਕਤੀ ਨੂੰ ਸਮਝਣ ਉਪ੍ਰੰਤ ਪੂਰੇ ਇਹਤਿਆਤ ਅਨੁਸਾਰ ਇਲਾਜ ਕਰਨਾ ਉਚਿੱਤ ਹੈ।

**949.** உற்றான் அளவும் பிணிஅளவும் காலமும்
கற்றான் கருதிச் செயல்.

ਸਿਆਣਾ ਵੈਦ ਰੋਗੀ ਦੀ ਸਥਿਤੀ ਰੋਗ ਦੀ ਪ੍ਰਕਿਰਤੀ ਤੇ ਮੌਸਮ ਇਹਨਾਂ ਤਿੰਨਾਂ ਗਲਾਂ ਦਾ ਵਿਚਾਰ ਕਰਨ ਉਪ੍ਰੰਤ ਇਲਾਜ ਆਰੰਭ ਕਰਦਾ ਹੈ।

**950.** உற்றவன் தீர்ப்பான் மருந்துஉழைச் செல்வான்என்று
அப்பால்நாற் கூற்றே மருந்து.

ਰੋਗੀ ਵੈਦ ਦਵਾਈ ਤੇ ਦਵਾਈ ਤਿਆਰ ਕਰਨ ਵਾਲਾ (ਕੰਪਾਊਡਰ) ਇਹ ਵੈਦ-ਸ਼ਾਸਤਰ ਦੇ ਚਾਰ ਅੰਗ ਹਨ।

# 96

## குடிமை
## ਖਾਨਦਾਨੀਪੁਣਾ

**951.** இற்பிறந்தார் கண்அல்லது இல்லை இயல்பாகச்
செப்பமும் நாணும் ஒருங்கு.

ਮਨ ਵਚਨ ਤੇ ਕਰਮ ਵਿਚ ਏਕਤਾ ਤੇ ਪਾਪੀ ਕੰਮਾਂ ਤੋਂ ਲੱਜਾ ਚੰਗੇ ਖਾਨਦਾਨੀ ਲੋਕਾਂ ਨੂੰ ਛੱਡ ਕੇ ਹੋਰ ਕਿਸੇ ਵਿਚ ਨਹੀਂ ਹੁੰਦੀ।

**952.** ஒழுக்கமும் வாய்மையும் நாணும்இம் மூன்றும்
இழுக்கார் குடிப்பிறந் தார்.

ਉੱਚੇ ਖਾਨਦਾਨ ਵਿਚ ਪੈਦਾ ਹੋਏ ਵਿਅਕਤੀ ਸਦਾਚਾਰ ਸਚਾਈ ਤੇ ਨਿਮਰਤਾ-ਇਹਨਾਂ ਤਿੰਨ ਗੁਣਾਂ ਤੋਂ ਕਦੇ ਪਰ੍ਹੇ ਨਹੀਂ ਹੁੰਦੇ।

**953.** நகைஈகை இன்சொல் இகழாமை நான்கும்
வகைஎன்ப வாய்மைக் குடிக்கு.

ਮੁਸਕ੍ਰਾਹਟ ਭਰਿਆ ਪ੍ਰਸੰਨ ਚਿਹਰਾ ਮਿੱਠੇ ਬਚਨ ਉਦਾਰਤਾ ਤੇ ਕਿਸੇ ਦੀ ਵੀ ਨਿੰਦਾ ਨਾ ਕਰਨੀ-ਇਹ ਚਾਰੋਂ ਗੁਣ ਚੰਗੇ ਖਾਨਦਾਨੀ ਹੋਣ ਦੇ ਲੱਛਣ ਹਨ।

**954.** அடுக்கிய கோடி பெறினும் குடிப்பிறந்தார்
குன்றுவ செய்தல் இலர்.

ਭਾਵੇਂ ਕਰੋੜਾਂ ਰੁਪਏ ਪ੍ਰਾਪਤ ਹੋਣ ਦੀ ਸੰਭਾਵਨਾ ਹੋਵੇ ਚੰਗੇ ਖਾਨਦਾਨ ਦਾ ਵਿਅਕਤੀ ਅਜਿਹਾ ਗਿਰਿਆ ਹੋਇਆ ਕੰਮ ਨਹੀਂ ਕਰੇਗਾ ਜਿਸ ਨਾਲ ਖਾਨਦਾਨੀ ਮਰਿਆਦਾ ਨੂੰ ਠੇਸ ਪਹੁੰਚੇ।

**955.** வழங்குவது உள்வீழ்ந்தக் கண்ணும் பழங்குடி
பண்பில் தலைப்பிரிதல் இன்று.

ਆਰਥਿਕ ਸਥਿਤੀ ਕਮਜ਼ੋਰ ਹੋਣ ਕਰਕੇ ਪਰਉਪਕਾਰ ਕਰਨ ਵਿਚ ਅਸਮ੍ਰੱਥ
ਹੋਣ ਤੇ ਵੀ ਉੱਤਮ ਖਾਨਦਾਨੀ ਪਰੰਪਰਾ ਵਿਚ ਪੈਦਾ ਵਿਅਕਤੀ ਆਪਣੀ
ਉਦਾਰ ਪ੍ਰਕਿਰਤੀ ਤੋਂ ਪਿੱਛੇ ਨਹੀਂ ਹੱਟਦੇ।

**956.** சலம்பற்றிச் சால்புஇல செய்யார்மாசு அற்ற
குலம்பற்றி வாழ்தும்என் பார்.

ਜੋ ਵਿਅਕਤੀ ਆਪਣੇ ਖਾਨਦਾਨੀ ਗੌਰਵ ਦੀ ਰੱਖਿਆ ਕਰਨਾ ਚਾਹੁੰਦੇ ਹਨ
ਉਹ ਛੱਲ ਤੇ ਹੋਰ ਨਿੰਦਨਯੋਗ ਕੰਮਾਂ ਵਿਚ ਨਹੀਂ ਪੈਂਦੇ।

**957.** குடிப்பிறந்தார் கண்விளங்கும் குற்றம் விசும்பின்
மதிக்கண் மறுப்போல் உயர்ந்து.

ਖਾਨਦਾਨੀ ਵਿਅਕਤੀ ਦਾ ਦੋਸ਼ ਚੰਦਰਮਾ ਦੇ ਕਾਲੇ ਦਾਗ਼ਾਂ ਵਾਂਗ
ਉਜਾਗਰ ਹੋ ਕੇ ਉਸ ਦਾ ਕਲੰਕ ਬਣ ਜਾਂਦਾ ਹੈ।

**958.** நலத்தின்கண் நார்இன்மை தோன்றின் அவனைக்
குலத்தின்கண் ஐயப் படும்.

ਉੱਤਮ ਗੁਣਵਾਨ ਵਿਅਕਤੀ ਵਿਚ ਜੇ ਸਨੇਹ ਦੀ ਘਾਟ ਪਾਈ ਜਾਏ
ਤਾਂ ਉਸ ਵਿਅਕਤੀ ਦੇ ਚੰਗੇ ਖਾਨਦਾਨੀ ਹੋਣ ਤੇ ਪ੍ਰਸ਼ਨ ਚਿੰਨ੍ਹ ਲਗ ਜਾਂਦਾ ਹੈ।

**959.** நிலத்தில் கிடந்தமை கால்காட்டும் காட்டும்
குலத்தில் பிறந்தார்வாய்ச் சொல்.

ਜਿਵੇਂ ਫੁੱਟਿਆ ਅੰਗੂਰ ਧਰਤੀ ਦੀ ਉਪਜਾਊ ਸ਼ਕਤੀ ਨੂੰ ਪਰਗਟ ਕਰਦਾ ਹੈ
ਉਵੇਂ ਹੀ ਖਾਨਦਾਨੀ ਵਿਅਕਤੀ ਦੇ ਬਚਨ ਉਸ ਦੇ ਖਾਨਦਾਨੀ ਗੌਰਵ
ਨੂੰ ਪ੍ਰਕਾਸ਼ਿਤ ਕਰਦੇ ਹਨ।

**960.** நலம்வேண்டின் நாண்உடைமை வேண்டும் குலம்வேண்டின்
வேண்டுக யார்க்கும் பணிவு.

ਜੇ ਕੋਈ ਚੰਗੀ ਕੀਰਤੀ ਦੀ ਕਾਮਨਾ ਕਰਦਾ ਹੈ ਤਾਂ ਉਸ ਵਿਚ ਪਾਪ-ਕਰਮਾਂ
ਤੋਂ ਲੱਜਾ-ਭਾਵ ਹੋਣਾ ਚਾਹੀਦਾ ਹੈ ਤੇ ਜੇ ਮਨ ਵਿਚ ਖਾਨਦਾਨੀ ਮਰਿਆਦਾ
ਦੀ ਇੱਛਿਆ ਹੈ ਤਾਂ ਸਭਨਾਂ ਲੋਕਾਂ ਪ੍ਰਤੀ ਉਸ ਦਾ ਵਰਤਾਉ ਆਦਰ ਭਰਪੂਰ
ਹੋਣਾ ਚਾਹੀਦਾ ਹੈ।

# 97

## மானம்

## ਸਵੈ-ਸਨਮਾਨ

961. இன்றி அமையாச் சிறப்பின ஆயினும்
குன்ற வருப விடல்.

(ਜੀਵਨ ਦੀ ਰਾਖੀ ਲਈ) ਜ਼ਰੂਰੀ ਹੋਣ ਤੇ ਵੀ ਕਦੇ ਅਜਿਹਾ ਕੰਮ ਨਹੀਂ
ਕਰਨਾ ਚਾਹੀਦਾ ਜਿਸ ਨਾਲ ਖਾਨਦਾਨ ਦੇ ਗੌਰਵ ਨੂੰ ਠੇਸ ਲਗੇ।

962. சீரினும் சீர்அல்ல செய்யாரே சீரொடு
பேராண்மை வேண்டு பவர்.

ਜੋ ਵਿਅਕਤੀ ਆਪਣੇ ਪਿੱਛੇ ਆਦਰਯੋਗ ਨਾਮ ਛੱਡ ਕੇ ਜਾਣਾ ਚਾਹੁੰਦੇ ਹਨ
ਉਹ ਯੱਸ਼-ਪ੍ਰਾਪਤੀ ਲਈ ਵੀ ਅਜਿਹਾ ਕੰਮ ਨਹੀਂ ਕਰਦੇ ਜੋ ਉਹਨਾਂ ਦੀ
ਖ਼ਾਨਦਾਨੀ ਮਰਿਆਦਾ ਨੂੰ ਸ਼ੋਭਾ ਨਾ ਦੇਵੇ।

963. பெருக்கத்து வேண்டும் பணிதல் சிறிய
சுருக்கத்து வேண்டும் உயர்வு.

ਸੰਪਤੀ ਵਧਣ ਦੇ ਨਾਲ ਵਿਅਕਤੀ ਵਿਚ ਉਸੇ ਮਾਤ੍ਰਾ ਵਿਚ ਨਿਮ੍ਰਤਾ
ਦਾ ਵਾਧਾ ਹੋਣਾ ਵੀ ਆਵੱਸ਼ਕ ਹੈ।

964. தலையின் இழிந்த மயிர்அனையர் மாந்தர்
நிலையின் இழிந்தக் கடை.

ਜੋ ਵਿਅਕਤੀ ਸਵੈ-ਸਨਮਾਨ ਗੰਵਾ ਕੇ (ਲੋਕਾਂ ਦੀਆਂ ਨਜ਼ਰਾਂ ਵਿਚ)
ਡਿੱਗ ਜਾਂਦਾ ਹੈ ਉਹ ਸਿਰ ਦੇ ਉੱਤਰੇ ਹੋਏ ਵਾਲਾਂ ਵਾਂਗ ਅਨਚਾਹਿਆ ਹੋ ਜਾਂਦਾ ਹੈ।

965. குன்றின் அனையாரும் குன்றுவர் குன்றுவ
குன்றி அனைய செயின்.

ਜਿਨ੍ਹਾਂ ਦਾ ਸਵੈ-ਸਨਮਾਨ ਪਹਾੜ ਵਾਂਗ ਉੱਚਾ ਹੈ ਜੇ ਉਹ ਥੋੜੀ ਜਿੰਨੀ ਮਾਤ੍ਰਾ
ਵਿਚ ਵੀ ਘ੍ਰਿਣਿਤ ਕੰਮ ਕਰ ਬੈਠਣ ਤਾਂ ਉਹਨਾਂ ਦੇ ਸਨਮਾਨ ਨੂੰ ਧੱਬਾ ਲਗ ਜਾਂਦਾ ਹੈ।

966. புகழ்இன்றால் புத்தேள்நாட்டு உய்யாதால் என்மற்று
இகழ்வார்பின் சென்று நிலை.

ਆਪਣਾ ਨਿਰਾਦਰ ਕਰਨ ਵਾਲੇ ਦਾ ਮੂੰਹ ਤੱਕਣ ਦਾ ਕੀ ਲਾਭ
ਇਸ ਨਾਲ ਨਾ ਤਾਂ ਕੀਰਤੀ ਮਿਲਦੀ ਹੈ ਤੇ ਹੀ ਸਵਰਗ ਵਿਚ ਪ੍ਰਵੇਸ਼।

**967.** ஒட்டார்பின் சென்றுஒருவன் வாழ்தலின் அந்நிலையே
கெட்டான் எனப்படுதல் நன்று.

ਸਨਮਾਨ ਨਾ ਕਰਨ ਵਾਲੇ ਦਾ ਦਾਸ ਬਣ ਕੇ ਜੀਵਨ ਬਿਤਾਣ ਨਾਲੋਂ
ਮਰ ਜਾਣਾ ਕਿਤੇ ਚੰਗਾ ਹੈ।

**968.** மருந்தோமற்று ஊன்ஓம்பும் வாழ்க்கை பெருந்தகைமை
பீடழிய வந்த இடத்து.

ਸਨਮਾਨ ਖਾਤਮੇ ਤੋਂ ਪਿਛੋਂ ਸਰੀਰ ਦੀ ਪਾਲਣਾ ਪੋਸ਼ਣਾ ਕਰਦੇ ਹੋਏ ਜੀਣਾ
ਕੀ ਕਿਸੇ ਚੰਗੇ ਖਾਨਦਾਨੀ ਵਿਅਕਤੀ ਨੂੰ ਅਮਰ ਬਣਾ ਦੇਵੇਗਾ।

**969.** மயிர்நீப்பின் வாழாக் கவரிமா அன்னார்
உயிர்நீப்பர் மானம் வரின்.

ਜਿਵੇਂ ਤਿੱਬਤ ਦਾ ਲੰਮੇ ਵਾਲਾਂ ਵਾਲਾ ਜੰਗਲੀ ਬਲਦ (ਯਾਕ) ਵਾਲ ਉਤਰਣ ਤੇ ਪ੍ਰਾਣ
ਤਿਆਗ ਦੇਂਦਾ ਹੈ ਉਵੇਂ ਹੀ ਸਵੈ ਸਨਮਾਨੀ ਵਿਅਕਤੀ ਸਨਮਾਨ ਦੇ
ਨਸ਼ਟ ਹੋਣ ਤੇ ਆਪਣੇ ਪ੍ਰਾਣ ਤਿਆਗ ਦੇਂਦਾ ਹੈ।

**970.** இளிவரின் வாழாத மானம் உடையார்
ஒளிதொழுது ஏத்தும் உலகு.

ਜੋ ਸਿਆਣੇ ਬੰਦੇ ਸਵੈ ਸਨਮਾਨ ਦੇ ਖਾਤਮੇ ਤੇ ਪ੍ਰਾਣ ਤਿਆਗਣ ਤੋਂ
ਨਹੀਂ ਡਰਦੇ ਸੰਸਾਰ ਵਿਚ ਅਜਿਹੇ ਵਿਅਕਤੀਆਂ ਦੀ ਉਸਤੱਤੀ ਹੁੰਦੀ ਹੈ।

# 98

## பெருமை

## ਮਹਾਨਤਾ

**971.** ஒளிஒருவற்கு உள்ள வெறுக்கை இளிஒருவற்கு
அஃதுஇறந்து வாழ்தும் எனல்.

ਮਾਨਸਿਕ ਪੱਖ ਤੋਂ ਚੁੱਸਤੀ ਤੇ ਉਤਸ਼ਾਹ ਹੀ ਜੀਵਨ ਵਿਚ ਯੱਸ਼ ਦੇ ਪ੍ਰਕਾਸ਼
ਦਾ ਸੋਮਾ ਹੁੰਦਾ ਹੈ। ਇਸ ਚੁੱਸਤੀ ਦੇ ਅਭਾਵ ਵਿਚ ਜੀਵਨ ਗਿਰਾਵਟ
ਵਾਲਾ ਤੇ ਅੰਧਕਾਰ ਮਈ ਹੁੰਦਾ ਹੈ।

**972.** பிறப்புஒக்கும் எல்லா உயிர்க்கும் சிறப்புஒவ்வா
செய்தொழில் வேற்றுமை யான்.

ਜਨਮ ਦੀ ਦ੍ਰਿਸ਼ਟੀ ਤੋਂ ਸਭ ਮਨੁੱਖ ਇਕੋ ਜਿਹੇ ਹੁੰਦੇ ਹਨ ਪ੍ਰੰਤੂ ਕਰਮਾਂ ਦੀ
ਭਿੰਨਤਾ ਕਾਰਨ ਉਹਨਾਂ ਦੇ ਗੁਣਾਂ ਵਿਚ ਭਿੰਨਤਾ ਆ ਜਾਂਦੀ ਹੈ।

**973.** மேல்இருந்தும் மேல்அல்லார் மேல்அல்லர் கீழ்இருந்தும்
கீழ்அல்லார் கீழ்அல் லவர்.

ਉੱਚੇ ਗੁਣਾਂ ਤੋਂ ਰਹਿਤ ਪਰ ਚੰਗੇ ਖਾਨਦਾਨ ਨਾਲ ਸੰਬੰਧਤ ਵਿਅਕਤੀ ਮਹਾਨ ਨਹੀਂ ਹੁੰਦਾ ਇਵੇਂ ਹੀ ਨੀਵੇਂ ਖਾਨਦਾਨ ਨਾਲ ਸੰਬੰਧਤ ਹੁੰਦਿਆਂ ਹੋਇਆਂ ਵੀ ਚੰਗੇ ਗੁਣਾਂ ਵਾਲਾ ਨੀਵਾਂ ਨਹੀਂ ਹੁੰਦਾ।

**974.** ஒருமை மகளிரே போலப் பெருமையும்
தன்னைத்தான் கொண்டுஒழுகின் உண்டு.

ਜਿਵੇਂ ਪਤੀਬ੍ਰਤ ਨਾਰੀ ਇਕ ਨਾਲ ਹੀ ਰਹਿੰਦੀ ਹੈ, ਉਵੇਂ ਹੀ ਮਹਾਨਤਾ ਸਵੈ ਸੰਜਮ ਰਖਣ ਵਾਲੇ ਦੇ ਨਾਲ ਹੀ ਰਹਿੰਦੀ ਹੈ।

**975.** பெருமை உடையவர் ஆற்றுவார் ஆற்றின்
அருமை உடைய செயல்.

ਮਹਾਨ ਵਿਅਕਤੀ ਅਸੰਭਵ ਦਿਸਦੇ ਕੰਮਾਂ ਨੂੰ ਵੀ ਯੁੱਕਤੀ ਪੂਰਨ ਢੰਗ ਨਾਲ ਸਿਰੇ ਚੜ੍ਹਾਣ ਦੀ ਸਮੱਰਥਾ ਰਖਦੇ ਹਨ।

**976.** சிறியார் உணர்ச்சியுள் இல்லை பெரியாரைப்
பேணிக்கொள் வேம்என்னும் நோக்கு.

ਉੱਤਮ ਵਿਅਕਤੀਆਂ ਦੇ ਸਾਥ ਵਿਚ ਰਹਿ ਕੇ ਉੱਤਮ ਗੁਣ ਨੂੰ ਅਪਨਾਉਣ ਦੀ ਪ੍ਰਵਿਰਤੀ ਘਟੀਆ ਲੋਕਾਂ ਵਿਚ ਨਹੀਂ ਹੁੰਦੀ।

**977.** இறப்பே புரிந்த தொழிற்றாம் சிறப்பும்தான்
சீரல் லவர்கண் படின்.

ਅਯੋਗ ਵਿਅਕਤੀ ਦੇ ਹੱਥ ਵਿਚ ਆਈ ਸੰਪਤੀ ਉਸ ਨੂੰ ਮਰਿਆਦਾ ਰਹਿਤ ਕੰਮਾਂ ਵਲ ਪ੍ਰੇਰਿਤ ਕਰਦੀ ਹੈ।

**978.** பணியுமாம் என்றும் பெருமை சிறுமை
அணியுமாம் தன்னை வியந்து.

ਮਹਾਨ ਵਿਅਕਤੀ ਹਮੇਸ਼ਾ ਨਿਮ੍ਰਤਾ ਵਿਚ ਰਹਿੰਦਾ ਹੈ ਜਦਕਿ ਘਟੀਆ ਮਨੁੱਖ ਸਵੈ-ਉਸਤਤੀ ਕਰਦਾ ਨਹੀਂ ਥੱਕਦਾ।

**979.** பெருமை பெருமிதம் இன்மை சிறுமை
பெருமிதம் ஊர்ந்து விடல்.

ਹੰਕਾਰ-ਰਹਿਤ ਰਹਿਣਾ ਮਹਾਨ ਵਿਅਕਤੀਆਂ ਦਾ ਕੁਦਰਤੀ ਸੁਭਾ ਹੈ ਜਦ ਕਿ ਘਟੀਆ ਲੋਕਾਂ ਦਾ ਸੁਭਾ ਹੰਕਾਰ ਭਰਪੂਰ ਰਹਿਣਾ ਹੁੰਦਾ ਹੈ।

**980.** அற்றம் மறைக்கும் பெருமை சிறுமைதான்
குற்றமே கூறி விடும்.

ਦੂਸਰਿਆਂ ਦੇ ਦੋਸ਼ਾਂ ਨੂੰ ਲੁਕਾਣਾ ਮਹਾਨਤਾ ਹੁੰਦੀ ਹੈ।
ਘਟੀਆ ਲੋਕ ਦੂਜਿਆਂ ਦੇ ਦੋਸ਼ਾਂ ਨੂੰ ਭੰਡਦੇ ਰਹਿੰਦੇ ਹਨ।

# 99

## சான்றாண்மை

## ਗੁਣਵਾਨਤਾ

**981.** கடன்என்ப நல்லவை எல்லாம் கடன்அறிந்து
சான்றாண்மை மேற்கொள் பவர்க்கு.

ਜੋ ਲੋਕ ਆਪਣੇ ਕਰਤਵਾਂ ਪ੍ਰਤੀ ਸੁਚੇਤ ਹੁੰਦੇ ਹਨ ਤੇ ਪੂਰੀ ਸੁਹਿਰਦਤਾ
ਦਾ ਵਿਉਹਾਰ ਕਰਦੇ ਹਨ ਉਹ ਸਭ ਚੰਗੇ ਕੰਮਾਂ ਨੂੰ ਆਪਣਾ ਕੁਦਰਤੀ ਫਰਜ਼
ਸਮਝ ਕੇ ਕਰਦੇ ਹਨ।

**982.** குணநலம் சான்றோர் நலனே பிறநலம்
எந்நலத்து உள்ளதூஉம் அன்று.

ਆਦਰਸ਼ਕ ਵਿਅਕਤੀਆਂ ਦੀ ਵਡਿੱਤਣ ਉਹਨਾਂ ਦੇ ਉਚੇਰੇ ਵਿਵਹਾਰ ਵਿਚ ਹੀ
ਹੁੰਦੀ ਹੈ ਹੋਰ ਸਭ ਵਿਸ਼ੇਸ਼ਤਾਈਆਂ ਇਸ ਦੇ ਸਾਹਮਣੇ ਹੇਚ ਹਨ।

**983.** அன்புநாண் ஒப்புரவு கண்ணோட்டம் வாய்மையொடு
ஐந்துசால்பு ஊன்றிய தூண்.

ਪ੍ਰੇਮ ਪਾਪਾਂ ਤੋਂ ਭੈ ਉਦਾਰਤਾ ਦਇਆ ਤੇ ਸਚਾਈ-ਇਹ ਪੰਜ
ਚੰਗੇ ਆਚਰਣ ਦੇ ਸਥੰਭ ਹਨ।

**984.** கொல்லா நலத்தது நோன்மை பிறர்தீமை
சொல்லா நலத்தது சால்பு.

ਹਿੰਸਾ ਦਾ ਮੁਕੰਮਲ ਅਭਾਵ ਉੱਤਮ ਤਪੱਸਿਆ ਦਾ ਸਾਰ ਹੈ ਅਤੇ
ਪਰਨਿੰਦਾ ਨਾ ਕਰਨਾ ਮਹਾਨਤਾ ਦੀ ਸੰਪੂਰਨਤਾ ਹੈ।

**985.** ஆற்றுவார் ஆற்றல் பணிதல் அதுசான்றோர்
மாற்றாரை மாற்றும் படை.

ਨਿਮ੍ਰਤਾ ਹੀ ਸ਼ਕਤੀਵਾਨਾਂ ਦੀ ਮਹਾਨ ਸ਼ਕਤੀ ਹੈ। ਇਹ
ਵਿਰੋਧੀਆਂ ਨੂੰ ਵੀ ਮਿੱਤਰ ਬਣਾ ਲੈਣ ਵਾਲਾ ਹਥਿਆਰ ਹੈ।

**986.** சால்பிற்குக் கட்டளை யாதெனின் தோல்வி
துலையல்லார் கண்ணும் கொளல்.

ਆਪਣੇ ਤੋਂ ਹੇਠਲੇ ਦਰਜੇ ਦੇ ਲੋਕਾਂ ਦੇ ਚੰਗੇ ਗੁਣਾਂ ਸਾਹਮਣੇ
ਆਪਣੀ ਹਾਰ ਸਵੀਕਾਰ ਕਰਨੀ ਗੁਣਵਾਨਾਂ ਦੀ ਕਸਵੱਟੀ ਹੈ।

**987.** இன்னாசெய் தார்க்கும் இனியவே செய்யாக்கால்
என்ன பயத்ததோ சால்பு.

ਨੁਕਸਾਨ ਪਹੁੰਚਾਣ ਵਾਲੇ ਨਾਲ ਉਪਕਾਰ ਨਾ ਕੀਤਾ ਜਾਏ ਤਾਂ
ਗੁਣਵਾਨ ਹੋਣ ਦਾ ਕੀ ਲਾਭ।

**988.** இன்மை ஒருவற்கு இளிவுஅன்று சால்புஎன்னும்
திண்மைஉண் டாகப் பெறின்.

ਗੁਣਵਾਨ ਵਿਅਕਤੀ ਲਈ ਧੰਨ ਦਾ ਅਭਾਵ
ਲੱਜਾ ਦਾ ਕਾਰਨ ਨਹੀਂ ਬਣਦਾ।

**989.** ஊழி பெயரினும் தாம்பெயரார் சான்றாண்மைக்கு
ஆழி எனப்படு வார்.

ਪਰਲੈ-ਕਾਲ ਵਿਚ ਚਾਹੇ ਸਭ ਅਸਤ ਵਿਅਸਤ ਹੋ ਜਾਏ
ਗੁਣਾਂ ਦੇ ਸਾਗਰ ਆਪਣੀ ਮਰਿਆਦਾ ਨੂੰ ਨਹੀਂ ਤਿਆਗਦੇ।

**990.** சான்றவர் சான்றாண்மை குன்றின் இருநிலம்தான்
தாங்காது மன்னோ பொறை.

ਗੁਣਵਾਨ ਵਿਅਕਤੀ ਦੇ ਚੰਗੇ ਗੁਣਾਂ ਵਿਚ ਜੇ ਵਿਕਾਰ ਆ ਜਾਏ
ਤਾਂ ਇਹ ਵਿਸ਼ਾਲ ਸੰਸਾਰ ਆਪਣੇ ਭਾਰ ਨੂੰ ਸਹਿਣ ਕਰਨ ਤੋਂ
ਅਸਮ੍ਰੱਥ ਹੋ ਜਾਏਗਾ।

# 100

## பண்புடைமை

## ਸ੍ਰਿਸ਼ਟਾਚਾਰ

**991.** எண்பதத்தால் எய்தல் எளிதுஎன்ப யார்மாட்டும்
பண்புஉடைமை என்னும் வழக்கு.

ਜੋ ਸਭਨਾ ਨਾਲ ਇਕੋ ਜਿਹਾ ਪਿਆਰ ਭਰਿਆ ਵਰਤਾਓ ਕਰਦਾ ਹੈ
ਉਹ ਅਸਲੀ ਸ੍ਰਿਸ਼ਟਾਚਾਰੀ ਹੁੰਦਾ ਹੈ।

**992.** அன்புஉடைமை ஆன்ற குடிப்பிறத்தல் இவ்விரண்டும்
பண்புஉடைமை என்னும் வழக்கு.

ਸਨੇਹਸ਼ੀਲਤਾ ਤੇ ਖਾਨਦਾਨੀਪਨ ਦੇ ਸੰਯੋਗ ਵਿਚੋਂ ਸ੍ਰਿਸ਼ਟਾਚਾਰ
ਉਪਜਦਾ ਹੈ।

**993.** உறுப்புஒத்தல் மக்கள்ஒப்பு அன்றால் வெறுத்தக்க
பண்புஒத்தல் ஒப்பதாம் ஒப்பு.

ਸਰੀਰਕ ਸਮਾਨਤਾ ਨਾਲ ਆਤਮਾਵਾਂ ਦੀ ਸਮਾਨਤਾ ਨਹੀਂ ਹੋ ਜਾਂਦੀ
ਸਗੋਂ ਗੁਣਾਂ ਤੇ ਵਿਚਾਰਾਂ ਦੀ ਸਮਾਨਤਾ ਹੀ ਅਸਲੀ ਸਮਾਨਤਾ ਹੁੰਦੀ ਹੈ।

**994.** நயனொடு நன்றி புரிந்த பயன்உடையார்
பண்புபா ராட்டும் உலகு.

ਸੰਸਾਰ ਅਜਿਹੇ ਸ਼ਿਸ਼ਟ ਲੋਕਾਂ ਦੀ ਸਲਾਹੁਤਾ ਕਰਦਾ ਹੈ ਜੋ
ਨਿਆਇ ਤੇ ਕਰੁਣਾ ਦੇ ਨਾਲ ਪਰਉਪਕਾਰ ਕਰਦੇ ਹਨ।

**995.** நகையுள்ளும் இன்னாது இகழ்ச்சி பகையுள்ளும்
பண்புஉள பாடுஅறிவார் மாட்டு.

ਹਾਸੇ ਮਜ਼ਾਕ ਲਈ ਵੀ ਮਿੱਤਰਾਂ ਦਾ ਅਨਾਦਰ ਜਾਂ ਮਜ਼ਾਕ ਉਡਾਣਾ
ਗ਼ਲਤ ਹੈ। ਜੋ ਦੂਜਿਆਂ ਦੀਆਂ ਭਾਵਨਾਵਾਂ ਦਾ ਆਦਰ ਕਰਨਾ
ਜਾਣਦਾ ਹੈ ਉਹ ਦੁਸ਼ਮਣ ਨਾਲ ਵੀ ਚੰਗਾ ਵਿਉਹਾਰ ਕਰਦਾ ਹੈ।

**996.** பண்புஉடையார்ப் பட்டுஉண்டு உலகம் அதுஇன்றேல்
மண்புக்கு மாய்வது மன்.

ਇਹ ਸੰਸਾਰ ਸ਼ਿਸ਼ਟ ਤੇ ਸਦਾਚਾਰੀ ਵਿਅਕਤੀਆਂ ਦੇ ਕਾਰਨ ਹੀ
ਕਾਇਮ ਹੈ ਨਹੀਂ ਤਾਂ ਇਹ ਕਦੋਂ ਦਾ ਮਿੱਟੀ ਵਿਚ ਸਮਾ ਚੁੱਕਾ ਹੁੰਦਾ।

**997.** அரம்போலும் கூர்மைய ரேனும் மரம்போல்வர்
மக்கட்பண்பு இல்லா தவர்.

ਮਨੁੱਖੀ ਗੁਣਾਂ ਤੋਂ ਸੱਖਣਾ ਵਿਅਕਤੀ ਭਾਵਨਾਵਾਂ ਰਹਿਤ ਰੁੱਖ ਵਾਂਗ ਹੁੰਦਾ ਹੈ
ਭਾਵੇਂ ਕਿ ਉਸ ਦੀ ਬੁੱਧੀ ਰੇਤੀ ਵਾਂਗ ਤਿੱਖੀ ਹੀ ਕਿਉਂ ਨਾ ਹੋਵੇ।

**998.** நண்புஆற்றா ராகி நயம்இல செய்வார்க்கும்
பண்புஆற்றார் ஆதல் கடை.

ਜੋ ਲੋਕ ਸ਼ਤਰੂਤਾ ਕਰਦੇ ਹੋਏ ਦੁਰ-ਵਿਉਹਾਰ ਕਰਨ ਉਹਨਾਂ ਪ੍ਰਤੀ
ਸ੍ਰਿਸ਼ਟਾਚਾਰ ਦਾ ਵਿਉਹਾਰ ਨਾ ਕਰਨਾ ਕਮੀਨਾਪਨ ਕਹਾਏਗਾ।

**999.** நகல்வல்லர் அல்லார்க்கு மாயிரு ஞாலம்
பகலும்பாற் பட்டன்று இருள்.

ਜੋ ਵਿਅਕਤੀ ਸਭ ਨਾਲ ਮਿਲ ਜੁਲ ਕੇ ਪ੍ਰਸੰਨਤਾ ਪੂਰਬਕ ਵਿਉਹਾਰ ਨਹੀਂ
ਕਰ ਸਕਦਾ ਉਸ ਲਈ ਸੰਸਾਰ ਦਿਨ ਦਿਹਾੜੇ ਵੀ ਹਨੇਰੇ ਭਰਪੂਰ ਹੁੰਦਾ ਹੈ।

**1000.** பண்புஇலான் பெற்ற பெருஞ்செல்வம் நன்பால்
கலந்தீமை யால்திரிந் தற்று.

ਚੰਗੇ ਸੰਸਕਾਰਾਂ ਤੇ ਸ਼ਿਸ਼ਟਾਚਾਰ ਰਹਿਤ ਵਿਅਕਤੀ ਦੀ ਸੰਪਤੀ
ਉਸੇ ਤਰ੍ਹਾਂ ਬਰਬਾਦ ਹੋ ਜਾਂਦੀ ਹੈ ਜਿਵੇਂ ਗੰਦੇ ਭਾਂਡੇ ਵਿਚਲਾ ਨਿਰਮਲ
ਦੁੱਧ ਖ਼ਰਾਬ ਹੋ ਜਾਂਦਾ ਹੈ।

# 101

## நன்றிஇல் செல்வம்

## ਨਿਸਫਲ ਧੰਨ

**1001.** வைத்தான்வாய் சான்ற பெரும்பொருள் அஃதுஉண்ணான்
செத்தான் செயக்கிடந்தது இல்.

ਬੇਅੰਤ ਧੰਨ ਇਕੱਠਾ ਕਰਨ ਤੋਂ ਪਿਛੋਂ ਜੋ ਉਸ ਦਾ ਆਨੰਦ ਨਹੀਂ
ਲੈ ਸਕਦਾ ਉਸ ਦਾ ਜੀਵਨ ਮੁਰਦੇ ਸਮਾਨ ਹੈ।

**1002.** பொருளான்ஆம் எல்லாம்என்று ஈயாது இவறும்
மருளான்ஆம் மாணாப் பிறப்பு

ਜੋ ਕੰਜੂਸ ਧੰਨ ਨਾਲ ਸਭ ਕੁਝ ਸੰਭਵ ਮੰਨ ਕੇ ਵੀ ਨਾ ਤਾਂ ਦੂਸਰਿਆਂ
ਨੂੰ ਦੇਂਦਾ ਹੈ ਤੇ ਨਾ ਹੀ ਆਪ ਮਾਣਦਾ ਹੈ ਉਹ ਪ੍ਰੇਤ ਜੂਨੀ ਪ੍ਰਾਪਤ ਕਰੇਗਾ।

**1003.** ஈட்டம் இவறி இசைவேண்டா ஆடவர்
தோற்றம் நிலக்குப் பொறை.

ਹਮੇਸ਼ਾ ਧੰਨ ਇਕੱਠਾ ਕਰਨ ਵਿਚ ਹੀ ਲਗੇ ਰਹਿਣ ਤੇ ਸੱਚੀ ਕੀਰਤੀ ਦੀ ਖਾਹਿਸ਼
ਹੀ ਨਾ ਕਰਨ ਵਾਲੇ ਲੋਕ ਇਸ ਧਰਤੀ ਲਈ ਬੋਝ ਹੁੰਦੇ ਹਨ।

**1004.** எச்சம்என்று என்எண்ணும் கொல்லோ ஒருவரால்
நச்சப் படாஅ தவன்.

ਜਿਊਂਦੇ ਜੀਅ ਪਰਉਪਕਾਰ ਨਾ ਕਰਨ ਦੇ ਫਲ ਸਰੂਪ ਕਿਸੇ ਦਾ ਪ੍ਰੇਮ ਨਾ ਪ੍ਰਾਪਤ ਕਰਨ ਵਾਲਾ ਵਿਅਕਤੀ ਮ੍ਰਿਤਯੂ ਤੋਂ ਪਿਛੋਂ ਵਿਸ਼ੇਸ਼ ਤੌਰ ਤੇ ਰਹਿਣ ਵਾਲੀ ਕਿਹੜੀ ਚੀਜ਼ ਛੱਡ ਜਾਏਗਾ।

**1005.** *கொடுப்பதூஉம் துய்ப்பதூஉம் இல்லார்க்கு அடுக்கிய*
*கோடிஉண் டாயினும் இல்.*

ਜੋ ਲੋਕ ਦੂਸਰਿਆਂ ਨੂੰ ਨਹੀਂ ਦੇਂਦੇ ਉਹਨਾਂ ਪਾਸ ਬੇਅੰਤ ਧੰਨ ਸੰਪਤੀ ਹੋਣ ਤੇ ਵੀ ਉਹ ਕੇਵਲ ਕੰਗਾਲ ਹੀ ਹਨ ਹੋਰ ਕੁਝ ਨਹੀਂ।

**1006.** *ஏதம் பெருஞ்செல்வம் தான்துவ்வான் தக்கார்க்குஒன்று*
*ஈதல் இயல்பிலா தான்.*

ਜੋ ਨਾ ਤਾਂ ਧੰਨ ਦੀ ਵਰਤੋਂ ਆਪ ਕਰਦਾ ਹੈ ਤੇ ਨਾ ਹੀ ਮਿੱਤ੍ਰਾਂ ਦਾ ਉਪਕਾਰ ਕਰਦਾ ਹੈ ਅਜਿਹਾ ਵਿਅਕਤੀ ਆਪਣੀ ਸੰਪਤੀ ਲਈ ਇਕ ਰੋਗ ਹੀ ਹੈ।

**1007.** *அற்றார்க்குஒன்று ஆற்றாதான் செல்வம் மிகநலம்*
*பெற்றாள் தமியள்மூத் தற்று.*

ਅਨਾਥਾਂ ਤੇ ਲੋੜਵੰਦਾਂ ਨੂੰ ਕੁਝ ਨਾ ਦੇਣ ਵਾਲੇ ਵਿਅਕਤੀ ਦੀ ਸੰਪਤੀ ਉਸ ਬਹੁਤ ਸੁੰਦਰ ਯੁਵਤੀ ਵਾਂਗ ਹੈ ਜੋ ਇਕੱਲੀ ਰਹਿ ਕੇ ਆਪਣੀ ਜੁਆਨੀ ਗੰਵਾ ਕੇ ਬੁੱਢੀ ਹੋ ਜਾਂਦੀ ਹੈ।

**1008.** *நச்சப் படாதவன் செல்வம் நடுஊருள்*
*நச்சு மரம்பழுத் தற்று.*

ਜੋ ਕਿਸੇ ਦਾ ਉਪਕਾਰ ਨਹੀਂ ਕਰਦਾ ਤੇ ਇਉਂ ਕਿਸੇ ਦਾ ਪਿਆਰ ਨਹੀਂ ਪ੍ਰਾਪਤ ਕਰਦਾ ਅਜਿਹਾ ਵਿਅਕਤੀ ਪਿੰਡ ਦੇ ਵਿਚਕਾਰ ਖੜੇ ਜ਼ਹਿਰੀਲੇ ਫ਼ਲ ਦੇ ਰੁੱਖ ਵਾਂਗ ਹੈ।

**1009.** *அன்புஒரீஇத் தன்செற்று அறம்நோக்காது ஈட்டிய*
*ஒண்பொருள் கொள்வார் பிறர்.*

ਦੂਸਰਿਆਂ ਪ੍ਰਤੀ ਪਿਆਰ ਰਹਿਤ ਰਹਿ ਕੇ ਆਪ ਦੁੱਖ ਤਕਲੀਫ਼ਾਂ ਸਹਿ ਕੇ ਜੋ ਵਿਅਕਤੀ ਧੰਨ ਸੰਪਤੀ ਇਕੱਠੀ ਕਰਦਾ ਹੈ ਉਸ ਦੀ ਵਰਤੋਂ ਦੂਜੇ ਓਪਰੇ ਲੋਕ ਕਰਦੇ ਹਨ।

**1010.** *சீருடைச் செல்வர் சிறுதுனி மாரி.*
*வறம்கூர்ந் தனையது உடைத்து.*

ਦਾਨਸ਼ੀਲ ਧੰਨਵਾਨ ਜੇ ਥੋੜੇ ਸਮੇਂ ਲਈ ਧੰਨ ਤੋਂ ਖਾਲੀ ਹੋ ਜਾਂਦਾ ਹੈ ਤਾਂ ਉਹ ਉਸ ਵਰ੍ਹਣ ਵਾਲੇ ਬੱਦਲਾਂ ਵਾਂਗ ਹੈ ਜੋ ਥੋੜੇ ਸਮੇਂ ਲਈ ਜਲ-ਹੀਣ ਹੋ ਜਾਂਦਾ ਹੈ।

# 102

## நாண் உடைமை

## ਲੱਜਾਸ਼ੀਲਤਾ

**1011.** கருமத்தால் நாணுதல் நாணுந் திருநுதல்
நல்லவர் நாணுப் பிற.

ਪਾਪ-ਕਰਮਾਂ ਤੋਂ ਡਰਨਾ ਹੀ ਸੱਚੀ ਲੱਜਾਸ਼ੀਲਤਾ ਹੈ। ਸੁਹਣੀ ਮੁਟਿਆਰ
ਦੀ ਸੁਭਾਵਕ ਲੱਜਾ ਕੁਝ ਹੋਰ ਹੀ ਹੁੰਦੀ ਹੈ।

**1012.** ஊண்உடை எச்சம் உயிர்க்குஎல்லாம் வேறுஅல்ல
நாண்உடைமை மாந்தர் சிறப்பு.

ਖਾਣ ਪੀਣ ਪਹਿਨਣ ਆਦਿ ਸਭ ਮਨੁੱਖਾਂ ਵਿਚ ਇਕ ਸਮਾਨ ਹੈ
ਪਰੰਤੂ ਸੱਜਨ ਪੁਰਸ਼ਾਂ ਦੀ ਵਿਸ਼ੇਸ਼ਤਾਂ ਉਹਨਾਂ ਦੀ ਲੱਜਾਸ਼ੀਲਤਾ ਵਿਚ ਹੈ।

**1013.** ஊனைக் குறித்த உயிரெல்லாம் நாண்என்னும்
நன்மை குறித்தது சால்பு.

ਜਿਵੇਂ ਸਾਡੇ ਪ੍ਰਾਣਾਂ ਦਾ ਨਿਵਾਸ ਅਸਥਾਨ ਸਾਡਾ ਸਰੀਰ ਹੁੰਦਾ ਹੈ ਇਵੇਂ ਹੀ
ਗੁਣਵਾਨਾਂ ਦੇ ਗੁਣਾਂ ਦਾ ਧੁਰਾ ਲੱਜਾ ਹੈ।

**1014.** அணிஅன்றோ நாண்உடைமை சான்றோர்க்கு அஃதுஇன்றேல்
பிணிஅன்றோ பீடு நடை.

ਲੱਜਾਸ਼ੀਲਤਾ ਮਹਾਨ ਵਿਅਕਤੀਆਂ ਦਾ ਇਕ ਗਹਿਣਾ ਹੈ। ਇਸ
ਦੀ ਅਣਹੋਂਦ ਵਿਚ ਹੰਕਾਰ ਭਰੀ ਚਾਲ ਇਕ ਬੀਮਾਰੀ ਹੀ ਹੈ।

**1015.** பிறர்பழியும் தம்பழியும் நாணுவார் நாணுக்கு
உறைபதி என்னும் உலகு.

ਜੋ ਆਪਣੇ ਤੇ ਦੂਜਿਆਂ ਦੇ ਦੋਸ਼ਾਂ ਉਤੇ ਲਜਿੱਤ ਹੁੰਦੇ ਹਨ ਅਜਿਹੇ ਵਿਅਕਤੀਆਂ
ਨੂੰ ਸੰਸਾਰ ਉੱਤਮ ਵਰਤਾਉ ਦੇ ਮਾਲਕ ਮੰਨਦਾ ਹੈ।

**1016.** நாண்வேலி கொள்ளாது மன்னோ வியன்ஞாலம்
பேணலர் மேலா யவர்.

ਉੱਤਮ ਸੁਭਾਅ ਦੇ ਵਿਅਕਤੀ ਲੱਜਾ ਰੂਪੀ ਵਾੜ ਨਾਲ ਆਪਣੀ ਸੁਰੱਖਿਆ
ਕੀਤੇ ਬਿਨਾ ਵਿਸ਼ਾਲ ਸੰਸਾਰ ਦੇ ਸੁੱਖ-ਭੋਗਾਂ ਨੂੰ ਸਵੀਕਾਰ ਨਹੀਂ ਕਰਦੇ।

1017. நாணால் உயிரைத் துறப்பர் உயிர்ப்பொருட்டால்
நாண்துறவார் நாண்ஆள் பவர்.

ਲੱਜਾਸ਼ੀਲਤਾ ਨੂੰ ਜੀਵਨ ਦਾ ਧੰਨ ਮੰਨਣ ਵਾਲੇ ਵਿਅਕਤੀ ਲੱਜਾ ਲਈ ਪ੍ਰਾਣ
ਤਿਆਗ ਸਕਦੇ ਹਨ, ਪ੍ਰੰਤੂ ਪ੍ਰਾਣਾ ਖਾਤਰ ਲੱਜਾ ਨਹੀਂ ਤਿਆਗ ਸਕਦੇ।

1018. பிறர்நாணத் தக்கது தான்நாணான் ஆயின்
அறம்நாணத் தக்கது உடைத்து.

ਜੇ ਵਿਅਕਤੀ ਨਿਰਲੱਜ ਹੋ ਕੇ ਅਜਿਹਾ ਕੰਮ ਕਰੇ ਜਿਸ ਨੂੰ ਕਰਦੇ ਹੋਏ ਦੂਜੇ ਲੋਕ
ਲਜਿੱਤ ਹੁੰਦੇ ਹਨ ਤਾਂ ਧਰਮ ਆਪ ਲੱਜਿਤ ਹੋ ਕੇ ਉਸ ਨੂੰ ਤਿਆਗ ਦੇਂਦਾ ਹੈ।

1019. குலம்சுடும் கொள்கை பிழைப்பின் நலம்சுடும்
நாணின்மை நின்றக் கடை.

ਸਦਾਚਾਰ ਤੋਂ ਗਿਰਨ ਨਾਲ ਖਾਨਦਾਨ ਦੇ ਗੌਰਵ ਦੀ ਹਾਨੀ ਹੁੰਦੀ ਹੈ
ਪਰੰਤੂ ਨਿਰਲੱਜਤਾ ਤਾਂ ਸਭ ਗੁਣਾਂ ਦਾ ਹੀ ਨਾਸ ਕਰ ਦੇਂਦੀ ਹੈ।

1020. நாண்அகத்து இல்லார் இயக்கம் மரப்பாவை
நாணால் உயிர்மருட்டி யற்று.

ਨਿਰਲੱਜ ਦੇ ਹਿਰਦੇ ਵਿਚ ਲੱਜਾ ਨਹੀਂ ਹੁੰਦੀ। ਉਸ ਦੇ ਕੰਮ ਕਾਰ ਕੱਠਪੁਤਲੀਆਂ
ਦੇ ਨਾਚ ਵਾਂਗ ਪ੍ਰਾਣ ਰਹਿਤ ਹੁੰਦੇ ਹਨ।

# 103

## குடிசெயல் வகை

## ਕੁੱਲ ਦਾ ਕਲਿਆਣ

1021. கருமம் செயஒருவன் கைதூவேன் என்னும்
பெருமையின் பீடுஉடையது இல்.

"ਕੁੱਲ ਦੇ ਕਲਿਆਣ ਲਈ ਆਪਣੇ ਫਰਜ਼ਾਂ ਤੋਂ ਮੈਂ ਕਦੇ ਵੀ ਪਿਛੇ ਨਹੀਂ ਹਟਾਂਗਾ।
ਇਸ ਤੋਂ ਵਧ ਕੇ ਮਹਾਨ ਭਾਵਨਾ ਹੋਰ ਕੋਈ ਨਹੀਂ।

1022. ஆள்வினையும் ஆன்ற அறிவும் எனஇரண்டின்
நீள்வினையால் நீளும் குடி.

ਜੋ ਬੁੱਧੀ ਦੇ ਬਲ ਨਾਲ ਧੀਰਜ ਪੂਰਬਕ ਪ੍ਰੀਸ਼ਰਮ ਤੇ ਪ੍ਰਯਤਨ ਕਰਦਾ ਹੈ
ਉਸ ਦੇ ਖਾਨਦਾਨ ਦਾ ਉਥਾਨ ਹੁੰਦਾ ਹੈ।

**1023.** *குடிசெய்வல் என்னும் ஒருவற்குத் தெய்வம்*
*மடிதற்றுத் தான்முந் துறும்.*

ਜੋ ਆਪਣੇ ਖਾਨਦਾਨ ਦੀ ਪ੍ਰਫੁੱਲਤਾ ਲਈ ਇਰਾਦੇ ਭਰਪੂਰ ਯਤਨ ਕਰਦਾ ਹੈ
ਦੇਵ ਲੋਕ ਆਪ ਅਗੇ ਵਧ ਕੇ ਉਸ ਦੀ ਸਹਾਇਤਾ ਕਰਦੇ ਹਨ।

**1024.** *சூழாமல் தானே முடிவுஎய்தும் தம்குடியைத்*
*தாழாது உஞற்று பவர்க்கு.*

ਜੋ ਆਪਣੇ ਖਾਨਦਾਨ ਦੀ ਉਨਤੀ ਲਈ ਯਤਨਾਂ ਵਿਚ ਢਿੱਲ ਨਹੀਂ ਕਰਦਾ
ਉਸ ਦਾ ਕੰਮ ਆਪਣੇ ਆਪ ਫ਼ਲੀਭੂਤ ਹੋ ਜਾਂਦਾ ਹੈ।

**1025.** *குற்றம் இலனாய்க் குடிசெய்து வாழ்வானைச்*
*சுற்றமாச் சுற்றும் உலகு.*

ਜੋ ਧਰਮ-ਮਾਰਗ ਉਤੇ ਚਲ ਕੇ ਆਪਣੇ ਖਾਨਦਾਨ ਨੂੰ ਚੋਟੀ ਤੇ ਪਹੁੰਚਾਂਦਾ ਹੈ
ਸਾਰਾ ਸੰਸਾਰ ਪ੍ਰੇਮ ਨਾਲ ਉਸ ਨੂੰ ਭਰਾ ਦੇ ਰੂਪ ਵਿਚ ਅਪਣਾਏਗਾ।

**1026.** *நல்ஆண்மை என்பது ஒருவற்குத் தான்பிறந்த*
*இல்ஆண்மை ஆக்கிக் கொளல்.*

ਮਨੁੱਖ ਦੀ ਮਨੁੱਖਤਾਈ ਇਸੇ ਵਿਚ ਹੈ ਕਿ ਉਸ ਨੇ ਜਿਸ ਕੁਲ ਵਿਚ ਜਨਮ ਲਿਆ ਹੈ
ਉਸ ਕੁਲ ਦਾ ਨਾਇਕ ਬਣ ਕੇ ਉਸ ਨੂੰ ਸਿਖਰ ਤੇ ਪਹੁੰਚਾ ਦੇਵੇ।

**1027.** *அமர்அகத்து வன்கண்ணர் போலத் தமர்அகத்தும்*
*ஆற்றுவார் மேற்றே பொறை.*

ਜਿਵੇਂ ਰਣ-ਖੇਤਰ ਵਿਚ ਸੈਨਾ-ਨਾਇਕ ਉਤੇ ਹੀ ਸਾਰਾ ਕੁਝ ਨਿਰਭਰ ਹੁੰਦਾ ਹੈ
ਉਵੇਂ ਹੀ ਕੁੱਲ ਦੀ ਰੱਖਿਆ ਦਾ ਭਾਰ ਯੋਗ ਤੇ ਹਿੰਮਤੀ ਨਾਇਕ ਉਤੇ ਹੀ ਆਉਂਦਾ ਹੈ।

**1028.** *குடிசெய்வார்க்கு இல்லை பருவம் மடிசெய்து*
*மானம் கருதக் கெடும்.*

ਜੋ ਆਪਣੇ ਵੰਸ਼ ਦੇ ਉੱਚੇ ਹਿਤ ਖਾਤਰ ਮਿਹਨਤ ਕਰਨਾ ਚਾਹੁੰਦੇ ਹਨ ਉਹ ਠੀਕ ਸਮੇਂ
ਦੀ ਉਡੀਕ ਨਹੀਂ ਕਰਦੇ। ਆਲਸ ਕਰਕੇ ਢਿੱਲੇ ਹੋ ਕੇ ਬੈਠੇ ਵਿਅਕਤੀ ਵੰਸ਼ ਦੇ ਗੌਰਵ
ਨੂੰ ਖਤਮ ਕਰ ਦੇਂਦੇ ਹਨ।

**1029.** *இடும்பைக்கே கொள்கலம் கொல்லோ குடும்பத்தைக்*
*குற்றம் மறைப்பான் உடம்பு.*

ਪਰੀਵਾਰ ਦੇ ਸੰਕਟਾਂ ਨੂੰ ਦੂਰ ਕਰਨ ਲਈ ਲਗਾਤਾਰ ਪ੍ਰਯਤਨਸ਼ੀਲ ਵਿਅਕਤੀ ਦਾ
ਸਰੀਰ ਕੀਹ ਦੁਖਾਂ ਤਕਲੀਫਾਂ ਦਾ ਨਿਵਾਸ ਸਥਾਨ ਨਹੀਂ ਬਣੇਗਾ।

**1030.** இடுக்கண்கால் கொன்றிட வீழும் அடுத்துஊன்றும்
நல்ஆள் இலாத குடி.

ਜਿਸ ਵੰਸ਼ ਵਿਚ ਬਿਪਤਾ ਦੇ ਸਮੇਂ ਔਕੜਾਂ ਨਾਲ ਜੂਝਣ ਯੋਗ ਵਿਅਕਤੀ ਨਹੀਂ ਹੁੰਦਾ ਸੰਕਟਾਂ ਦੀ ਕੁਲਹਾੜੀ ਉਸ ਵੰਸ਼ ਨੂੰ ਜੜ੍ਹੋਂ ਕੱਟ ਦੇਂਦੀ ਹੈ।

# 104

## உழவு

## ਖੇਤੀਬਾੜੀ

**1031.** சுழன்றும்ஏர்ப் பின்னது உலகம் அதனால்
உழந்தும் உழவே தலை.

ਮਿਹਨਤ ਭਰਪੂਰ ਹੋਣ ਤੇ ਵੀ ਖੇਤੀਬਾੜੀ ਸਭ ਤੋਂ ਉੱਤਮ ਵਿਵਸਾਇ ਹੈ। ਹੋਰਨਾਂ ਵਿਵਸਾਇਆਂ ਪਿਛੇ ਘੁੰਮਣ ਵਾਲਿਆਂ ਨੂੰ ਵੀ ਵਾਸਤਵਿਕ ਰੂਪ ਵਿਚ ਆਸਰਾ ਦੇਣ ਵਾਲੀ ਖੇਤੀਬਾੜੀ ਹੀ ਹੈ।

**1032.** உழுவார் உலகத்தார்க்கு ஆணிஅஃது ஆற்றாது
எழுவாரை எல்லாம் பொறுத்து.

ਕਿਸਾਨ ਜਗ-ਜੀਵਨ ਰੂਪੀ ਰਥ ਵਿਚ ਧੁਰੀ ਵਾਂਗ ਮਹੱਤਵਪੂਰਨ ਹੈ। ਜੋ ਖੇਤ ਵਾਹੁਣ ਦਾ ਕਸ਼ਟ ਉਠਾਣ ਵਿਚ ਅਸਮ੍ਰਥ ਹਨ ਉਹਨਾਂ ਨੂੰ ਵੀ ਜੀਵਨ ਕਿਸਾਨ ਹੀ ਦੇਂਦਾ ਹੈ।

**1033.** உழுதுஉண்டு வாழ்வாரே வாழ்வார்மற்று எல்லாம்
தொழுதுஉண்டு பின்செல் பவர்.

ਜੋ ਖੇਤੀ ਤੋਂ ਅੰਨ ਉਪਜਾ ਕੇ ਜੀਵਨ ਨਿਰਬਾਹ ਕਰਦੇ ਹਨ ਯਥਾਰਥ ਵਿਚ ਜਿਊਂਦੇ ਉਹੀ ਹਨ। ਹੋਰ ਲੋਕ ਤਾਂ ਉਹਨਾਂ ਦੀ ਕਮਾਈ ਉਤੇ ਹੀ ਜਿਊਂਦੇ ਹਨ।

**1034.** பலகுடை நீழலும் தம்குடைக்கீழ்க் காண்பர்
அலகுஉடை நீழ லவர்.

ਜਿਸ ਦੇਸ ਵਿਚ ਖਾਧ ਖੁਰਾਕ ਦੇ ਖੇਤ ਆਪਣੀ ਪੂਰੀ ਸ਼ਾਨ ਵਿਚ ਲਹਿਲਹਾਂਦੇ ਹਨ ਉਸ ਦੀ ਮਾਨਤਾ ਆਸ ਪਾਸ ਦੇ ਕਈ ਦੇਸਾਂ ਵਿਚ ਹੁੰਦੀ ਹੈ।

**1035.** இரவார் இரப்பார்க்குஒன்று ஈவர் கரவாது
கைசெய்துஊண் மாலை யவர்.

ਆਪਣੀ ਮਿਹਨਤ ਦੇ ਆਧਾਰ ਤੇ ਜਿਊਣ ਦੇ ਸੁਭਾ ਵਾਲੇ ਦੂਸਰਿਆਂ ਤੋਂ
ਮੰਗਦੇ ਨਹੀਂ। ਸਗੋਂ ਮੰਗਣ ਵਾਲਿਆਂ ਨੂੰ ਕੁਝ ਦੇਣ ਵਿਚ ਹੀ ਉਹਨਾਂ
ਨੂੰ ਆਨੰਦ ਆਉਂਦਾ ਹੈ।

**1036.** உழவினார் கைம்மடங்கின் இல்லை விழைவதூஉம்
விட்டேம்என் பார்க்கும் நிலை.

ਜੇ ਹਲ ਚਲਾਣ ਵਾਲੇ ਕਿਸਾਨ ਆਪਣੇ ਕੰਮ ਨੂੰ ਛੱਡ ਦੇਣ ਤਾਂ
ਸਭ ਇਛਾਵਾਂ ਦੇ ਤਿਆਗੀ ਸੰਨਿਆਸੀਆਂ ਦੀ ਹੋਂਦ ਵੀ ਨਹੀਂ ਰਹੇਗੀ।

**1037.** தொடிப்புழுதி கஃசா உணக்கின் பிடித்துஎருவும்
வேண்டாது சாலப் படும்.

ਵਾਹੁਣ ਤੋਂ ਪਿਛੋਂ ਖੇਤ ਵਿਚਲੀ ਮਿੱਟੀ ਸੁੱਕ ਕੇ ਚੌਥਾ ਹਿੱਸਾ ਹੋ ਜਾਏ ਤਾਂ ਉਹ ਧਰਤੀ
ਮੁੱਠੀ ਭਰ ਖਾਦ ਤੋਂ ਬਿਨਾਂ ਹੀ ਭਰਪੂਰ ਅੰਨ ਉਪਜਾ ਦੇਂਦੀ ਹੈ।

**1038.** ஏரினும் நன்றால் எருஇடுதல் கட்டபின்
நீரினும் நன்றுஅதன் காப்பு.

ਵਾਹੁਣ ਤੋਂ ਪਿਛੋਂ ਖੇਤੀ ਵਿਚ ਖਾਦ ਪਾਉਣੀ ਚੰਗੀ ਹੈ। ਫਾਲਤੂ ਜੜ੍ਹੀ ਬੂਟੀਆਂ
ਕਢਣ ਪਿਛੋਂ ਉਸ ਨੂੰ ਪਾਣੀ ਦੇਣ ਨਾਲੋਂ ਕੀੜਿਆਂ ਤੇ ਬੀਮਾਰੀਆਂ ਤੋਂ
ਬਚਾਉਣਾ ਵਧੇਰੀ ਜ਼ਰੂਰੀ ਹੈ।

**1039.** செல்லான் கிழவன் இருப்பின் நிலம்புலந்து
இல்லாளின் ஊடி விடும்.

ਜੇ ਧਰਤੀ ਦਾ ਮਾਲਕ ਹਰ ਰੋਜ਼ ਖੇਤ ਵਿਚ ਜਾ ਕੇ ਉਸ ਦੀ ਦੇਖ ਭਾਲ ਨਾ ਕਰੇ
ਤਾਂ ਧਰਤੀ ਅਨਗੌਲੀ ਪਤਨੀ ਵਾਂਗ ਉਸ ਨਾਲ ਰੁੱਸ ਜਾਏਗੀ।

**1040.** இலம்என்று அசைஇ இருப்பாரைக் காணின்
நிலம்என்னும் நல்லாள் நகும்.

ਆਪਣੀ ਗਰੀਬੀ ਦਾ ਰੋਣਾ ਰੋਂਦੇ ਹੋਏ ਮਿਹਨਤ ਤੋਂ ਭੱਜਣ ਵਾਲੇ ਕੰਮ-ਚੋਰ
ਦੇ ਅਗਿਆਨ ਉਤੇ ਧਰਤੀ ਮਾਤਾ ਮਨ ਹੀ ਮਨ ਵਿਚ ਹੱਸਦੀ ਹੈ।

# 105

## நல்குரவு

## ਗਰੀਬੀ

**1041.** இன்மையின் இன்னாதது யாதுஎனின் இன்மையின்
இன்மையே இன்னா தது.

ਜੇ ਪੁੱਛਿਆ ਜਾਏ ਕਿ ਗਰੀਬੀ ਦੇ ਸਮਾਨ ਦੁਖਦਾਈ ਵਸਤ
ਕਿਹੜੀ ਹੈ ਤਾਂ ਉੱਤਰ ਮਿਲੇਗਾ ਗਰੀਬੀ ਦੇ ਸਮਾਨ ਪੀੜਾ-ਦਾਇਕ
ਗਰੀਬੀ ਹੀ ਹੈ।

**1042.** இன்மை எனஒரு பாவி மறுமையும்
இம்மையும் இன்றி வரும்.

ਗਰੀਬੀ ਰੂਪੀ ਪਾਪਣ ਜੇ ਕਿਸੇ ਨੂੰ ਆਪਣੇ ਕਲਾਵੇ ਵਿਚ ਜਕੜ
ਲੈਂਦੀ ਹੈ ਤਾਂ ਉਸ ਨੂੰ ਨਾ ਇਸ ਲੋਕ ਦਾ ਸੁੱਖ ਮਿਲੇਗਾ ਤੇ ਨਾ ਹੀ
ਪਰਲੋਕ ਦਾ ਆਨੰਦ।

**1043.** தொல்வரவும் தோலும் கெடுக்கும் தொகையாக
நல்குரவு என்னும் நசை.

ਗਰੀਬੀ ਇਕ ਅਜਿਹਾ ਜਾਲ ਹੈ ਜੋ ਵਿਅਕਤੀ ਦੇ ਵੰਸ਼-ਗੌਰਵ
ਯੱਸ਼ ਤੇ ਬਚਨਾਂ ਦੀ ਮਿਠਾਸ ਨੂੰ ਇਕੱਠਿਆਂ ਹੀ ਨਸ਼ਟ ਕਰ ਦੇਂਦਾ ਹੈ।

**1044.** இற்பிறந்தார் கண்ணேயும் இன்மை இளிவந்த
சொற்பிறக்கும் சோர்வு தரும்.

ਗਰੀਬੀ ਚੰਗੇ ਵੰਸ਼ ਦੇ ਵਿਅਕਤੀ ਦੇ ਮੂੰਹੋਂ ਵੀ ਭੈੜੇ
ਤੇ ਕਮੀਨ ਲੋਕਾਂ ਵਾਲੀ ਸ਼ਬਦਾਵਲੀ ਉਚਰਵਾ ਦੇਂਦੀ ਹੈ।

**1045.** நல்குரவு என்னும் இடும்பையுள் பல்குரைத்
துன்பங்கள் சென்று படும்.

ਨਿਰਧੰਨਤਾ ਇਕ ਅਜਿਹੀ ਲਾਨਤ ਹੈ ਜੋ ਹੋਰ ਅਨੇਕਾਂ ਪੀੜਾਂ
ਨੂੰ ਨਾਲ ਲੈ ਆਉਂਦੀ ਹੈ।

**1046.** நற்பொருள் நன்குஉணர்ந்து சொல்லினும் நல்கூர்ந்தார்
சொற்பொருள் சோர்வு படும்.

ਸ੍ਰੇਸ਼ਟ ਵਿਸ਼ੇ ਦੇ ਸੂਖਮ ਗਿਆਨ ਤੇ ਗੰਭੀਰ ਚਿੰਤਨ ਉਪ੍ਰੰਤ
ਵੀ ਨਿਰਧੰਨ ਦਾ ਉਪਦੇਸ਼ਾਤਮਕ ਭਾਸ਼ਨ ਵਿਅਰਥ ਜਾਂਦਾ ਹੈ।

**1047.** *அறஞ்சாரா நல்குரவு ஈன்றதா யானும்*
*பிறன்போல நோக்கப் படும்.*

ਧਰਮ ਵਿਰੁਧ ਗਰੀਬ ਵਿਅਕਤੀ ਨੂੰ ਉਸ ਦੀ ਆਪਣੀ ਮਾਂ ਵੀ
ਪਰਾਏ ਵਾਂਗ ਵੇਖਦੀ ਹੈ।

**1048.** இன்றும் வருவது கொல்லோ நெருநலும்
கொன்றது போலும் நிரப்பு.

ਕਲ ਜਿਸ ਨਿਰਧੰਨਤਾ ਨੇ ਮੇਰੇ ਪ੍ਰਾਣ ਲਗਭਗ ਲੈ ਲਏ ਸਨ
ਕੀਹ ਉਹ ਅਜ ਵੀ ਆ ਕੇ ਮੈਨੂੰ ਦਬੋਚੇਗੀ।

**1049.** நெருப்பினுள் துஞ்சலும் ஆகும் நிரப்பினுள்
யாதுஒன்றும் கண்பாடு அரிது.

ਅਗਨੀ ਦੇ ਭਾਂਬੜ ਦੇ ਵਿਚ ਵੀ ਸੌਣਾ ਸੰਭਵ ਹੈ ਪ੍ਰੰਤੂ
ਗਰੀਬੀ ਦੇ ਵਿਚ ਝਪਕੀ ਲੈਣੀ ਵੀ ਅਸੰਭਵ ਹੈ।

**1050.** துப்புரவு இல்லார் துவரத் துறவாமை
உப்பிற்கும் காடிக்கும் கூற்று.

ਸਾਧਨ-ਹੀਣ ਵਿਅਕਤੀ ਸਭ ਕੁਝ ਦਾ ਤਿਆਗ ਕਰਨ ਦੀ
ਸਥਿਤੀ ਵਿਚ ਹੋਣ ਤੇ ਵੀ ਇਹ ਸੋਚ ਕੇ ਸੰਨਿਆਸ ਨਹੀਂ ਲੈਂਦਾ
ਕਿ ਫਿਰ ਤਾਂ ਲੂਣ ਤੇ ਲੱਸੀ ਦੇ ਵੀ ਲਾਲੇ ਪੈ ਜਾਣਗੇ।

# 106

## இரவு

## ਮੰਗਣਾ

**1051.** இரக்க இரத்தக்கார்க் காணின் கரப்பின்
அவர்பழி தம்பழி அன்று.

ਜੋ ਦੇਣ ਵਿਚ ਸਮੱਥ ਹੈ ਅਜਿਹੇ ਵਿਅਕਤੀਆਂ ਤੋਂ ਮੰਗਣ ਵਿਚ
ਕੋਈ ਬੁਰਾਈ ਨਹੀਂ ਹੈ। ਪਰ ਜੇ ਉਹ ਨਾਂਹ ਕਰ ਦੇਣ ਤਾਂ ਇਸ ਵਿਚ
ਦੋਸ਼ ਉਹਨਾਂ ਦਾ ਹੈ ਮੰਗਣ ਵਾਲੇ ਦਾ ਨਹੀਂ।

**1052.** இன்பம் ஒருவற்கு இரத்தல் இரந்தவை
துன்பம் உறாஅ வரின்.

ਜੇ ਮੰਗੀ ਗਈ ਵਸਤੂ ਮੰਗਣ ਵਾਲੇ ਨੂੰ ਉਸੇ ਵੇਲੇ ਬਿਨਾ ਤਕਲੀਫ਼ ਦੇ ਹੀ
ਮਿਲ ਜਾਏ ਤਾਂ ਮੰਗਣਾ ਵੀ ਕਈ ਵਾਰੀ ਸੁਖਦਾਇਕ ਅਨੁਭਵ ਹੁੰਦਾ ਹੈ।

**1053.** கரப்புஇலா நெஞ்சின் கடன்அறிவார் முன்நின்று
இரப்பும்ஓர் ஏஎர் உடைத்து.

ਦਾਨ ਦੇਣ ਨੂੰ ਆਪਣਾ ਕਰਤੱਵ ਮੰਨਣ ਵਾਲੇ ਖੁਲ੍ਹੇ ਦਿਲ ਵਾਲੇ ਵਿਅਕਤੀ
ਸਾਹਮਣੇ ਖੜੇ ਹੋ ਕੇ ਮੰਗਣਾ ਵੀ ਸਨਮਾਨ ਦੀ ਗਲ ਹੈ।

**1054.** இரத்தலும் ஈதலே போலும் கரத்தல்
கனவிலும் தேற்றாதார் மாட்டு.

ਜੋ ਆਪਣੀ ਚੀਜ਼ ਨੂੰ ਸੁਪਨੇ ਵਿਚ ਵੀ ਲੁਕਾਣਾ ਨਹੀਂ ਜਾਣਦਾ
ਅਜਿਹੇ ਯੋਗ ਦਾਤੇ ਦੇ ਸਾਹਮਣੇ ਖੜੇ ਹੋ ਕੇ ਮੰਗਣ ਵਿਚ ਉਹੀ
ਆਨੰਦ ਪ੍ਰਾਪਤ ਹੁੰਦਾ ਹੈ ਜੋ ਦਾਨ ਦੇਂਦੇ ਸਮੇਂ ਮਿਲਦਾ ਹੈ।

**1055.** கரப்பிலார் வையகத்து உண்மையால் கண்நின்று
இரப்பவர் மேற்கொள் வது.

ਇਸ ਸੰਸਾਰ ਵਿਚ 'ਨਾਂਹ' ਕੀਤੇ ਬਿਨਾ ਦਾਨ ਦੇਣ ਵਾਲੇ ਦਾਤੇ ਰਹਿੰਦੇ ਹਨ
ਇਸੇ ਕਰਕੇ ਉਹਨਾਂ ਦੇ ਸਾਹਮਣੇ ਮੰਗਣ ਵਾਲੇ ਆ ਕੇ ਖੜੇ ਹੁੰਦੇ ਹਨ।

**1056.** கரப்புஇடும்பை இல்லாரைக் காணின் நிரப்புஇடும்பை
எல்லாம் ஒருங்கு கெடும்.

ਜੋ ਮੰਗਣ ਵਾਲੇ ਨੂੰ ਕਦੇ ਇਨਕਾਰ ਨਹੀਂ ਕਰਦਾ ਅਜਿਹੇ ਦਾਤਾ ਦੇ ਦਰਸ਼ਨ
ਮਾਤ੍ਰ ਨਾਲ ਮੰਗਣ ਵਾਲੇ ਦੀ ਗਰੀਬੀ ਰੂਪੀ ਪੀੜ ਪੂਰਨ ਰੂਪ ਵਿਚ
ਖਤਮ ਹੋ ਜਾਂਦੀ ਹੈ।

**1057.** இகழ்ந்துஎள்ளாது ஈவாரைக் காணின் மகிழ்ந்துஉள்ளம்
உள்ளுள் உவப்பது உடைத்து.

ਜੋ ਦਾਨੀ ਮੰਗਣ ਵਾਲੇ ਦੀ ਬੇਇਜ਼ਤੀ ਕੀਤੇ ਬਿਨਾ ਖੁਸ਼ੀ ਖੁਸ਼ੀ
ਦਾਨ ਦੇਂਦਾ ਹੈ ਉਸ ਨੂੰ ਦੇਖ ਕੇ ਮੰਗਣ ਵਾਲੇ ਦਾ ਮਨ ਖੁਸ਼ੀ ਨਾਲ ਭਰ ਜਾਂਦਾ ਹੈ।

**1058.** இரப்பாரை இல்லாயின் ஈர்ங்கண்மா ஞாலம்
மரப்பாவை சென்றுவந் தற்று.

ਜੇ ਸੰਸਾਰ ਵਿਚ ਇਕ ਵੀ ਮੰਗਣ ਵਾਲਾ ਨਾ ਹੁੰਦਾ ਤਾਂ ਇਸ ਸੀਤਲ
ਧਰਤੀ ਦਾ ਜਨ-ਜੀਵਨ ਸੂਤ੍ਰਧਾਰ ਦੁਆਰਾ ਕਰਾਏ ਜਾਂਦੇ ਕੱਠਪੁਤਲੀ
ਦੇ ਨਾਚ ਵਾਂਗ ਹੁੰਦਾ।

**1059.** ஈவார்கண் என்உண்டாம் தோற்றம் இரந்துகோள்
மேவார் இலாஅக் கடை.

ਜੇ ਧੰਨ ਦੀ ਮੰਗ ਕਰਨ ਵਾਲੇ ਯਾਚਕ ਹੀ ਨਾ ਹੁੰਦੇ ਤਾਂ
ਦਾਤਾ ਲੋਕ ਕਿਸ ਨੂੰ ਦਾਨ ਦੇ ਕੇ ਕੀਰਤੀ ਦੇ ਪਾਤਰ ਬਣਦੇ।

**1060.** இரப்பான் வெகுளாமை வேண்டும் நிரப்புஇடும்பை
தானேயும் சாலும் கரி.

ਮੰਗਣ ਤੇ ਵੀ ਦੇਣ ਵਾਲਾ ਜੇ ਨਾਂਹ ਕਰ ਦੇਵੇ ਤਾਂ ਯਾਚਕ ਨੂੰ
ਉਸ ਉਤੇ ਕ੍ਰੋਧ ਨਹੀਂ ਕਰਨਾ ਚਾਹੀਦਾ। ਸਗੋਂ ਅਨੁਭਵ ਕਰਨਾ ਚਾਹੀਦਾ ਹੈ
ਕਿ ਉਹ ਵੀ ਕਦੇ ਇਸੇ ਸਥਿਤੀ ਦਾ ਸ਼ਿਕਾਰ ਹੋ ਸਕਦਾ ਹੈ।

# 107

## இரவு அச்சம்
## ਮੰਗਣ ਦਾ ਡਰ

**1061.** கரவாது உவந்துஈயும் கண்ணன்னார் கண்ணும்
இரவாமை கோடி யுறும்.

ਮੰਗਦੇ ਸਾਰ ਆਪਣੇ ਕੋਲ ਦੀ ਵਸਤੂ ਨੂੰ ਪ੍ਰਸੰਨਤਾ ਪੂਰਬਕ ਦੇਣ ਵਾਲੇ
ਉਦਾਰ ਦਾਨੀ ਮਿਲਣ ਫਿਰ ਵੀ ਉਹਨਾਂ ਤੋਂ ਨਾ ਮੰਗਣਾ ਹਜ਼ਾਰ ਦਰਜੇ ਬਿਹਤਰ ਹੈ।

**1062.** இரந்தும் உயிர்வாழ்தல் வேண்டின் பரந்து
கெடுக உலகுஇயற்றி யான்.

ਜੇ ਭਾਗਾਂ ਦੇ ਵਿਧਾਤਾ ਨੇ ਅਜਿਹਾ ਵਿਧਾਨ ਬਣਾਇਆ ਹੈ ਕਿ
ਮਨੁਖ ਮੰਗ ਕੇ ਹੀ ਜੀਵਨ-ਨਿਰਬਾਹ ਕਰੇ ਤਾਂ ਅਜਿਹਾ ਵਿਧਾਤਾ ਆਪ
ਇਸੇ ਤਰ੍ਹਾਂ ਮੰਗਦਾ ਹੋਇਆ ਮਾਰਾ ਮਾਰਾ ਫਿਰੇ ਤੇ ਨਸ਼ਟ ਹੋ ਜਾਏ।

**1063.** இன்மை இடும்பை இரந்துதீர் வாம்என்னும்
வன்மையின் வன்பாட்டது இல்.

ਮੰਗ ਕੇ ਆਪਣੀ ਘਾਟ ਦੂਰ ਕਰ ਲਵਾਂਗੇ-ਇਹ ਸੋਚ ਕੇ ਮਿਹਨਤ ਤੋਂ
ਮੂੰਹ ਮੋੜਨ ਦੀ ਬੁਰਾਈ ਤੋਂ ਵਧ ਕੇ ਹੋਰ ਕੋਈ ਅਗਿਆਨ ਨਹੀਂ।

**1064.** இடம்எல்லாம் கொள்ளாத் தகைத்தே இடம்இல்லாக்
காலும் இரவுஒல்லாச் சால்பு.

ਜੀਵਨ ਚਲਾਣ ਲਈ ਹੋਰ ਕੋਈ ਸਾਧਨ ਨਾ ਹੋਣ ਤੇ ਵੀ ਕਿਸੇ ਦੇ ਸਾਹਮਣੇ
ਹੱਥ ਨਾ ਪਸਾਰਣਾ ਅਜਿਹਾ ਵਧੀਆ ਗੁਣ ਹੈ ਜਿਸ ਦੀ ਮਹਿਮਾ
ਸਮੁੱਚੇ ਵਿਸ਼ਵ ਤੋਂ ਵੀ ਵਡੀ ਹੈ।

**1065.** தெள்நீர் அடுபுற்கை ஆயினும் தாள்தந்தது
உண்ணலின் ஊங்குஇனியது இல்.

ਭਾਵੇਂ ਖਾਣ ਲਈ ਪੱਕਾ ਪਕਾਇਆ ਖਾਣਾ ਹੀ ਮਿਲੇ ਪ੍ਰੰਤੂ ਜੇ ਉਹ
ਆਪਣੀ ਮਿਹਨਤ ਤੋਂ ਪੈਦਾ ਹੋਇਆ ਹੋਵੇ ਤਾਂ ਅੰਮ੍ਰਿਤ ਵਾਂਗ
ਮਿੱਠਾ ਤੇ ਸੁਆਦੀ ਲਗਦਾ ਹੈ।

**1066.** ஆவிற்கு நீர்என்று இரப்பினும் நாவிற்கு
இரவின் இளிவந்தது இல்.

ਜੇ ਕਿਸੇ ਦੇ ਕੋਲ ਜਾ ਕੇ ਮੰਗਣਾ ਪਵੇ–'ਗਊ ਲਈ ਪਾਣੀ ਦੇਵੋ'–ਤਾਂ ਵੀ
ਜੀਭ ਲਈ ਇਸ ਤੋਂ ਵਧੇਰੇ ਅਪਮਾਨਜਨਕ ਕੋਈ ਗਲ ਨਹੀਂ।

**1067.** இரப்பன் இரப்பாரை எல்லாம் இரப்பின்
கரப்பார் இரவன்மின் என்று.

ਮੰਗਣ ਲਈ ਜਾਣ ਵਾਲਿਆਂ ਤੋਂ ਏਹੀ ਮੰਗ ਹੈ ਕਿ ਅਜਿਹੇ ਕੰਜੂਸ
ਕੋਲੋਂ ਜਾ ਕੇ ਨਾ ਮੰਗਣ ਜੋ ਲੋਕ ਧੰਨ ਹੁੰਦਿਆਂ ਹੋਇਆ ਵੀ ਮੰਗਣ
ਵਾਲੇ ਨੂੰ ਖਾਲੀ ਹੱਥ ਮੋੜ ਦੇਵੇ।

**1068.** இரவுஎன்னும் ஏமாப்புஇல் தோணி கரவுஎன்னும்
பார்தாக்கப் பக்கு விடும்.

ਮੰਗਣ ਦੀ ਅਸੁਰਖਿਅਤ ਬੇੜੀ 'ਨਾਹ' ਕਰਨ ਵਾਲੀ ਚੱਟਾਨ ਨਾਲ
ਟਕਰਾ ਕੇ ਚੂਰ ਚੂਰ ਹੋ ਜਾਂਦੀ ਹੈ।

**1069.** இரவுஉள்ள உள்ளம் உருகும் கரவுஉள்ள
உள்ளதூஉம் இன்றிக் கெடும்.

ਮੰਗਣ ਵਾਲਿਆਂ ਦੀ ਦੁਰਦਸ਼ਾ ਦੇਖ ਕੇ ਦਿਲ ਪਿਘਲ ਜਾਂਦਾ ਹੈ।
ਮੰਗਣ ਵਾਲਿਆਂ ਨੂੰ 'ਨਾਂਹ' ਕਰਦੇ ਹੋਏ ਆਪਣਾ ਧੰਨ ਲੁਕਾਣ
ਵਾਲੇ ਕੰਜੂਸਾਂ ਨੂੰ ਦੇਖ ਕੇ ਦਿਲ ਫੱਟ ਜਾਂਦਾ ਹੈ।

**1070.** கரப்பவர்க்கு யாங்குஒளிக்கும் கொல்லோ இரப்பவர்
சொல்லாடப் போஒம் உயிர்.

'ਨਹੀਂ' ਸ਼ਬਦ ਸੁਣਦੇ ਸਾਰ ਮੰਗਣ ਵਾਲੇ ਦੇ ਪ੍ਰਾਣ ਨਿਕਲ ਜਾਂਦੇ ਹਨ।
ਅਜਿਹਾ ਕਠੋਰ ਸ਼ਬਦ ਜਿਸ ਦੇ ਮੂੰਹ ਵਿਚੋਂ ਨਿਕਲਦਾ ਹੈ ਪਤਾ ਨਹੀਂ
ਕਿਵੇਂ ਉਸ ਦੇ ਪ੍ਰਾਣ ਨਹੀਂ ਨਿਕਲਦੇ!

# 108

## கயமை

## ਨੀਚਤਾ

**1071.** *மக்களே போல்வர் கயவர் அவரன்ன*
*ஒப்பார் யாம்கண்டது இல்.*

ਨੀਚ-ਕਮੀਨੇ ਮਨੁੱਖ ਸ਼ਕਲ ਸੂਰਤ ਤੋਂ ਆਮ ਮਨੁੱਖਾਂ ਵਾਂਗ ਹੀ ਹੁੰਦੇ ਹਨ
ਉਹਨਾਂ ਦੀ ਇਹ ਸਮਾਨਤਾ ਹੋਰ ਕਿਸੇ (ਜੀਵ ਜੰਤੂ) ਨਾਲ ਨਹੀਂ ਹੁੰਦੀ।

**1072.** *நன்றுஅறி வாரின் கயவர் திருஉடையர்*
*நெஞ்சத்து அவலம் இலர்.*

ਉੱਤਮ ਪੁਰਸ਼ਾਂ ਦੇ ਟਾਕਰੇ ਤੇ ਨੀਚ-ਕਮੀਨੇ ਲੋਕ ਵਧੇਰੇ ਖੁਸ਼ ਰਹਿੰਦੇ ਹਨ
ਕਿਉਂ ਜੋ ਉਹਨਾਂ ਨੂੰ ਚੰਗੇ ਮੰਦੇ ਕਰਮਾਂ ਦੀ ਚਿੰਤਾ ਨਹੀਂ ਹੁੰਦੀ।

**1073.** *தேவர் அனையர் கயவர் அவரும்தாம்*
*மேவன செய்தொழுக லான்.*

ਨੀਚ ਲੋਕ ਇਸ ਸੰਸਾਰ ਵਿਚ ਦੇਵਤਿਆਂ ਵਾਂਗ ਹਨ। ਜਿਵੇਂ ਦੇਵਤਿਆਂ
ਉਤੇ ਆਚਾਰ-ਨਿਯਮਾਂ ਦਾ ਅੰਕੁਸ਼ ਨਹੀਂ ਹੁੰਦਾ ਇਵੇਂ ਹੀ ਨੀਚ
ਲੋਕਾਂ ਉਤੇ ਵੀ ਨਿਯਮਾਂ ਦਾ ਅੰਕੁਸ਼ ਨਹੀਂ ਹੁੰਦਾ।

**1074.** *அகப்பட்டி ஆவாரைக் காணின் அவரின்*
*மிகப்பட்டுச் செம்மாக்கும் கீழ்.*

ਨੀਚ ਲੋਕ ਜਦੋਂ ਆਪਣੇ ਤੋਂ ਵੀ ਨੀਚ ਲੋਕਾਂ ਨੂੰ ਦੇਖਦੇ ਹਨ ਤਾਂ
ਆਪਣੇ ਆਪ ਨੂੰ ਉਹਨਾਂ ਤੋਂ ਉੱਤਮ ਮੰਨ ਕੇ ਗੌਰਵ ਦਾ ਅਨੁਭਵ
ਕਰਦੇ ਹਨ।

**1075.** *அச்சமே கீழ்களது ஆசாரம் எச்சம்*
*அவாஉண்டேல் உண்டாம் சிறிது.*

ਨੀਚ ਦਾ ਸਦਾਚਾਰ ਭੈ ਵਿਚ ਲੁਕਿਆ ਹੁੰਦਾ ਹੈ। ਇਸ ਤੋਂ ਵਧੇਰੇ ਵੀ ਜੇ ਉਹ ਆਚਾਰ
ਨਿਯਮਾਂ ਵਲ ਝੁਕਿਆ ਹੋਇਆ ਹੋਵੇ ਤਾਂ ਇਸ ਦਾ
ਕਾਰਨ ਲੋਭ ਹੋ ਸਕਦਾ ਹੈ।

**1076.** *அறைபறை அன்னர் கயவர்தாம் கேட்ட*
*மறைபிறர்க்கு உய்த்துஉரைக்க லான்.*

ਨੀਚ ਲੋਕ ਢੋਲ ਵਾਂਗ ਹੁੰਦੇ ਹਨ। ਗੁਪਤ ਰਖਣ ਯੋਗ ਗਲਾਂ ਸੁਣਨ ਤੇ ਉਹ
ਚਾਰੇ ਪਾਸੇ ਢੋਲ ਵਜਾ ਕੇ ਉਸ ਰਹੱਸ ਦੀ ਘੋਸ਼ਣਾ ਕਰ ਦੇਂਦੇ ਹਨ।

**1077.** ஈர்ங்கை விதிரார் கயவர் கொடிறுஉடைக்கும்
கூன்கையர் அல்லா தவர்க்கு.

ਕਮੀਨੇ ਲੋਕ ਆਪਣੀ ਖੁਰਾਕ ਨਾਲ ਲਿਬੜੇ ਜੂਠੇ ਹੱਥ ਵੀ ਉਤਨੀ ਦੇਰ ਕਿਸੇ ਨਾਲ ਨਹੀਂ
ਮਿਲਾਣਗੇ ਜਦ ਤਕ ਉਹਨਾਂ ਸਾਹਮਣੇ ਜਬਾੜਾ ਤੋੜਨ ਵਾਲਾ ਘਸੁੰਨ ਨਾ ਉੱਘਰੇ।

**1078.** சொல்லப் பயன்படுவர் சான்றோர் கரும்புபோல்
கொல்லப் பயன்படும் கீழ்.

ਸੱਜਨ ਲੋਕ ਕਹਿਣ ਮਾਤ੍ਰ ਨਾਲ ਹੀ ਸਹਾਇਤਾ ਲਈ ਆ ਜਾਂਦੇ ਹਨ।
ਨੀਚ ਲੋਕਾਂ ਤੋਂ ਗੰਨੇ ਵਾਂਗ ਨਪੀੜਣ ਤੋਂ ਪਿਛੋਂ ਹੀ ਕੁਝ ਥੋੜੀ
ਸਹਾਇਤਾ ਪ੍ਰਾਪਤ ਹੋਵੇਗੀ।

**1079.** உடுப்பதூஉம் உண்பதூஉம் காணின் பிறர்மேல்
வடுக்காண வற்றாகும் கீழ்.

ਦੂਸਰੇ ਆਦਮੀ ਨੂੰ ਚੰਗਾ ਖਾਂਦੇ ਪਹਿਨਦੇ ਵੇਖ ਕੇ ਈਰਖਾ ਅਧੀਨ
ਨੀਚ ਵਿਅਕਤੀ ਉਸ ਦੇ ਸਦਾਚਾਰ ਵਿਚਲੀਆਂ ਕਮਜ਼ੋਰੀਆਂ ਨੂੰ
ਲੱਭਣ ਲੱਗ ਪੈਂਦੇ ਹਨ।

**1080.** எற்றிற்கு உரியர் கயவர்ஒன்று உற்றக்கால்
விற்றற்கு உரியர் விரைந்து.

ਸੰਕਟ ਦੀ ਸਥਿਤੀ ਆ ਜਾਏ ਤਾਂ ਨੀਚ ਲੋਕ ਆਪਣੇ ਆਪ ਨੂੰ
ਵੇਚਣ ਤੇ ਵੀ ਆ ਜਾਂਦੇ ਹਨ। ਅਜਿਹੇ ਨੀਚ ਲੋਕ ਕਿਸ ਕੰਮ ਦੇ।

# 109

## தகையணங்குறுத்தல்

## ਯੁਵਤੀ ਦੀ ਪੀੜਾ-ਜਨਕ ਸੁੰਦਰਤਾ

**1081.** அணங்குகொல் ஆய்மயில் கொல்லோ கனங்குழை
மாதர்கொல் மாலும்என் நெஞ்சு.

ਉਹ ਕੋਈ ਦੇਵੀ ਪਰੀ ਹੈ ਜਾਂ ਕੋਈ ਮੋਰਨੀ ਜਾਂ ਕੋਈ ਸੁੰਦਰ ਕੁੰਡਲਾਂ ਵਾਲੀ
ਖਿੱਚ ਭਰਪੂਰ ਯੁਵਤੀ ? ਉਸ ਨੂੰ ਦੇਖ ਕੇ ਮੇਰਾ ਮਨ ਚੱਕ੍ਰਿਤ ਹੋ ਰਿਹਾ ਹੈ।

**1082.** நோக்கினாள் நோக்கெதிர் நோக்குதல் தாக்குஅணங்கு
தானைக்கொண் டன்னது உடைத்து.

(ਮੈਂ ਉਸ ਨੂੰ ਦੇਖਿਆ ਤਾਂ) ਮੈਨੂੰ ਉਸ ਦੀ ਤੱਕਣੀ ਇਵੇਂ ਲਗੀ ਜਿਵੇਂ ਯੁੱਧ ਦੀ ਦੇਵੀ
ਨੇ ਆਪਣੀ ਪੂਰੀ ਫੌਜੀ ਸ਼ਕਤੀ ਨਾਲ ਮੇਰੇ ਉਤੇ ਹਮਲਾ ਕਰ ਦਿਤਾ ਹੋਵੇ।

**1083.** பண்டுஅறியேன் கூற்றுஎன் பதனை இனிஅறிந்தேன்
பெண்தகையால் பேரமர்க் கட்டு.

ਮੈਂ ਪਹਿਲਾਂ ਨਹੀਂ ਜਾਣਦਾ ਸਾਂ ਕਿ ਯਮਰਾਜ ਕੈਸਾ ਹੁੰਦਾ ਹੈ। ਹੁਣ ਪਤਾ
ਲਗ ਗਿਆ ਹੈ-ਉਹ ਵੱਡੀਆਂ-2 ਖ਼ੂਨੀ ਅੱਖਾਂ ਵਾਲੀ ਨਾਰੀ ਹੈ।

**1084.** கண்டார் உயிருண்ணும் தோற்றத்தால் பெண்தகைப்
பேதைக்கு அமர்த்தன கண்.

ਇਸ ਭੋਲੀ ਭਾਲੀ ਸੁੰਦਰੀ ਦੀਆਂ ਅੱਖਾਂ ਵਿਚ ਦੇਖਣ ਵਾਲੇ ਨੂੰ
ਚਿੱਤ ਕਰਨ ਦੀ ਵਿਲੱਖਣ ਸ਼ਕਤੀ ਹੈ।

**1085.** கூற்றமோ கண்ணோ பிணையோ மடவரல்
நோக்கம்இம் மூன்றும் உடைத்து.

ਕੀ ਇਹ ਪ੍ਰਤੱਖ ਰੂਪ ਵਿਚ ਯਮਰਾਜ ਹੈ ਕਿ ਅੱਖਾਂ ਜਾਂ ਹਿਰਣੀ।
ਇਸ ਦੀ ਨਸ਼ੀਲੀ ਤੱਕਣੀ ਵਿਚ ਇਹ ਤਿੰਨੋਂ ਗੁਣ ਭਰੇ ਪਏ ਹਨ।

**1086.** கொடும்புருவம் கோடா மறைப்பின் நடுங்குஅஞர்
செய்யல மன்இவள் கண்.

ਜੇ ਇਸ ਦੇ ਟੇਢੇ ਭਰਵੱਟੇ ਸਿੱਧੇ ਹੋ ਕੇ ਅੱਖਾਂ ਨੂੰ ਢੱਕ ਦੇਣ ਤਾਂ ਸੰਭਵ ਹੈ ਕਿ
ਇਹ ਅੱਖਾਂ ਮੈਨੂੰ ਕੰਬਣੀ ਛੇੜ ਕੇ ਦੁਖੀ ਨਾ ਕਰਨ।

**1087.** கடாஅக் களிற்றின்மேல் கண்படாம் மாதர்
படாஅ முலைமேல் துகில்.

ਇਸ ਸੁੰਦਰੀ ਦੀ ਉੱਭਰੀ ਹੋਈ ਛਾਤੀ ਨੂੰ ਢੱਕਣ ਵਾਲਾ ਇਹ ਰਹੱਸ ਉਪਜਾਊ
ਕਪੜਾ ਇਵੇਂ ਲਗਦਾ ਹੈ ਜਿਵੇਂ ਮਦਮਸਤ ਹਾਥੀ ਦੀਆਂ ਅੱਖਾਂ ਨੂੰ ਢੱਕ ਰਿਹਾ ਹੁੰਦਾ ਹੈ।

**1088.** ஒள்நுதற்கு ஓஒ உடைந்ததே ஞாட்பினுள்
நண்ணாரும் உட்கும்என் பீடு.

ਯੁੱਧ-ਖੇਤਰ ਵਿਚ ਲੜੇ ਬਿਨਾ ਹੀ ਦੁਸ਼ਮਣ ਨੂੰ ਕੰਬਾ ਦੇਣ ਵਾਲੀ ਮੇਰੀ ਬਹਾਦਰੀ
ਹਾਇ! ਇਸ ਸੁੰਦਰੀ ਦੇ ਸੁਹਣੇ-2 ਮੁੱਖੜੇ ਦੇ ਸਾਹਮਣੇ ਮਾਤ ਪੈ ਗਈ।

**1089.** பிணையேர் மடநோக்கும் நாணும் உடையாட்கு
அணியெவனோ ஏதில தந்து.

ਇਸ ਮ੍ਰਿਗਨੈਣੀ ਸੁੰਦਰੀ ਨੂੰ ਹੋਰ ਗਹਿਣਿਆਂ ਦੀ ਕੀ ਆਵੱਸ਼ਕਤਾ।
ਇਸ ਦੀਆਂ ਅੱਖਾਂ ਤਾਂ ਲੱਜਾ ਰੂਪੀ ਗਹਿਣੇ ਨਾਲ ਪਹਿਲਾਂ ਹੀ ਸਜੀਆਂ ਪਈਆਂ ਹਨ।

**1090.** உண்டார்கண் அல்லது அடுநறாக் காமம்போல்
கண்டார் மகிழ்செய்தல் இன்று.

ਸ਼ਰਾਬ ਕੇਵਲ ਪੀਣ ਵਾਲੇ ਨੂੰ ਹੀ ਨਸ਼ਿਆਉਂਦੀ ਹੈ
ਪ੍ਰੇਮ ਭਾਵਾਂ ਨਾਲ ਕੇਵਲ ਦੇਖਣ ਮਾਤ੍ਰ ਨਾਲ ਹੀ ਨਸ਼ਿਆ ਦੇਣ ਦੀ ਸ਼ਕਤੀ
ਇਸ ਵਿਚ ਨਹੀਂ।

# 110

## குறிப்பு அறிதல்

## ਅੱਖਾਂ ਤੋਂ ਦਿਲ ਦੇ ਸੰਕੇਤ

**1091.** இருநோக்கு இவள்உண்கண் உள்ளது ஒருநோக்கு
நோய்நோக்குஒன்று அந்நோய் மருந்து.

ਉਸ ਦੀਆਂ ਅੱਖਾਂ ਵਿਚ ਦੋ ਤਰ੍ਹਾਂ ਦੀ ਦ੍ਰਿਸ਼ਟੀ ਸਮਾਈ ਹੋਈ ਹੈ
ਇਕ ਦਿਲ ਨੂੰ ਘਾਇਲ ਕਰਨ ਵਾਲੀ ਤੇ ਦੂਜੀ ਦ੍ਰਿਸ਼ਟੀ ਜਖਮਾਂ
ਉਤੇ ਮਲ੍ਹਮ ਲਗਾਣ ਵਾਲੀ।

**1092.** கண்களவு கொள்ளும் சிறுநோக்கம் காமத்தில்
செம்பாகம் அன்று பெரிது.

ਚੋਰੀ ਛਿਪੇ ਸੁੰਦਰੀ ਨੇ ਮੈਨੂੰ ਤੱਕਿਆ ਤਾਂ ਮੈਨੂੰ ਜੋ ਆਨੰਦ ਆਇਆ
ਉਹ ਮਿਲਾਪ ਦੇ ਸੁਖ ਦੇ ਅੱਧੇ ਭਾਗ ਤੋਂ ਵੀ ਵਧੇਰੇ ਸੀ।

**1093.** நோக்கினாள் நோக்கி இறைஞ்சினாள் அஃதவள்
யாப்பினுள் அட்டிய நீர்.

ਉਸ ਨੇ ਤੱਕਿਆ (ਮੈਂ ਉਸ ਵਲ ਦੇਖਿਆ) ਫਿਰ ਉਸ
ਨੇ ਅੱਖਾਂ ਨੀਵੀਆਂ ਕਰ ਲਈਆਂ। ਬੱਸ, ਇਹੀ ਸਾਡੀ ਪ੍ਰੇਮ-ਵੇਲ ਨੂੰ ਪਾਣੀ
ਸਿੰਝਣ ਵਾਂਗ ਸੀ।

**1094.** யான்நோக்கும் காலை நிலன்நோக்கும் நோக்காக்கால்
தான்நோக்கி மெல்ல நகும்.

ਜਦ ਮੈਂ ਦੇਖਾਂ ਤਾਂ ਉਹ ਹੇਠਾਂ ਧਰਤੀ ਨੂੰ ਦੇਖੇ ਜਦ ਮੈਂ ਨਾ ਦੇਖਾਂ ਤਾਂ
ਉਹ (ਲੁੱਕ ਛਿੱਪ ਕੇ) ਮੈਨੂੰ ਦੇਖ ਕੇ ਮਿੱਠਾ ਮਿੱਠਾ ਮੁਸਕਾਏ।

**1095.** குறிக்கொண்டு நோக்காமை அல்லால் ஒருகண்
சிறக்கணித்தாள் போல நகும்.

ਉਹ ਮੈਨੂੰ ਸਿੱਧੀ ਨਜ਼ਰ ਨਾਲ ਨਹੀਂ ਦੇਖਦੀ ਪਰ ਇਕ ਅੱਖ ਬੰਦ ਕਰਕੇ
ਉਹ ਪਿਆਰ ਨਾਲ ਤੱਕਦੀ ਤੇ ਮਨ ਹੀ ਮਨ ਵਿਚ ਖਿੜਦੀ ਹੈ।

**1096.** உறாஅ தவர்போல் சொலினும் செறாஅர்சொல்
ஒல்லை உணரப் படும்.

ਪਰਾਇਆਂ ਵਾਂਗ ਬੇਲਾਗ ਹੋ ਕੇ ਬੋਲਣ ਤੇ ਵੀ ਉਸ ਦੇ
ਪਿਆਰ ਭਿੱਜੇ ਬੋਲ ਪ੍ਰੇਮ ਸੰਦੇਸ ਦੇ ਦੇਂਦੇ ਹਨ।

**1097.** செறாஅச் சிறுசொல்லும் செற்றார்போல் நோக்கும்
உறாஅர்போன்று உற்றார் குறிப்பு.

ਗੁੱਸੇ ਭਰੇ ਬੋਲ ਰੋਸ ਭਰੀ ਤੱਕਣੀ ਓਪਰਿਆਂ ਵਰਗਾ ਵਿਵਹਾਰ–
ਇਹ ਸਭ ਅੰਦਰਲੇ ਪ੍ਰੇਮ ਦੇ ਲੱਛਣ ਹਨ।

**1098.** அசைஇயற்கு உண்டுஆண்டுஓர் ஏஎர்யான் நோக்கப்
பசையினள் பைய நகும்.

(ਪਿਆਰ ਭਰੀਆਂ ਭਾਵਨਾਵਾਂ ਨਾਲ ਉਤੇਜਿਤ ਹੋ ਕੇ) ਮੈਂ ਉਸ ਨੂੰ ਦੇਖਦਾ ਹਾਂ ਤਾਂ ਉਹ
ਪਿਆਰ–
ਭਿੱਜੀਆਂ ਨਜ਼ਰਾਂ ਨਾਲ ਮੈਨੂੰ ਦੇਖਦੀ ਹੋਈ ਮਿੱਠੀ ਮਿੱਠੀ ਮੁਸਕਾਂਦੀ ਹੈ। ਉਸ ਸਮੇਂ
ਉਸ ਦੀ ਸੁੰਦਰਤਾ ਅਕਹਿ ਰੂਪ ਵਿਚ ਖਿੜ ਉਠਦੀ ਹੈ।

**1099.** ஏதிலார் போலப் பொதுநோக்கு நோக்குதல்
காதலார் கண்ணே யுள.

ਜਦ ਪਰਾਇਆਂ ਵਾਂਗ ਪ੍ਰੇਮੀ ਇਕ ਦੂਜੇ ਨੂੰ ਬੇਲਾਗ ਹੋ ਕੇ ਦੇਖਦੇ ਹਨ
ਤਾਂ ਉਸ ਸਮੇਂ ਪ੍ਰੇਮੀ ਜੋੜੇ ਦੀਆਂ ਅੱਖਾਂ ਇਕ ਅਨੋਖੀ ਵੰਨਗੀ ਦੀਆਂ ਹੁੰਦੀਆਂ ਹਨ।

**1100.** கண்ணொடு கண்ணிணை நோக்குஒக்கின் வாய்ச்சொற்கள்
என்ன பயனும் இல.

ਜਦ ਅੱਖਾਂ ਆਪਸ ਵਿਚ ਘੁਲ ਮਿਲ ਜਾਣ ਤਾਂ
ਮੂੰਹ ਦੇ ਬੋਲ ਕਿਸ ਕੰਮ

# 111

## புணர்ச்சி மகிழ்தல்
## ਮਿਲਾਪ ਦਾ ਸੁੱਖ

**1101.** கண்டுகேட்டு உண்டுஉயிர்த்து உற்றுஅறியும் ஐம்புலனும்
ஒண்தொடி கண்ணே உள.

ਦੇਖਣ ਸੁਨਣ ਚੱਖਣ ਸੁੰਘਣ ਤੇ ਛੂਹਣ ਇਹਨਾਂ ਪੰਜ ਇੰਦ੍ਰੀਆਂ ਦਾ ਸੁੱਖ
ਸੁੰਦਰ ਕੰਗਣ ਪਹਿਨੀ ਪ੍ਰੇਮਕਾ ਦੇ ਮਿਲਾਪ ਵਿਚ ਮਿਲ ਜਾਂਦਾ ਹੈ।

**1102.** பிணிக்கு மருந்து பிறமன் அணியிழை
தன்நோய்க்குத் தானே மருந்து.

ਰੋਗ ਦੀ ਦਵਾ ਉਸ ਰੋਗ ਦੇ ਕਾਰਨ ਤੋਂ ਵੱਖਰੀ ਚੀਜ਼ ਹੁੰਦੀ ਹੈ ਪ੍ਰੰਤੂ ਰਤਨ ਪਹਿਨੀ
ਇਸ ਸੁੰਦਰੀ ਤੋਂ ਜੋ ਰੋਗ ਪੈਦਾ ਹੁੰਦਾ ਹੈ ਉਸ ਦੀ ਦਵਾ ਵੀ ਉਹ ਆਪ ਹੀ ਹੈ।

**1103.** தாம்வீழ்வார் மென்தோள் துயிலின் இனிதுகொல்
தாமரைக் கண்ணான் உலகு.

ਆਪਣੀ ਪ੍ਰੇਮਕਾ ਦੀਆਂ ਨਾਜ਼ੁਕ ਬਾਹਾਂ ਦੀ ਗਲਵਕੜੀ ਵਿਚ ਜੋ ਆਨੰਦ
ਪ੍ਰਾਪਤ ਹੁੰਦਾ ਹੈ ਉਹੋ ਜਿਹਾ ਆਨੰਦ ਮਹਾਂ ਵਿਸ਼ਨੂੰ ਦੇ ਬੈਕੁੰਠ ਵਿਚ ਪ੍ਰਾਪਤ ਹੋਵੇਗਾ।

**1104.** நீங்கின் தெறூஉம் குறுகும்கால் தண்என்னும்
தீயாண்டுப் பெற்றாள் இவள்.

(ਪ੍ਰੇਮਕਾ) ਦੂਰ ਹੁੰਦੀ ਹੈ ਤਾਂ ਸਾੜਦੀ ਹੈ ਨੇੜੇ ਆਉਂਦਾ ਹਾਂ ਤਾਂ ਠੰਢ ਪਾਉਂਦੀ ਹੈ।
ਅਜਿਹੀ ਅਦਭੁੱਤ ਅਗਨੀ ਇਸ ਨੇ ਪਤਾ ਨਹੀਂ ਕਿਥੋਂ ਪ੍ਰਾਪਤ ਕਰ ਲਈ ਹੈ।

**1105.** வேட்ட பொழுதின் அவைஅவை போலுமே
தோட்டார் கதுப்பினாள் தோள்.

ਫੁੱਲਾਂ ਨਾਲ ਸ਼ਿੰਗਾਰੇ ਵਾਲਾਂ ਵਾਲੇ ਉਸ ਦੇ ਆਕ੍ਰਸ਼ਕ ਪਤਲੇ ਲੰਮੇ ਸਰੀਰ ਤੋਂ ਮੈਨੂੰ
ਸੰਪੂਰਨ ਆਨੰਦ ਦੀ ਪ੍ਰਾਪਤੀ ਹੁੰਦੀ ਹੈ।

**1106.** உறுதோறு உயிர்தளிர்ப்பத் தீண்டலால் பேதைக்கு
அமிழ்தின் இயன்றன தோள்.

ਇਸ ਮਧੁ-ਮਸਤ ਸੁੰਦਰੀ ਦੀਆਂ ਬਾਹਾਂ ਵਿਚ ਅੰਮ੍ਰਿਤ ਰਸ ਭਰਿਆ ਪਿਆ ਹੈ
ਕਿਉਂ ਜੋ ਜਦੋਂ ਵੀ ਮੈਂ ਉਹਨਾਂ ਦੀ ਛੂਹ ਲੈਂਦਾ ਹਾਂ ਮੇਰੇ ਵਿਚ ਨਵਜੀਵਨ ਦਾ ਸੰਚਾਰ
ਹੁੰਦਾ ਹੈ।

**1107.** தம்மில் இருந்து தமதுபாத்து உண்டற்றால்
அம்மா அரிவை முயக்கு.

ਆਪਣੀ ਕਮਾਈ ਵਿਚੋਂ ਕੁਝ ਦਾਨ ਰੂਪ ਵਿਚ ਦੇਣ ਉਪਰੰਤ ਆਪਣੇ ਪ੍ਰੀਵਾਰ ਨਾਲ ਰਲ ਕੇ ਭੋਜਨ ਖਾਣ ਦਾ ਜੋ ਆਨੰਦ ਆਉਂਦਾ ਹੈ ਉਹੀ ਆਨੰਦ ਇਸ ਸੁਨਹਿਰੀ ਰੰਗਤ ਵਾਲੀ ਸੁੰਦਰੀ ਦੀ ਗਲਵਕੜੀ ਵਿਚੋਂ ਮਿਲਦਾ ਹੈ।

**1108.** வீழும் இருவர்க்கு இனிதே வளிஇடை
போழப் படாஅ முயக்கு.

ਜਿਸ ਘੁੱਟ ਕੇ ਪਾਈ ਗਲਵਕੜੀ ਵਿਚੋਂ ਹਵਾ ਲਈ ਵੀ ਕੋਈ ਥਾਂ ਨਹੀਂ ਹੁੰਦੀ ਅਜਿਹੀ ਗਲਵਕੜੀ ਦੋਨਾਂ ਲਈ ਆਨੰਦ ਦਾਇਕ ਹੁੰਦੀ ਹੈ।

**1109.** ஊடல் உணர்தல் புணர்தல் இவைகாமம்
கூடியார் பெற்ற பயன்.

ਪਿਆਰ ਰੁਸੇਵਾਂ ਮਣੇਵਾਂ ਤੇ ਫਿਰ ਮਿਲਾਪ ਇਹ ਪ੍ਰੇਮੀ ਜੋੜਿਆਂ ਦੀਆਂ ਸਹਿਜ ਪ੍ਰਾਪਤੀਆਂ ਹਨ।

**1110.** அறிதோறு அறியாமை கண்டற்றால் காமம்
செறிதோறும் சேயிழை மாட்டு.

ਜਿਵੇਂ ਜਿਵੇਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਪਹਿਲੇ ਵਾਲਾ ਅਗਿਆਨ ਸਮਾਪਤ ਹੁੰਦਾ ਜਾਂਦਾ ਹੈ ਇਸੇ ਤਰ੍ਹਾਂ ਲਾਲ ਕਪੜੇ ਪਹਿਨੀ ਨਾਲ ਜਿਉਂ ਜਿਉਂ ਮਿਲਾਪ ਕਰੀਦਾ ਹੈ ਮਿਲਾਪ ਦੀ ਤਾਂਘ ਹੋਰ ਤੀਬਰ ਹੁੰਦੀ ਜਾਂਦੀ ਹੈ।

# 112

## நலம் புனைந்து உரைத்தல்

## ਸੁੰਦਰਤਾ ਵਰਨਣ

**1111.** நல்நீரை வாழி அனிச்சமே நின்னினும்
மெல்நீரள் யாம்வீழ் பவள்.

ਓ "ਅਨਿੱਚ" ਫੁੱਲ! ਤੂੰ ਵਧੇ ਫੁੱਲੇ। ਤੂੰ ਆਪਣੀ ਕੋਮਲਤਾ ਲਈ ਪ੍ਰਸਿੱਧ ਹੈਂ ਪ੍ਰੰਤੂ ਮੇਰੀ ਪ੍ਰੇਮਕਾ ਤੇਰੇ ਤੋਂ ਵੀ ਕਿਤੇ ਵਧੇਰੇ ਕੋਮਲ ਹੈ।

**1112.** மலர்காணின் மையாத்தி நெஞ்சே இவள்கண்
பலர்காணும் பூவொக்கும் என்று.

ਹੇ ਮਨ ਤੂੰ ਉਸ ਦੀਆਂ ਸੁੰਦਰ ਅੱਖਾਂ ਦੀ ਉਨ੍ਹਾਂ ਫੁੱਲਾਂ ਨਾਲ ਕਿਵੇਂ ਤੁਲਨਾ ਕਰਦਾ ਹੈਂ ਜਿਨ੍ਹਾਂ ਤੋਂ ਹਰ ਕੋਈ ਖੁਸ਼ੀ ਪ੍ਰਾਪਤ ਕਰਦਾ ਹੈ। ਇਹ ਨੈਣ ਤਾਂ ਕੇਵਲ ਮੇਰੇ ਲਈ ਹੀ ਹਨ।

**1113.** முறிமேனி முத்தம் முறுவல் வெறிநாற்றம்
வேல்உண்கண் வேய்த்தோ ளவட்கு.

ਇਸ ਸੁੰਦਰੀ ਦੀਆਂ ਬਾਹਾਂ ਬਾਂਸ ਵਰਗੀਆਂ ਪਤਲੀਆਂ ਸਰੀਰ ਕਰੂੰਬਲ ਵਰਗਾ ਕੋਮਲ ਦੰਦ ਮੋਤੀਆਂ ਵਰਗੇ ਚਮਕੀਲੇ ਸਾਹ ਸੁਗੰਧੀ ਭਰਪੂਰ ਤੇ ਨੈਣ ਖੁੱਭ ਕੇ ਵਿੰਨ ਦੇਣ ਵਾਲੇ ਹਨ।

**1114.** காணின் குவளை கவிழ்ந்து நிலன்நோக்கும்
மாணிழை கண்ஒவ்வேம் என்று.

ਆਕਾਸ਼ੀ ਨੀਲੱਤਣ ਵਾਲਾ ਕੰਵਲ ਫੁੱਲ ਜੇ ਸੁਹਣੀ ਦੇ ਨੈਣਾਂ ਨੂੰ ਦੇਖ ਲਏ ਤਾਂ ਸ਼ਰਮ ਨਾਲ ਸਿਰ ਝੁਕਾ ਕੇ ਇਹੀ ਕਹੇਗਾ "ਮੈਂ ਕਦੇ ਵੀ ਇਸ ਦੀ ਬਰਾਬਰੀ ਨਹੀਂ ਕਰ ਸਕਦਾ।"

**1115.** அனிச்சப்பூக் கால்களையாள் பெய்தாள் நுசுப்பிற்கு
நல்ல படாஅ பறை.

ਹੈਂ ਇਸ ਨੇ ਡੰਡੀ ਉਤਾਰੇ ਬਿਨਾਂ "ਅਨਿੱਚ" ਫੁੱਲ ਨੂੰ ਆਪਣੇ ਸਿਰ ਤੇ ਸਜਾ ਲਿਆ ਹੈ। ਡੰਡੀ ਦੇ ਭਾਰ ਥੱਲੇ ਦੱਬ ਜਾਣ ਕਰਕੇ ਇਸ ਦਾ ਨਾਜ਼ੁਕ ਲੱਕ ਟੁੱਟ ਜਾਵੇਗਾ ਤੇ ਇਵੇਂ ਫਿਰ ਖੁਸ਼ੀ ਦੇ ਢੋਲ ਨਹੀਂ ਵੱਜਣਗੇ।

**1116.** மதியும் மடந்தை முகனும் அறியா
பதியின் கலங்கிய மீன்.

ਚੰਦ੍ਰਮਾ ਤੇ ਸੁੰਦਰੀ ਦੇ ਮੁੱਖੜੇ ਦੀ ਸੁੰਦਰਤਾ ਵਿਚ ਅੰਤਰ ਨਾ ਸਮਝ ਕੇ ਤਾਰਾ ਮੰਡਲ ਆਕਾਸ਼ ਵਿਚ ਭੁਲੇਖੇ ਵਿਚ ਝਿਲਮਿਲਾ ਰਹੇ ਹਨ ਕਿ ਚੰਦ੍ਰਮਾ ਕੌਣ ਹੈ ਤੇ ਸੁੰਦਰੀ ਕੌਣ।

**1117.** அறுவாய் நிறைந்த அவிர்மதிக்குப் போல
மறுஉண்டோ மாதர் முகத்து.

ਪੂਰਨ ਚੰਦਰਮਾ ਉਪਰਲੇ ਦਾਗਾਂ ਵਾਂਗ ਕੀਹ ਇਸ ਸੁਹਣੀ ਯੁਵਤੀ ਦੇ ਚਿਹਰੇ ਉਤੇ ਵੀ ਦਾਗ ਹੋ ਸਕਦੇ ਹਨ।

**1118.** மாதர் முகம்போல் ஒளிவிட வல்லையேல்
காதலை வாழி மதி.

ਓ ਚੰਦਰਮਾ ਜੇ ਤੂੰ ਵੀ ਇਸ (ਜ਼ਾਲਮ) ਸੁੰਦਰੀ ਦੇ ਮੂੰਹ ਵਾਂਗ ਆਕ੍ਰਸ਼ਿਕ ਹੋ ਕੇ ਚਮਕ ਸਕਦਾ ਤਾਂ ਤੂੰ ਵੀ ਪ੍ਰੇਮ ਕਰਨ ਯੋਗ ਹੁੰਦਾ।

**1119.** *மலர்அன்ன கண்ணாள் முகம்ஒத்தி யாயின்*
*பலர்காணத் தோன்றல் மதி.*

ਹੇ ਚੰਦਰਰਮਾਂ ਜੇ ਤੂੰ ਇਨ੍ਹਾਂ ਖਿੜੇ ਹੋਏ ਫੁੱਲਾਂ ਸਮਾਨ ਨੈਣਾਂ ਵਾਲੀ ਸੁੰਦਰੀ ਵਾਂਗ ਚਮਕਣਾ ਚਾਹੁੰਦਾ ਹੈਂ ਤਾਂ ਸਭ ਦੇ ਸਾਹਮਣੇ ਨਾ ਚਮਕ।

**1120.** *அனிச்சமும் அன்னத்தின் தூவியும் மாதர்*
*அடிக்கு நெருஞ்சிப் பழம்.*

ਮੇਰੀ ਪ੍ਰੇਮਕਾ ਦੇ ਪੈਰ ਇਤਨੇ ਨਾਜ਼ੁਕ ਹਨ ਕਿ ਉਨ੍ਹਾਂ ਲਈ 'ਅਨਿੱਚ' ਫੁੱਲ ਤੇ ਹੰਸ ਦੇ ਖੰਭ ਵੀ ਨਿਰੰਜੀ ਦੇ ਕੰਡਿਆਲੇ ਫੁਲ ਸਮਾਨ ਹਨ।

# 113

## காதற் சிறப்பு உரைத்தல்
## ਤੀਬਰ ਪ੍ਰੇਮ ਪ੍ਰਗਟਾਵਾ

**1121.** *பாலொடு தேன்கலந் தற்றே பணிமொழி*
*வால்எயிறு ஊறிய நீர்.*

ਇਸ ਮਿੱਠ-ਬੋਲੜੀ ਸੁੰਦਰੀ ਦੇ ਰਸੀਲੇ ਦੰਦਾ ਵਿਚੋਂ ਸਿੰਮਦਾ ਜਲ
ਇਤਨਾ ਮਿੱਠਾ ਹੈ ਜਿਵੇਂ ਦੁੱਧ ਵਿਚ ਸ਼ਹਿਤ ਘੁਲ ਗਿਆ ਹੋਵੇ।

**1122.** *உடம்பொடு உயிரிடை என்னமற்று அன்ன*
*மடந்தையொடு எம்மிடை நட்பு.*

ਮੇਰਾ ਤੇ ਇਸ ਹੁਸੀਨਾ ਦਾ ਸੰਬੰਧ ਸਰੀਰ ਤੇ ਆਤਮਾ ਦੇ ਯੋਗ ਵਰਗਾ ਹੈ।

**1123.** *கருமணியில் பாவாய்நீ போதாய்யாம் வீழும்*
*திருநுதற்கு இல்லை இடம்.*

ਮੇਰੀਆਂ ਅੱਖਾਂ ਦੀਆਂ ਪੁਤਲੀਆਂ ਵਿਚਲੇ ਪ੍ਰਤਿਬਿੰਬੋ
ਪਰ੍ਹਾਂ ਹੱਟ ਜਾਓ ਇਹ ਥਾਂ ਕੇਵਲ ਮੇਰੀ ਪ੍ਰੇਮਕਾ ਲਈ ਰਾਖਵੀਂ ਹੈ।

**1124.** *வாழ்தல் உயிர்க்குஅன்னள் ஆயிழை சாதல்*
*அதற்குஅன்னள் நீங்கும் இடத்து.*

ਇਹ ਰਤਨਾ ਨਾਲ ਸ਼ਿੰਗਾਰੀ ਹੁਸੀਨਾ ਮਿਲਣ ਵੇਲੇ ਦੇਹ ਲਈ ਪ੍ਰਾਣਾ ਦਾ ਕੰਮ ਕਰਦੀ ਹੈ ਜੁਦਾਈ ਵੇਲੇ ਮ੍ਰਿਤਯੂ ਤੁਲ ਹੁੰਦੀ ਹੈ।

**1125.** உள்ளுவன் மன்யான் மறப்பின் மறப்பறியேன்
ஒள்ளமர்க் கண்ணாள் குணம்.

ਸੁੰਦਰ ਨੇਤ੍ਰਾਂ ਨਾਲ ਤਿੱਖੇ ਕਟਾਖਸ਼ ਕਰਨ ਵਾਲੀ ਯੁਵਤੀ ਨੂੰ ਜੇ ਮੈਂ ਭੁੱਲਾਂ
ਤਦ ਹੀ ਮੁੜ ਯਾਦ ਕਰਾਂ ਪਰ ਮੈਂ ਤਾਂ ਉਸ ਨੂੰ ਭੁੱਲ ਹੀ ਨਹੀਂ ਸਕਦਾ।

**1126.** கண்உள்ளின் போகார் இமைப்பின் பருவரார்
நுண்ணியர்எங் காத லவர்.

ਮੇਰੇ ਪ੍ਰੀਤਮ ਮੇਰੀਆਂ ਅੱਖਾਂ ਵਿਚੋਂ ਨਿਕਲ ਕੇ ਕਿਤੇ ਨਹੀਂ ਜਾਣਗੇ। ਉਹ ਇਤਨੇ
ਸੂਖਮ ਹਨ ਕਿ ਮੈਂ ਪਲਕਾਂ ਝਪਕਾਵਾਂ ਤਦ ਵੀ ਉਹਨਾਂ ਨੂੰ ਲੇਸ ਮਾਤ੍ਰ ਪੀੜ ਨਹੀਂ ਹੋਵੇਗੀ।

**1127.** கண்உள்ளார் காத லவராகக் கண்ணும்
எழுதேம் கரப்பாக்கு அறிந்து.

ਮੇਰਾ ਪ੍ਰੀਤਮ ਮੇਰੇ ਨੈਣਾਂ ਵਿਚ ਵੱਸਿਆ ਹੋਇਆ ਹੈ। ਮੈਂ ਏਸੇ ਲਈ ਡਰਦੀ
ਮਾਰੀ ਅੱਖਾਂ ਵਿਚ ਸੁਰਮਾਂ ਨਹੀਂ ਪਾਉਂਦੀ ਕਿ ਕਿਤੇ ਓਹ ਓਹਲੇ ਨਾ ਹੋ ਜਾਏ।

**1128.** நெஞ்சத்தார் காத லவராக வெய்துஉண்டல்
அஞ்சுதும் வேபாக்கு அறிந்து.

ਮੇਰਾ ਪ੍ਰੀਤਮ ਮੇਰੇ ਹਿਰਦੇ ਵਿਚ ਵੱਸਿਆ ਹੋਇਆ ਹੈ। ਇਸੇ ਲਈ ਮੈਂ ਗਰਮ
ਚੀਜ਼ ਖਾਣ ਤੋਂ ਡਰਦੀ ਹਾਂ ਕਿ ਕਿਤੇ ਉਸ ਨੂੰ ਗਰਮ ਨਾ ਲਗ ਜਾਏ।

**1129.** இமைப்பின் கரப்பாக்கு அறிவல் அனைத்திற்கே
ஏதிலர் என்னும்இவ் வூர்.

ਮੈਂ ਇਸ ਲਈ ਪਲਕਾਂ ਨਹੀਂ ਝਪਕਦੀ ਕਿ ਕਿਤੇ ਉਸ ਵਿਚ ਵੱਸਿਆ ਮੇਰਾ ਪ੍ਰੀਤਮ
ਓਝਲ ਨਾ ਹੋ ਜਾਏ। ਇਹ ਜਾਣੇ ਬਿਨਾ ਲੋਕ ਉਸ ਨੂੰ ਮੇਰੀ ਨੀਂਦ ਚੁਰਾਣ ਵਾਲਾ
ਨਿਰਦਈ ਕਹਿੰਦੇ ਹਨ।

**1130.** உவந்துஉறைவர் உள்ளத்துள் என்றும் இகந்துஉறைவர்
ஏதிலர் என்னும்இவ் வூர்.

ਮੇਰਾ ਪ੍ਰੀਤਮ ਮੇਰੇ ਹਿਰਦੇ ਵਿਚ ਵੱਸਦਾ ਹੈ। ਅਨਾੜੀ ਲੋਕ ਖਾਹ ਮਖਾਹ ਦੋਸ਼ ਲਗਾਂਦੇ
ਹਨ ਕਿ ਉਹ ਜ਼ਾਲਮ ਹੈ ਤੇ ਮੈਨੂੰ ਛੱਡ ਕੇ ਦੂਰ ਚਲਿਆ ਗਿਆ ਹੈ।

# 114

## நாணுத் துறவு உரைத்தல்

## ਲੱਜਾ ਦਾ ਤਿਆਗ

1131. காமம் உழந்து வருந்தினார்க்கு ஏமம்
மடல்அல்லது இல்லை வலி.

ਸਰੀਰਕ ਮਿਲਾਪ-ਸੁਖ ਪਾਉਣ ਤੋਂ ਪਿਛੋਂ ਦੇ ਵਿਛੋੜੇ ਦੀ ਪੀੜ ਵਿਚ ਵਿਆਕੁਲ ਪ੍ਰੇਮੀ ਦੇ ਸਾਹਮਣੇ ਮਡ੍ਹੱਲ ਤੇ ਚੜ੍ਹਣ ਤੋਂ ਛੁੱਟ ਹੋਰ ਕੋਈ ਚਾਰਾ ਨਹੀਂ।

1132. நோனா உடம்பும் உயிரும் மடல்ஏறும்
நாணினை நீக்கி நிறுத்தி.

ਪ੍ਰੇਮਕਾ ਦਾ ਵਿਛੋੜਾ-ਦੁੱਖ ਸਹਿਣ ਤੋਂ ਅਸਮੱਥ ਮੇਰਾ ਸਰੀਰ ਤੇ ਪ੍ਰਾਣ ਸ਼ਰਮ ਹਯਾ ਤਿਆਗ ਕੇ ਮਡ੍ਹਲ ਚੜ੍ਹਣ (ਤਾੜ ਪੱਤਰ ਦੇ ਘੋੜੇ ਉਤੇ ਸਵਾਰ ਹੋਣ) ਨੂੰ ਤਿਆਰ ਹੋ ਗਏ ਹਨ।

1133. நாணொடு நல்லாண்மை பண்டுஉடையேன் இன்றுஉடையேன்
காமுற்றார் ஏறும் மடல்.

ਪਹਿਲਾਂ ਮੇਰੇ ਵਿਚ ਧੀਰਜ ਤੇ ਨਿਮ੍ਰਤਾ ਸੀ ਪ੍ਰੰਤੂ ਅਜ (ਬ੍ਰਿਹੋਂ ਦੀ ਸਿਖਰ ਹੋ ਜਾਣ ਕਾਰਨ) ਮੇਰੇ ਪਾਸ ਮਡ੍ਹਲ (ਤਾੜ ਪੱਤਰ ਦਾ ਘੋੜਾ) ਹੀ ਹੈ ਜਿਸ ਉਤੇ ਪ੍ਰੇਮ-ਬ੍ਰਿਹੋਂ ਕੁੱਠੇ ਸਵਾਰ ਹੁੰਦੇ ਹਨ।

1134. காமக் கடும்புனல் உய்க்குமே நாணொடு
நல்லாண்மை என்னும் புணை.

ਸ਼ਰਮ-ਹਯਾ ਤੇ ਧੀਰਜ ਰੂਪੀ ਬੇੜੀ ਹਾਇ ਪ੍ਰੇਮ ਰੂਪੀ ਹੜ੍ਹ ਵਿਚ ਰੁੜ੍ਹ ਗਈ।

1135. தொடலைக் குறுந்தொடி தந்தாள் மடலொடு
மாலை உழக்கும் துயர்.

ਫੁੱਲਾਂ ਵਰਗੇ ਸੁਹਣੇ ਕੰਗਣਾਂ ਵਾਲੀ ਸੁੰਦਰੀ ਨੇ ਮੈਨੂੰ ਤੁਹਫ਼ੇ ਵਜੋਂ ਦਿਤੇ ਹਨ-ਮਡ੍ਹਲ (ਤਾੜ ਪਤੱਰ ਦੇ ਘੋੜੇ) ਦੀ ਸਵਾਰੀ ਅਤੇ ਸਾਰੀ-2 ਰਾਤ ਦੀ ਬ੍ਰਿਹੋਂ-ਪੀੜਾ।

1136. மடல்ஊர்தல் யாமத்தும் உள்ளுவேன் மன்ற
படல்ஒல்லா பேதைக்குஎன் கண்.

ਪ੍ਰੇਮਕਾ ਦੇ ਬ੍ਰਿਹੋਂ ਵਿਚ ਮੇਰੀਆਂ ਸਾਰੀ ਰਾਤ ਪਲਕਾਂ ਨਹੀਂ ਜੁੜਦੀਆਂ ਤੇ ਅੱਧੀ ਰਾਤ ਵੇਲੇ ਵੀ ਮੈਨੂੰ ਮਡ੍ਹਲ ਚੜ੍ਹਣ ਦੀ ਇੱਛਿਆ ਹੁੰਦੀ ਹੈ।

**1137.** கடல்அன்ன காமம் உழந்தும் மடல்ஏறாப்
பெண்ணின் பெருந்தக்கது இல்.

ਕਾਮ ਪੀੜਾ ਦੇ ਸਾਗਰ ਵਿਚ ਡੁੱਬੀ ਰਹਿਣ ਤੇ ਵੀ ਨਾਰੀ ਮਡ਼੍ਹਲ ਨਹੀਂ ਚੜ੍ਹਦੀ
(ਪੀੜ ਨੂੰ ਚੁੱਪ ਚੁਪੀਤੇ ਸਹਿਣ ਕਰਨ ਵਾਲੀ) ਨਾਰੀ ਦੀ ਇਹ ਪ੍ਰਕ੍ਰਿਤੀ ਸਲਾਹੁਣ ਯੋਗ ਹੈ।

**1138.** நிறைஅரியர் மன்அளியர் என்னாது காமம்
மறைஇறந்து மன்று படும்.

ਮੇਰੀ ਕਾਮ-ਚੇਸ਼ਟਾ, ਮ੍ਰਯਾਦਾ ਵਿਚ ਬੱਝੇ ਰਹਿਣ ਦੀ ਮੇਰੀ ਸ਼ਕਤੀ ਨੂੰ ਤੋੜ ਕੇ
ਸਭ ਦੇ ਸਾਹਮਣੇ ਮੈਨੂੰ ਨਸ਼ਰ ਕਰ ਦੇਂਦੀ ਹੈ।

**1139.** அறிகிலார் எல்லாரும் என்றேஎன் காமம்
மறுகின் மறுகும் மருண்டு.

ਇਹ ਮੰਨ ਕੇ ਮੈਂ ਚੁੱਪ ਹਾਂ ਕਿ ਮੇਰੀ ਪ੍ਰੇਮ-ਕਹਾਣੀ ਬਾਰੇ ਕਿਸੇ ਨੂੰ ਪਤਾ ਨਹੀਂ ਪਰ ਪ੍ਰੇਮ ਹ ਕਿ
ਇਸ ਦੀ ਚਰਚਾ ਬਸਤੀ ਦੀ ਗਲੀ ਗਲੀ ਵਿਚ ਹੋ ਰਹੀ ਹੈ।

**1140.** யாம்கண்ணின் காண நகுப அறிவுஇல்லார்
யாம்பட்ட தாம்படா வாறு.

ਮੂਰਖ ਹਨ ਉਹ ਲੋਕ ਜੋ ਮੇਰੀਆਂ ਅੱਖਾਂ ਦੇ ਸਾਹਮਣੇ ਹੀ ਮੇਰੀ ਦਸ਼ਾ ਉਤੇ ਹੱਸਦੇ ਹਨ
ਕੀਹ ਉਹਨਾਂ ਲੋਕਾਂ ਨੇ ਆਪ ਕਦੇ ਇਸ ਪੀੜ ਦਾ ਅਨੁਭਵ ਨਹੀਂ ਕੀਤਾ।

**ਮਡ਼੍ਹਲ ਤੇ ਚੜ੍ਹਨਾ**:- ਪ੍ਰਾਚੀਨ ਤਾਮਿਲ ਨਾਡੂ ਵਿਚ ਜਿਹੜੇ ਪ੍ਰੇਮੀ ਮਾਪਿਆਂ ਅਥਵਾ ਸਮਾਜ ਦੀ ਪ੍ਰਵਾਨਗੀ ਲਏ ਬਿਨਾਂ ਗੰਧਰਵ ਵਿਆਹ (ਸਰੀਰਕ ਮਿਲਾਪ) ਕਰ ਲੈਂਦੇ ਸਨ ਉਹਨਾਂ ਨੂੰ ਸਮਾਜ ਤੇ ਲੜਕੀ ਦੇ ਮਾਪਿਆਂ ਦੀ ਪ੍ਰਵਾਨਗੀ ਲੈਣ ਲਈ ਬੜੀ ਕਠਨ-ਪੀੜਾ ਜਨਕ ਪ੍ਰੀਖਿਆ ਵਿਚੋਂ ਲੰਘਣਾ ਪੈਂਦਾ ਸੀ। ਤਾੜ ਪੱਤਰ ਦੇ ਨੋਕੀਲੇ ਤੇ ਆਰੀ ਵਾਂਗ ਤਿੱਖੇ ਪੱਤਿਆਂ ਨੂੰ ਜੋੜ ਕੇ ਉਹਨਾਂ ਉਤੇ ਪ੍ਰੇਮੀ ਨੂੰ ਬਿਠਾ ਕੇ ਉਸਦੇ ਦੋਸਤ ਭਾਵੁਕਤਾ ਤੇ ਪਿਆਰ ਦੇ ਗੀਤ ਗਾਉਂਦੇ ਹੋਏ ਉਸ ਨੂੰ ਸਾਰੇ ਪਿੰਡ ਵਿਚ ਘਸੀਟਦੇ, ਜਿਸ ਨਾਲ ਇਕ ਪਾਸੇ ਤਾਂ ਉਸ ਦੇ ਸਰੀਰ ਦੀਆਂ ਛਿੱਲਤਰਾਂ ਲਹਿ ਜਾਂਦੀਆਂ ਤੇ ਦੂਜੇ ਪਾਸੇ ਲੋਕ ਉਸ ਦਾ ਮਜ਼ਾਕ ਉਡਾਂਦੇ। ਪ੍ਰੇਮੀ ਦੀ ਇਸ ਤਰਸ ਯੋਗ ਤੇ ਕੁਰਬਾਨੀ ਭਰਪੂਰ ਸਥਿਤੀ ਨੂੰ ਦੇਖ ਕੇ ਕੁੜੀ ਦੇ ਮਾਪੇ ਜੋ ਪਹਿਲਾਂ ਇਤਰਾਜ਼ ਕਰਦੇ ਸਨ ਉਹ ਮੰਨ ਜਾਂਦੇ।

# 115

## அலர் அறிவுறுத்தல்

## ਅਫ਼ਵਾਹ ਫੈਲਣੀ

1141. *அலர்எழ ஆருயிர் நிற்கும் அதனைப்*
*பலர்அறியார் பாக்கியத் தால்.*

ਸਾਡੇ ਪਿਆਰ ਸੰਬੰਧੀ ਅਫ਼ਵਾਹਾਂ ਨੇ ਵਿਛੋੜੇ ਦੀਆਂ ਪੀੜਾਂ ਵਿਚ ਵੀ ਸਾਨੂੰ ਜੀਵਤ ਰਖਿਆ ਹੋਇਆ ਹੈ। ਪ੍ਰੰਤੂ ਬਹੁਤੇ ਲੋਕ ਇਸ ਨੂੰ ਅਨੁਭਵ ਨਹੀਂ ਕਰਦੇ ਇਸੇ ਵਿਚ ਸਾਡਾ ਸੁਭਾਗ ਹੈ।

1142. *மலர்அன்ன கண்ணாள் அருமை அறியாது*
*அலர்எமக்கு ஈந்ததுஇவ் வூர்.*

ਫੁੱਲਾਂ ਵਰਗੇ ਨੈਣਾਂ ਵਾਲੀ ਸੁੰਦਰੀ ਜੋ ਮੇਰੇ ਲਈ ਦੁਰਲਭ ਸੀ ਲੋਕਾਂ ਨੇ ਅਫ਼ਵਾਹ ਫੈਲਾ ਕੇ ਮੇਰੀ ਸਹਾਇਤਾ ਕਰ ਦਿੱਤੀ ਹੈ। ਹੁਣ ਉਹ ਮੈਨੂੰ ਸੌਖੀ ਪ੍ਰਾਪਤ ਹੋ ਜਾਵੇਗੀ।

1143. *உறாஅதோ ஊரறிந்த கௌவை அதனைப்*
*பெறாஅது பெற்றன்ன நீர்த்து.*

ਨਗਰ ਵਿਚ ਫੈਲੀ ਹੋਈ ਅਫ਼ਵਾਹ ਮੇਰੇ ਲਈ ਲਾਭਕਾਰੀ ਹੈ ਕਿਉਂ ਜੋ ਇਸ ਨਾਲ ਮੇਰੀ ਪ੍ਰੇਮਕਾ ਮੈਥੋਂ ਦੂਰ ਹੁੰਦੀ ਹੋਈ ਵੀ ਮੈਨੂੰ ਪ੍ਰਾਪਤ ਪ੍ਰਤੀਤ ਹੁੰਦੀ ਹੈ।

1144. *கவ்வையால் கவ்விது காமம் அதுஇன்றேல்*
*தவ்வென்னும் தன்மை இழந்து.*

ਲੋਕਾਂ ਦੀ ਚਰਚਾ ਬਨਣ ਨਾਲ ਮੇਰਾ ਪ੍ਰੇਮ ਵਧੇਰੇ ਤੀਬਰ ਹੋ ਗਿਆ ਹੈ। ਇਸ ਤੋਂ ਬਿਨਾ ਪ੍ਰੇਮ ਕਮਜ਼ੋਰ ਤੇ ਫਿੱਕਾ ਪੈਂਦਾ ਜਾ ਰਿਹਾ ਸੀ।

1145. *களித்தொறும் கள்ளுண்டல் வேட்டற்றால் காமம்*
*வெளிப்படுந் தோறும் இனிது.*

ਜਿਤਨੀ ਕੋਈ ਵਧੇਰੇ ਸ਼ਰਾਬ ਪੀਂਦਾ ਹੈ ਉਤਨੀ ਹੀ ਉਸ ਅੰਦਰ ਸ਼ਰਾਬ ਲਈ ਤਾਂਘ ਵਧਦੀ ਜਾਂਦੀ ਹੈ। ਇਵੇਂ ਹੀ ਜਿਤਨੀ ਅਫ਼ਵਾਹ ਫੈਲਦੀ ਹੈ ਉਤਨਾ ਹੀ ਪ੍ਰੇਮੀਆਂ ਦਾ ਪਿਆਰ ਤੀਬਰਤਾ ਪਕੜ ਜਾਂਦਾ ਹੈ।

1146. *கண்டது மன்னும் ஒருநாள் அலர்மன்னும்*
*திங்களைப் பாம்புகொண் டற்று.*

ਪ੍ਰੀਤਮ ਨਾਲ ਮਿਲਾਪ ਕੇਵਲ ਇਕ ਦਿਨ ਹੋਇਆ ਪ੍ਰੰਤੂ ਇਸ ਵਿਸ਼ੇ ਬਾਰੇ ਅਫ਼ਵਾਹ ਇਤਨੀ ਫ਼ੈਲ ਗਈ ਜਿਵੇਂ ਕਿ ਚੰਦ੍ਰਮਾ ਨੂੰ ਨਾਗ ਨੇ ਗ੍ਰੱਸ ਲਿਆ ਹੁੰਦਾ ਹੈ (ਚੰਦ੍ਰ ਗ੍ਰਹਿਣ ਲਗ ਗਿਆ ਹੁੰਦਾ ਹੈ)।

**1147.** ஊரவர் கௌவை எருஆக அன்னைசொல்
நீராக நீளும்இந் நோய்.

ਇਹ ਪ੍ਰੇਮ ਰੂਪੀ ਬੂਟਾ ਨਗਰ-ਵਾਸੀਆਂ ਦੀ ਅਫ਼ਵਾਹ ਰੂਪੀ ਖਾਦ ਤੇ ਮਾਂ ਦੇ ਕਠੋਰ ਬਚਨ ਰੂਪੀ ਜਲ ਨਾਲ ਵਧੇਰੇ ਪ੍ਰਫੁੱਲਤ ਹੋ ਗਿਆ ਹੈ।

**1148.** நெய்யால் எரிநுதுப்பேம் என்றற்றால் கௌவையால்
காமம் நுதுப்பேம் எனல்.

ਅਫ਼ਵਾਹ ਫੈਲਾ ਕੇ ਪ੍ਰੇਮ ਦੇ ਭਾਂਬੜ ਨੂੰ ਬੁਝਾਣ ਦਾ ਯਤਨ ਐਸਾ ਹੀ ਹੈ ਜਿਵੇਂ ਅੱਗ ਬੁਝਾਣ ਲਈ ਉਸ ਉਤੇ ਘਿਉ ਪਾਇਆ ਜਾਣਾ।

**1149.** அலர்நாண ஒல்வதோ அஞ்சல்ஓம்பு என்றார்
பலர்நாண நீத்தக் கடை.

"ਡਰਨਾ ਨਹੀਂ" ਕਹਿ ਕੇ ਪ੍ਰੀਤਮ ਨੇ ਮੈਨੂੰ ਨਿੱਡਰ ਬਣਾ ਦਿਤਾ ਹੈ।
ਫਿਰ ਸਭ ਦੇ ਸਾਹਮਣੇ ਲੱਜਿਤ ਹੋਣ ਲਈ ਉਹ ਮੈਨੂੰ ਇੱਕਲਿਆਂ ਛੱਡ ਕੇ ਚਲੇ ਗਏ।
ਸੋ ਅਜਿਹੀ ਸਥਿਤੀ ਵਿਚ ਜੱਗ-ਹਸਾਈ ਤੋਂ ਮੈਨੂੰ ਲੱਜਾ ਕਿਉਂ ਆਏ।

**1150.** தாம்வேண்டின் நல்குவர் காதலர் யாம்வேண்டும்
கௌவை எடுக்கும்இவ் வூர்.

ਨਗਰ ਵਾਸੀਆਂ ਨੇ ਅਫ਼ਵਾਹ ਫੈਲਾ ਕੇ ਮੇਰੀ ਮਨੋਕਾਮਨਾ ਪੂਰੀ ਕਰ ਦਿੱਤੀ ਹੈ।
ਹੁਣ ਪ੍ਰੀਤਮ ਚਾਹੁਣ ਤਾਂ (ਆਪਣੇ ਨਾਲ ਭੱਜਣ ਦੀ) ਮੈਨੂੰ ਪ੍ਰਵਾਨਗੀ ਦੇ ਸਕਦੇ ਹਨ।

# 116

## பிரிவு ஆற்றாமை

## ਬ੍ਰਿਹੋਂ ਪੀੜਾ

**1151.** செல்லாமை உண்டேல் எனக்குஉரை மற்றுநின்
வல்வரவு வாழ்வார்க்கு உரை.

ਜੇ ਨਾ ਵਿਦਾ ਹੋਣ ਦੀ ਗਲ ਕਹਿਣੀ ਹੋਵੇ ਤਾਂ ਮੈਨੂੰ ਕਹੋ।
ਵਿਛੁੱੜ ਕੇ ਛੇਤੀ ਵਾਪਸ ਆਉਣ ਦੀ ਗਲ ਸੁਨਾਉਣੀ ਚਾਹੁੰਦੇ ਹੋ ਤਾਂ ਇਹ ਉਹਨਾਂ ਨੂੰ ਕਹੋ ਜਿਨ੍ਹਾਂ ਵਿਚ ਓਦੋਂ ਤਕ ਪ੍ਰਾਣ ਬਚਾਈ ਰਖਣ ਦੀ ਸ਼ਕਤੀ ਹੋਵੇ।

**1152.** *இன்கண் உடைத்தவர் பார்வல் பிரிவுஅஞ்சும்
புன்கண் உடைத்தால் புணர்வு.*

ਪਹਿਲਾਂ ਤਾਂ ਉਹਨਾਂ ਦਾ ਦਰਸ਼ਨ ਮਾਤ੍ਰ ਵੀ ਸੁਖਦਾਈ ਲਗਦਾ ਸੀ।
ਹੁਣ ਵਿਯੋਗ ਦੇ ਡਰ ਕਾਰਨ ਮਿਲਾਪ ਵੀ ਦੁਖਦਾਈ ਲਗਦਾ ਹੈ।

**1153.** *அரிதரோ தேற்றம் அறிவுஉடையார் கண்ணும்
பிரிவுஓர் இடத்துஉண்மை யான்.*

ਬ੍ਰਿਹੋਂ ਪੀੜਾ ਨਾ ਸਹਿ ਸਕਣ ਦੀ ਮੇਰੀ ਸਮ੍ਰੱਥਾ ਬਾਰੇ ਪ੍ਰੀਤਮ ਨੂੰ ਗਿਆਨ ਹੈ।
ਫਿਰ ਵੀ ਉਹ ਬ੍ਰਿਹੋਂ ਦੀ ਸਥਿਤੀ ਪੈਦਾ ਕਰ ਦੇਂਦਾ ਹੈ। ਅਜਿਹੀ ਹਾਲਤ ਵਿਚ ਮੈਂ
ਪ੍ਰੀਤਮ ਦੀਆਂ ਗਲਾਂ ਉਤੇ ਕਿਵੇਂ ਵਿਸ਼ਵਾਸ ਕਰਾਂ।

**1154.** *அளித்துஅஞ்சல் என்றுஅவர் நீப்பின் தெளித்தசொல்
தேறியார்க்கு உண்டோ தவறு.*

ਤਰਸ ਖਾ ਕੇ 'ਡਰੋ ਨਾ' (ਮੈਂ ਕਿਤੇ ਨਹੀਂ ਜਾਵਾਂਗਾ) ਕਹਿੰਦੇ ਹੋਏ ਵਿਸ਼ਵਾਸ਼ ਦਿਵਾਂਦੇ ਸਨ।
ਫੇਰ ਝੱਟ ਵਿੱਛੜ ਕੇ ਚਲੇ ਗਏ। ਉਹਨਾਂ ਦੇ ਬਚਨਾਂ ਉਤੇ ਵਿਸ਼ਵਾਸ਼ ਕੀਤਾ
-ਕੀਹ ਇਹ ਮੇਰਾ ਦੋਸ਼ ਹੈ।

**1155.** *ஓம்பின் அமைந்தார் பிரிவுஓம்பல் மற்றவர்
நீங்கின் அரிதால் புணர்வு.*

ਹੇ ਸਹੇਲੀ ਜੇ ਮੇਰੇ ਪ੍ਰਾਣ ਬਚਾਣਾ ਚਾਹੁੰਦੇ ਹਨ ਤਾਂ ਮੇਰੇ ਪ੍ਰੀਤਮ ਆਪਣਾ ਜਾਣਾ
ਟਾਲ ਦੇਣ। ਉਹਨਾਂ ਤੋਂ ਵਿੱਛੜ ਕੇ ਫਿਰ ਮਿਲਣਾ ਕਦੇ ਵੀ ਸੰਭਵ ਨਹੀਂ ਹੋਵੇਗਾ।

**1156.** *பிரிவுஉரைக்கும் வன்கண்ணர் ஆயின் அரிதுஅவர்
நல்குவர் என்னும் நசை.*

ਜੇ ਉਹ ਇਤਨਾ ਜ਼ਾਲਮ ਹੈ ਕਿ ਮੈਨੂੰ ਆਪਣੇ ਜਾਣ ਬਾਰੇ ਕਹਿ ਸਕਦਾ ਹੈ ਤਾਂ ਮੈਨੂੰ
ਉਸ ਪਾਸੋਂ ਵਾਪਸ ਆ ਕੇ ਪ੍ਰੇਮ ਦੀ ਆਸ ਕਰਨੀ ਫਜ਼ੂਲ ਹੈ।

**1157.** *துறைவன் துறந்தமை தூற்றாகொல் முன்கை
இறைஇறவா நின்ற வளை.*

ਹੇ ਸਖੀ ਉਹਨਾਂ ਵਲੋਂ ਕਹਿਣ ਤੋਂ ਪਹਿਲਾਂ ਹੀ ਕਲਾਈਆਂ ਵਿਚੋਂ ਖਿਸਕਦੀਆਂ
ਚੂੜੀਆਂ ਵਿਛੋੜੇ ਦੀ ਪੂਰਵ ਸੂਚਨਾ ਦੇ ਚੁੱਕੀਆਂ ਹਨ। ਹੁਣ ਤੇਰੇ ਪਾਸੋਂ ਸੁਨਣ
ਦੀ ਆਵੱਸ਼ਕਤਾ ਕੀ ਹੈ।

**1158.** *இன்னாது இனன்இல்ஊர் வாழ்தல் அதனினும்
இன்னாது இனியார்ப் பிரிவு.*

ਪਿਆਰੇ ਮਿੱਤ੍ਰਾਂ ਤੋਂ ਸੱਖਣੀ ਥਾਂ ਤੇ ਰਹਿਣਾ ਔਖਾ ਹੈ। ਪ੍ਰੀਤਮ ਦਾ ਵਿਛੋੜਾ ਉਸ ਤੋਂ ਵਧੇਰੇ ਪੀੜਾ-ਜਨਕ ਹੈ।

**1159.** தொடின்சுடின் அல்லது காமநோய் போல
விடின்சுடல் ஆற்றுமோ தீ.

ਅੱਗ ਛੂਹਣ ਤੇ ਹੀ ਸਾੜਦੀ ਹੈ ਪ੍ਰੰਤੂ ਪ੍ਰੇਮ ਰੋਗ ਵਾਂਗ ਕੀਹ ਦੂਰ ਹੋ ਕੇ ਸਾੜਨ ਦੀ ਸ਼ਕਤੀ ਉਸ ਵਿਚ ਹੈ।

**1160.** அரிதுஆற்றி அல்லல்நோய் நீக்கிப் பிரிவுஆற்றிப்
பின்இருந்து வாழ்வார் பலர்.

ਹੇ ਸਖੀ (ਮੰਨਦੀ ਹਾਂ)ਅਜਿਹੇ ਕਈ ਲੋਕ ਹੋਣਗੇ ਜੋ ਵਿਛੋੜੇ ਦੀ ਪੀੜ ਨੂੰ ਝੱਲਣ ਤੇ ਉਸ ਤੋਂ ਪਿਛੋਂ ਵੀ ਧੀਰਜ ਰਖਦੇ ਹੋਏ ਜਿਉਂਦਿਆਂ ਰਹਿ ਸਕਣ (ਪ੍ਰੰਤੂ ਮੇਰੇ ਲਈ ਇਹ ਅਸੰਭਵ ਹੈ।)

# 117

## படர்மெலிந்து இரங்கல்

## ਬ੍ਰਿਹਣੀ ਦੀ ਵਿਥਿਆ

**1161.** மறைப்பேன்மன் யான்இஃதோ நோயை இறைப்பவர்க்கு
ஊற்றுநீர் போல மிகும்.

ਮੈਂ ਇਸ ਪ੍ਰੇਮ ਰੋਗ ਨੂੰ ਲੁਕਾਣਾ ਚਾਹੁੰਦੀ ਹਾਂ। ਕਢੇ ਜਾਣ ਤੇ ਵੀ ਇਸ ਚਸ਼ਮੇ ਦੇ ਪਾਣੀ ਦਾ ਪੱਧਰ ਵਧਦਾ ਹੀ ਜਾਂਦਾ ਹੈ।

**1162.** கரத்தலும் ஆற்றேன்இந் நோயைநோய் செய்தார்க்கு
உரைத்தலும் நாணுத் தரும்.

ਪ੍ਰੇਮ ਦੇ ਇਸ ਰੋਗ ਨੂੰ ਲੁਕਾ ਕੇ ਰਖਣਾ ਵੀ ਕਠਿਨ ਹੈ। ਜਿਸ ਨੇ ਇਹ ਰੋਗ-ਪੀੜ ਦਿਤੀ ਹੈ ਉਸ ਦੇ ਸਾਹਮਣੇ ਵੀ ਇਸ ਨੂੰ ਪ੍ਰਗਟ ਨਹੀਂ ਕੀਤਾ ਜਾ ਸਕਦਾ।

**1163.** காமமும் நாணும் உயிர்காவாத் தூங்கும்என்
நோனா உடம்பின் அகத்து.

ਮੇਰੀ ਸਰੀਰ ਰੂਪ ਵਹਿੰਗੀ ਦੇ ਦੋਨਾਂ ਪਾਸੇ ਸ਼ਰਮ ਤੇ ਪ੍ਰੇਮ ਦੇ ਬੋਝ ਲੱਦੇ ਹੋਏ ਹਨ ਜਿਨ੍ਹਾਂ ਦਾ ਬੋਝ ਝੱਲਣ ਤੋਂ ਮੈਂ ਅਸਮੱਰਥ ਹਾਂ।

**1164.** காமக் கடல்மன்னும் உண்டே அதுநீந்தும்
ஏமப் புணைமன்னும் இல்.

ਨਿਰਸੰਦੇਹ ਕਾਮ-ਰੋਗ ਇਕ ਵਿਸ਼ਾਲ ਸਮੁੰਦਰ ਵਾਂਗ ਹੈ ਪ੍ਰੰਤੂ
ਉਸ ਤੋਂ ਪਾਰ ਲੰਘਣ ਲਈ ਮੇਰੇ ਪਾਸ ਬੇੜੀ ਨਹੀਂ ਹੈ।

**1165.** துப்பின் எவன்ஆவர் மன்கொல் துயர்வரவு
நட்பினுள் ஆற்று பவர்.

(ਜੇ ਪ੍ਰੇਮੀ) ਸੁਖ ਦੇਣ ਵਾਲੀ ਮਿਤ੍ਰੱਤਾ ਨੂੰ ਹੀ ਇਤਨਾ ਪੀੜਾਦਾਇਕ ਬਣਾ ਸਕਦਾ ਹੈ
ਤਾਂ ਦੁਖਦਾਇਕ ਦੁਸ਼ਮਣੀ ਵਿਚ ਉਹ ਕੀਹ ਨਹੀਂ ਕਰ ਸਕਦਾ।

**1166.** இன்பம் கடல்மற்றுக் காமம் அஃதுஅடுங்கால்
துன்பம் அதனின் பெரிது.

ਮਿਲਾਪ ਦੇ ਸਮੇਂ ਕਾਮ-ਆਨੰਦ ਵਿਸ਼ਾਲ ਸਮੁੰਦਰ ਵਾਂਗ ਹੁੰਦਾ ਹੈ।
ਬ੍ਰਿਹੋਂ ਵੇਲੇ ਵਿਛੋੜੇ ਦੀ ਪੀੜ ਘੋਰ ਡੂੰਘੇ ਸਾਗਰ ਵਾਂਗ ਅਗਾਧ ਹੁੰਦੀ ਹੈ।

**1167.** காமக் கடும்புனல் நீந்திக் கரைகாணேன்
யாமத்தும் யானே உளேன்.

ਮੈਂ ਪ੍ਰੇਮ-ਸਾਗਰ ਵਿਚ ਲਗਾਤਾਰ ਤੈਰਦੀ ਹੋਈ ਵੀ ਇਸ ਦਾ ਅੰਤ ਨਹੀਂ ਪਾ ਰਹੀ
ਅੱਧੀ ਰਾਤ ਦੇ ਸਮੇਂ ਵੀ ਮੈਂ ਸਾਥੀ ਤੋਂ ਬਿਨਾ ਇਕੱਲੀ ਹਾਂ।

**1168.** மன்னுயிர் எல்லாம் துயிற்றி அளித்துஇரா
என்அல்லது இல்லை துணை.

ਪ੍ਰੇਮ ਪੂਰਬਕ ਸਭ ਨੂੰ ਸੁਆਣ ਤੋਂ ਪਿਛੋਂ ਇਸ ਰਾਤ ਨੇ ਆਪਣੀ
ਇਕਾਂਤ ਦੂਰ ਕਰਨ ਲਈ ਮੈਨੂੰ ਸਹੇਲੀ ਦੇ ਰੂਪ ਵਿਚ ਚੁਣਿਆ ਹੈ।

**1169.** கொடியார் கொடுமையின் தாம்கொடிய இந்நாள்
நெடிய கழியும் இரா.

ਬ੍ਰਿਹੋਂ ਦੀਆਂ ਇਹ ਲੰਮੀਆਂ ਰਾਤਾਂ ਮੇਰੇ ਨਿਰਮੋਹੀ ਪ੍ਰੀਤਮ ਦੀ
ਕਠੋਰਤਾ ਤੋਂ ਵੀ ਵਧੇਰੇ ਜ਼ਾਲਮ ਹਨ।

**1170.** உள்ளம்போன்று உள்வழிச் செல்கிற்பின் வெள்ளநீர்
நீந்தல மன்னோஎன் கண்.

ਮਨ ਵਾਂਗ ਜੇ ਮੇਰੇ ਨੈਣ ਵੀ ਪ੍ਰੀਤਮ ਕੋਲ ਜਾ ਸਕਦੇ ਹੁੰਦੇ
ਤਾਂ ਇਹ ਹੰਝੂਆਂ ਦੇ ਸਾਗਰ ਵਿਚ ਨਾ ਡੁੱਬੇ ਰਹਿੰਦੇ।

# 118

## கண் விதுப்பு அழிதல்

## ਬਿਹੋਂ ਨਾਲ ਭਰੀਆਂ ਅੱਖਾਂ

**1171.** கண்தாம் கலுழ்வது எவன்கொலோ தண்டாநோய்
தாம்காட்ட யாம்கண் டது.

ਇਹਨਾਂ ਨੈਣਾਂ ਨੇ ਹੀ ਮੈਨੂੰ ਪ੍ਰੀਤਮ ਦੇ ਦਰਸ਼ਨ ਕਰਵਾਏ ਸਨ ਜਿਸ ਨੂੰ ਦੇਖਣ ਨਾਲ ਮੈਨੂੰ ਅਸਾਧ ਪ੍ਰੇਮ-ਰੋਗ ਹੋ ਗਿਆ। ਹੁਣ ਇਹ ਨੈਣ ਰੋਂਦੇ ਰੋਂਦੇ ਉਸ ਨੂੰ ਦੇਖਣ ਲਈ ਕਿਉਂ ਤਰਸ ਰਹੇ ਹਨ।

**1172.** தெரிந்துஉணரா நோக்கிய உண்கண் பரிந்துஉணராப்
பைதல் உழப்பது எவன்.

ਉਸ ਦਿਨ ਪ੍ਰੀਤਮ ਨੂੰ ਦੇਖਦੇ ਸਾਰ ਇਹ ਅੱਖਾਂ ਬਿਨਾ ਸੋਚੇ ਉਸ ਨੂੰ ਪ੍ਰੇਮ ਕਰ ਬੈਠੀਆਂ। ਉਹ ਹੀ ਅੱਖਾਂ ਅਜ ਧੀਰਜ ਤਿਆਗ ਕੇ ਪ੍ਰੇਮ ਵਿਚ ਕਿਉਂ ਤੜਫ਼ ਰਹੀਆਂ ਹਨ।

**1173.** கதுமெனத் தாம்நோக்கித் தாமே கலுழும்
இதுநகத் தக்கது உடைத்து.

ਉਸ ਦਿਨ ਇਹ ਅੱਖਾਂ ਅਗੇ ਵੱਧ ਵੱਧ ਕੇ ਬੜੀ ਤੀਬਰਤਾ ਨਾਲ ਉਸ ਨੂੰ ਦੇਖਦੀਆਂ ਰਹੀਆਂ। ਅੱਜ ਇਹ ਰੋ ਰਹੀਆਂ ਹਨ। ਹੈ ਨਾ ਹਾਸੋ ਹੀਣੀ ਗਲ।

**1174.** பெயல்ஆற்றா நீர்உலந்த உண்கண் உயல்ஆற்றா
உய்வுஇல்நோய் என்கண் நிறுத்து.

ਇਹਨਾਂ ਅੱਖਾਂ ਨੇ ਮੈਨੂੰ ਅਸਾਧ ਤੇ ਅਸਹਿ ਪ੍ਰੇਮ-ਰੋਗ ਦਿਤਾ ਹੈ ਤੇ ਫਿਰ ਰੋ ਰੋ ਕੇ ਸੁੱਕ ਗਈਆਂ। ਹੁਣ ਮੈਂ ਰੋ ਵੀ ਨਹੀਂ ਸਕਦੀ।

**1175.** படல்ஆற்றா பைதல் உழக்கும் கடல்ஆற்றாக்
காமநோய் செய்தஎன் கண்.

ਮੇਰੀਆਂ ਅੱਖਾਂ ਨੇ ਉਸ ਦਿਨ ਮੈਨੂੰ ਸਾਗਰ ਵਰਗਾ ਅਥਾਹ ਪ੍ਰੇਮ-ਰੋਗ ਦਿਤਾ। ਅਜ ਇਹ ਆਪ ਹੀ ਨੀਂਦ ਰਹਿਤ ਹੋ ਕੇ ਤੜਪ ਰਹੀਆਂ ਹਨ।

**1176.** ஓஒ இனிதே எமக்குஇந்நோய் செய்தகண்
தாஅம் இதற்பட் டது.

ਮੈਨੂੰ ਇਸ ਪ੍ਰੇਮ-ਰੋਗ ਵਿਚ ਸੁੱਟਣ ਵਾਲੀਆਂ ਇਹ ਅੱਖਾਂ ਅਜ ਆਪ ਹੀ ਉਸ ਰੋਗ ਨਾਲ ਪੀੜਤ ਹੋ ਕੇ ਕਲਪ ਰਹੀਆਂ ਹਨ। ਇਹ ਚੰਗਾ ਹੀ ਹੋਇਆ।

**1177.** உழந்துஉழந்து உள்நீர் அறுக விழைந்துஇழைந்து
வேண்டி யவர்க்கண்ட கண்.

ਉਸ ਦਿਨ ਤਾਂ ਇਹ ਅੱਖਾਂ ਬੜੀਆਂ ਬੇਚੈਨ ਹੋ ਕੇ ਪ੍ਰੀਤਮ ਨੂੰ ਦੇਖ ਰਹੀਆਂ ਸਨ।
ਅਜ ਬ੍ਰਿਹੋਂ ਪੀੜਾ ਕਾਰਨ ਰੋ ਰੋ ਕੇ ਇਹਨਾਂ ਵਿਚਲਾ ਹੰਝੂਆਂ ਦਾ ਸ੍ਰੋਤ ਵੀ ਸੁੱਕ ਗਿਆ ਹੈ।

**1178.** பேணாது பெட்டார் உளர்மன்னோ மற்றுஅவர்க்
காணாது அமைவில கண்.

ਜਿਸ ਨੇ ਮੈਨੂੰ ਦਿਲ ਨਾਲ ਪ੍ਰੇਮ ਨਾ ਕਰਕੇ ਕੇਵਲ ਸ਼ਬਦਾਂ ਰਾਹੀਂ ਪ੍ਰੇਮ ਦਰਸਾਇਆ ਹੈ
ਓਸੇ ਨਿਰਮੋਹੀ ਲਈ ਮੇਰੀਆਂ ਅੱਖਾਂ ਤਰਸ ਰਹੀਆਂ ਹਨ।

**1179.** வாராக்கால் துஞ்சா வரின்துஞ்சா ஆயிடை
ஆரஞர் உற்றன கண்.

ਕੈਸਾ ਅਜੀਬ ਵਿਉਹਾਰ ਹੈ ਇਹਨਾਂ ਅੱਖਾਂ ਦਾ! ਜਦੋਂ ਪ੍ਰੀਤਮ ਨਹੀਂ ਆਉਂਦੇ ਸਨ
ਇਹ ਸੌਂ ਨਹੀਂ ਸਨ ਸਕਦੀਆਂ ਹੁਣ ਆਏ ਹਨ ਤਾਂ ਵੀ ਸੌਂ ਨਹੀਂ ਸਕਦੀਆਂ।

**1180.** மறைபெறல் ஊரார்க்கு அரிதுஅன்றால் எம்போல்
அறைபறை கண்ணா ரகத்து.

ਢੋਲ ਦੇ ਵੱਜਣ ਵਾਂਗ ਆਪਣੀ ਪੀੜ ਦਾ ਪ੍ਰਗਟਾਵਾ ਕਰਨ ਵਾਲੀਆਂ ਇਹਨਾਂ
ਅੱਖਾਂ ਦੇ ਭੇਤ (ਪ੍ਰੇਮ ਰੋਗ) ਨੂੰ ਸਮਝ ਸਕਣਾ ਕਿਸੇ ਲਈ ਵੀ ਕਠਿਨ ਨਹੀਂ ਹੈ।

# 119

## பசப்புஉறு பருவரல்
## ਬ੍ਰਿਹੋਂ ਵਿਚ ਪੀਲਾਪਨ

**1181.** நயந்தவர்க்கு நல்காமை நேர்ந்தேன் பசந்தஎன்
பண்பியார்க்கு உரைக்கோ பிற.

ਮੈਂ (ਉਸ ਦਿਨ) ਕਿਉਂ ਆਪਣੇ ਪ੍ਰੀਤਮ ਨੂੰ ਜਾਣ ਦੀ ਸਹਿਮਤੀ ਦਿਤੀ
ਹੁਣ ਬ੍ਰਿਹੋਂ ਦੀ ਮਾਰੂ-ਪੀੜ ਬਾਰੇ ਕਿਸ ਨੂੰ ਕਹਾਂ।

**1182.** அவர்தந்தார் என்னும் தகையால் இவர்தந்துஎன்
மேனிமேல் ஊரும் பசப்பு.

ਇਹ ਪੀਲਾ ਰੰਗ ਮੈਨੂੰ ਦੇਣ ਦਾ ਗੌਰਵ ਮੇਰੇ ਪ੍ਰੀਤਮ ਨੂੰ ਹੈ। ਹੁਣ ਇਹ
ਪੀਲਾਪਨ ਸਾਰੇ ਸਰੀਰ ਵਿਚ ਫੈਲਦਾ ਜਾ ਰਿਹਾ ਹੈ।

1183. சாயலும் நாணும் அவர்கொண்டார் கைம்மாறா
நோயும் பசலையும் தந்து.

ਮੇਰੀ ਸੁਹਣਪ ਤੇ ਲੱਜਾ ਨੂੰ ਪ੍ਰੀਤਮ ਨੇ ਲੈ ਲਿਆ ਹੈ ਤੇ ਬਦਲੇ ਵਿਚ
ਮੈਨੂੰ ਇਹ ਪ੍ਰੇਮ ਰੋਗ ਤੇ ਪੀਲਾਪਨ ਦੇ ਦਿਤਾ ਹੈ।

1184. உள்ளுவன் மன்யான் உரைப்பது அவர்திறமால்
கள்ளம் பிறவோ பசப்பு.

ਮੈਂ ਸਦਾ ਉਸੇ ਨੂੰ ਹੀ ਯਾਦ ਕਰਦੀ ਹਾਂ ਤੇ ਹਮੇਸ਼ਾ ਉਸੇ ਦੇ ਗੁਣ ਗਾਇਣ
ਕਰ ਰਹੀ ਹਾਂ ਫਿਰ ਵੀ ਮੇਰਾ ਸਰੀਰ ਪੀਲਾ ਪੈਂਦਾ ਜਾ ਰਿਹਾ ਹੈ। ਇਹ ਜਾਦੂਗਰੀ ਨਹੀਂ
ਤਾਂ ਹੋਰ ਕੀਹ ਹੈ।

1185. உவக்காண்எம் காதலர் செல்வார் இவக்காண்என்
மேனி பசப்புஊர் வது.

(ਹੇ ਸਹੇਲੀ!) ਤੂੰ ਦੇਖਿਆ ਨਹੀਂ। ਜਦੋਂ ਦੇ ਪ੍ਰੀਤਮ ਮੈਨੂੰ ਛੱਡ ਕੇ ਗਏ ਹਨ
ਮੇਰਾ ਸਰੀਰ ਪੀਲਾ ਪੈ ਗਿਆ ਹੈ।

1186. விளக்குஅற்றம் பார்க்கும் இருளேபோல் கொண்கன்
முயக்குஅற்றம் பார்க்கும் பசப்பு.

ਜਿਵੇਂ ਹਨੇਰਾ ਦੀਵੇ ਦੇ ਬੁਝਣ ਦੀ ਉਡੀਕ ਵਿਚ ਰਹਿੰਦਾ ਹੈ ਉਵੇਂ ਹੀ ਪੀਲਾਪਨ
ਇਸ ਉਡੀਕ ਵਿਚ ਰਹਿੰਦਾ ਹੈ ਕਿ ਕਦੋਂ ਮੈਂ ਪ੍ਰੀਤਮ ਤੋਂ ਵਿਛੁੱੜ ਜਾਵਾਂ।

1187. புல்லிக் கிடந்தேன் புடைபெயர்ந்தேன் அவ்வளவில்
அள்ளிக்கொள் வற்றே பசப்பு.

ਪ੍ਰੀਤਮ ਦੀ ਗਲਵਕੜੀ ਵਿਚ ਮੈਂ ਬੱਝੀ ਪਈ ਸਾਂ ਜ਼ਰਾ ਕੁ
ਪਾਸਾ ਮੋੜਿਆ ਕਿ ਮੈਨੂੰ ਪੀਲੇਪਨ ਨੇ ਆ ਗ੍ਰੱਸਿਆ।

1188. பசந்தாள் இவள்என்பது அல்லால் இவளைத்
துறந்தார் அவர்என்பார் இல்.

ਲੋਕ ਇਹੀ ਕਹਿੰਦੇ ਹਨ "ਹਾਏ ਵਿਚਾਰੀ ਪੀਲੀ ਪੈ ਗਈ।" ਅਜਿਹਾ ਕਹਿਣ ਵਾਲਾ
ਕੋਈ ਨਹੀਂ ਕਿ ਪ੍ਰੇਮੀ ਇਸ ਨੂੰ ਛੱਡ ਕੇ ਚਲਾ ਗਿਆ।

1189. பசக்கமன் பட்டாங்குஎன் மேனி நயப்பித்தார்
நல்நிலையர் ஆவர் எனின்.

ਮੇਰਾ ਸਰੀਰ ਪੀਲਾ ਪੈ ਜਾਏ ਤਾਂ ਚਿੰਤਾ ਦੀ ਕੋਈ ਗਲ ਨਹੀਂ।
ਮੈਂ ਤਾਂ ਵਿਛੋੜੇ ਲਈ ਮੈਨੂੰ ਮਨਾ ਕੇ ਜਾਣ ਵਾਲੇ ਪ੍ਰੀਤਮ ਲਈ
ਸ਼ੁਭ ਕਾਮਨਾਵਾਂ ਕਰ ਰਹੀ ਹਾਂ।

**1190.** *பசப்புனைப் பேர்பெறுதல் நன்றே நயப்பித்தார்*
*நல்காமை தூற்றார் எனின்.*

ਲੋਕ ਜੇ ਮੇਰੇ ਪ੍ਰੀਤਮ ਦੀ ਨਿੰਦਾ ਨਾ ਕਰਨ ਤਾਂ ਮੈਨੂੰ
ਇਹ ਸੁਨਣਾ ਵੀ ਪਸੰਦ ਹੈ ਕਿ ਇਹ ਪੀਲੀ ਪੈ ਗਈ ਹੈ।

# 120

## தனிப்படர் மிகுதி

## ਬ੍ਰਿਹੋਂ -ਪੀੜਾ

**1191.** *தாம்வீழ்வார் தம்வீழப் பெற்றவர் பெற்றாரே*
*காமத்துக் காழில் கனி.*

ਆਪਣੇ ਪ੍ਰੀਤਮ ਦਾ ਪ੍ਰੇਮ-ਕੇਂਦਰ ਬਣੀ ਸੁੰਦਰੀ ਨੂੰ ਭਾਗਾਂਵਾਲੀ ਸਮਝੋ
ਜਿਸ ਨੂੰ ਬੀਜ-ਰਹਿਤ ਪ੍ਰੇਮ-ਫਲ ਖਾਣ ਨੂੰ ਮਿਲ ਗਿਆਹੈ।

**1192.** *வாழ்வார்க்கு வானம் பயந்தற்றால் வீழ்வார்க்கு*
*வீழ்வார் அளிக்கும் அளி.*

ਪ੍ਰੀਤਮ ਦੁਆਰਾ ਪ੍ਰੇਮਕਾ ਨੂੰ ਪਿਆਰ ਦੇਣਾ ਠੀਕ ਅਜਿਹਾ ਹੀ ਹੈ
ਜਿਵੇਂ ਮਿਹਰ ਭਰਿਆ ਬੱਦਲ ਅੰਮ੍ਰਿਤ ਵਰਗੀ ਵਰਖਾ ਦੁਆਰਾ ਜੀਵਾਂ ਦੀ
ਰਖਿਆ ਕਰਦਾ ਹੈ।

**1193.** *வீழுநர் வீழப் படுவார்க்கு அமையுமே*
*வாழுநம் என்னும் செருக்கு.*

ਜਿਸ ਯੁਵਤੀ ਨੂੰ ਆਪਣੇ ਪ੍ਰੇਮੀ ਦਾ ਪ੍ਰੇਮ ਮਿਲਦਾ ਹੈ (ਬ੍ਰਿਹੋਂ ਵਿਚ ਵੀ) ਉਹ
ਫ਼ਖ਼ਰ ਨਾਲ ਕਹਿ ਸਕਦੀ ਹੈ ਕਿ ਉਸ ਦਾ ਪ੍ਰੀਤਮ ਵਾਪਸ ਆ ਕੇ ਉਸ ਨੂੰ ਪਿਆਰ ਕਰੇਗਾ।

**1194.** *வீழப் படுவார் கெழீஇயிலர் தாம்வீழ்வார்*
*வீழப் படாஅர் எனின்.*

ਜਿਸ ਯੁਵਤੀ ਨੂੰ ਉਸ ਦੇ ਪ੍ਰੇਮੀ ਦਾ ਪ੍ਰੇਮ ਨਹੀਂ ਮਿਲਿਆ ਭਾਵੇਂ ਉਸ ਨੂੰ ਸੰਸਾਰ ਦੀ
ਸਾਰੀ ਸ਼ਾਨ ਸ਼ੌਕਤ ਪ੍ਰਾਪਤ ਹੋਵੇ ਉਹ ਭਾਗਾਂਵਾਲੀ ਨਹੀਂ ਹੁੰਦੀ।

**1195.** *நாம்காதல் கொண்டார் நமக்குஎவன் செய்பவோ*
*தாம்காதல் கொள்ளாக் கடை.*

ਮੈਂ ਜਿਸ ਨਾਲ ਪ੍ਰੇਮ ਕੀਤਾ ਜੇ ਉਹ ਮੈਨੂੰ ਪ੍ਰੇਮ ਨਹੀਂ ਕਰਦੇ
ਤਾਂ ਉਹਨਾਂ ਪਾਸੋਂ ਮੈਂ ਕੀ ਆਸ ਰੱਖ ਸਕਦੀ ਹਾਂ।

**1196.** ஒருதலையான் இன்னாது காமம்காப் போல
இருதலை யானும் இனிது.

ਇਕ ਪਾਸੜ ਪ੍ਰੇਮ ਦੁਖਦਾਈ ਹੁੰਦਾ ਹੈ ਵਹਿੰਗੀ ਵਿਚ ਜੇ ਇਕ ਪਾਸੇ ਭਾਰ ਹੋਣ
ਦੀ ਥਾਂ ਦੋਨਾਂ ਪਾਸਿਆਂ ਵਲ ਭਾਰ ਵੰਡਿਆ ਰਹੇ ਤਾਂ ਸੁਖਦਾਈ ਹੁੰਦਾ ਹੈ।

**1197.** பருவரலும் பைதலும் காணான்கொல் காமன்
ஒருவர்கண் நின்றொழுகு வான்.

ਇਕੋ ਨੂੰ ਹੀ ਸਤਾਣ ਵਾਲਾ ਕਾਮ ਦੇਵ ਜ਼ਾਲਮ ਨਹੀਂ ਕਹਾਏਗਾ।
ਉਹ ਕਿਉਂ ਮੇਰੀ ਬ੍ਰਿਹੋਂ-ਪੀੜਾ ਤੇ ਤੜਪਣ ਨੂੰ ਨਹੀਂ ਸਮਝਦਾ।

**1198.** வீழ்வாரின் இன்சொல் பெறாஅது உலகத்து
வாழ்வாரின் வன்கணார் இல்.

ਪ੍ਰੇਮੀ ਦੇ ਮਿੱਠੇ ਬੋਲ ਸੁਣੇ ਬਿਨਾ ਵੀ ਜੇ ਕੋਈ ਯੁਵਤੀ ਜਿਊਂਦੀ ਰਹਿੰਦੀ ਹੈ ਤਾਂ ਇਹੀ
ਕਹਿਣਾ ਚਾਹੀਦਾ ਹੈ ਕਿ ਦੁੱਖ ਸਹਿਣ ਵਿਚ ਉਸ ਦੇ ਬਰਾਬਰ ਕੋਈ ਨਹੀਂ।

**1199.** நசைஇயார் நல்கார் எனினும் அவர்மாட்டு
இசையும் இனிய செவிக்கு.

ਮੈਂ ਜਿਸ ਨੂੰ ਆਪਣਾ ਦਿਲ ਦਿੱਤਾ ਉਹ ਮੈਨੂੰ ਪ੍ਰੇਮ ਨਹੀਂ ਕਰਦਾ। ਇਹ ਸਚਾਈ
ਜਾਣਦਿਆਂ ਹੋਇਆ ਵੀ ਉਸੇ ਨਾਲ ਸੰਬੰਧਤ ਗਲਾਂ ਸੁਣਨੀਆਂ ਮੈਨੂੰ ਕਿਉਂ
ਚੰਗੀਆਂ ਲਗਦੀਆਂ ਹਨ।

**1200.** உறாஅர்க்கு உறுநோய் உரைப்பாய் கடலைச்
செறாஅஅய் வாழிய நெஞ்சு.

ਜਿਊਂਦੇ ਰਹੋ ਮੇਰੇ ਦਿਲ ਤੂੰ ਪ੍ਰੇਮ-ਹੀਣ ਵਿਅਕਤੀ ਨੂੰ ਆਪਣੇ ਦੁੱਖਾਂ ਦੀ ਕਹਾਣੀ ਫਜ਼ੂਲ
ਹੀ ਸੁਣਾ ਰਿਹਾ ਹੈ ਇਸ ਤੋਂ ਤਾਂ ਚੰਗਾ ਹੁੰਦਾ ਜੇ ਤੂੰ ਦੁੱਖਾਂ ਦੇ ਹੰਝੂਆਂ
ਰੂਪੀ ਸਮੁੰਦਰ ਨੂੰ ਹੀ ਸੁਕਾ ਲੈਂਦਾ।

# 121

## நினைந்து அவர் புலம்பல்
## ਦੁੱਖ ਭਰਪੂਰ ਯਾਦਾਂ

1201. *உள்ளினும் தீராப் பெருமகிழ் செய்தலால்*
*கள்ளினும் காமம் இனிது.*

ਮਿਲਾਪ-ਸੁੱਖ ਸ਼ਰਾਬ ਤੋਂ ਕਿਤੇ ਵਧੇਰੇ ਨਸ਼ੀਲਾ ਹੁੰਦਾ ਹੈ
ਇਸ ਦੀ ਕੇਵਲ ਯਾਦ ਨਾਲ ਵੀ ਅਕਹਿ ਸੁੱਖ ਮਿਲ ਜਾਂਦਾ ਹੈ।

1202. *எனைத்துஒன்று இனிதேகாண் காமம்தாம் வீழ்வார்*
*நினைப்ப வருவதுஒன்று இல்.*

ਪ੍ਰੀਤਮ ਦੀ ਕੇਵਲ ਯਾਦ ਨਾਲ ਹੀ ਵਿਛੋੜੇ ਦੀ ਪੀੜ ਮੱਠੀ ਪੈ ਜਾਂਦੀ ਹੈ।
ਪ੍ਰੇਮ ਮਿਲਾਪ ਤੇ ਬ੍ਰਿਹੋਂ ਦੋਨਾਂ ਸਥਿਤੀਆਂ ਵਿਚ ਸੁਖਦਾਇਕ ਹੈ।

1203. *நினைப்பவர் போன்று நினையார்கொல் தும்மல்*
*சினைப்பது போன்று கெடும்.*

ਮੈਨੂੰ ਨਿੱਛ ਆ ਰਹੀ ਸੀ, ਰੁਕ ਗਈ। ਲਗਦਾ ਹੈ ਮੇਰਾ ਪ੍ਰੀਤਮ
ਮੈਨੂੰ ਯਾਦ ਕਰਨ ਲਗਾ ਸੀ ਪਰ (ਕਿਸੇ ਕਾਰਨ) ਭੁੱਲ ਗਿਆ।

1204. *யாமும் உளேம்கொல் அவர்நெஞ்சத்து எம்நெஞ்சத்து*
*ஓஒ உளரே அவர்.*

ਪ੍ਰੀਤਮ ਮੇਰੇ ਦਿਲ ਵਿਚ ਵੱਸਦਾ ਹੈ।
ਕੀਹ ਉਸ ਦੇ ਦਿਲ ਵਿਚ ਵੀ ਮੇਰੇ ਲਈ ਥਾਂ ਹੈ।

1205. *தம்நெஞ்சத்து எம்மைக் கடிகொண்டார் நாணார்கொல்*
*எம்நெஞ்சத்து ஓவா வரல்.*

ਆਪਣੇ ਦਿਲ ਤੋਂ ਮੈਨੂੰ ਬਾਹਰ ਰਖਣ ਵਾਲੇ ਮੇਰੇ ਪ੍ਰੀਤਮ
ਮੇਰੇ ਦਿਲ ਵਿਚ ਪ੍ਰਵੇਸ਼ ਕਰਦੇ ਹੋਏ ਲੱਜਿਤ ਕਿਉਂ ਨਹੀਂ ਹੁੰਦੇ।

1206. *மற்றுயான் என்உளேன் மன்னோ அவரொடுயான்*
*உற்றநாள் உள்ள உளேன்.*

ਮਿਲਾਪ ਦੇ ਬੀਤੇ ਦਿਨਾਂ ਦੀ ਯਾਦ ਸਦਕਾ ਮੈਂ ਜਿਊਂਦੀ ਹਾਂ।
ਇਸ ਯਾਦ ਤੋਂ ਬਿਨਾਂ ਮੈਂ ਕਿਵੇਂ ਜੀਵਤ ਰਹਿ ਸਕਦੀ ਹਾਂ।

1207. மறப்பின் எவன்ஆவன் மற்கொல் மறப்புஅறியேன்
உள்ளினும் உள்ளம் சுடும்.

ਮੈਂ ਆਪਣੇ ਪ੍ਰੀਤਮ ਨੂੰ ਕਦੇ ਵੀ ਭੁੱਲਦੀ ਨਹੀਂ। ਭੁੱਲਣ ਦੀ ਗਲ
ਸੋਚਦੇ ਹੀ ਮੇਰਾ ਦਿਲ ਸੜ ਜਾਂਦਾ ਹੈ। ਉਸ ਨੂੰ ਭੁੱਲ ਕੇ ਮੈਂ ਕਿਵੇਂ ਜਿਊ ਸਕਾਂਗੀ।

1208. எனைத்து நினைப்பினும் காயார் அனைத்துஅன்றோ
காதலர் செய்யும் சிறப்பு.

ਮੈਂ ਆਪਣੇ ਪ੍ਰੇਮੀ ਨੂੰ ਜਿਤਨਾ ਵੀ ਵਧੇਰੇ ਯਾਦ ਕਰਾਂ ਉਹ ਜ਼ਰਾ
ਵੀ ਮੇਰੇ ਨਾਲ ਖਫ਼ਾ ਨਹੀਂ ਹੁੰਦਾ। ਮੇਰਾ ਪ੍ਰੇਮੀ ਮੈਨੂੰ ਕਿੰਨਾ ਪਿਆਰ ਕਰਦਾ ਹੈ।

1209. விளியும்என் இன்னுயிர் வேறல்லம் என்பார்
அளிஇன்மை ஆற்ற நினைந்து.

ਪ੍ਰੀਤਮ ਨੇ ਉਸ ਦਿਨ ਕਿਹਾ ਸੀ 'ਅਸੀਂ ਅਨਿੱਖੜ ਹਾਂ ਹਮੇਸ਼ਾ ਨਾਲ ਨਾਲ
ਰਹਾਂਗੇ। ਹੁਣ ਉਸ ਦੀ ਪੱਥਰ ਦਿਲੀ ਬਾਰੇ ਸੋਚ ਕੇ ਮੇਰੇ ਪ੍ਰਾਣ ਔਖੇ ਹੋ ਰਹੇ ਹਨ।

1210. விடாஅது சென்றாரைக் கண்ணினால் காணப்
படாஅதி வாழி மதி.

ਹੇ ਚੰਦ੍ਰਮਾ ਤੇਰੀ ਲੰਮੀ ਉਮਰ ਹੋਵੇ। ਜਦੋਂ ਤਕ ਮੈਂ ਆਪਣੇ ਵਿੱਛੜੇ
ਪ੍ਰੀਤਮ ਨੂੰ ਜੋ ਮੇਰੇ ਦਿਲ ਵਿਚ ਵੱਸਿਆ ਹੋਇਆ ਹੈ
ਇਕ ਵਾਰ ਦੇਖ ਨਾ ਲਵਾਂ ਓਦੋਂ ਤਕ ਤੂੰ ਲੁਕਣਾ ਨਹੀਂ।

# 122

## கனவுநிலை உரைத்தல்

## ਸੁਪਨ ਅਵਸਥਾ ਦਾ ਵਰਨਣ

1211. காதலர் தூதொடு வந்த கனவினுக்கு
யாதுசெய் வேன்கொல் விருந்து.

ਸੁਪਨਾ ਮੇਰੇ ਪ੍ਰੀਤਮ ਦਾ ਦੂਤ ਬਣ ਕੇ ਆਇਆ ਹੈ। ਅਜਿਹੇ ਪਿਆਰੇ
ਸੁਪਨੇ ਦੀ ਮੈਂ ਕਿਸ ਤਰ੍ਹਾਂ ਪ੍ਰਾਹੁਣਚਾਰੀ ਕਰਾ।

1212. கயல்உண்கண் யான்இரப்பத் துஞ்சின் கலந்தார்க்கு
உயல்உண்மை சாற்றுவேன் மன்.

ਮੇਰੀ ਬੇਨਤੀ ਮੰਨ ਕੇ ਜੇ ਮੇਰੀਆਂ ਅੱਖਾਂ ਵਿਚ ਨੀਂਦ ਭਰ ਜਾਏ
ਤਾਂ ਮੈਂ ਸੁਪਨੇ ਵਿਚ ਆਪਣੇ ਪ੍ਰੀਤਮ ਨੂੰ ਦਸਾਂ ਕਿ ਉਸ ਦੀ ਜੁਦਾਈ ਵਿਚ
ਮੈਂ ਕਿਵੇਂ ਆਪਣੇ ਪ੍ਰਾਣਾਂ ਦੀ ਰਾਖੀ ਕਰ ਰਹੀਂ ਹਾਂ।

**1213.** நனவினால் நல்கா தவரைக் கனவினால்
காண்டலின் உண்டுஎன் உயிர்.

ਮੇਰੇ ਪ੍ਰਾਣ ਇਸ ਲਈ ਬਚੇ ਹੋਏ ਹਨ ਕਿ ਸੁਪਨੇ ਵਿਚ ਮੈਨੂੰ ਪ੍ਰੀਤਮ
ਦੇ ਦਰਸ਼ਨ ਹੋ ਜਾਂਦੇ ਹਨ ਜੋ ਜਾਗਦੇ ਹੋਏ ਆ ਕੇ ਮੈਨੂੰ ਦਰਸ਼ਨ ਨਹੀਂ ਦੇਂਦਾ।

**1214.** கனவினான் உண்டாகும் காமம் நனவினான்
நல்காரை நாடித் தரற்கு.

ਮੈਨੂੰ ਸੁਪਨੇ ਵਿਚ ਆਨੰਦ ਮਿਲਦਾ ਹੈ ਕਿਉਂ ਜੋ ਸੁਪਨੇ ਵਿਚ ਹੀ ਮੈਂ ਉਸ ਨੂੰ
ਢੂੰਡ ਕੇ ਪਾ ਸਕਦੀ ਹਾਂ ਜੋ ਜਾਗਦਿਆਂ ਹੋਇਆ ਮੈਨੂੰ ਦਰਸ਼ਨ ਨਹੀਂ ਦੇਂਦਾ।

**1215.** நனவினால் கண்டதூஉம் ஆங்கே கனவும்தான்
கண்ட பொழுதே இனிது.

ਜਾਗ੍ਰਤ ਅਵਸਥਾ ਵਿਚ ਜਦੋਂ ਤਕ ਪ੍ਰੀਤਮ ਮੇਰੇ ਨਾਲ ਹੈ, ਬੜਾ ਸੁੱਖ ਮਿਲਦਾ ਹੈ।
ਸੁਪਨੇ ਵਿਚ ਵੀ ਜਦੋਂ ਤਕ ਉਹ ਨਾਲ ਰਹੇ, ਸੁੱਖ ਪ੍ਰਾਪਤ ਹੁੰਦਾ ਹੈ।

**1216.** நனவுஎன ஒன்றில்லை ஆயின் கனவினால்
காதலர் நீங்கலர் மன்.

ਕਾਸ਼! ਜਾਗ੍ਰਤ ਅਵਸਥਾ ਵਾਲੀ ਸਥਿਤੀ ਜੇ ਹੋਵੇ ਹੀ ਨਾ ਤਾਂ
ਸੁਪਨੇ ਵਿਚ ਆਏ ਮੇਰੇ ਪ੍ਰੀਤਮ ਮੈਥੋਂ ਕਦੇ ਵਿਛੁੜਨ ਹੀ ਨਾ।

**1217.** நனவினால் நல்காக் கொடியார் கனவினால்
என்எம்மைப் பீழிப் பது.

ਉਹ ਨਿਰਦਈ ਜਾਗ੍ਰਤ ਅਵਸਥਾ ਵਿਚ ਆ ਕੇ ਮੇਰੇ ਉਤੇ ਕਿਰਪਾ ਨਹੀਂ ਕਰਦਾ।
ਅਜਿਹੇ ਵਿਅਕਤੀ ਨੂੰ ਮੇਰੇ ਸੁਪਨਿਆਂ ਵਿਚ ਆਉਣ ਦਾ ਕੀਹ ਅਧਿਕਾਰ ਹੈ।

**1218.** துஞ்சும்கால் தோள்மேலர் ஆகி விழிக்கும்கால்
நெஞ்சத்தர் ஆவர் விரைந்து.

ਜਦੋਂ ਮੈਂ ਨੀਂਦ ਵਿਚ ਹੁੰਦੀ ਹਾਂ (ਮੇਰਾ ਪ੍ਰੀਤਮ) ਮੈਨੂੰ ਗਲਵਕੜੀ ਵਿਚ ਲੈ ਲੈਂਦਾ ਹੈ
ਜਦੋਂ ਹੀ ਮੈਂ ਜਾਗਦੀ ਹਾਂ ਉਹ ਮੇਰੇ ਦਿਲ ਵਿਚ ਲੁੱਕ ਜਾਂਦਾ ਹੈ।

**1219.** நனவினால் நல்காரை நோவர் கனவினால்
காதலர்க் காணா தவர்.

ਜਿਨ੍ਹਾਂ ਯੁਵਤੀਆਂ ਦਾ ਪ੍ਰੀਤਮ ਸੁਪਨੇ ਵਿਚ ਆ ਕੇ ਉਹਨਾਂ ਨੂੰ ਸੁੱਖ ਨਹੀਂ ਦੇਂਦਾ
ਕੇਵਲ ਉਹ ਜਾਗ੍ਰਤ ਅਵਸਥਾ ਵਿਚ ਪ੍ਰੀਤਮ ਦੇ ਨਿਰਮੋਹੇਪਨ ਦੀ ਨਿੰਦਾ ਕਰਦੀਆਂ ਹਨ।

1220. நனவினால் நம்நீத்தார் என்பர் கனவினால்
காணார்கொல் இவ்வூ ரவர்.

ਮੇਰੇ ਪਿੰਡ ਦੇ ਵਸਨੀਕ ਕਹਿੰਦੇ ਹਨ ਕਿ ਉਹ ਮੈਨੂੰ ਜਾਗ੍ਰਤ ਅਵਸਥਾ ਵਿਚ
ਛੱਡ ਕੇ ਚਲੇ ਗਏ। ਇਹਨਾਂ ਲੋਕਾਂ ਨੇ ਪ੍ਰੀਤਮ ਨੂੰ ਸੁਪਨਿਆਂ ਵਿਚ ਆਉਂਦੇ ਹੋਏ ਨਹੀਂ
ਵੇਖਿਆ।

# 123

## பொழுதுகண்டு இரங்கல்

## ਸ਼ਾਮ ਵੇਲੇ ਦੀ ਪੀੜ

1221. மாலையோ அல்லை மணந்தார் உயிர்உண்ணும்
வேலைநீ வாழி பொழுது.

ੳ ਸ਼ਾਮ ! ਤੂੰ ਸ਼ਾਮ ਨਹੀਂ ਹੋ ਸਗੋਂ ਵਿਯੋਗਣਾ ਦੇ ਪ੍ਰਾਣ ਲੈਣ
ਵਾਲੀ ਜ਼ਾਲਮ ਹੋ।

1222. புன்கண்ணை வாழி மருள்மாலை எம்கேள்போல்
வன்கண்ண தோநின் துணை.

ਹੇ ਸ਼ਾਮ ! ਤੂੰ ਲੰਮੇਂ ਸਮੇਂ ਲਈ ਜਿਊਂਦੀ ਰਹੋ। ਤੂੰ ਉਲਝੀ ਹੋਈ ਕਿਉਂ ਦਿਸ ਰਹੀ ਹੋ।
ਕੀ ਤੇਰਾ ਪਿਆਰਾ ਵੀ ਮੇਰੇ ਪ੍ਰੀਤਮ ਵਾਂਗ ਨਿਰਮੋਹੀ ਹੈ।

1223. பனிஅரும்பிப் பைதல்கொள் மாலை துனிஅரும்பித்
துன்பம் வளர வரும்.

ਤ੍ਰੇਲ-ਭਰਪੂਰ-ਸ਼ਾਮ ਜੋ ਕੰਬਦੀ ਹੋਈ ਤੇ ਹਉਕੇ ਭਰਦੀ ਮੇਰੇ ਸਾਹਮਣੇ ਆਈ ਸੀ,
ਹੁਣ ਮੇਰੇ ਜੀਵਨ ਵਿਚ ਦੁੱਖ ਤੇ ਉਦਾਸੀਆਂ ਭਰ ਰਹੀ ਹੈ।

1224. காதலர் இல்வழி மாலை கொலைக்களத்து
ஏதிலர் போல வரும்.

ਪ੍ਰੀਤਮ ਦੇ ਅਭਾਵ ਵਿਚ ਮੈਨੂੰ ਸ਼ਾਮ ਅਜਿਹੀ ਮਹਿਸੂਸ ਹੋ ਰਹੀ ਹੈ
ਜਿਵੇਂ ਕਾਤਲ ਕਤਲ-ਗਾਹ ਵਲ ਜਾ ਰਿਹਾ ਹੋਵੇ।

1225. காலைக்குச் செய்தநன்று என்கொல். எவன்கொல்யான்
மாலைக்குச் செய்த பகை.

ਮੈਂ ਸਵੇਰ ਦੇ ਸਮੇਂ ਲਈ ਕੀ ਉਪਕਾਰ ਕੀਤਾ ਹੈ
ਤੇ ਦੁਖਦਾਇਕਸ਼ਾਮ ਲਈ ਕੀ ਅਪਰਾਧ ਕੀਤਾ ਹੈ।

**1226.** *மாலைநோய் செய்தல் மணந்தார் அகலாத*
*காலை அறிந்தது இலேன்.*

ਆਪਣੇ ਪਤੀ ਦੇ ।ਵਛੁੜਣ ਤੋਂ ਪਹਿਲਾਂ ਮੈਂ ਨਹੀਂ ਸਾਂ ਜਾਣਦੀ
ਕਿ ਸ਼ਾਮ ਦਾ ਸਮਾਂ ਇਤਨਾ ਪੀੜਾ-ਜਨਕ ਵੀ ਹੋ ਸਕਦਾ ਹੈ।

**1227.** *காலை அரும்பிப் பகல்எல்லாம் போதுஆகி*
*மாலை மலரும்இந் நோய்.*

ਇਸ ਪ੍ਰੇਮ-ਪੀੜਾ ਦੀ ਪ੍ਰਕ੍ਰਿਤੀ ਹੀ ਕੁਝ ਅਜਿਹੀ ਹੈ ਕਿ ਇਹ ਸਵੇਰੇ
ਕਲੀ ਦੀ ਅਵਸਥਾ ਵਿਚ ਰਹਿੰਦੀ ਹੈ ਦਿਨ ਭਰ ਖਿਲਦੀਰਹਿੰਦੀ ਹੈ
ਤੇ ਸ਼ਾਮ ਵੇਲੇ ਤਕ ਪੂਰੀ ਤਰ੍ਹਾਂ ਖਿਲ ਜਾਂਦੀ ਹੈ।

**1228.** *அழல்போலும் மாலைக்குத் தூதுஆகி ஆயன்*
*குழல்போலும் கொல்லும் படை.*

ਅੱਗ ਵਾਂਗ ਸਾੜਦੀ ਹੋਈ ਸ਼ਾਮ ਰੂਪੀ ਅਹੀਰ ਦੀ ਬੰਸਰੀ
ਮੇਰੇ ਪ੍ਰਾਣਾਂ ਦੀ ਘਾਤਕ ਹੋ ਰਹੀ ਹੈ।

**1229.** *பதிமருண்டு பைதல் உழக்கும் மதிமருண்டு*
*மாலை படர்தரும் போழ்து.*

ਮੇਰੀ ਬੁੱਧੀ ਨੂੰ ਧੁੰਧਲਿਆਂ ਕਰਨ ਵਾਲੀ ਸ਼ਾਮ ਜਿਉਂ ਜਿਉਂ ਡੂੰਘੀ ਹੁੰਦੀ ਜਾਇਗੀ
ਸਭ ਲੋਕਾਂ ਦੀ ਬੁੱਧੀ ਧੁੰਧਲਾ ਜਾਏਗੀ ਤੇ ਉਹ ਦੁੱਖਾਂ ਦੇ ਸਾਗਰ ਵਿਚ ਡੁੱਬ ਜਾਣਗੇ।

**1230.** *பொருள்மாலை யாளரை உள்ளி மருள்மாலை*
*மாயும்என் மாயா உயிர்.*

ਇਸ ਸ਼ਾਮ ਤਕ ਬਚ ਰਹੇ ਮੇਰੇ ਪ੍ਰਾਣ ਪੈਸਾ ਕਮਾਣ ਲਈ ਗਏ ਪ੍ਰੇਮੀ ਦੀ
ਯਾਦ ਵਿਚ ਗੁਆਚ ਰਹੇ ਹਨ। ਪ੍ਰੰਤੂ ਹੁਣ ਇਹ ਪ੍ਰਾਣ ਨਹੀਂ ਬਚਣਗੇ।

# 124

## உறுப்பு நலன் அழிதல்

## ਸਰੀਰ ਦਾ ਰੰਗ ਪੀਲਾ ਪੈਣਾ

**1231.** *சிறுமை நமக்குஒழியச் சேண்சென்றார் உள்ளி*
*நறுமலர் நாணின கண்.*

ਵਿਛੁੱੜ ਕੇ ਦੂਰ ਚਲੇ ਗਏ ਪ੍ਰੀਤਮ ਦੀ ਯਾਦ ਵਿਚ ਰੋਂਦੀਆਂ ਹੋਈਆਂ ਅੱਖਾਂ
ਆਪਣੀ ਸੁਹਣਪ ਗੰਵਾ ਚੁੱਕੀਆਂ ਹਨ। ਹੁਣ ਫੁੱਲਾਂ ਨੂੰ ਦੇਖ ਕੇ ਸ਼ਰਮਿੰਦੀਆਂ
ਹੋ ਰਹੀਆਂ ਹਨ।

**1232.** நயந்தவர் நல்காமை சொல்லுவ போலும்
பசந்து பனிவாரும் கண்.

ਪੀਲੇ ਪੈ ਕੇ ਹੰਝੂ ਵਹਾਂਦੇ ਹੋਏ ਨੈਣ ਨਿਰਮੋਹੀ ਪ੍ਰੀਤਮ ਦੇ ਜ਼ੁਲਮ ਦੀ ਕਹਾਣੀ
ਸਭ ਨੂੰਸੁਣਾ ਰਹੇ ਹਨ।

**1233.** தணந்தமை சால அறிவிப்ப போலும்
மணந்தநாள் வீங்கிய தோள்.

ਵਿਆਹ ਦੀ ਖੁਸ਼ੀ ਨਾਲ ਫੁੱਲੀਆਂ ਹੋਈਆਂ ਬਾਹਾਂ ਹੁਣ ਨਿਰਬਲ ਹੋ ਕੇ ਆਪਣੇ
ਪ੍ਰੀਤਮ ਦੇ ਵਿਯੋਗ ਦੀ ਵੇਦਨਾ ਸਾਰੇ ਸੰਸਾਰ ਨੂੰ ਸੁਣਾ ਰਹੀਆਂ ਹਨ।

**1234.** பணைநீங்கிப் பைந்தொடி சோரும் துணைநீங்கித்
தொல்கவின் வாடிய தோள்.

ਪ੍ਰੀਤਮ ਦੇ ਦੂਰ ਚਲੇ ਜਾਣ ਕਾਰਨ ਮੇਰੀਆਂ ਬਾਹਾਂ ਆਪਣੀ ਖੂਬਸੂਰਤੀ ਗੰਵਾ
ਬੈਠੀਆਂ ਹਨ ਤੇ ਹੁਣ ਇਤਨੀਆਂ ਪਤਲੀਆਂ ਪੈ ਗਈਆਂ ਹਨ ਕਿ ਉਹਨਾਂ
ਵਿਚਲੇ ਕੰਗਣ ਬਾਹਰ ਖਿਸਕ ਰਹੇ ਹਨ।

**1235.** கொடியார் கொடுமை உரைக்கும் தொடியொடு
தொல்கவின் வாடிய தோள்.

ਵੀਣੀ ਵਿਚਲਾ ਕੰਗਣ ਖਿਸਕ ਗਿਆ ਹੈ ਤੇ ਸੁੰਦਰਤਾ ਰਹਿਤ ਬਾਹਾਂ ਅਤੇ
ਕਮਜ਼ੋਰ ਮੋਢੇ ਉਸ ਜ਼ਾਲਮ ਪ੍ਰੀਤਮ ਦੀ ਨਿਰਮੋਹਤਾ ਦੀ ਕਹਾਣੀ ਸੁਣਾ ਰਹੇ ਹਨ।

**1236.** தொடியொடு தோள்நெகிழ நோவல் அவரைக்
கொடியர் எனக்கூறல் நொந்து.

ਕੰਗਣ ਦੇ ਖਿਸਕ ਜਾਣ ਤੇ ਬਾਹਾਂ ਦੇ ਕਮਜ਼ੋਰ ਹੋ ਜਾਣ ਕਾਰਨ ਲੋਕ ਮੇਰੇ ਪ੍ਰੀਤਮ
ਨੂੰ ਨਿਰਮੋਹਿਆ ਕਹਿੰਦੇਹਨ ਇਹ ਸੁਣ ਕੇ ਮੇਰਾ ਮਨ ਦੁੱਖੀ ਹੁੰਦਾ ਹੈ।

**1237.** பாடு பெறுதியோ நெஞ்சே கொடியார்க்குஎன்
வாடுதோள் பூசல் உரைத்து.

ਮੇਰੇ ਦਿਲ ਕਮਜ਼ੋਰ ਹੋ ਰਹੀਆਂ ਇਹਨਾਂ ਬਾਹਾਂ ਦੀ ਤਰਸਯੋਗ ਹਾਲਤ ਬਾਰੇ ਉਸ
ਨਿਰਦਈ ਨੂੰ ਦਸ ਕੇ ਤੂੰ ਕਿਉਂ ਨਹੀਂ ਉਸ ਪਾਸੋਂ ਹਮਦਰਦੀ ਜਿੱਤ ਲੈਂਦਾ।

**1238.** முயங்கி கைகளை ஊக்கப் பசந்தது
பைந்தொடிப் பேதை நுதல்.

ਗਲਵੱਕੜੀ ਵਿਚ ਕੱਸੀ ਹੋਈ ਪ੍ਰੇਮਕਾ ਨੂੰ ਜਿਉਂ ਹੀ ਮੈਂ ਬਾਹਾਂ ਵਿਚੋਂ ਥੋੜਾ ਜਿਹਾ ਢਿੱਲਾ
ਕੀਤਾ ਸੁਨਹਿਰੀ ਕੰਗਣ ਪਹਿਨੀ ਹੋਈ ਯੁਵਤੀ ਦਾ ਚਿਹਰਾ ਪੀਲਾ ਪੈ ਗਿਆ।

**1239.** முயக்குஇடைத் தண்வளி போழப் பசப்புஉற்ற
பேதை பெருமழைக் கண்.

ਘੁੱਟਵੀਂ ਗਲਵਕੜੀ ਦੇ ਦਰਮਿਆਨ ਰਤਾ ਕੁ ਠੰਢੀ ਹਵਾ ਦੇ ਪ੍ਰਵੇਸ਼ ਨਾਲ ਉਸ ਦੇ
ਵਿਸ਼ਾਲ ਤੇ ਨੀਲਤਣ ਭਰੇ ਨੈਣ ਪੀਲੇ ਪੈ ਗਏ।

**1240.** கண்ணின் பசப்போ பருவரல் எய்தின்றே
ஒண்ணுதல் செய்தது கண்டு.

ਆਪਣੇ ਚਮਕੀਲੇ ਚਿਹਰੇ ਉਪਰਲੇ ਪੀਲੇਪਨ ਨੂੰ ਦੇਖ ਕੇ ਪ੍ਰੇਮਕਾ ਦੀਆਂ
ਅੱਖਾਂ ਪੀਲੀਆਂ ਪੈ ਕੇ ਹੰਝੂ ਵਹਾਣ ਲਗ ਪਈਆਂ।

# 125

## நெஞ்சொடு கிளத்தல்
## ਮਨ ਪ੍ਰਤੀ

**1241.** நினைத்துஒன்று சொல்லாயோ நெஞ்சே எனைத்துஒன்றும்
எவ்வநோய் தீர்க்கும் மருந்து.

ਹੇ ਮੇਰੇ ਮਨ! ਪ੍ਰੇਮ-ਪੀੜਾ ਦੇਣ ਵਾਲੇ ਇਸ ਅਸਾਧ ਰੋਗ ਤੋਂ ਛੁਟਕਾਰਾ ਪ੍ਰਾਪਤ
ਕਰਨ ਦਾ ਕੋਈ ਤਾਂ ਇਲਾਜ ਹੋਵੇਗਾ ਜ਼ਰਾ ਸੋਚ ਕੇ ਮੈਨੂੰ ਦੱਸ।

**1242.** காதல் அவர்இலர் ஆகநீ நோவது
பேதைமை வாழிஎன் நெஞ்சு.

ਹੇ ਮਨ! ਤੂੰ ਧੰਨ ਹੈ। ਪ੍ਰਿਅ ਤੈਨੂੰ ਜ਼ਰਾ ਵੀ ਪਿਆਰ ਨਹੀਂ ਕਰਦਾ ਤੂੰ ਉਸ ਖਾਤਰ
ਇਤਨਾ ਦੁਖੀ ਹੋ ਰਿਹਾ ਹੈਂ। ਇਹ ਤੇਰੀ ਮੂਰਖਤਾ ਨਹੀਂ ਤਾਂ ਹੋਰ ਕੀਹ ਹੈ।

**1243.** இருந்துஉள்ளி என்பரிதல் நெஞ்சே பரிந்துள்ளல்
பைதல்நோய் செய்தார்கண் இல்.

ਹੇ ਮਨ ਤੂੰ ਮੇਰੇ ਅੰਦਰ ਰਹਿੰਦੇ ਹੋਏ ਵੀ ਉਸ ਦੀ ਯਾਦ ਵਿਚ ਤੜਫ਼ ਰਿਹਾ ਹੈਂ।
ਜਿਸ ਨੇ ਤੈਨੂੰ ਇਹ ਪ੍ਰੇਮ ਰੋਗ ਦਿਤਾ ਹੈ ਉਸ ਅੰਦਰ ਤਾਂ ਅਜਿਹੀ ਕੋਈ ਭਾਵਨਾ ਹੀ ਨਹੀਂ।

**1244.** கண்ணும் கொளச்சேறி நெஞ்சே இவைஎன்னைத்
தின்னும் அவர்க்காணல் உற்று.

ਹੇ ਮਨ ਜਦੋਂ ਤੂੰ ਪ੍ਰਿਅ ਦੇ ਪਾਸ ਜਾਏਂਗਾ ਤਾਂ ਇਹਨਾਂ ਅੱਖਾਂ ਨੂੰ ਵੀ ਨਾਲ ਲੈ ਜਾਵੀਂ।
ਉਸ ਦੇ ਦਰਸ਼ਨ ਲਈ ਇਹ ਮੇਰੀ ਜਾਨ ਖਾ ਰਹੀਆਂ ਹਨ।

1245. செற்றார் எனக்கை விடல்உண்டோ நெஞ்சேயாம்
உற்றால் உறாஅ தவர்.

ਹੇ ਮਨ ! ਮੰਨਿਆ ਕਿ ਤੂੰ ਉਸ ਨੂੰ ਪਿਆਰ ਕਰਦਾ ਹੈਂ ਪਰ ਉਹ ਤੈਨੂੰ ਪਿਆਰ ਨਹੀਂ ਕਰਦਾ ਪ੍ਰੰਤੂ ਕੀ ਇਸ ਗਲ ਕਰਕੇ ਉਸ ਨੂੰ ਨਿਰਮੋਹੀ ਕਹਿ ਕੇ ਛੱਡਿਆ ਜਾ ਸਕਦਾ ਹੈ।

1246. கலந்துஉணர்த்தும் காதலர்க் கண்டால் புலந்துஉணராய்
பொய்க்காய்வு காய்திஎன் நெஞ்சு.

ਹੇ ਮਨ ਫਜ਼ੂਲ ਹੈ ਤੇਰਾ ਰੁਸੱਣਾ। ਮਿਲਾਪ ਹੁੰਦੇ ਹੀ ਤ੍ਰਿੱਪਤ ਕਰਨ ਵਾਲੇ ਪ੍ਰੀਤਮ ਨੂੰ ਦੇਖਦੇ ਸਾਰ ਤੇਰਾ ਸਾਰਾ ਰੋਸਾ ਭੁੱਲ ਜਾਂਦਾ ਹੈ।

1247. காமம் விடுஒன்றோ நாண்விடு நல்நெஞ்சே
யானோ பொறேன்இவ் விரண்டு.

ਹੇ ਮਨ ਜਾਂ ਤਾਂ ਤੂੰ ਪਿਆਰ ਕਰਨਾ ਛੱਡ ਦੇਹ ਜਾਂ ਫਿਰ ਲੋਕ-ਲੱਜਾ ਤਿਆਗ ਦੇਹ। ਇਹਨਾਂ ਦੋਨਾਂ ਨੂੰ ਹੁਣ ਮੇਰੇ ਅੰਦਰ ਸਹਿਣ ਕਰਨ ਦੀ ਸਮ੍ਰੱਥਾ ਨਹੀਂ।

1248. பரிந்துஅவர் நல்கார்என்று ஏங்கிப் பிரிந்தவர்
பின்செல்வாய் பேதைஎன் நெஞ்சு.

ਹੇ ਮਨ ਤੂੰ ਬਹੁਤ ਭੋਲਾ ਹੈਂ । ਚਿੰਤਾਤੁਰ ਹੋ ਕੇ ਉਸ ਨਿਰਮੋਹੀ ਦੇ ਪਿੱਛੇ ਭਟਕ ਰਿਹਾ ਹੈਂ ਜੋ ਤੈਨੂੰ ਪਿਆਰ ਕਰਦਾ ਹੀ ਨਹੀਂ।

1249. உள்ளத்தார் காத லவர்ஆக உள்ளிநீ
யாருழைச் சேறிஎன் நெஞ்சு.

ਹੇ ਮਨ ਇਹ ਜਾਣਦੇ ਹੋਏ ਵੀ ਕਿ ਪ੍ਰੀਤਮ ਤੇਰੇ ਅੰਦਰ ਵੱਸਿਆ ਹੋਇਆ ਹੈ ਤੂੰ ਉਸ ਨੂੰ ਢੂੰਡਦੇ ਹੋਏ ਨਾ ਜਾਣੇ ਕਿਥੇ-2 ਭਟਕ ਰਿਹਾ ਹੈਂ।

1250. துன்னாத் துறந்தாரை நெஞ்சத்து உடையேமா
இன்னும் இழத்தும் கவின்.

ਜੋ ਪ੍ਰੀਤਮ ਸਾਨੂੰ ਛੱਡ ਗਿਆ ਹੈ ਉਸ ਨੂੰ ਮਨ ਵਿਚ ਵਸਾਏ ਰੱਖਣ ਨਾਲ ਸਾਡੀ ਸੁੰਦਰਤਾ ਹੋਰ ਵੀ ਖੀਣ ਹੋ ਜਾਏਗੀ।

# 126

## நிறை அழிதல்

## ਮਾਨ-ਭੰਗ

**1251.** காமக் கணிச்சி உடைக்கும் நிறைஎன்னும்
நாணுத்தாழ் வீழ்த்த கதவு.

ਕਾਮ ਰੂਪੀ ਕੁਲਹਾੜੀ ਮਾਨਸਿਕ ਧੀਰਜ ਰੂਪੀ ਦਰਵਾਜ਼ੇ ਉਤੇ ਲਗੀ ਲੱਜਾ ਦੀ
ਚਿਟਕਣੀ ਨੂੰ ਤੋੜ ਦੇਂਦੀ ਹੈ।

**1252.** காமம் எனஒன்றோ கண்ணின்றுஎன் நெஞ்சத்தை
யாமத்தும் ஆளும் தொழில்.

ਜ਼ਾਲਮ ਹੈ ਇਹ ਕਾਮ ਜੋ ਮੈਨੂੰ ਆਪਣੇ ਵੱਸ ਵਿਚ ਕਰਕੇ ਅੱਧੀ ਰਾਤ ਵੇਲੇ ਵੀ
ਚਿੰਤਾਤੁਰ ਕਰਕੇ ਜਗਾ ਰਿਹਾ ਹੈ।

**1253.** மறைப்பேன்மன் காமத்தை யானோ குறிப்புஇன்றித்
தும்மல்போல் தோன்றி விடும்.

ਮੈਂ ਤਾਂ ਆਪਣੇ ਪ੍ਰੇਮ ਨੂੰ ਦਿਲ ਵਿਚ ਲੁਕਾ ਕੇ ਰਖਣਾ ਚਾਹੁੰਦੀ ਹਾਂ ਪਰ ਇਹ
ਜ਼ਾਲਮ (ਕਾਮ) ਮੇਰੀ ਗਲ ਨੂੰ ਨਾ ਮੰਨ ਕੇ ਨਿੱਛ ਵਾਂਗ ਸਭ ਦੇ ਸਾਹਮਣੇ ਨਸ਼ਰ ਹੋ ਜਾਂਦਾ ਹੈ।

**1254.** நிறையுடையேன் என்பேன்மன் யானோஎன் காமம்
மறைஇறந்து மன்று படும்.

ਮੈਂ ਦਾਅਵਾ ਕਰਦੀ ਸਾਂ ਕਿ ਮੈਂ ਧੀਰਜਵਾਨ ਹਾਂ ਪ੍ਰੰਤੂ ਕੀਹ ਕਰਾਂ
ਹੁਣ ਮੇਰਾ ਅਮੋੜ ਪ੍ਰੇਮ ਘੁੰਡ ਦਾ ਤਿਆਗ ਕਰਕੇ ਸਭ ਦੇ ਸਾਹਮਣੇ ਨਸ਼ਰ ਹੋ ਚੁੱਕਾ ਹੈ।

**1255.** செற்றார்பின் செல்லாப் பெருந்தகைமை காமநோய்
உற்றார் அறிவதுஒன்று அன்று.

ਜੋ ਪ੍ਰੀਤਮ ਸਾਨੂੰ ਛੱਡ ਕੇ ਜਾ ਚੁੱਕਾ ਹੈ ਉਸ ਦੇ ਪਿੱਛੇ ਜਾਣਾ ਉੱਚਿਤ ਨਹੀਂ।
ਸਵੈ-ਅਭਿਮਾਨ ਦਾ ਇਹ ਵਿਵਹਾਰ ਪ੍ਰੇਮ-ਰੋਗੀ ਨਹੀਂ ਜਾਣਦੇ।

**1256.** செற்றவர் பின்சேறல் வேண்டி அளித்தரோ
எற்றுஎன்னை உற்ற துயர்.

ਕਿਤਨਾ ਭਿਅੰਕਰ ਹੈ ਇਹ ਪ੍ਰੇਮ-ਰੋਗ! ਦਿਲ ਉਸੇ ਦੇ ਪਿੱਛੇ ਭੱਜਦਾ ਹੈ
ਜੋ ਜ਼ਾਲਮ ਛੱਡ ਕੇ ਚਲਾ ਗਿਆ ਹੈ।

**1257.** *நாண்என ஒன்றோ அறியலம் காமத்தால்*
*பேணியார் பெட்ப செயின்.*

ਜਦੋਂ ਪ੍ਰੀਤਮ ਆਪ ਆ ਕੇ ਮਨ-ਇੱਛਤ ਕਾਮ-ਕ੍ਰੀੜਾ ਕਰਦਾ ਹੈ
ਤਾਂ ਮੇਰਾ ਮਨ ਸਭ ਤਰ੍ਹਾਂ ਦੀ ਲੱਜਾ ਨੂੰ ਭੁੱਲ ਜਾਂਦਾ ਹੈ।

**1258.** *பன்மாயக் கள்வன் பணிமொழி அன்றோநம்*
*பெண்மை உடைக்கும் படை.*

ਉਸ ਛਲੀਏ ਦੇ ਪਿਆਰ-ਭਿੰਨੇ ਬਚਨ ਨਾਰੀਤੱਵ ਦੇ ਕਿਲ੍ਹੇ ਨੂੰ
ਸਹਿਜੇ ਹੀ ਤੋੜ ਦੇਣ ਵਾਲੀ ਫੌਜ ਹੀ ਤਾਂ ਹੈ।

**1259.** *புலப்பல் எனச்சென்றேன் புல்லினேன் நெஞ்சம்*
*கலத்தல் உறுவது கண்டு.*

ਗੁੱਸਾ ਕਰਨ ਤੇ ਰੁੱਸਣ ਦੀ ਠਾਨ ਕੇ ਉਸ ਦੇ ਪਾਸ ਗਈ, ਪ੍ਰੰਤੂ ਕਾਹਲਾ ਦਿਲ
ਅਗੇਤੇ ਹੀ ਉਸ ਨੂੰ ਜਾ ਮਿਲਿਆ ਤੇ ਮੈਂ ਆਪ ਉਸ ਦੇ ਗਲ ਨਾਲ ਜਾ ਲਗੀ।

**1260.** *நிணம்தீயில் இட்டன்ன நெஞ்சினார்க்கு உண்டோ*
*புணர்ந்துஊடி நிற்பேம் எனல்.*

ਜਿਸ ਦਾ ਦਿਲ ਅੱਗ ਦਾ ਸੇਕ ਲਗਦੇ ਸਾਰ ਪਿਘਲ ਜਾਣ ਵਾਲੇ ਮੱਜੇ ਵਾਂਗ ਹੋਵੇ
ਅਜਿਹੇ ਦਿਲ ਵਾਲੀ (ਮੇਰੇ ਵਰਗੀ) ਪ੍ਰਿਅ ਦੇ ਪਾਸ ਜਾ ਕੇ ਕਿਵੇਂ ਮਾਨ ਕਰ ਸਕਦੀ ਹੈ।

# 127

## அவர்வயின் விதும்பல்

## ਇਕ ਦੂਜੇ ਪਿੱਛੇ ਤੜਪਣਾ

**1261.** *வாள்அற்றுப் புற்கென்ற கண்ணும் அவர்சென்ற*
*நாள்ஒற்றித் தேய்ந்த விரல்.*

ਰਾਹ ਦੇਖਦੇ ਅੱਖਾਂ ਪੱਕ ਗਈਆਂ ਹਨ
ਤੇ ਔਂਸੀਆਂ ਪਾਉਂਦਿਆਂ ਪਾਉਂਦਿਆਂ ਮੇਰੀਆਂ ਉਂਗਲਾਂ ਘੱਸ ਗਈਆਂ ਹਨ।

**1262.** *இலங்கிழாய் இன்று மறப்பின்என் தோள்மேல்*
*கலங்கழியும் காரிகை நீத்து.*

ਸੁੰਦਰ ਗਹਿਣਿਆਂ ਨਾਲ ਸ਼ਿੰਗਾਰੀ ਮੇਰੀ ਸਹੇਲੀ ਜੇ ਮੈਂ ਅਜ ਵੀ ਆਪਣੇ ਪ੍ਰਿਅ
ਨੂੰ ਭੁੱਲ ਜਾਵਾਂ ਤਾਂ ਇਸ ਸ਼ੋਭਾਹੀਣ ਤੇ ਕਮਜ਼ੋਰ ਪੈ ਚੁੱਕੀ ਕਾਇਆਂ ਦੇ ਸਾਰੇ ਸ਼ਿੰਗਾਰ
ਖਿਸਕ ਕੇ ਡਿੱਗ ਜਾਣਗੇ।

1263. உரன்நசைஇ உள்ளம் துணையாகச் சென்றார்
வரல்நசைஇ இன்னும் உளேன்.

ਯੁੱਧ-ਵਿਜੈ ਦੀ ਕਾਮਨਾ ਲੈ ਕੇ ਤੇ ਉਤਸ਼ਾਹ ਨੂੰ ਆਪਣਾ ਸਾਥੀ ਬਣਾ ਕੇ ਰਣ-ਖੇਤਰ ਵਿਚ ਗਏ ਪ੍ਰੀਤਮ ਦੀ ਵਾਪਸੀ ਦੀ ਉਡੀਕ ਵਿਚ ਮੈਂ ਜਿਊਂਦੀ ਹਾਂ।

1264. கூடிய காமம் பிரிந்தார் வரவுஉள்ளிக்
கோடுகொடு ஏறுமென் நெஞ்சு.

ਪਿਆਰ ਭਰੇ ਦਿਲ ਨਾਲ ਵਿਛੁੜੇ ਜ਼ਾਲਮ ਪ੍ਰੀਤਮ ਦੀ ਵਾਪਸੀ ਦੀ ਉਡੀਕ ਵਿਚ ਮੇਰਾ ਮਨ ਰੁੱਖ ਦੀ ਟਹਿਣੀ ਟਹਿਣੀ ਉਤੇ ਚੜ੍ਹ ਕੇ ਉਸ ਦਾ ਰਾਹ ਦੇਖ ਰਿਹਾ ਹੈ।

1265. காண்கமன் கொண்கனைக் கண்ணாரக் கண்டபின்
நீங்கும்என் மென்தோள் பசப்பு.

ਵਾਪਸ ਆਏ ਪ੍ਰੀਤਮ ਨੂੰ ਭਰਪੂਰ ਨਜ਼ਰਾਂ ਨਾਲ ਮੈਨੂੰ ਦੇਖ ਲੈਣ ਦਿਉ, ਇਸ ਨਾਲ ਮੇਰੀਆਂ ਪਤਲੀਆਂ ਪੈ ਚੁੱਕੀਆਂ ਬਾਹਾਂ ਦੀ ਪੀਲੱਤਣ ਆਪਣੇ ਆਪ ਦੂਰ ਹੋ ਜਾਏਗੀ

1266. வருகமன் கொண்கன் ஒருநாள் பருகுவன்
பைதல்நோய் எல்லாம் கெட.

ਮੇਰੇ ਪ੍ਰੀਤਮ ਨੂੰ ਇਕ ਵਾਰ ਆਉਣ ਦੇਵੋ। ਜਦੋਂ ਉਹ ਆਏਗਾ ਤਾਂ ਮੈਂ ਉਸ ਨਾਲ ਇਤਨਾ ਪਿਆਰ ਕਰਾਂਗੀ ਕਿ ਮੇਰੀ ਸਾਰੀ ਪ੍ਰੇਮ-ਪੀੜਾ ਦੂਰ ਹੋ ਜਾਏ।

1267. புலப்பேன்கொல் புல்லுவேன் கொல்லோ கலப்பேன்கொல்
கண்அன்ன கேளிர் வரின்.

ਮੇਰੀਆਂ ਅੱਖਾਂ ਦੇ ਤਾਰੇ ਮੇਰੇ ਪ੍ਰੀਤਮ ਜਦੋਂ ਆਉਣਗੇ ਤਾਂ ਕੀ ਮੈਂ ਉਸ ਦੀ ਲੰਮੀ ਜੁਦਾਈ ਕਰਕੇ ਉਸ ਨੂੰ ਗੁੱਸਾ ਪ੍ਰਗਟਾਵਾਂਗੀ ਜਾਂ ਉਸ ਦੇ ਗਲੇ ਨਾਲ ਲਗ ਜਾਵਾਂਗੀ ? ਜਾਂ ਦੋਵੇਂ ਹੀ ਕਰਾਂਗੀ।

1268. வினைகலந்து வென்றீக வேந்தன் மனைகலந்து
மாலை அயர்கம் விருந்து.

ਜਦੋਂ ਮੇਰਾ ਰਾਜਾ ਆਪਣੇ ਯੁੱਧ ਵਿਚ ਵਿਜੈਈ ਹੋ ਕੇ ਘਰ ਪਹੁੰਚੇਗਾ ਤਾਂ ਮੈਂ ਸ਼ਾਮ ਵੇਲੇ ਉਸ ਨੂੰ (ਰਾਜੇ ਨੂੰ) ਮਿਲਾਂਗੀ ਤੇ ਰਲ ਕੇ ਭੋਜਨ ਦਾ ਆਨੰਦ ਲਵਾਂਗੀ।

1269. ஒருநாள் எழுநாள்போல் செல்லும்சேண் சென்றார்
வருநாள்வைத்து ஏங்கு பவர்க்கு.

ਪ੍ਰਦੇਸ ਗਏ ਪ੍ਰੀਤਮ ਦਾ ਰਾਹ ਤੱਕਦੀ ਪ੍ਰੇਮਕਾ ਨੂੰ ਇਕ ਇਕ ਦਿਨ ਸਤ ਸਤ ਦਿਨਾਂ ਦੇ ਸਮਾਨ ਲੰਮਾ ਅਨੁਭਵ ਹੁੰਦਾ ਹੈ।

1270. பெறின்என்னாம் பெற்றக்கால் என்னாம் உறின்என்னாம்
உள்ளம் உடைந்துஉக்கக் கால்.

ਮੇਰੀ ਪ੍ਰੇਮਕਾ ਨੇ ਦਿਲ ਟੁੱਟਣ ਕਾਰਨ ਜੇ ਪ੍ਰਾਣ ਹੀ ਦੇ ਦਿਤੇ ਤਾਂ ਮੇਰਾ ਵਾਪਸ ਜਾਣ ਉਸ ਨੂੰ
ਮਿਲਣ ਜਾਂ ਉਸ ਨੂੰ ਘੁੱਟ ਕੇ ਛਾਤੀ ਨਾਲ ਲਗਾਣ ਦਾ ਵਿਚਾਰ ਹੀ ਕਿਸ ਅਰਥ।

# 128

## குறிப்பு அறிவுறுத்தல்

## ਸੰਕੇਤਕ-ਭਾਸ਼ਾ

1271. கரப்பினும் கையிகந்து ஒல்லாநின் உண்கண்
உரைக்கல் உறுவதுஒன்று உண்டு.

ਤੂੰ ਭਾਵੇਂ ਆਪਣਾ ਦਿਲ ਮੇਰੇ ਤੋਂ ਲੁਕਾਂਦੀ ਰਹੁ ਤੇਰੇ ਨੈਣ ਤੇਰੇ ਦਿਲ ਵਿਚਲੇ ਭੇਤ ਨੂੰ
ਪ੍ਰਗਟਾਣ ਲਈ ਕਿਵੇਂ ਆਤੁਰ ਹਨ ਸਪਸ਼ਟ ਭਾਂਤ ਦਿਸ ਰਹੇ ਹਨ।

1272. கண்நிறைந்த காரிகைக் காம்புஏர்தோள் பேதைக்குப்
பெண்நிறைந்த நீர்மை பெரிது.

ਅੱਖਾਂ ਨੂੰ ਤ੍ਰਿਪਤ ਕਰਨ ਵਾਲੀ ਸੁੰਦਰਤਾ ਤੇ ਬਾਂਸ ਵਰਗੀਆਂ ਬਾਹਾਂ ਵਾਲੀ
ਮੇਰੀ ਪ੍ਰੇਮਕਾ ਵਿਚ ਸ਼ੁਸ਼ੀਲ ਨਾਰੀਆਂ ਵਾਲਾ ਭੋਲਾਪਨ ਹੈ।

1273. மணியில் திகழ்தரு நூல்போல் மடந்தை
அணியில் திகழ்வதுஒன்று உண்டு.

ਜਿਵੇਂ ਮਾਲਾ ਦੇ ਮਣਕਿਆਂ ਵਿਚ ਧਾਗੇ ਦੀ ਝਲਕ ਪੈਂਦੀ ਹੈ ਇਵੇਂ ਹੀ
ਪ੍ਰਿਆ ਦੀ ਸੁੰਦਰਤਾ ਵਿਚੋਂ ਛੁੱਪਿਆ ਹੋਇਆ ਕੋਈ ਪਿਆਰ ਸੰਦੇਸ਼ਾ ਝਲਕ ਰਿਹਾ ਹੈ।

1274. முகைமொக்குள் உள்ளது நாற்றம்போல் பேதை
நகைமொக்குள் உள்ளதுஒன்று உண்டு.

ਜਿਵੇਂ ਕਲੀ ਵਿਚ ਸੁਗੰਧੀ ਲੁਕੀ ਰਹਿੰਦੀ ਹੈ ਉਸੇ ਤਰ੍ਹਾਂ ਪ੍ਰੇਮਕਾ ਦੀ
ਅੱਧ-ਖਿਲੀ ਮੁਸਕਾਣ ਵਿਚ ਕੁਝ ਸੰਕੇਤ ਲੁਕਿਆ ਪਿਆ ਹੈ।

1275. செறிதொடி செய்திறந்த கள்ளம் உறுதுயர்
தீர்க்கும் மருந்துஒன்று உடைத்து.

ਚੂੜੀਆਂ ਨਾਲ ਭਰੀ ਵੀਣੀ ਵਾਲੀ ਪ੍ਰਿਆ ਜਿਸ ਚਤੁਰਾਈ ਨਾਲ ਆਪਣੇ ਦਿਲ
ਵਿਚਲੇ ਉਮਡਦੇ ਭਾਵਾਂ ਨੂੰ ਲੁਕਾ ਕੇ ਚਲੀ ਗਈ ਉਸ ਦੀ ਯਾਦ ਮੇਰੀ ਦਿਲ-ਪੀੜਾ ਹਟਾਣ ਵਾਲੀ
ਦਵਾਈ ਦਾ ਕੰਮ ਕਰੇਗੀ।

**1276.** பெரிதுஆற்றிப் பெட்பக் கலத்தல் அரிதுஆற்றி
அன்புஇன்மை சூழ்வது உடைத்து.

ਪ੍ਰੀਤਮ ਦੀ ਘੁੱਟਵੀਂ ਗਲਵਕੜੀ ਮੇਰੀ ਬ੍ਰਿਹੋਂ ਪੀੜ ਨੂੰ ਦੂਰ ਤਾਂ ਕਰਦੀ ਹੈ ਪ੍ਰੰਤੂ ਆਉਣ ਵਾਲੀ ਜੁਦਾਈ ਦਾ ਸੰਕੇਤ ਤੇ ਬੀਤੇ ਨਿਰਮੋਹੀ ਵਿਉਹਾਰ ਨੂੰ ਯਾਦ ਵੀ ਕਰਵਾਂਦੀ ਹੈ।

**1277.** தண்அம் துறைவன் தணந்தமை நம்மினும்
முன்னம் உணர்ந்த வளை.

ਮੇਰੀਆਂ ਬਾਹਾਂ ਦੀਆਂ ਖਿਸਕਦੀਆਂ ਚੂੜੀਆਂ ਮੈਨੂੰ ਪਹਿਲਾਂ ਹੀ ਸੰਕੇਤ ਦੇ ਚੁੱਕੀਆਂ ਹਨ ਕਿ ਮੇਰਾ ਨਿਰਮੋਹੀ ਪ੍ਰੀਤਮ ਮੈਨੂੰ ਛੱਡ ਕੇ ਚਲਾ ਜਾਏਗਾ।

**1278.** நெருநற்றுச் சென்றார்எம் காதலர் யாமும்
எழுநாளேம் மேனி பசந்து.

ਹਾਲੇ ਕਲ ਹੀ ਤਾਂ ਮੇਰਾ ਪ੍ਰੀਤਮ ਮੈਨੂੰ ਛੱਡ ਕੇ ਗਿਆ ਹੈ ਪ੍ਰੰਤੂ
ਮੇਰੇ ਸਰੀਰ ਵਿਚ ਪੀਲਾਪਨ ਸਤ ਦਿਨ ਪਹਿਲਾਂ ਤੋਂ ਹੀ ਆ ਗਿਆ ਹੈ।

**1279.** தொடிநோக்கி மென்தோளும் நோக்கி அடிநோக்கி
அஃதுஆண்டு அவள்செய் தது.

ਮੇਰੇ ਪ੍ਰੀਤਮ ਨੇ ਪਹਿਲਾਂ ਮੇਰੀਆਂ ਚੂੜੀਆਂ ਵਲ ਵੇਖਿਆ ਫਿਰ ਕੋਮਲ ਮੋਢਿਆਂ ਵਲ ਤੇ ਫਿਰ ਪੈਰਾਂ ਵਲ ਤੱਕਿਆ ਇਉਂ ਉਸ ਨੇ ਨਾਲ ਚਲਣ ਦਾ ਸੰਕੇਤ ਦਿਤਾ।

**1280.** பெண்ணினால் பெண்மை உடைத்துஎன்ப கண்ணினால்
காமநோய் சொல்லி இரவு.

ਨੈਣਾਂ ਨਾਲ ਪ੍ਰੇਮ ਤੇ ਬ੍ਰਿਹੋਂ-ਪੀੜਾ ਦਾ ਪ੍ਰਗਟਾਵਾ ਤੇ ਅਗੇ ਤੋਂ ਮਿਲੇ ਰਹਿਣ ਦੀ ਯਾਚਨਾ ਕਰਨ ਵਿਚ ਹੀ ਨਾਰੀ ਦਾ ਨਾਰੀਤਵ ਹੁੰਦਾ ਹੈ।

# 129

## புணர்ச்சி விதும்பல்

## ਮਿਲਾਪ ਦੀ ਆਤੁਰਤਾ

**1281.** உள்ளக் களித்தலும் காண மகிழ்தலும்
கள்ளுக்குஇல் காமத்திற்கு உண்டு.

ਪ੍ਰੀਤਮ ਦੀ ਯਾਦ ਵਿਚ ਜੋ ਆਨੰਦ ਤੇ ਉਸ ਦੇ ਦਰਸ਼ਨ ਮਾਤ੍ਰ ਵਿਚ
ਜੋ ਹੁਲਾਸ ਪ੍ਰਾਪਤ ਹੁੰਦਾ ਹੈ ਉਹ ਸ਼ਰਾਬ ਵਿਚ ਨਹੀਂ ਮਿਲਦਾ।

**1282.** தினைத்துணையும் ஊடாமை வேண்டும் பனைத்துணையும்
காமம் நிறைய வரின்.

ਇਸਤ੍ਰੀ ਵਿਚ ਜੇ ਵਿਸ਼ਾਲ ਤਾੜ-ਪੱਤਰ ਵਾਂਗ ਪ੍ਰੇਮ ਉਮਡਿਆ ਹੋਵੇ ਤਾਂ ਉਸ ਵਿਚ
ਰੰਚਕ ਮਾਤ੍ਰ ਵੀ ਚਿੜਚਿੜਾਪਨ ਨਹੀਂ ਆਉਣਾ ਚਾਹੀਦਾ।

**1283.** பேணாது பெட்பவே செய்யினும் கொண்கனைக்
காணாது அமையல கண்.

ਭਾਵੇਂ ਪ੍ਰੀਤਮ ਮੇਰਾ ਅਨਾਂਦਰ ਕਰਦੇ ਹੋਏ ਆਪਣੀ ਮਨਮਾਨੀ ਕਰਦਾ ਹੈ ਫਿਰ ਵੀ
ਇਹ ਮੇਰੀਆਂ ਅੱਖਾਂ ਹਨ ਕਿ ਉਸ ਨੂੰ ਦੇਖੇ ਬਿਨਾ ਚੈਨ ਨਹੀਂ ਲੈਂਦੀਆਂ।

**1284.** ஊடற்கண் சென்றேன்மன் தோழி அதுமறந்து
கூடற்கண் சென்றதுஎன் நெஞ்சு.

ਸਹੇਲੀ! (ਸੱਚ ਕਹਿੰਦੀ ਹਾਂ) ਮੈਂ ਤਾਂ ਰੁਸੇਵਾਂ ਪ੍ਰਗਟਾਣ ਲਈ ਉਸ ਦੇ ਪਾਸ ਗਈ ਸਾਂ,
ਪਰ ਇਹ ਮੇਰਾ ਮਨ ਆਪਣਾ ਇਰਾਦਾ ਭੁੱਲ ਕੇ ਉਸ ਦੇ ਮਿਲਾਪ ਲਈ ਉੱਠ ਦੌੜਿਆ।

**1285.** எழுதுங்கால் கோல்காணாக் கண்ணேபோல் கொண்கன்
பழிகாணேன் கண்ட இடத்து.

ਸੁਰਮਾ ਪਾਉਂਦੇ ਸਮੇਂ ਅੱਖਾਂ ਜਿਵੇਂ ਸੁਰਮਚੂ ਨੂੰ ਨਹੀਂ ਦੇਖਦੀਆਂ ਉਸੇ ਤਰ੍ਹਾਂ
ਪ੍ਰੀਤਮ ਜਦੋਂ ਸਾਹਮਣੇ ਹੁੰਦਾ ਹੈ ਤਾਂ ਉਸ ਦੇ ਦੋਸ਼ ਦਿਸਦੇ ਹੀ ਨਹੀਂ।

**1286.** காணுங்கால் காணேன் தவறாய காணாக்கால்
காணேன் தவறல் லவை.

ਜਦੋਂ ਮੈਂ ਪ੍ਰੀਤਮ ਨੂੰ ਦੇਖਦੀ ਹਾਂ ਮੇਰੀ ਨਜ਼ਰ ਉਸ ਦੇ ਦੋਸ਼ਾਂ ਵੱਲ ਨਹੀਂ ਜਾਂਦੀ
ਪ੍ਰੰਤੂ ਜਦੋਂ ਉਹ ਸਾਹਮਣੇ ਨਹੀਂ ਹੁੰਦਾ ਤਾਂ ਉਸ ਦੇ ਦੋਸ਼ ਹੀ ਦੋਸ਼ ਦਿਖਾਈ ਦੇਂਦੇ ਹਨ।

**1287.** உய்த்தல் அறிந்து புனல்பாய் பவரேபோல்
பொய்த்தல் அறிந்துஎன் புலந்து.

ਜਿਵੇਂ ਸਭ ਕੁਝ ਰੋੜ੍ਹ ਕੇ ਲੈ ਜਾਣ ਵਾਲੀ ਹੜ੍ਹ ਆਈ ਨਦੀ ਵਿਚ ਕੋਈ ਨਹੀਂ ਕੁੱਦਦਾ
ਇਵੇਂ ਹੀ ਇਹ ਜਾਣਦੀ ਹੋਈ ਕਿ ਉਹ ਰੋਸਾ ਬਹੁਤੀ ਦੇਰ ਕਾਇਮ ਨਹੀਂ ਰਖ ਸਕਦੀ
ਇਕ ਪਤਨੀ ਬੇਅਰਥ ਰੂਪ ਵਿਚ ਕਿਉਂ ਰੋਸਾ ਪ੍ਰਗਟਾਏ।

**1288.** இளித்தக்க இன்னா செயினும் களித்தார்க்குக்
கள்ளற்றே கள்வநின் மார்பு.

ਪਿਅੱਕੜਾਂ ਨੂੰ ਜਿਵੇਂ ਸ਼ਰਾਬ ਬਦਨਾਮੀ ਦੇਣ ਵਾਲੀ ਮਸਤੀ ਦੇਂਦੀ ਹੈ
ਇਵੇਂ ਹੀ ਮੇਰੇ ਲਈ ਤੇਰੀ ਛਾਤੀ ਨਾਲ ਲਗਣਾ ਹੈ ਮੇਰੇ ਕਪਟੀ ਪ੍ਰੀਤਮ।

**1289.** மலரினும் மெல்லிது காமம் சிலர்அதன்
செவ்வி தலைப்படு வார்.

ਫੁੱਲਾਂ ਤੋਂ ਵੀ ਵਧੇਰੇ ਸੂਖਮ ਹੁੰਦਾ ਹੈ ਪ੍ਰੇਮ ਪ੍ਰੰਤੂ ਇਸ ਦੀ ਵਾਸਤਵਿਕਤਾ
ਨੂੰ ਪਹਿਚਾਣ ਕੇ ਇਸ ਨੂੰ ਮਾਨਣ ਵਾਲੇ ਵਿਰਲੇ ਹੀ ਹੁੰਦੇ ਹਨ।

**1290.** கண்ணின் துனித்தே கலங்கினாள் புல்லுதல்
என்னினும் தான்விதுப் புற்று.

ਮੈਨੂੰ ਦੇਖ ਕੇ ਪਹਿਲਾਂ ਮੇਰੀ ਪ੍ਰੇਮਿਕਾ ਦੀਆਂ ਅੱਖਾਂ ਨੇ ਕੁਝ ਉਦਾਸੀ ਜਿਹੀ ਪ੍ਰਗਟਾਈ
ਪ੍ਰੰਤੂ ਜਦੋਂ ਮੈਂ ਉਸ ਦੇ ਨੇੜੇ ਗਿਆ ਤਾਂ ਮੇਰੇ ਤੋਂ ਵੀ ਕਿਤੇ ਵਧੇਰੇ ਉਤਕੰਠਾ ਨਾਲ
ਉਹ ਮੇਰੀਆਂ ਬਾਹਾਂ ਵਿਚ ਜਕੜ ਗਈ।

# 130

## நெஞ்சொடு புலத்தல்

## ਆਪਣੇ ਦਿਲ ਉਤੇ ਕ੍ਰੋਧ

**1291.** அவர்நெஞ்சு அவர்க்குஆதல் கண்டும் எவன்நெஞ்சே
நீஎமக்கு ஆகா தது.

ਹੇ ਮਨ ! ਉਸ ਦਾ ਮਨ ਤਾਂ ਪੂਰੀ ਇਮਾਨਦਾਰੀ ਨਾਲ ਉਸ ਦਾ ਸਾਥ ਦੇਂਦਾ ਹੈ।
ਫਿਰ ਕੀ ਕਾਰਨ ਕਿ ਤੂੰ ਮੇਰੇ ਨਾਲ ਨਹੀਂ ਰਹਿੰਦਾ।

**1292.** உறாஅ தவர்க்கண்ட கண்ணும் அவரைச்
செறாஅரெனச் சேறிஎன் நெஞ்சு.

ਮੇਰੇ ਮਨ ! ਪ੍ਰੀਤਮ ਦੀ ਨਿਰਮੋਹਤਾ ਨੂੰ ਜਾਣਦੇ ਹੋਏ ਵੀ ਉਸ ਨੂੰ ਦੇਖਦੇ ਸਾਰ
ਇਸ ਵਿਚਾਰ ਨਾਲ ਕਿ ਕਿਤੇ ਉਹ ਰੁੱਸ ਨਾ ਜਾਏ ਤੂੰ ਉਸ ਦੇ ਪਾਸ ਚਲਾ ਜਾਂਦਾ ਹੈਂ।

**1293.** கெட்டார்க்கு நட்டார்இல் என்பதோ நெஞ்சேநீ
பெட்டாங்கு அவர்பின் செலல்.

ਹੇ ਮਨ ! ਤੂੰ ਹਮੇਸ਼ਾ ਉਸ ਦੇ ਪਿਛੇ-2 ਰਹਿੰਦਾ ਹੈ ਕੀ ਇਸ ਦਾ ਕਾਰਨ ਇਹ ਹੈ
ਕਿ ਸੰਸਾਰ ਵਿਚ ਦੁਖਿਆਰਿਆਂ ਦਾ ਕੋਈ ਸਾਥੀ ਨਹੀਂ ਹੁੰਦਾ।

**1294.** இனிஅன்ன நின்னொடு சூழ்வார்யார் நெஞ்சே
துனிசெய்து துவ்வாய்காண் மற்று.

ਹੇ ਮਨ! ਤੂੰ ਉਸ ਨੂੰ ਦੇਖਦੇ ਸਾਰ ਮਿਲਣ ਲਈ ਕਾਹਲਾ ਨਾ ਪਉ।
ਪਹਿਲਾਂ ਥੋੜਾ ਜਿਹਾ ਰੁੱਸਣ ਤੋਂ ਪਿਛੋਂ ਹੀ ਆਤਮਸਮਰਪਣ ਕਰ, ਨਹੀਂ ਤਾਂ
ਅਗੇ ਤੋਂ ਅਜਿਹੇ ਮਾਮਲਿਆਂ ਵਿਚ ਤੇਰੀ ਸਲਾਹ ਕੌਣ ਲਵੇਗਾ।

1295. பெறாஅமை அஞ்சும் பெறின்பிரிவு அஞ்சும்
அறாஅ இடும்பைத்துஎன் நெஞ்சு.

ਇਹ ਸੋਚ ਕੇ ਕਿ ਕਿਤੇ ਮੇਰਾ ਪ੍ਰੀਤਮ ਨਾਲ ਮਿਲਾਪ ਹੀ ਨਾ ਹੋਵੇ, ਮਨ ਵਿਚ ਡਰ ਆ ਜਾਂਦਾ ਹੈ।
ਜੇ ਮਿਲਾਪ ਹੋ ਜਾਏ ਤਾਂ ਵਿਛੋੜੇ ਦਾ ਭੈ ਬਣਿਆ ਰਹਿੰਦਾ ਹੈ। ਇਸ ਤਰ੍ਹਾਂ ਮੇਰਾ
ਮਨ ਸਦਾ ਹੀ ਦੁਖੀ ਰਹਿੰਦਾ ਹੈ।

1296. தனியே இருந்து நினைத்தக்கால் என்னைத்
தினிய இருந்ததுஎன் நெஞ்சு.

ਜਦੋਂ ਮੈਂ ਏਕਾਂਤ ਵਿਚ ਹੁੰਦੀ ਹਾਂ ਤਾਂ ਮੇਰਾ ਮਨ ਪ੍ਰੀਤਮ ਨੂੰ ਯਾਦ ਕਰਕੇ
ਮੈਨੂੰ ਸਾੜਦਾ ਰਹਿੰਦਾ ਹੈ।

1297. நாணும் மறந்தேன் அவர்மறக் கல்லாஎன்
மாணா மடநெஞ்சில் பட்டு.

ਇਸ ਮਨ ਵਿਚ ਇਤਨਾ ਵੀ ਵਿਵੇਕ ਨਹੀਂ ਕਿ ਉਹ ਜੋ ਤੈਨੂੰ ਪਿਆਰ ਨਹੀਂ ਕਰਦਾ
ਉਸ ਨੂੰ ਭੁਲਾ ਹੀ ਦੇਵੇ ਅਜਿਹੇ ਸਵੈ-ਅਭਿਮਾਨ ਰਹਿਤ ਮਨ ਦੇ ਨਾਲ
ਰਹਿ ਕੇ ਮੈਂ ਇਸਤ੍ਰੀਤਵ ਵਾਲੀ ਲੱਜਾ ਨੂੰ ਹੀ ਭੁੱਲ ਗਈ ਹਾਂ।

1298. எள்ளின் இளிவாம்என்று எண்ணி அவர்திறம்
உள்ளும் உயிர்க்காதல் நெஞ்சு.

ਉਸ ਦੀ ਨਿੰਦਾ ਨੂੰ ਆਪਣੀ ਹੀ ਬੇਇਜ਼ਤੀ ਮੰਨ ਕੇ ਮੇਰਾ ਮਨ ਉਸ ਦੇ
ਉੱਤਮ ਗੁਣਾ ਨੂੰ ਹੀ ਹਮੇਸ਼ਾ ਯਾਦ ਕਰਦਾ ਹੈ।

1299. துன்பத்திற்கு யாரே துணையாவார் தாமுடைய
நெஞ்சம் துணையல் வழி.

ਬਿਪਤਾ ਦੇ ਸਮੇਂ ਜੇ ਆਪਣਾ ਹੀ ਦਿਲ ਸਾਥ ਨਾ ਦੇਵੇ
ਤਾਂ ਹੋਰ ਕੌਣ ਸਹਾਰਾ ਬਣੇਗਾ।

1300. தஞ்சம் தமரல்லர் ஏதிலார் தாம்உடைய
நெஞ்சம் தமர்அல் வழி.

ਜੇ ਆਪਣਾ ਦਿਲ ਹੀ ਸਾਥ ਨਾ ਦੇਵੇ ਤਾਂ ਪਰਾਏ ਲੋਕ
ਮੇਰੀ ਚਿੰਤਾ ਕਿਉਂ ਕਰਨ।

# 131

## புலவி

## ਹੱਠ ਕਰਨਾ

**1301.** புல்லாது இராஅப் புலத்தை அவர்உறும்
அல்லல்நோய் காண்கம் சிறிது.

ਜ਼ਰਾ ਦੇਖੋ ਪ੍ਰੀਤਮ ਕਿਸ ਤਰ੍ਹਾਂ ਜੁਦਾਈ ਵਿਚ ਤੜਫ਼ਦਾ ਹੈ ਹਾਲੇ ਉਸ ਨੂੰ ਨਾ ਮਿਲੋ
ਠਹਿਰੋ ਥੋੜਾ ਹੱਠ ਕਰੋ। ਹਾਲੇ ਉਸ ਨੂੰ ਗਲਵਕੜੀ ਵਿਚ ਨਾ ਲਵੋ।

**1302.** உப்புஅமைந் தற்றால் புலவி அதுசிறிது
மிக்கற்றால் நீள விடல்.

ਹੱਠ ਭੋਜਨ ਵਿਚ ਲੂਣ ਵਾਂਗ ਹੁੰਦਾ ਹੈ। ਜੇ ਹੱਠ ਲੰਮੇ ਸਮੇਂ ਤੱਕ ਚਲੇ
ਤਾਂ ਭੋਜਨ ਵਿਚ ਲੂਣ ਵਧੇਰੇ ਹੋਣ ਵਾਂਗ ਹੁੰਦਾ ਹੈ।

**1303.** அலந்தாரை அல்லல்நோய் செய்தற்றால் தம்மைப்
புலந்தாரைப் புல்லா விடல்.

ਹੱਠ ਕਰਕੇ ਰੁੱਸੀ ਪ੍ਰੇਮਿਕਾ ਨੂੰ ਮਨਾ ਕੇ ਮਿਲਾਪ-ਸੁਖ ਨਾ ਦੇਣਾ,
ਦੁਖੀ ਹਿਰਦੇ ਨੂੰ ਵਧੇਰੇ ਪੀੜ ਦੇਣੀ ਹੁੰਦਾ ਹੈ।

**1304.** ஊடி யவரை உணராமை வாடிய
வள்ளி முதல்அரிந் தற்று.

ਪਿਆਰ ਵਿਚ ਹੱਠ ਕਰਕੇ ਰੁੱਸੀ ਪ੍ਰੇਮਿਕਾ ਦੇ ਭਾਵਾਂ ਨੂੰ ਨਾ ਸਮਝ ਕੇ ਉਸ ਨੂੰ
ਨਾ ਮਨਾਉਣਾ ਪਹਿਲਾਂ ਤੋਂ ਹੀ ਮੁਰਝਾਈ ਵੇਲ ਨੂੰ ਜੜ੍ਹਾਂ ਤੋਂ ਕੱਟਣ ਬਰਾਬਰ ਹੈ।

**1305.** நலத்தகை நல்லவர்க்கு ஏஎர் புலத்தகை
பூஅன்ன கண்ணார் அகத்து.

ਦੋਸ਼-ਰਹਿਤ ਸ੍ਰੇਸ਼ਟ ਪਤੀ ਲਈ ਵੀ ਇਹ ਆਨੰਦ ਦਾਇਕ ਹੋਏਗਾ ਕਿ ਉਸ ਦੀ
ਕੋਮਲ ਫੁੱਲਾਂ ਵਰਗੀਆਂ ਅੱਖਾਂ ਵਾਲੀ ਪ੍ਰੇਮਿਕਾ ਉਸ ਨਾਲ ਕਦੇ-2 ਰੁੱਸ ਜਾਏ।

**1306.** துனியும் புலவியும் இல்லாயின் காமம்
கனியும் கருக்காயும் அற்று.

ਪ੍ਰੇਮ ਦੀ ਖੇਡ ਵਿਚ ਜੇ ਕਦੇ-2 ਤਾਹਨੇ ਮਿਹਣੇ ਨਾ ਹੋਣ ਤਾਂ ਉਸ ਦੇ ਮਿਲਣ-ਸੁੱਖ
ਦਾ ਸੁਆਦ ਇਉਂ ਹੋਵੇਗਾ ਜਿਵੇਂ ਜਾਂ ਤਾਂ ਫਲ ਵਧੇਰੇ ਪੱਕ ਗਿਆ ਹੋਵੇ ਜਾਂ
ਹਾਲੇ ਕੱਚਾ ਹੋਵੇ।

**1307.** ஊடலின் உண்டுஆங்குஓர் துன்பம் புணர்வது
நீடுவது அன்றுகொல் என்று.

ਮਿਲਾਪ ਹੋਏਗਾ ਕਿ ਨਹੀਂ ਇਸੇ ਸ਼ੰਕਾ ਵਿਚ ਰਹਿੰਦੇ ਹੋਏ
ਪ੍ਰੇਮੀ ਜੋੜਿਆਂ ਦੀ ਬ੍ਰਿਹੋਂ ਪੀੜਾ ਵਿਚ ਵਾਧਾ ਹੁੰਦਾ ਹੈ।

**1308.** நோதல் எவன்மற்று நொந்தார்என்று அஃதுஅறியும்
காதலர் இல்லா வழி.

ਪ੍ਰੇਮ-ਪੀੜਾ ਨੂੰ ਸਮਝਣ ਵਾਲੇ ਪ੍ਰੀਤਮ ਦੀ ਗੈਰਹਾਜ਼ਰੀ ਵਿਚ
ਮੇਰਾ ਵਿਯੋਗ ਵਿਚ ਦੁਖੀ ਹੋਣ ਦਾ ਕੀ ਲਾਭ।

**1309.** நீரும் நிழலது இனிதே புலவியும்
வீழுநர் கண்ணே இனிது.

ਠੰਡੀ ਛਾਂ ਵਿਚਲਾ ਪਾਣੀ ਹੀ ਸੁਆਦੀ ਹੁੰਦਾ ਹੈ ਇਵੇਂ ਹੀ ਪਿਆਰ-ਰੋਸਾ
ਪ੍ਰੇਮੀ ਦੇ ਨਾਲ ਹੀ ਮਿੱਠਾ ਲਗਦਾ ਹੈ।

**1310.** ஊடல் உணங்க விடுவாரோடு என்நெஞ்சம்
கூடுவேம் என்பது அவா.

ਜੇ ਮੇਰਾ ਦਿਲ ਅਜਿਹੇ ਨਿਰਮੋਹੀ ਲਈ ਹਾਲੇ ਵੀ ਤੜਫਦਾ ਹੈ ਜੋ ਮੈਨੂੰ
ਰੁੱਸੀ ਨੂੰ ਮਨਾਉਂਦਾ ਹੀ ਨਹੀਂ ਤਾਂ ਇਸ ਦਾ ਕਾਰਨ ਮੇਰਾ ਪਾਗ਼ਲ ਪਿਆਰ ਹੀ ਹੈ।

# 132

## புலவி நுணுக்கம்

## ਗੁੱਸੇ ਦਾ ਦਿਖਾਵਾ ਕਰਨਾ

**1311.** பெண்இயலார் எல்லாரும் கண்ணின் பொதுஉண்பர்
நண்ணேன் பரத்தநின் மார்பு.

ਹੇ ਛਲੀਆ! ਸਭ ਇਸਤ੍ਰੀਆਂ ਆਪਣੀਆਂ ਅੱਖਾ ਦੁਆਰਾ ਤੇਰੀ ਚੌੜੀ ਛਾਤੀ
ਦਾ ਸੁਆਦ ਮਾਣ ਰਹੀਆਂ ਹਨ। ਮੈਂ ਤੇਰੀ ਛਾਤੀ ਨਾਲ ਨਹੀਂ ਲਗਾਂਗੀ।

**1312.** ஊடி இருந்தேமாத் தும்மினார் யாம்தம்மை
நீடுவாழ்க என்பாக்கு அறிந்து.

ਮੈਂ ਜਦ ਲਗਾਤਾਰ-ਰੁੱਸ ਕੇ ਬੈਠੀ ਰਹੀ ਤਾਂ ਪ੍ਰੀਤਮ ਨੇ ਨਿੱਛ ਮਾਰੀ ਕਿਉਂ ਜੋ ਉਸ
ਨੇ ਸੋਚਿਆ ਕਿ ਮੈਂ ਉਸ ਨੂੰ 'ਲੰਮੀ ਉਮਰ ਭੋਗੋ' ਦੀ ਅਸੀਸ ਦੇਵਾਂਗੀ।

**1313.** கோட்டுப்பூச் சூடினும் காயும் ஒருத்தியைக்
காட்டிய சூடினீர் என்று.

ਜੇ ਮੈਂ ਫੁੱਲਾਂ ਦੀ ਮਾਲਾ ਗਲ ਵਿਚ ਪਾ ਕੇ ਪ੍ਰੇਮਕਾ ਪਾਸ ਉਸ ਨੂੰ ਰੀਝਾਣ ਲਈ ਗਿਆ ਤਾਂ ਉਹ ਗੁੱਸੇ ਵਿਚ ਕਹਿ ਉੱਠੀ "ਕਿਸੇ ਹੋਰ ਨੂੰ ਰੀਝਾਣ ਲਈ ਇਹ ਮਾਲਾ ਪਾਈ ਹੋਵੇਗੀ।"

**1314.** யாரினும் காதலம் என்றேனா ஊடினாள்
யாரினும் யாரினும் என்று.

"ਮੈਂ ਸਭ ਤੋਂ ਵੱਧ ਤੈਨੂੰ ਪਿਆਰ ਕਰਦਾ ਹਾਂ" ਜਦ ਮੈਂ ਉਸ ਨੂੰ ਇਹ ਕਿਹਾ ਤਾਂ ਉਹ ਪੁੱਛਣ ਲਗੀ "ਕਿਸ-2 ਤੋਂ ਵਧੇਰੇ ਮੈਨੂੰ ਪਿਆਰ ਕਰਦੇ ਹੋ ?" ਤੇ ਨਾਲ ਹੀ ਉਹ ਮੇਰੇ ਨਾਲ ਰੁੱਸ ਬੈਠੀ।

**1315.** இம்மைப் பிறப்பில் பிரியலம் என்றேனாக்
கண்நிறை நீர்கொண் டனள்.

ਮੈਂ ਉਸ ਨੂੰ ਕਿਹਾ "ਇਸ ਜਨਮ ਵਿਚ ਅਸੀਂ ਇਕ ਦੂਜੇ ਤੋਂ ਅਲੱਗ ਨਹੀਂ ਹੋਵਾਂਗੇ।" (ਤਾਂ ਇਹ ਸੋਚ ਕੇ ਅਗਲੇ ਜਨਮ ਅਸੀਂ ਅਲੱਗ ਹੋ ਜਾਵਾਂਗੇ) ਉਸ ਦੀਆਂ ਅੱਖਾਂ ਭਰ ਗਈਆਂ।

**1316.** உள்ளினேன் என்றேன்மற் றென்மறந்தீர் என்றென்னைப்
புல்லாள் புலத்தக் கனள்.

ਮੈਂ ਉਸ ਨੂੰ ਕਿਹਾ "ਪਿਆਰੀ ਮੈਂ ਤੈਨੂੰ ਬਹੁਤ ਯਾਦ ਕੀਤਾ" ਤੇ ਉਸ ਨੂੰ ਗਲਵਕੜੀ ਵਿਚ ਲੈਣ ਲਗਾ।
"ਤਾਂ ਕੀ ਪਹਿਲਾਂ ਭੁੱਲ ਗਏ ਸੋ" ਇਹ ਕਹਿੰਦੇ ਹੋਏ ਉਹ ਮੇਰੇ ਗਲ ਨਾਲ ਲਗੇ ਬਿਨਾ ਰੁੱਸ ਕੇ ਪਰ੍ਹਾਂ ਹੋ ਗਈ।

**1317.** வழுத்தினாள் தும்மினே னாக அழித்தழுதாள்
யாருள்ளித் தும்மினீர் என்று.

ਮੈਨੂੰ ਨਿੱਛ ਆ ਗਈ ਤਾਂ ਉਸ ਨੇ ਕਿਹਾ 'ਜਿਊਂਦੇ ਰਹੁ'। ਪਰ ਨਾਲ ਹੀ ਰੋਂਦੀ ਹੋਈ ਪੁੱਛਣ ਲਗੀ
ਤੁਹਾਨੂੰ ਨਿੱਛ ਆਈ ਕਿਸ ਨੇ ਯਾਦ ਕੀਤਾ ਹੈ

**1318.** தும்மச் செறுப்ப அழுதாள் நுமருள்ளல்
எம்மை மறைத்திரோ என்று.

ਉਸ ਦੇ ਰੁੱਸ ਜਾਣ ਦੇ ਡਰ ਕਾਰਨ ਮੈਂ ਆ ਰਹੀ ਨਿੱਛ ਨੂੰ ਦਬਾਣ ਦਾ ਯਤਨ ਕੀਤਾ ਤਾਂ ਉਹ ਇਹ ਕਹਿ ਕੇ ਰੋ ਪਈ ਤੁਹਾਨੂੰ ਕੋਈ ਯਾਦ ਕਰਦੀ ਹੈ ਤੁਸੀਂ ਉਸ ਨੂੰ ਲੁਕਾਣਾ ਚਾਹੁੰਦੇ ਹੋ ਮੈਂ ਜਾਣ ਗਈ ਹਾਂ।

1319. தன்னை உணர்த்தினும் காயும் பிறர்க்குநீர்
இந்நீரர் ஆகுதிர் என்று.

ਰੁੱਸੀ ਹੋਈ ਪ੍ਰੇਮਕਾ ਨੂੰ ਮਨਾਉਣ ਦਾ ਯਤਨ ਕਰਦਾ ਹਾਂ ਤਾਂ ਉਹ ਇਹ ਕਹਿ ਕੇ ਹੋਰ ਰੁੱਸ ਪੈਂਦੀ ਹੈ ਕਿ "ਤੁਸੀਂ ਦੂਸਰੀਆਂ ਨੂੰ ਵੀ ਇਵੇਂ ਹੀ ਮਨਾਉਂਦੇ ਹੋਵੋਗੇ।"

1320. நினைத்துஇருந்து நோக்கினும் காயும் அனைத்துநீர்
யார்உள்ளி நோக்கினீர் என்று.

ਉਸ ਦੀ ਸੁੰਦਰਤਾ ਉਤੇ ਮਸਤ ਹੋ ਕੇ ਉਸ ਵਲ ਦੇਖਦਾ ਰਿਹਾ ਤਾਂ ਉਹ ਨਾਰਾਜ਼ ਹੋ ਕੇ ਪੁੱਛਣ ਲਗੀ ਮੇਰੀ ਤੁਲਨਾ ਕਿਸ ਨਾਲ ਕਰਦੇ ਹੋਏ ਇਉਂ ਦੇਖ ਰਹੇ ਹੋ।

# 133

## ஊடல் உவகை

## ਰੁਸੇਵੇਂ ਮਨੇਵੇਂ ਵਿਚਲਾ ਆਨੰਦ

1321. இல்லை தவறுஅவர்க்கு ஆயினும் ஊடுதல்
வல்லது அவர்அளிக்கு மாறு.

ਮੇਰੇ ਪ੍ਰੀਤਮ ਵਿਚ ਕੋਈ ਦੋਸ਼ ਨਹੀਂ ਫਿਰ ਵੀ ਵੱਧ ਤੋਂ ਵੱਧ ਪ੍ਰੇਮ ਪਾਉਣ ਦੀ ਇੱਛਿਆ ਮੈਨੂੰ ਉਸ ਨਾਲ ਰੁੱਸਣ ਲਈ ਪ੍ਰੇਰਦੀ ਹੈ।

1322. ஊடலின் தோன்றும் சிறுதுனி நல்அளி
வாடினும் பாடு பெறும்.

ਮੇਰੇ ਰੁੱਸਣ ਨਾਲ ਪ੍ਰੀਤਮ ਦਾ ਪ੍ਰੇਮ ਜੋ ਪਹਿਲਾਂ ਜ਼ਰਾ ਮੁਰਝਾਂਦਾ ਲਗਦਾ ਹੈ ਅਸਲ ਵਿਚ ਉਹ ਵੱਧ ਰਿਹਾ ਹੁੰਦਾ ਹੈ।

1323. புலத்தலின் புத்தேள்நாடு உண்டோ நிலத்தொடு
நீர்இயைந் தன்னார் அகத்து.

ਰੁੱਸਣ ਪਿੱਛੋਂ ਮਿਲਾਪ ਜੇ ਧਰਤੀ ਤੇ ਪਾਣੀ ਦੇ ਮਿਲਾਪ ਵਰਗਾ ਸੁੱਖ ਦੇਵੇ ਤਾਂ ਕੀਹ ਪ੍ਰੀਤਮ ਨਾਲ ਲੜਾਈ ਝਗੜਾ ਕਰਨਾ ਸਵਰਗ ਦੇ ਸੁੱਖ ਤੋਂ ਵੀ ਵਧੀਆ ਨਹੀਂ ਹੈ।

1324. புல்லி விடாஅப் புலவியுள் தோன்றுமென்
உள்ளம் உடைக்கும் படை.

ਆਪਣੇ ਪ੍ਰੀਤਮ ਨੂੰ ਪ੍ਰਗਟਾਏ ਸਾਰੇ ਗੁੱਸੇ ਗਿਲੇ ਅਖੀਰ ਮੇਰੇ ਦਿਲ ਵਿਚਲੀਆਂ ਸਭ ਰੋਕ ਰੁਕਾਵਟਾਂ ਤੋੜ ਕੇ ਮੈਨੂੰ ਉਸ ਦੇ ਸਾਹਮਣੇ ਖੁਸ਼ੀ-2 ਆਪਣਾ ਆਪਾ ਸਮਰਪਤ ਕਰਨ ਤੇ ਬੇਵੱਸ ਕਰ ਦੇਂਦੇ ਹਨ।

Dr. T.P.M. LIBRARY * MADURAI KAMARAJ UNIVERSITY * 299142

**1325.** *தவறிலர் ஆயினும் தாம்வீழ்வார் மென்றோள்*
*அகறலின் ஆங்குஒன்று உடைத்து.*

ਨਿਰਦੋਸ਼ ਹੋਣ ਤੇ ਵੀ (ਲੜਾਈ ਝਗੜੇ ਦੇ ਫਲ ਸਰੂਪ) ਪ੍ਰੀਤਮ ਦੀ ਗਲਵੱਕੜੀ ਸੌਖੀ ਤਰ੍ਹਾਂ ਨਾ ਉਪਲਬਧ ਹੋਣ ਵਿਚ ਵੀ ਇਕ ਆਨੰਦ ਹੁੰਦਾ ਹੈ।

**1326.** *உணலினும் உண்டது அறல்இனிது காமம்*
*புணர்தலின் ஊடல் இனிது.*

ਨਵੇਂ ਭੋਜਨ ਦੇ ਟਾਕਰੇ ਤੇ ਪਹਿਲਾਂ ਖਾਧੇ ਭੋਜਨ ਦਾ ਪਚਣਾ ਵਧੇਰੇ ਸੁਖਦਾਇਕ ਹੁੰਦਾ ਹੈ। ਇਵੇਂ ਹੀ ਪ੍ਰੇਮ ਵਿਚ ਲੜਾਈ ਝਗੜਾ ਮਿਲਾਪ ਨਾਲੋਂ ਵਧੇਰੇ ਆਨੰਦਦਾਇਕ ਹੁੰਦਾ ਹੈ।

**1327.** *ஊடலில் தோற்றவர் வென்றார் அதுமன்னும்*
*கூடலில் காணப் படும்.*

ਪਿਆਰ ਵਿਚ ਲੜਾਈ ਝਗੜੇ ਵਿਚ ਜੋ ਹਾਰ ਮੰਨ ਜਾਂਦਾ ਹੈ ਅਸਲ ਵਿਚ ਵਿਜੈਈ ਉਹੀ ਹੁੰਦਾ ਹੈ। ਇਹ ਗਲ ਉਹਨਾਂ ਦੇ ਪੁਨਰ ਮਿਲਣ ਵਿਚ ਸਿੱਧ ਹੁੰਦੀ ਹੈ।

**1328.** *ஊடிப் பெறுகுவம் கொல்லோ நுதல்வெயர்ப்பக்*
*கூடலில் தோன்றிய உப்பு.*

ਪੂਰਨ ਮਿਲਾਪ ਸਮੇਂ ਉਸ ਦੇ ਭਰਵੇਂ ਜੋਬਨ ਕਰਕੇ ਜਦੋਂ ਉਸ ਦੇ ਸੁਹਣੇ ਮੱਥੇ ਉਤੇ ਸਲੂਣੇ ਮੁੜ੍ਹਕੇ ਦੇ ਤੁਪਕੇ ਉਭਰ ਆਉਂਦੇ ਹਨ ਤਾਂ ਮੈਂ ਸੋਚਦਾ ਹਾਂ ਕਿ ਕੀਹ ਅਜਿਹੀ ਹੁਲਾਸ ਭਰੀ ਸਥਿਤੀ ਫਿਰ ਵੀ ਕਦੇ ਆਏਗੀ।

**1329.** *ஊடுக மன்னோ ஒளியிழை யாம்இரப்ப*
*நீடுக மன்னோ இரா.*

ਗਹਿਣਿਆਂ ਨਾਲ ਸਜੀ ਫਬੀ ਮੇਰੀ ਪ੍ਰੇਮਕਾ ਨਿਰੰਤਰ ਰੁੱਸੀ ਰਹੇ, ਮੈਂ ਉਸ ਨੂੰ ਮਨਾਉਂਦਾ ਰਹਾਂ ਤੇ ਇਸ ਤਰ੍ਹਾਂ ਕਰਦੇ ਕਰਦੇ ਰਾਤ ਲੰਮੀ ਤੇ ਹੋਰ ਲੰਮੀ ਹੁੰਦੀ ਜਾਏ।

**1330.** *ஊடுதல் காமத்திற்கு இன்பம் அதற்குஇன்பம்*
*கூடி முயங்கப் பெறின்.*

ਪ੍ਰੇਮ ਦਾ ਅਸਲ ਆਨੰਦ ਰੁਸੇਵੇਂ ਮਨੇਵੇਂ ਵਿਚ ਹੈ ਤੇ ਇਸ ਰੁਸੇਵੇਂ ਮਨੇਵੇਂ ਦਾ ਅਸਲ ਆਨੰਦ ਫਿਰ ਤੋਂ ਮਿਲਾਪ-ਸੁਖ ਪਾਉਣ ਵਿਚ ਹੈ।

* * * * *